# ਸੰਪਾਦਕੀ

'ਆਤਮ ਮਾਰਗ' ਦੇ ਪਾਂਧੀ ਦਿਲਾਂ ਦੀ ਸਾਂਝ ਰਖਦੇ ਹਨ। ਦਿਲਾਂ ਦੀ ਇਹ ਸਾਂਝ ਸੱਚੀ ਤੇ ਚਿਰ-ਸਥਾਈ ਹੁੰਦੀ ਹੈ। ਕੋਈ ਵੀ ਨਵਾਂ ਖਿਆਲ, ਉਤਮ ਵਿਚਾਰ ਦ੍ਰਿਸ਼ਟੀਗੋਚਰੇ ਹੁੰਦਾ ਹੈ ਤਾਂ ਆਪ ਸਭ ਸੁਹਿਰਦ ਪਾਠਕਾਂ ਨਾਲ ਸਾਂਝਾ ਕਰਨ ਵਿਚ ਖੁਸ਼ੀ ਮਿਲਦੀ ਹੈ। ਅੱਜ ਦੇ ਪ੍ਰਗਤੀਸ਼ੀਲ ਯੁੱਗ ਦਾ ਸੁਭਾਅ ਵਿਅਕਤੀਵਾਦੀ ਹੋ ਗਿਆ ਹੈ। ਪਰਿਵਾਰਕ, ਭਾਈਚਾਰਕ ਅਤੇ ਸਮਾਜਿਕ ਸਾਂਝਾਂ ਘਟ ਗਈਆਂ ਹਨ। ਵਿਗਿਆਨ ਨੇ ਵਿਅਕਤੀ ਦੀਆਂ ਜੀਵਨ-ਲੋੜਾਂ ਸੁਖੈਨਤਾ ਨਾਲ ਉਪਲਬਧ ਕਰ ਦਿਤੀਆਂ ਹਨ ਜਿਸ ਨਾਲ ਉਸ ਦੀ ਸੰਗੀਆਂ ਸਾਥੀਆਂ ਉਪਰ ਨਿਰਭਰਤਾ ਨਾ ਮਾਤਰ ਰਹਿ ਗਈ ਹੈ। ਫਰਿਜ, ਟੀ.ਵੀ. ਵੀ.ਸੀ.ਆਰ, ਕੰਪਿਊਟਰ, ਇੰਟਰਨੈਟ, ਮੋਬਾਇਲ ਉਸ ਦੇ ਸੰਗੀ ਸਾਥੀ ਹਨ। ਐਸੇ ਯੁੱਗ ਵਿਚ ਧਾਰਮਿਕ ਅਤੇ ਅਧਿਆਤਮਕ ਖੇਤਰ ਵਿਚ ਵੀ ਉਹ ਸੁਤੰਤਰ ਹੋ ਕੇ ਵਿਚਰਨਾ ਲੋੜਦਾ ਹੈ। ਮਹਾਂਪੁਰਸ਼ਾਂ, ਸਾਧੂਆਂ, ਸੰਤਾਂ ਦੇ ਸੰਗ ਸਾਥ ਦੀ ਆਵਸ਼ਕਤਾ ਨੂੰ ਉਸ ਦੀ ਸੂਝ ਬੂਝ ਪ੍ਰਸ਼ਨ ਚਿੰਨ ਲਾਉਂਦੀ ਹੈ ਪਰ ਗੁਰਬਾਣੀ ਦੇ ਪਰਿਪੇਖ ਵਿਚ ਵੇਖਿਆਂ ਆਤਮਿਕ ਉਨਤੀ ਲਈ ਐਸੀ ਸੰਗਤ ਜ਼ਰੂਰੀ ਮੰਨੀ ਗਈ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਭੌਤਿਕ ਜੀਵਨ ਵਿਚ ਜੋ ਗੱਲਾਂ ਮਨੁੱਖ ਨੂੰ ਅਸੰਭਵ ਜਾਪਦੀਆਂ ਹਨ, ਗੁਰੂ ਦੀ ਓਟ ਵਿਚ ਸਾਧੂ, ਸੰਤਾਂ, ਮਹਾਂਪੁਰਸ਼ਾਂ ਦੀ ਸੰਗਤ ਵਿਚ ਸੰਭਵ ਤੇ ਸੁਖੈਨ ਹੋ ਨਿਬੜਦੀਆਂ ਹਨ।

ਪੰਚਮ ਪਾਤਸ਼ਾਹ ਦੇ ਇਕ ਸ਼ਬਦ ਰਾਹੀਂ ਇਸ ਵਿਚਾਰ ਨੂੰ ਸਪਸ਼ਟ ਕਰਨ ਦਾ ਯਤਨ ਕਰਦੇ ਹਾਂ। ਸ਼ਬਦ ਦੀ ਰਹਾਉ ਦੀ ਪੰਗਤੀ ਹੈ -

***ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥***
***ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥***

***ਪੰਨਾ - 809***

ਇਸ ਦਾ ਭਾਵ ਇਹ ਹੈ - ਹੇ ਮੇਰੇ ਪਿਆਰੇ ਮਿੱਤਰ! ਸਾਧੂ, ਸੰਤ, ਮਹਾਂਪੁਰਸ਼ਾਂ ਦੀ ਸੰਗਤ ਦੀ ਵਡਿਆਈ ਧਿਆਨ ਨਾਲ ਸੁਣ। ਹੇ ਮਿਤਰ! ਜਿਹੜਾ ਮਨੁੱਖ ਮਹਾਂਪੁਰਸ਼ਾਂ ਦੀ ਸੰਗਤ ਨਿਤ ਕਰਦਾ ਹੈ, ਉਸ ਦਾ ਮਨ ਵਿਕਾਰ ਰਹਿਤ ਹੋ ਜਾਂਦਾ ਹੈ, ਉਸ ਦੇ ਅੰਦਰੋਂ ਪਾਪਾਂ ਦੀ ਮੈਲ ਧੁਲ ਜਾਂਦੀ ਹੈ, ਉਸਦੇ ਕ੍ਰੋੜਾਂ ਪਾਪ ਨਾਸ ਹੋ ਜਾਂਦੇ ਹਨ ਅਤੇ ਚਿਤ ਨਿਰਮਲ ਹੋ ਜਾਂਦਾ ਹੈ। ਐਸੇ ਨਿਰਮਲ ਮਨ ਦੇ ਮਾਲਕ ਲਈ ਕੋਈ ਬਾਤ ਅਸੰਭਵ ਨਹੀਂ ਰਹਿ ਜਾਂਦੀ, ਇਹ ਗੱਲ ਕੁਝ ਉਦਾਹਰਣ ਦੇ ਕੇ ਚਾਰ ਅੰਕਾਂ ਰਾਹੀਂ ਦਰਸਾਈ ਹੈ। ਸ਼ਬਦ ਇਸ ਪ੍ਰਕਾਰ ਹੈ-

***ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥***
***ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥***
***ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥***
***ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥***
***ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ॥***
***ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ॥***
***ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥***
***ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ॥***

***ਪੰਨਾ - 809***

ਅਰਥਾਤ ਸਾਧੂ ਦੀ ਸੰਗਤ ਵਿਚ ਹਰ ਅਸੰਭਵ ਸੰਭਵ ਹੋ ਜਾਂਦਾ ਹੈ, ਮਾਨੋ ਲੂਲ੍ਹਾ, ਲੰਗੜਾ, ਪਿੰਗਲਾ (ਕਰਮ ਹੀਨ ਗਿਆਨ ਹੀਨ, ਸੋਝੀ ਹੀਨ, ਨਿਰਬਲ ਮਨੁੱਖ) ਉਚੇ ਬਿਖੜੇ ਪਹਾੜ (ਅਗੰਮ ਅਗੋਚਰ ਪ੍ਰਮਾਤਮ-ਗਿਆਨ) ਨੂੰ ਸਹਿਜੇ ਹੀ ਪਾਰ ਕਰ ਲੈਂਦਾ ਹੈ, (ਆਤਮਕ ਸੋਝੀ ਹੀਣ) ਮਹਾਂਮੂਰਖ ਨੂੰ ਐਸੀ ਪਾਰਦਰਸ਼ੀ ਦ੍ਰਿਸ਼ਟੀ ਮਿਲ ਜਾਂਦੀ ਹੈ ਕਿ ਉਹ ਆਤਮ ਗਿਆਨੀ ਅਤੇ ਮਹਾਂ-ਵਿਆਖਿਆਕਾਰ ਬਣ ਜਾਂਦਾ ਹੈ, ਅੰਨੇ (ਅਗਿਆਨੀ) ਨੂੰ ਤਿੰਨਾਂ ਭਵਨਾਂ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ। ਸਾਧ ਦੇ ਸੰਗ ਅਤੇ ਪਰਮਾਤਮ ਨਾਮ ਸਦਕਾ ਹਾਥੀ ਵਾਂਗ ਵਿਸਤ੍ਰਿਤ ਹਉਮੈ-ਅਹੰਕਾਰ ਨਿੱਕੀ ਕੀੜੀ ਵਰਗੀ ਨਿੰਮਰ ਦ੍ਰਿਸ਼ਟੀ ਧਾਰਨ ਕਰ ਲੈਂਦਾ ਹੈ। ਚਿੰਤਤ ਭੈ-ਭੀਤ ਇਨਸਾਨ ਭੈ-ਰਹਿਤ ਬਿਰਤੀ ਦਾ ਮਾਲਕ ਬਣ ਜਾਂਦਾ ਹੈ। ਵਿਸ਼ੇ-ਵਿਕਾਰਾਂ ਦੀ ਸ਼ੇਰ-ਸ਼ਕਤੀ ਹੁਣ ਨਿਰਬਲ ਡਰਪੋਕ ਬਿੱਲੀ ਦਾ ਰੂਪ ਧਾਰਨ ਕਰ ਲੈਂਦੀ ਹੈ, ਤ੍ਰਿਣ ਸਮਾਨ ਗਰੀਬ ਹਸਤੀ ਦਾ ਮਾਲਕ ਮਨੁੱਖ ਸੁਮੇਰ ਪਰਬਤ ਵਰਗੀ ਬਲਵਾਨ ਆਤਮਕ ਸ਼ਕਤੀ ਦਾ ਮਾਲਕ ਬਣ ਜਾਂਦਾ ਹੈ। ਜਿਹੜਾ (ਆਤਮਕ-ਅਨੁਭਵ ਤੋਂ ਹੀਣਾ) ਮਨੁੱਖ ਪਹਿਲਾਂ ਅੱਧੀ-ਅੱਧੀ ਕੌਡੀ ਵਾਸਤੇ ਮੁਹਥਾਜੀ ਵਿਚ ਦਰ ਦਰ ਧੱਕੇ ਖਾਂਦਾ ਫਿਰਦਾ ਸੀ (ਆਤਮਕ ਸੂਝ ਲਈ ਭਟਕਦਾ ਫਿਰਦਾ ਸੀ) ਹੁਣ ਸਾਧ ਸੰਗ ਤੋਂ ਪ੍ਰਾਪਤ ਹੋਈ ਸੱਚੀ ਦੌਲਤ ਨਾਲ ਮਾਲੋ ਮਾਲ ਹੋ ਗਿਆ ਹੈ। ਇਸ ਤਰ੍ਹਾਂ ਗੁਰੂ ਜੀ ਦਸਦੇ ਹਨ ਕਿ ਸਾਧਸੰਗਤਿ ਅਤੇ ਨਾਮ ਦੀ ਕਿਹੜੀ ਕਿਹੜੀ ਵਡਿਆਈ ਦੱਸੀ ਜਾਵੇ?

ਐਸੀ ਹੀ ਦੁਰਲੱਭ ਸੰਗਤ ਆਪ ਜੀ, ਆਤਮ ਮਾਰਗ ਦੇ ਪਾਂਧੀਆਂ ਨੂੰ ਨਿਰੰਤਰ ਪ੍ਰਾਪਤ ਹੋ ਰਹੀ ਹੈ। ਗੁਰਮਤਿ ਸਿਧਾਂਤ ਅਨੁਸਾਰ ਗੁਰੂ ਦਾ ਹਿਰਦਾ ਗੁਰਬਾਣੀ ਵਿਚ ਵਿਅਕਤ ਹੈ, ਗੁਰਬਾਣੀ ਦੀ ਸੰਗਤ, ਪਠਨ ਪਾਠਨ, ਵਿਆਖਿਆ ਵਿਚਾਰ ਗੁਰੂ ਦੀ ਸੰਗਤ ਹੈ, ਨਾਮ-ਅਭਿਆਸੀ ਸਾਧੂ ਸੰਤਾਂ ਦੇ ਵਿਚਾਰ, ਪ੍ਰਵਚਨ ਮਹਾਂਪੁਰਸ਼ਾਂ ਦੀ ਸੰਗਤ ਹੈ। ਭਾਵੇਂ ਪ੍ਰਤੱਖ ਦਰਸ਼ਨ ਦੀਦਾਰ ਹੋਰ ਵੀ ਵਧੇਰੇ ਲਾਭਕਾਰੀ ਹੁੰਦੇ ਹਨ ਪਰ ਅੰਤਰ ਦ੍ਰਿਸ਼ਟੀ ਦੇ ਦਰਸ਼ਨ ਦੀਦਾਰ ਬਾਨੀ ਰਾਹੀਂ, ਲਿਖਤ ਰਾਹੀਂ ਹੋ ਜਾਂਦੇ ਹਨ। ਸਗੋਂ ਗੁਰੂ ਮਹਾਰਾਜ ਸ਼ਬਦ ਦੇ ਵਿਚਾਰ ਦੀ ਪ੍ਰਮੁੱਖਤਾ ਦਸਦੇ ਫੁਰਮਾਨ ਕਰਦੇ ਹਨ -

***ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥***
***ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥***

***ਪੰਨਾ - 594***

ਏਥੇ ਕੇਵਲ ਬਾਹਰੀ ਦਰਸ਼ਨਾਂ ਨਾਲੋਂ ਸ਼ਬਦ ਦੀ ਵਿਚਾਰ ਨੂੰ ਸਰਵੋਤਮ ਦਸਿਆ ਹੈ। ਆਪ ਜੀ 'ਆਤਮ ਮਾਰਗ' ਦੇ ਪਾਠਕ ਇਸ ਪੱਖੋਂ ਵਡਭਾਗੀ ਹੋ। ਹਰ ਮਹੀਨੇ ਮਹਾਨ ਆਤਮਾਵਾਂ ਆਪਣੇ ਵੱਡੇ-ਮੁੱਲੇ ਵਿਚਾਰਾਂ ਰਾਹੀਂ ਆਪ ਜੀ ਦੇ ਜੀਵਨ ਪਰਵਾਹ ਨੂੰ ਸੁੰਦਰ, ਸੁਚੱਜਾ, ਸਹਿਨਸ਼ੀਲ, ਸੁਹਿਰਦ, ਨਿਰਮਲ, ਸੱਚ ਦਾ ਧਾਰਨੀ ਬਣਾਉਣ ਵਿਚ ਯਤਨਸ਼ੀਲ ਹਨ। ਹਰੇਕ ਲਿਖਤ ਵਿਚ ਉਹ ਸੱਚ ਰੂਪਮਾਨ ਹੋ ਰਿਹਾ ਹੈ ਜੋ ਸਮੇਂ ਨਾਲ ਪੁਰਾਣਾ ਨਹੀਂ ਹੁੰਦਾ।

***ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ।।***

***ਪੰਨਾ - 1248***

(ਬਾਕੀ ਪੰਨਾ 11 ਤੇ)



Sri Satguru Jagjit Singh Ji eLibrary NamdhariElibrary@gmail.com

# ਸਰਬ ਰੋਗ ਕਾ ਅਉਖਦੁ ਨਾਮੁ

***ਸੰਤ ਵਰਿਆਮ ਸਿੰਘ ਜੀ***

***ਉਤਾਰਾ ਕਰਤਾ - ਬੀਬੀ ਦੇਵਿੰਦਰ ਕੌਰ ਜੀ***

ਜਿਉਂ-ਜਿਉਂ ਸੰਸਾਰ ਤੇ ਕਲਜੁਗ ਦਾ ਪ੍ਰਭਾਵ ਜ਼ਿਆਦਾ ਹੋ ਰਿਹਾ ਹੈ ਤਾਂ ਮਹਾਂਪੁਰਸ਼ਾਂ ਦੇ ਮਨ ਵਿਚ ਵੀ ਦਇਆ ਵਧੇਰੇ ਹੁੰਦੀ ਜਾਂਦੀ ਹੈ, ਉਹ ਚਾਹੁੰਦੇ ਹਨ ਕਿ ਜਲਦੇ ਬਲਦੇ ਸੰਸਾਰ ਵਿਚ ਕਿਸੇ ਤਰ੍ਹਾਂ ਠੰਢ ਪਾਈ ਜਾਵੇ। ਬਾਣੀ ਦਾ ਕਥਨ ਹੈ 'ਬ੍ਰਹਮਗਿਆਨੀ ਪਰਉਪਕਾਰ ਉਮਾਹਾ'

ਐਸੇ ਕਾਰਜ ਹਿਤ ਹੀ ਬਾਬਾ ਜੀ ਨੇ ਇਕ ਆਰੰਭਕ ਦੀਵਾਨ ਪਿੰਡ ਘੜੂਆਂ ਵਿਖੇ 20.1.82 ਨੂੰ ਲਗਾਇਆ। ਧਾਰਨਾ ਇਹ ਸੀ -

*ਕੋਈ ਨਾਓਂ ਨਾ ਜਾਣੇ ਮੇਰਾ,*
*ਗੁਰੂ ਜੀ ਸਭ ਤੇਰੀ ਵਡਿਆਈ ਐ।*
*ਤੇਰੀ ਵਡਿਆਈ ਐ, ਗੁਰੂ ਜੀ*
*ਸਭ ਤੇਰੀ ਵਡਿਆਈ ਐ।*
*ਕੋਈ ਨਾਓਂ ਨਾ ਜਾਣੇ ਮੇਰਾ,........।*

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ॥*
*ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ॥*
*ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮਾਰੇ॥*
*ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ॥*
*ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ॥*
*ਓਹੁ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ॥*
*ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ॥*
*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥*

***ਪੰਨਾ - 383***

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦਾ।*
*ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦਾ।*
*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,.........।*

ਸਾਧ ਸੰਗਤ ਜੀ! ਆਪ ਦੂਰ-ਦੂਰ ਤੋਂ ਦੀਵਾਨ ਵਿਚ ਪਹੁੰਚੇ ਹੋ, ਇਕ ਇਕ ਕਦਮ ਦਾ ਫਲ ਇਕ-ਇਕ ਅਸ੍ਵਮੇਧ ਯੱਗ ਦੇ ਬਰਾਬਰ ਹੁੰਦਾ ਹੈ, ਜਦੋਂ ਆਪ ਮਸਤਕ ਨਿਵਾਉਂਦੇ ਹੋ ਤਾਂ ਪੁੱਠੇ ਲੇਖ ਸਿੱਧੇ ਹੋ ਜਾਂਦੇ ਹਨ, ਸ਼ਬਦ ਵਿਚ ਬੋਲਣ ਨਾਲ ਕਰੋੜਾਂ ਯੱਗਾਂ ਦਾ ਫਲ ਮਿਲਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*

***ਪੰਨਾ - 546***

ਜਦੋਂ ਸਾਰੇ ਸੰਸਾਰ ਵਿਚ ਹਾਹਾਕਾਰ ਮਚੀ ਹੋਈ ਹੈ ਤਾਂ ਮਹਾਰਾਜ ਨੇ ਸੀਤਲ ਜਲ ਦਾ ਸਤਿਸੰਗ ਰੂਪੀ ਸੋਮਾ ਚਲਾ ਦਿਤਾ, ਜਿਸ ਵਿਚ ਜਗਿਆਸੂ ਟੁੱਭੀ ਲਾ ਕੇ ਸ਼ਾਂਤੀ ਪ੍ਰਾਪਤ ਕਰਦੇ ਹਨ, ਸਤਿਸੰਗ ਤਾਂ ਕੇਵਲ ਚੰਗੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੀ ਹੈ, ਇਹ ਧਰਤੀ ਪਾਵਨ ਹੈ ਜਿਥੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ ਦੀ ਛੋਹ ਪ੍ਰਾਪਤ ਕਰਕੇ ਇਸ ਦਾ ਕਣ-ਕਣ ਪਵਿੱਤਰ ਹੋ ਚੁੱਕਾ ਹੈ।

ਜਦੋਂ ਪੂਰੀ ਵਿਧੀ ਨਾਲ ਸਤਿਸੰਗ ਕੀਤਾ ਜਾਵੇ ਤਾਂ ਦੁਖ ਦੂਰ ਹੋ ਜਾਂਦੇ ਹਨ, ਦੁਖ ਕੇਵਲ ਸਰੀਰਕ ਹੀ ਨਹੀਂ ਹੁੰਦੇ, ਮਾਨਸਕ ਰੋਗ ਵੱਡੇ ਹਨ, ਹਉਮੈ ਦੇ ਰੋਗ ਨਾਲ ਤਾਂ ਮਨੁੱਖ ਜੰਮਦਾ ਤੇ ਮਰਦਾ ਹੀ ਰਹਿੰਦਾ ਹੈ, ਜੇ ਇਕ ਵਾਰੀ ਮਾਨਸ ਜੂਨੀ ਤੋਂ ਖੁੰਝ ਜਾਵੇ ਤਾਂ ਫਿਰ ਦਸ ਕ੍ਰੋੜ ਸਾਲ ਛੋਟੀਆਂ ਵੱਡੀਆਂ ਜੂਨੀਆਂ ਵਿਚ ਘੁੰਮਦਾ ਰਹਿੰਦਾ ਹੈ। ਬਾਣੀ ਦਾ ਕਥਨ ਹੈ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*

***ਪੰਨਾ - 631***

ਕੋਈ ਦੋ ਚਾਰ ਜੁਗ ਨਹੀਂ ਹਾਰਿਆ, ਬਹੁਤ ਜੁਗ, ਚਾਰ ਜੁਗਾਂ ਦੀ ਉਮਰ 43 ਲੱਖ 20 ਹਜ਼ਾਰ ਸਾਲ ਦੀ ਹੁੰਦੀ ਹੈ ਜੇਕਰ ਚਾਲੀ ਜੁਗਾਂ ਦੀ ਉਮਰ ਜੋੜੀਏ ਤਾਂ ਦਸ ਗੁਣਾਂ ਨਾਲ ਜਰਬ ਦੇ ਦਿਓ, ਅੱਸੀ ਨੱਬੇ ਸੌ ਜੁੱਗ ਲੰਘ ਜਾਂਦੇ ਹਨ।

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ।।* ***ਪੰਨਾ - 1075***

ਆਦਮੀ ਦੇ ਸਾਮ੍ਹਣੇ ਇਹ ਵੱਡਾ ਸਵਾਲ ਹੈ ਕਿ ਮਨੁੱਖ ਜੂਨੀ ਕਿਉਂ ਪ੍ਰਾਪਤ ਹੋਈ? ਬੰਦਾ ਸੋਚਦਾ ਹੈ ਕਿ ਖਾ ਪੀ ਕੇ ਐਸ਼ ਕਰੋ, ਮੁੜ ਕੇ ਇਸ ਆਲਮ ਵਿਚ ਨਹੀਂ ਆਉਣਾ, ਜੇ ਬੰਦਾ ਸੋਚਦਾ ਹੈ ਕਿ ਦੁਨੀਆਂ ਵਿਚ ਅਮੀਰ ਬਣ ਜਾਵੇ, ਜ਼ਮੀਨ ਨਾਲ, ਜਾਇਦਾਦ ਨਾਲ ਜਾਂ ਕੋਈ ਵੱਡੀ ਚੌਧਰ ਹਾਸਲ ਕਰ ਲਵੇ, ਕੋਈ ਵੱਡਾ ਅਹੁਦਾ ਹਾਸਲ ਕਰ ਲਵੇ, ਕੋਈ ਵੱਡੀ ਕਰਤੂਤ ਕਰ ਲੈਣੀ, ਤਾਂ ਕਿ ਲੋਕ ਚੰਗਾ ਚੰਗਾ ਕਹੀ ਜਾਣ, ਕੀ ਜ਼ਿੰਦਗੀ ਦਾ ਇਹੀ ਮਕਸਦ ਹੈ? ਜਾਂ ਇਸ ਤੋਂ ਉਪਰ ਵੀ ਹੈ ਕੋਈ? ਜੇ ਕੇਵਲ ਇਹੀ ਮੰਤਵ ਹੈ, eat drink and be merry for we shall have to die. ਐਸ਼ ਕਰਕੇ ਕੀ ਹੋਏਗਾ, ਸਾਧਸੰਗਤ ਜੀ! ਦੁਨੀਆਂ ਵਿਚ ਕੋਈ ਐਸ਼ ਤਾਂ ਕਰ ਹੀ ਨਹੀਂ ਸਕਦਾ, ਭਾਵੇਂ ਕਿਤਨਾ ਵੱਡਾ ਕਿਉਂ ਨਾ ਹੋਵੇ, ਉਹਦੇ ਮਨ ਵਿਚ (tension) ਘਬਰਾਹਟ ਤੇ ਖਿਚਾਹਟ ਰਹਿੰਦੀ ਹੈ, ਕੋਈ ਵੀ ਆਪਣੇ ਹਿਰਦੇ ਵਿਚ ਟਟੋਲ ਕੇ ਦੇਖ ਲਓ, ਅੰਦਰ ਸ਼ਾਂਤੀ ਨਹੀਂ ਹੁੰਦੀ, ਸ਼ਾਂਤੀ ਕੇਵਲ ਨਾਮ ਨਾਲ ਪ੍ਰਾਪਤ ਹੁੰਦੀ ਹੈ। ਸੋ ਪ੍ਰਮੇਸ਼ਰ ਦੇ ਨਾਮ ਨਾਲ ਸਰੀਰਕ ਤੇ ਮਾਨਸਕ ਦੁਖ ਦੋਨੋਂ ਹੀ ਨਾਸ਼ ਹੋ ਜਾਂਦੇ ਹਨ। ਸਰੀਰਕ ਦੁਖਾਂ ਨਾਲ ਮਾਨਸਕ ਦੁਖ ਜ਼ਿਆਦਾ ਪ੍ਰਬਲ ਹੁੰਦੇ ਹਨ, ਸਰੀਰਕ ਦੁਖ ਤਾਂ ਦਵਾਈਆਂ ਨਾਲ ਠੀਕ ਹੋ ਜਾਂਦੇ ਹਨ ਪਰ ਮਨ ਦੇ ਦੁਖਾਂ ਨੂੰ ਠੀਕ ਕਰਨ ਵਾਸਤੇ ਬਹੁਤ ਮਿਹਨਤ ਕਰਨੀ ਪੈਂਦੀ ਹੈ ਅਤੇ ਗੁਰੂ ਦੀ ਲੋੜ ਹੋਇਆ ਕਰਦੀ ਹੈ।

ਇਸ ਤੋਂ ਬਾਅਦ ਆਰਥਕ ਦੁਖ ਹਨ, ਪੈਸੇ ਟਕੇ ਦੀ ਤੰਗੀ ਹੁੰਦੀ ਹੈ, ਸਮਾਜਿਕ ਦੁਖ ਹਨ, ਸਮਾਜਿਕ ਭਾਈਚਾਰੇ ਦੀ ਬਣਤਰ ਗਲਤ ਹੈ, ਆਦਮੀ ਨੂੰ ਕਿਸੇ ਪਾਸੇ ਚਲਣ ਨਹੀਂ ਦਿੰਦੀ। ਰਾਜਸੀ ਦੁਖ ਹਨ, ਰਾਜ ਵਿਚ ਪੂਰਾ ਹਿੱਸਾ ਨਹੀਂ ਮਿਲਿਆ। ਫਿਰ ਮਿਹਨਤ ਕਰਨ ਵਾਲਾ ਵਰਗ ਹੈ, ਘਰਵਾਲੀ ਵੀ ਲੱਗੀ ਰਹਿੰਦੀ ਹੈ, ਪਸ਼ੂ ਸਾਂਭਦੇ ਹਨ, ਖੇਤੀ ਕਰਦੇ ਹਨ, ਮਜ਼ਦੂਰੀ ਕਰਦੇ ਹਨ, ਲੱਕੜੀ ਦਾ ਕੰਮ ਕਰਦੇ ਹਨ, ਦਫਤਰਾਂ ਵਿਚ ਜਾਂਦੇ ਹਨ, ਹੋਰ ਬੇਅੰਤ ਕੰਮ ਕਰਦੇ ਹਨ, ਪਰ ਪੂਰਾ ਨਹੀਂ ਪੈਂਦਾ, ਇਹ ਆਰਥਿਕ ਦੁਖ ਹੁੰਦੇ ਹਨ। ਤੁਸੀਂ ਆਪਣੀ

'ਆਤਮ ਮਾਰਗ', ਜੁਲਾਈ, 1999



Sri Satguru Jagjit Singh Ji eLibrary NamdhariElibrary@gmail.com

ਮਰਜ਼ੀ ਦਾ ਭਾਅ ਨਹੀਂ ਲਾ ਸਕਦੇ। ਰਾਜਸੀ ਦੁਖ ਹਰ ਵਕਤ ਚਿੰਬੜੇ ਰਹਿੰਦੇ ਹਨ। ਜ਼ਰਾ ਜਿੰਨੀ ਗਲਤੀ ਹੋ ਗਈ, ਰਾਜਾ ਨਰਾਜ਼ ਹੋ ਜਾਂਦਾ ਹੈ, ਕਿਸੇ ਕੰਮ ਤੇ ਨਰਾਜ਼ ਹੋ ਗਿਆ ਉਹਨੂੰ ਸਜ਼ਾ ਦੇਣ ਲਗ ਜਾਂਦਾ ਹੈ। ਤੁਸੀਂ ਆਪੇ ਦੇਖ ਲਵੋ, ਪੰਜਾਬ ਨੂੰ ਸਜ਼ਾ ਮਿਲੀ ਹੋਈ ਹੈ ਉਹ ਇਸ ਕਰਕੇ ਕਿ ਇਹ ਅਨਾਜ ਬਹੁਤਾ ਪੈਦਾ ਕਰਦਾ ਹੈ, ਬਾਕੀ ਸੂਬਿਆਂ ਵਿਚ ਇੰਨਾਂ ਅਨਾਜ ਨਹੀਂ ਹੁੰਦਾ। ਯੂ.ਪੀ. ਵਿਚ ਪੰਜਾਬੀਆਂ ਨੇ ਜਾ ਕੇ ਉਜਾੜ ਧਰਤੀ ਨੂੰ Surplus (ਬਹੁਤੇ ਅਨਾਜ ਵਾਲਾ) ਬਣਾਇਆ ਹੈ, ਬਾਕੀ ਸਾਰੇ ਸੂਬੇ ਖਾਣ ਵਾਲੇ ਬੈਠੇ ਹਨ, ਖਾਣ ਵਾਲੇ ਸੈਂਟਰ ਵਿਚ ਬੈਠੇ ਹਨ, ਉਹ ਕਦੀ ਵੀ ਨਹੀਂ ਚਾਹੁੰਣਗੇ ਕਿ ਤੁਹਾਡੀ ਫਸਲ ਦਾ ਮੁੱਲ ਜ਼ਿਆਦਾ ਦਿਤਾ ਜਾਵੇ, ਤੁਸੀਂ ਜੀਅ ਭਰ ਕੇ ਖਰਚੇ ਕਰਦੇ ਹੋ, ਸੋਚਦੇ ਹੋ ਕਿ ਮੇਰੀ ਕਣਕ ਵੀਹ ਕੁਇੰਟਲ ਦੀ ਹੋ ਜਾਵੇਗੀ ਜਾਂ 30 ਕੁਇੰਟਲ ਦੀ ਏਕੜ ਵਿਚੋਂ ਹੋ ਜਾਵੇਗੀ, ਕੋਈ ਗੰਨੇ ਨੂੰ ਕਹਿੰਦਾ ਹੈ ਕਿ ਮੇਰਾ ਗੰਨਾ ਇਕ ਏਕੜ ਵਿਚੋਂ 500 ਕੁਇੰਟਲ ਹੋ ਗਿਆ ਪਰ ਖਾਣ ਵਾਲੇ ਇਸ ਨੂੰ ਜ਼ੀਰੋ ਤੇ ਲਿਆ ਦਿੰਦੇ ਹਨ ਕਿਉਂਕਿ ਪੈਦਾ ਤਾਂ ਕਰਦਾ ਹੈ ਪੰਜਾਬ, ਖਾਣ ਵਾਲੇ ਹੋਰ ਬਹੁਤ ਹਨ, ਇਹ ਰਾਜਸੀ ਦੁਖ ਹਨ ਕਿ ਹੱਥ ਵਿਚ ਤਾਕਤ ਨਾ ਹੋਣੀ ਅਤੇ ਆਪਣੀ ਮਿਹਨਤ ਦਾ ਪੂਰਾ ਫਲ ਨਾ ਪ੍ਰਾਪਤ ਹੋਣਾ, ਜਾਂ ਕਿਸੇ ਨਾਲ ਨਜਾਇਜ਼ ਹੋਣ ਲਗ ਜਾਵੇ, ਮਹਾਰਾਜ ਨੇ ਸਾਰੀਆਂ ਚੀਜ਼ਾਂ ਦਾ ਇਕੋ ਹੀ ਇਲਾਜ ਦੱਸਿਆ ਹੈ ਕਿ –

***ਸਰਬ ਰੋਗ ਕਾ ਅਉਖਦੁ ਨਾਮੁ॥ ਪੰਨਾ – 274***

ਨਾਮ ਸਾਰੀਆਂ ਚੀਜ਼ਾਂ ਦਾ ਇਲਾਜ ਕਰ ਦਿੰਦਾ ਹੈ, ਇਹ ਬੜੀ ਵਿਆਖਿਆ ਦਾ ਮਹੁਤਾਜ ਹੈ ਕਿ ਅਰਥ (ਪੈਸਾ) ਕਿਸ ਤਰ੍ਹਾਂ ਨਾਲ ਠੀਕ ਹੋ ਜਾਂਦਾ ਹੈ, ਪੈਸੇ ਵਾਲੇ ਲੋਕਾਂ ਦੀ ਜਾਂ ਰਾਜਸੀ ਲੋਕਾਂ ਦੀ ਇਹ ਥਿਊਰੀ ਹੈ ਕਿ ਅਸੀਂ ਅਮੀਰ ਬਣਾ ਦੇਵਾਂਗੇ, ਸਾਡੇ ਕੋਲ ਐਸੀ ਸਕੀਮ ਹੈ ਕਿ ਅਸੀਂ ਗਰੀਬ ਜਨਤਾ ਨੂੰ ਅਮੀਰੀ ਵਿਚ ਲੈ ਆਵਾਂਗੇ, ਕਈ ਬਾਹਰਲੇ ਲੋਕ ਕਹਿੰਦੇ ਹਨ ਕਿ ਅਸੀਂ ਅਰਥ ਵਿਵਸਥਾ ਠੀਕ ਕਰ ਦਿਆਂਗੇ, ਪਰ ਸਾਧਸੰਗਤ ਜੀ! ਅਰਥ ਵਿਵਸਥਾ ਕਿਤੇ ਵੀ ਠੀਕ ਨਹੀਂ ਹੁੰਦੀ, ਨਾਮ ਜਪਣ ਨਾਲ ਕੀ ਹੁੰਦਾ ਹੈ? ਜੇ ਸਾਰੇ ਹੀ ਨਾਮ ਜਪਣ ਲਗ ਜਾਣ ਤਾਂ ਲਾਲਚ ਹਟ ਜਾਂਦਾ ਹੈ, ਤ੍ਰਿਸ਼ਨਾ ਹਟ ਜਾਂਦੀ ਹੈ, ਕੰਮ ਕਰਨ ਵਾਸਤੇ ਸੇਵਾ ਦਾ ਜਜ਼ਬਾ ਪੈਦਾ ਹੁੰਦਾ ਹੈ, ਕਈ ਸੋਚਦੇ ਹਨ ਸੇਵਾ ਤਾਂ ਸਿਰਫ ਗੁਰਦਵਾਰੇ ਸਾਹਿਬ ਦੀ ਹੀ ਹੁੰਦੀ ਹੈ, ਸਾਧ ਸੰਗਤ ਜੀ! ਸੇਵਾ ਤਾਂ ਸਾਰੀ ਹੀ ਸਾਰੇ ਸੰਸਾਰ ਦੀ ਹੁੰਦੀ ਹੈ ਮਹਾਰਾਜ ਦਾ ਫੁਰਮਾਨ ਹੈ –

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***
***ਪੰਨਾ – 463***

ਇਹ ਸਾਰਾ ਸੰਸਾਰ ਵਾਹਿਗੁਰੂ ਜੀ ਦਾ ਘਰ ਹੈ, ਇਹਦੇ ਵਿਚ ਹੀ ਉਹ ਰਹਿੰਦਾ ਹੈ ਇਹਦੇ ਵਿਚ ਜਿਥੇ ਵੀ ਤੁਹਾਡਾ ਦਿਲ ਕਰਦਾ ਹੈ, ਸੇਵਾ ਕਰ ਲਓ, ਬਿਮਾਰ ਬੰਦਿਆਂ ਦੀ ਸੇਵਾ ਕਰ ਲਓ। ਰਸਤੇ ਖਰਾਬ ਨੇ, ਹਰ ਬੰਦਾ ਫਸ ਕੇ ਜਾਂਦਾ ਹੈ, ਗੱਡੇ ਫਸ ਜਾਂਦੇ ਹਨ, ਟਰੈਕਟਰ ਫਸ ਜਾਂਦੇ ਹਨ, ਸੇਵਾ ਕਰਕੇ ਰਸਤੇ ਠੀਕ ਕਰ ਲਓ, ਦਰਖਤ ਬੀਜੇ ਹੋਏ ਹਨ, ਕੱਟ ਕੱਟ ਕੇ ਬੱਕਰੀਆਂ ਨੂੰ ਖਲਾਈ ਜਾਂਦੇ ਹਨ, ਪੇੜਾਂ ਦੀ ਰਾਖੀ ਕਰ ਲਓ, ਇਹ ਵੀ ਸੇਵਾ ਹੈ, ਸੰਸਾਰ ਇਤਨਾ ਵਿਸ਼ਾਲ ਹੈ, ਇਹ ਇਕ ਖੇਤਰ ਹੈ, ਜਿਥੇ ਵੀ ਚਾਹੋ ਸੇਵਾ ਕਰ ਸਕਦੇ ਹੋ, ਸਾਰੀ ਹੀ ਪ੍ਰਵਾਨ ਹੋ ਜਾਂਦੀ ਹੈ।

ਜਦੋਂ ਸੇਵਾ ਦਾ ਜਜ਼ਬਾ ਆ ਗਿਆ ਤਾਂ ਫਸਲ ਪੈਦਾ ਕਰਨਾ ਵੀ ਸੇਵਾ ਹੈ, ਹੋਰ ਕਾਰੋਬਾਰ ਕਰਕੇ ਵੀ ਸੇਵਾ ਹੈ ਪਰ ਜਿਹੜੀ ਬੇਦਿਲੀ ਅੱਜ ਪਾਈ ਜਾਂਦੀ ਹੈ, ਮਜ਼ਦੂਰ ਕੰਮ ਕਰਦਾ ਹੈ, ਪਰ ਮਾਲਕ ਦੇ ਮਨ ਵਿਚ ਇਹ ਰਹਿ ਜਾਂਦਾ ਹੈ ਕਿ ਇਹ ਪੂਰਾ ਕੰਮ ਨਹੀਂ ਕਰਦਾ, ਜਨਤਾ ਦੇ ਮਨ ਵਿਚ ਰਹਿੰਦਾ ਹੈ ਕਿ ਕਰਮਚਾਰੀ ਦਫਤਰਾਂ ਵਿਚ ਕੰਮ ਪੂਰਾ ਨਹੀਂ ਕਰਦੇ, ਅਗਰ ਅਸੀਂ ਪੈਸੇ ਦੇ ਦਿੰਦੇ ਹਾਂ ਤਾਂ ਕੰਮ ਜਲਦੀ ਹੋ ਜਾਂਦਾ ਹੈ, ਨਹੀਂ ਤਾਂ ਹੁੰਦਾ ਨਹੀਂ ਇਸ ਦਾ ਕਾਰਣ ਇਹ ਹੈ ਕਿ ਅਜੇ ਸੇਵਾ ਦਾ ਜਜ਼ਬਾ ਪੈਦਾ ਨਹੀਂ ਹੋਇਆ, ਜਦੋਂ ਨਾਮ ਜਪਣ ਲਗ ਜਾਵੇਗਾ, ਸੇਵਾ ਦਾ ਜਜ਼ਬਾ ਪੈਦਾ ਹੋ ਜਾਏਗਾ, ਜਦੋਂ ਨਾਮ ਜਪੇਗਾ, ਉਸ ਵੇਲੇ ਪੈਸੇ ਦੀ ਕੁਰਬਾਨੀ ਆ ਜਾਏਗੀ, ਜਦੋਂ ਨਾਮ ਜਪ ਕੇ ਇਹ ਸੋਝੀ ਆ ਗਈ ਤਾਂ ਗਿਆਨ ਪ੍ਰਾਪਤ ਹੋ ਜਾਏਗਾ ਕਿ ਇਥੇ ਪ੍ਰਮੇਸ਼ਰ ਤੋਂ ਬਗੈਰ ਨਾ ਕੋਈ ਹੋਇਆ, ਨਾ ਹੈ ਤੇ ਨਾ ਕੋਈ ਹੋਰ ਹੋਵੇਗਾ। ਜਦੋਂ ਉਹ ਆਪੇ ਆਪ ਹੀ ਹੈ, ਸਭ ਥਾਂ ਤੇ ਆਪਣਾ ਰੂਪ ਹੀ ਹੈ, ਜਦੋਂ ਇਹ ਸਮਝ ਆ ਗਈ ਤਾਂ ਆਰਥਕ ਦੁਖ ਆਪੇ ਹੀ ਠੀਕ ਹੋ ਜਾਣਗੇ, ਗੁਰੂ ਦੇ ਲੰਗਰ ਵਿਚ ਵਰਤਾਵੇ ਨੇ ਕਦੀ ਨਹੀਂ ਪੁਛਿਆ ਕਿ ਤੂੰ ਕੌਣ ਹੈਂ? ਕਿਹੜੀ ਜਾਤ ਦਾ ਹੈਂ, ਬਸ ਪ੍ਰਸ਼ਾਦਾ ਵਰਤਾਅ ਦਿਤਾ, ਰਾਤ ਨੂੰ ਰਹਿਣ ਵਾਸਤੇ ਥਾਂ ਦਿਤੀ ਜਾਂਦੀ ਹੈ। ਇਹ ਇਕ ਛੋਟਾ ਜਿਹਾ ਤਜਰਬਾ ਹੈ, ਵੱਡੀ ਸਕੇਲ ਤੇ ਲਿਆਉਣ ਵਾਸਤੇ। ਸੋ ਸਾਰੇ ਦੁਖਾਂ ਦਾ ਇਲਾਜ ਹੈ ਪਰਮੇਸ਼ਰ ਦਾ ਨਾਮ। ਦੁਖ ਭਾਵੇਂ ਆਰਥਕ ਹੋਵੇ, ਭਾਈਚਾਰਕ ਹੋਵੇ ਸਭ ਠੀਕ ਹੋ ਜਾਂਦਾ ਹੈ। ਜਦੋਂ ਨਿੰਦਿਆ, ਚੁਗਲੀ, ਵੈਰ, ਵਿਰੋਧ ਖਤਮ ਹੋ ਗਏ, ਹਰ ਬੰਦੇ ਨੂੰ ਨਾਲ ਲੈ ਕੇ ਚਲਣ ਦੀ ਆਦਤ ਬਣ ਗਈ ਤਾਂ ਭਾਈਚਾਰਕ ਦੁਖ ਵੀ ਖਤਮ ਹੋ ਜਾਂਦੇ ਹਨ, ਵਿਚੋਂ ਲਾਲਚ ਖਤਮ ਹੋ ਜਾਂਦਾ ਹੈ, ਆਦਮੀ ਸ਼ੁਧ ਹੋ ਕੇ ਵਰਤਦਾ ਹੈ। ਸੋ ਇਸ ਕਰਕੇ ਮਹਾਰਾਜ ਕਹਿੰਦੇ ਹਨ ਕਿ ਸੰਸਾਰ ਵਿਚ ਜਿਤਨੇ ਵੀ ਦੁਖ ਹਨ, ਭਾਵੇਂ ਮੌਤ ਦਾ ਹੈ, ਭਾਵੇਂ ਜੰਮਣ ਮਰਨ ਦਾ ਹੈ, ਇਨ੍ਹਾਂ ਸਾਰਿਆਂ ਦਾ ਇਕੋ ਹੀ ਇਲਾਜ ਹੈ, ਉਹ ਹੈ ਨਾਮ –

***ਧਾਰਨਾ – ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ।***

ਸੰਸਾਰ ਦੇ ਸਾਰੇ ਰੋਗਾਂ ਦਾ ਇਕੋ ਹੀ ਇਲਾਜ ਹੈ ਜਿਸ ਤਰ੍ਹਾਂ ਕਿ ਬਾਣੀ ਦਾ ਫੁਰਮਾਨ ਹੈ –

***ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥***
***ਪੰਨਾ – 687***

ਕਈ ਪ੍ਰੇਮੀਆਂ ਦਾ ਖਿਆਲ ਹੈ ਕਿ ਜੇ ਆਦਮੀ ਸਰੀਰਕ ਤੌਰ ਤੇ ਬਿਮਾਰ ਹੈ ਤਾਂ 'ਨਾਮ' ਕਿਹੜੇ ਕੈਪਸੂਲ ਹਨ ਜੋ ਰਾਜ਼ੀ ਕਰ ਦੇਣਗੇ ਜਾਂ ਨਾਮ ਦੇ ਵਿਚ ਕੋਈ ਵਿਟਾਮਿਨ ਹਨ ਜੋ ਰਾਜ਼ੀ ਕਰ ਦੇਣਗੇ। ਸਾਧਸੰਗਤ ਜੀ! ਇਥੇ ਚੰਡੀਗੜ੍ਹ ਵਿਚ ਇਕ ਇੰਸਪੈਕਟਰ ਜਰਨਲ ਪੁਲਿਸ ਹੋਇਆ ਕਰਦੇ ਸਨ ਜਿਨ੍ਹਾਂ ਦਾ ਨਾਮ ਸਮਸ਼ੇਰ ਸਿੰਘ ਸੀ, ਉਹ ਰੋਹਤਕ ਦੇ ਸਨ, ਉਨ੍ਹਾਂ ਦੀ ਸ਼ਾਦੀ ਨਾਰੰਗਵਾਲ ਹੋਈ ਹੋਈ ਸੀ। ਐਸ. ਪ੍ਰਤਾਪ (S. Partap) ਦੀ ਭੈਣ, ਬੀਬੀ ਸ਼ੀਲਾ ਸੀ ਉਨ੍ਹਾਂ ਦਾ ਨਾਮ। ਇਹ ਗੱਲ 1959 ਜਾਂ 1960 ਦੀ ਹੈ। ਇਸ ਗੱਲ ਨੂੰ 20 ਜਾਂ



Sri Satguru Jagjit Singh Ji eLibrary NamdhariElibrary@gmail.com

21 ਸਾਲ ਹੋ ਗਏ, ਉਸ ਦੇ ਸਰੀਰ ਨੂੰ ਕੁਸ਼ਟ ਹੋ ਗਿਆ ਤੇ ਸਾਰੇ ਸਰੀਰ ਵਿਚੋਂ ਪਾਣੀ ਜਾਣ ਲਗ ਪਿਆ, ਬਹੁਤ ਇਲਾਜ ਕਰਾਇਆ ਪਰ ਦਵਾਈ ਨਹੀਂ ਲਗਦੀ। ਜਿਥੇ ਜਿਥੇ ਕਿਸੇ ਨੇ ਕਿਹਾ, ਉਥੇ ਉਥੇ ਲੈ ਗਏ, ਫਿਰ ਬਾਹਰ ਲੈ ਗਏ, ਜਿਥੇ ਚਮੜੀ ਦੇ ਰੋਗ ਦੂਰ ਹੁੰਦੇ ਹਨ। ਅਖੀਰ ਉਹ ਬੀਬੀ ਵਾਪਸ ਆ ਗਈ, ਘਰ ਵਿਚ ਬਹੁਤ ਉਦਾਸੀ ਤੇ ਇਕ ਕਿਸਮ ਦਾ ਸੋਗ ਜਿਹਾ ਰਹਿਣ ਲਗ ਪਿਆ ਕਿ ਕਿਸ ਤਰ੍ਹਾਂ ਦੀ ਬੁਰੀ ਬਿਮਾਰੀ ਲੱਗੀ ਹੈ, ਪਤਾ ਨਹੀਂ ਕਿਹੜੇ ਕਰਮਾਂ ਦੀ ਸਜ਼ਾ ਮਿਲ ਰਹੀ ਹੈ। ਇਥੇ ਇਕ ਡੀ. ਆਈ. ਜੀ. ਹੁੰਦੇ ਸਨ, ਉਨ੍ਹਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਦਸਿਆ ਕਿ ਇਥੇ ਇਕ ਸਿੰਘ ਹਨ 'ਸਧਾਰ' ਦੇ ਜੋ ਬੜੀ ਬੰਦਗੀ ਕਰਦੇ ਹਨ। ਆਪ ਖੇਤੀ ਕਰਦੇ ਸਨ, ਇਕ ਬਲਦਾਂ ਦੀ ਜੋੜੀ ਰੱਖੀ ਸੀ, ਇਕ ਊਂਠ ਰੱਖਿਆ ਹੋਇਆ ਸੀ, ਊਠ ਵਾਲਾ ਹੱਲ ਉਹ ਆਪ ਚਲਾਉਂਦੇ ਸੀ। ਆਈ. ਜੀ. ਸਮਸ਼ੇਰ ਸਿੰਘ ਜੀ ਉਨ੍ਹਾਂ ਕੋਲ ਚਲੇ ਗਏ ਤਾਂ ਉਸ ਬੰਦਗੀ ਕਰਨ ਵਾਲੇ ਨੇ ਕਿਹਾ, ਆਈ. ਜੀ. ਸਾਹਿਬ! ਤੁਹਾਨੂੰ ਮੇਰੇ ਕੋਲ ਨਹੀਂ ਸੀ ਆਉਣਾ ਚਾਹੀਦਾ, ਪਿੰਡ ਵਿਚ ਤਾਂ ਬੇਅੰਤ ਲੜਾਈ ਝਗੜੇ, ਫੌਜਦਾਰੀਆਂ ਹੁੰਦੀਆਂ ਰਹਿੰਦੀਆਂ ਹਨ, ਲੋਕ ਮੈਨੂੰ ਨਾਲ ਲੈ ਕੇ ਟੁਰਨਾ ਚਾਹੁੰਣਗੇ, ਜਿਹਦੇ ਨਾਲ ਮੈਂ ਟੁਰ ਪਿਆ ਉਹ ਤਾਂ ਖੁਸ਼ ਹੋ ਜਾਏਗਾ ਜਿਹਦੇ ਨਾਲ ਨਾ ਟੁਰਿਆ ਉਹ ਨਰਾਜ਼ ਹੋ ਜਾਏਗਾ। ਸੋ ਤੁਸੀਂ ਇਥੇ ਨਹੀਂ ਆਉਣਾ, ਤੁਸੀਂ ਲੁਧਿਆਣੇ ਚੱਲੋ, ਮੈਂ ਤੁਹਾਡੇ ਕੋਲ ਓਥੇ ਆ ਜਾਵਾਂਗਾ। ਸੋ ਉਹ ਲੁਧਿਆਣੇ ਮਾਡਲ ਟਾਊਨ ਵਿਚ ਆ ਕੇ ਮਿਲੇ, ਉਨ੍ਹਾਂ ਨੇ ਭਾਈ ਸਾਹਿਬ ਨੂੰ ਦੱਸਿਆ ਮੇਰੇ ਘਰੋਂ ਬੀਬੀ ਬਹੁਤ ਬਿਮਾਰ ਹੈ, ਕੋਹੜ ਹੋ ਗਿਆ ਹੈ, ਅਸੀਂ ਬਹੁਤ ਇਲਾਜ ਕਰਵਾ ਲਿਆ ਹੈ, ਕਿਤੋਂ ਰਾਜ਼ੀ ਨਹੀਂ ਹੁੰਦੀ, ਪਹਿਲਾਂ ਤਾਂ ਭਾਈ ਸਾਹਿਬ ਨੇ ਬਹੁਤ ਟਾਲ ਮਟੋਲ ਕੀਤੀ ਤਾਂ ਫਿਰ ਕਹਿਣ ਲੱਗੇ ਕਿ ਸਾਡੇ ਕੋਲ ਹੋਰ ਤਾਂ ਕੋਈ ਦਾਰੂ ਨਹੀਂ ਹੈ, ਕੇਵਲ ਨਾਮ ਦੀ ਦਾਰੂ ਹੈ ਜੇ ਕੋਈ ਪੱਥ ਰੱਖ ਕੇ ਸੰਜਮ ਦੇ ਨਾਲ ਦਵਾਈ ਖਾਵੇ, ਉਹ ਰਾਜ਼ੀ ਹੋ ਜਾਂਦਾ ਹੈ। ਉਨ੍ਹਾਂ ਨੇ ਆਈ. ਜੀ. ਸਾਹਿਬ ਨੂੰ ਕਾਗਜ਼ ਪੈਨ ਲੈਣ ਵਾਸਤੇ ਕਿਹਾ ਅਤੇ ਲਿਖਣ ਲਈ ਕਿਹਾ ਉਹ ਬੋਲੇ ਲਿਖੋ –

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥***
***ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ***
***ਨਾਨਕ ਹੋਸੀ ਭੀ ਸਚੁ॥*** ***ਪੰਨਾ – 1***

ਉਨ੍ਹਾਂ ਨੇ ਵਿਧੀ ਪੂਰਵਕ ਦਸ ਦਿਤਾ ਕਿ ਐਸ ਵਿਧੀ ਨਾਲ ਪੜ੍ਹਨਾ ਹੈ, ਇਹ ਸ਼ਰਧਾ ਨਾਲ ਪੜ੍ਹਨਾ ਹੈ, ਇਹ ਪੱਥ ਰਖਣਾ ਹੈ ਘਰ ਵਿਚ ਅੰਡੇ ਮਾਸ ਤੇ ਸ਼ਰਾਬ ਨਹੀਂ ਵੜਨ ਦੇਣੇ, ਸ਼ੁਧਤਾ ਤੇ ਪਵਿੱਤਰਤਾ ਰੱਖਣੀ ਹੈ, ਸਾਰਾ ਪਰਿਵਾਰ ਇਸ ਬੀਬੀ ਦੇ ਨਮਿਤ ਜਿਤਨਾ ਜ਼ਿਆਦਾ ਤੇ ਜਲਦੀ ਪਾਠ ਕਰੇਗਾ, ਇਹ ਬੀਬੀ ਰਾਜ਼ੀ ਹੋ ਜਾਏਗੀ, ਫਿਰ ਉਨ੍ਹਾਂ ਨੇ ਕਿਹਾ ਮੇਰੇ ਕੋਲ ਕੋਈ ਬੰਦਾ ਭੇਜ ਦੇਣਾ, ਪਰ ਸਿਪਾਹੀ ਨਹੀਂ ਜਾਂ ਮੈਂ ਆਪੇ ਹੀ ਆ ਜਾਵਾਂਗਾ, ਮੈਨੂੰ ਸੁਨੇਹਾ ਭੇਜ ਦੇਣਾ। ਸੁਨੇਹਾ ਭੇਜਿਆ, ਸਾਰੇ ਫਿਰ ਲੁਧਿਆਣੇ ਮਾਡਲ ਟਾਊਨ ਆ ਗਏ, ਭਾਈ ਸਾਹਿਬ ਵੀ ਗਏ ਤਾਂ ਦੇਖਿਆ ਬੀਬੀ ਸਾਰੀ ਠੀਕ ਹੋ ਗਈ ਹੈ ਪਰ ਸਿਰਫ ਹੱਥਾਂ ਤੇ ਰੋਗ ਅਜੇ ਰਹਿ ਗਿਆ ਹੈ। ਭਾਈ ਸਾਹਿਬ ਨੇ ਪੁਛਿਆ ਕਿ ਕੀ ਤੁਸੀਂ ਪੱਥ ਪੂਰਾ ਰੱਖਿਆ ਸੀ? ਘਰ ਵਿਚ ਸ਼ਰਾਬ, ਮਾਸ ਜਾਂ ਅੰਡੇ ਤਾਂ ਨਹੀਂ ਵੜਨ ਦਿਤੇ ਤਾਂ ਪਰਿਵਾਰ ਨੇ ਉਤਰ ਦਿਤਾ ਜੀ! ਘਰ ਵਿਚ ਸ਼ਰਾਬ ਮਾਸ ਤਾਂ ਨਹੀਂ ਆਏ ਪਰ ਅੰਡੇ ਜੋ ਕਿ ਵੈਜੀਟੇਰੀਅਨ ਸੀ, ਉਹ ਵਰਤੇ ਗਏ। ਭਾਈ ਸਾਹਿਬ ਨੇ ਕਿਹਾ ਉਹ ਵੀ ਛੱਡ ਦਿਓ, ਸਾਰੇ ਪਰਿਵਾਰ ਨੇ ਉਹ ਵੀ ਛੱਡ ਦਿਤੇ, ਬੀਬੀ ਠੀਕ ਹੋ ਗਈ, ਪਰ ਭਾਈ ਸਾਹਿਬ ਨੇ ਕਿਹਾ ਕਿ ਕਿਸੇ ਨਾਲ ਗੱਲ ਨਹੀਂ ਕਰਨੀ ਕਿ ਬੀਬੀ ਮੇਰੇ ਕੋਲੋਂ ਠੀਕ ਹੋਈ ਹੈ ਪਰ ਹੌਲੀ ਹੌਲੀ ਪਤਾ ਲਗ ਹੀ ਗਿਆ। ਸਾਧਸੰਗਤ ਜੀ! ਨਾਮ ਦੀ ਦੁਆਈ ਦਿਤੀ, ਜਿਸ ਨਾਲ ਉਹ ਠੀਕ ਹੋ ਗਈ, ਇਕ ਨਹੀਂ ਸੈਂਕੜੇ ਠੀਕ ਹੋਏ ਹਨ ਨਾਮ ਦੀ ਦੁਆਈ ਨਾਲ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਬਹੁਤ ਉਚ ਕੋਟੀ ਦੇ ਮਹਾਂਪੁਰਸ਼ ਹੋਏ ਹਨ, ਜੋ ਕਿ ਨਾਰੰਗਵਾਲ ਦੇ ਸਨ, ਉਨ੍ਹਾਂ ਨੇ ਸੋਲਾਂ ਸਾਲ ਜੇਲ੍ਹ ਵਿਚ ਕੱਟੇ। ਸਾਧਸੰਗਤ ਜੀ! ਹੁਣ ਤਾਂ ਜੇਲ੍ਹ ਬਿਲਕੁਲ ਕੁਝ ਨਹੀਂ ਹੈ। ਵਿਹਲੇ ਦਿਨਾਂ ਵਿਚ ਬੇਸ਼ਕ ਜਾ ਆਇਆ ਕਰੋ, ਤਕੜੇ ਹੋ ਕੇ ਆਓਗੇ, ਰਾਜਸੀ ਲੋਕਾਂ ਨੂੰ ਖਾਣ ਵਾਸਤੇ, ਮੱਖਣ, ਫਲ, ਦੁੱਧ ਸਭ ਮਿਲਦੇ ਹਨ, ਰਹਿਣ ਨੂੰ ਵਧੀਆ ਥਾਂ ਮਿਲਦਾ ਹੈ। ਪਿੰਡਾਂ ਨੂੰ ਪਤਾ ਹੀ ਨਹੀਂ ਲੱਗਾ – ਕਲ੍ਹ ਜੋ ਮੇਰੇ ਨਾਲ ਬਸਤਾ ਸਿੰਘ ਜੀ ਢੋਲਕੀ ਵਜਾਉਂਦੇ ਸਨ ਉਹ ਭੜੌਂਜੀਆਂ ਪਿੰਡ ਦੇ ਸਰਪੰਚ ਹਨ, ਉਹ ਕਾਫੀ ਦਿਨ ਆਏ ਨਾ ਤਾਂ ਪੁਛਿਆ ਤੁਸੀਂ ਐਨੇ ਦਿਨ ਕਿਉਂ ਨਾ ਆਏ। ਕਹਿਣ ਲੱਗੇ ਅਸੀਂ ਤਿਹਾੜ ਜੇਲ੍ਹ ਵਿਚ ਚਲੇ ਗਏ ਸੀ, ਤਲਵੰਡੀ ਸਾਹਿਬ ਕੋਲ। ਕਹਿਣ ਲੱਗੇ ਜੇਲ੍ਹ ਵਿਚ ਤਾਂ ਬਹੁਤ ਮੌਜ ਮੇਲਾ ਹੈ ਪਤਾ ਹੀ ਨਹੀਂ ਲੱਗਾ ਕਿ ਅਸੀਂ ਜੇਲ੍ਹ ਵਿਚ ਹਾਂ – ਬਾਹਰ ਤਾਂ ਐਵੇਂ ਰੋਟੀ ਖਾਂਦੇ ਹਾਂ, ਉਥੇ ਤਾਂ ਬਹੁਤ ਵਧੀਆ ਰੋਟੀ ਮਿਲਦੀ ਹੈ, ਰੋਜ਼ ਪਰਾਉਂਠੇ, ਮੱਖਣ, ਫਲ ਆਦਿ ਮਿਲਣਾ, ਕੜਾਹ ਪ੍ਰਸ਼ਾਦ ਦੀ ਦੇਗ ਆਈ ਜਾਵੇ, ਸਵੇਰੇ ਅਸੀਂ ਆਸਾ ਜੀ ਦੀ ਵਾਰ ਲਗਾ ਲੈਣੀ, ਫਿਰ ਸੂਰਜ ਪ੍ਰਕਾਸ਼ ਦੀ ਕਥਾ ਦਾ ਪ੍ਰਬੰਧ ਸੀ ਸਾਨੂੰ ਘਰ ਬਾਰ ਵੀ ਭੁੱਲ ਗਿਆ।

ਪਹਿਲੇ ਸਮੇਂ ਵਿਚ ਇਸ ਤਰ੍ਹਾਂ ਦੀ ਜੇਲ੍ਹ ਨਹੀਂ ਸੀ, ਬਹੁਤ ਸਖਤੀ ਹੁੰਦੀ ਸੀ ਜੇ ਇਕ ਵਾਰੀ ਬੰਦਾ ਜੇਲ੍ਹ ਚਲਾ ਜਾਂਦਾ ਸੀ, ਮੁੜ ਕੇ ਕੰਨਾਂ ਨੂੰ ਹੱਥ ਲਾ ਲੈਂਦਾ ਸੀ। ਸੋ ਭਾਈ ਰਣਧੀਰ ਸਿੰਘ ਜੀ ਨੇ ਬੜੀ ਸਖਤ ਕਿਸਮ ਦੀ ਜੇਲ੍ਹ ਕੱਟੀ ਸੀ। ਜਦੋਂ ਭਾਈ ਸਾਹਿਬ ਅਜੇ ਬੱਚੇ ਸੀ, ਉਨ੍ਹਾਂ ਦੇ ਪਿਤਾ ਨੂੰ ਜਲੋਧਰ ਦੀ ਬਿਮਾਰੀ ਹੋ ਗਈ, ਉਨ੍ਹਾਂ ਦੇ ਪਿਤਾ ਜੀ ਜੱਜ ਸਨ, ਉਨ੍ਹਾਂ ਨੂੰ ਲੁਧਿਆਣੇ ਦੇ ਮਿਸ਼ਨ ਹਸਪਤਾਲ (C.M.C) ਵਿਚ ਲਿਆਂਦਾ ਗਿਆ। ਡਾਕਟਰਾਂ ਨੇ ਕਿਹਾ ਕਿ ਤੁਸੀਂ ਆਪਣੇ ਪਿਤਾ ਨੂੰ ਹੁਣ ਘਰ ਲੈ ਜਾਵੋ, ਹੁਣ ਇਹ ਠੀਕ ਨਹੀਂ ਹੋ ਸਕਦੇ। ਇਕ ਬੁਖ਼ਾਰ ਬਹੁਤ ਤੇਜ਼ ਹੈ, ਦੂਜਾ ਪੇਟ ਵਿਚੋਂ ਪਾਣੀ ਨਹੀਂ ਮੁਕਦਾ ਜਿੰਨਾਂ ਅਸੀਂ ਪਾਣੀ ਕੱਢਦੇ ਹਾਂ, ਉਤਨਾ ਫੇਰ ਭਰ ਜਾਂਦਾ ਹੈ, ਉਸੇ ਸਮੇਂ ਸੰਤ ਹੀਰਾ ਸਿੰਘ ਜੀ ਉਥੇ ਪਹੁੰਚ ਗਏ ਜੋ ਕਿ ਦਾਸ ਦੇ (ਸੰਤ ਬਾਬਾ ਵਰਿਆਮ ਸਿੰਘ ਜੀ ਦੇ) ਸਹੁਰਿਆਂ ਵਲੋਂ ਪਿਤਾ ਜੀ ਸਨ, ਉਨ੍ਹਾਂ ਨੇ ਭਾਈ ਸਾਹਿਬ ਨੂੰ ਕਿਹਾ ਕਿ ਆਪਣੇ ਪਿਤਾ ਜੀ ਨੂੰ ਨਾਮ ਦੀ ਦਵਾਈ ਦਿਓ, ਇਨ੍ਹਾਂ ਕੋਲ ਬੈਠ ਕੇ ਇਕ ਚਿਤ ਜਪੁਜੀ ਸਾਹਿਬ ਦਾ ਪਾਠ ਕਰੋ – ਭਾਈ ਸਾਹਿਬ ਪਾਠ ਕਰਦੇ ਕਰਦੇ ਇਤਨੇ ਲੀਨ ਹੋ ਗਏ ਜਦੋਂ 'ਮੰਨੇ ਕੀ ਗਤ' ਦੀ ਪਉੜੀ ਤੇ ਪਹੁੰਚੇ, ਉਸ ਨੂੰ ਬਾਰ-ਬਾਰ ਜਪੀ ਜਾਣ। ਜਦੋਂ ਅੱਖ ਖੁਲ੍ਹੀ ਤਾਂ ਕੀ ਦੇਖਦੇ ਹਨ ਕਿ ਪਿਤਾ ਜੀ ਦਾ ਪੇਟ ਜੋ ਘੜੇ ਦੀ ਤਰ੍ਹਾਂ



Sri Satguru Jagjit Singh Ji eLibrary NamdhariElibrary@gmail.com

ਹੋਇਆ ਹੋਇਆ ਸੀ ਬਿਲਕੁਲ ਲੱਕ ਨਾਲ ਜਾ ਲੱਗਾ। ਬੁਖਾਰ ਵੀ ਬਿਲਕੁਲ ਉਤਰ ਗਿਆ। ਜਦੋਂ ਡਾਕਟਰ ਆਏ, ਉਹ ਵੀ ਦੇਖ ਕੇ ਹੈਰਾਨ ਹੋ ਗਏ, ਪਹਿਲਾਂ ਪੁਛਣ ਲੱਗੇ ਕਿ ਤੁਸੀਂ ਅਜੇ ਕਮਰਾ ਖਾਲੀ ਨਹੀਂ ਕੀਤਾ। ਜਦੋਂ ਉਨ੍ਹਾਂ ਦੇ ਪਿਤਾ ਜੀ ਨੂੰ ਬਿਲਕੁਲ ਠੀਕ ਦੇਖਿਆ ਤਾਂ ਕਹਿਣ ਲੱਗੇ, ਯੇ ਕੌਨ ਥੇ ਕਰਾਮਾਤ ਹੂਈ ਹੈ, ਜਿਸ ਸੇ ਆਪ ਕੇ ਪਿਤਾ ਬਿਲਕੁਲ ਠੀਕ ਹੋ ਗਏ ਹੈਂ? ਹਮਾਰੀ ਡਾਕਟਰੀ ਤੋ ਬਿਲਕੁਲ ਫੇਲ੍ਹ ਹੋ ਗਈ, ਭਾਈ ਰਣਧੀਰ ਸਿੰਘ ਜੀ ਨੇ ਉਤਰ ਦਿਤਾ ਕਿ ਜਦੋਂ ਦੁਨਿਆਵੀ ਦਵਾਈਆਂ ਕੰਮ ਨਹੀਂ ਕਰਦੀਆਂ, ਉਸ ਵਕਤ ਕੇਵਲ ਨਾਮ ਦੀ ਦਵਾਈ ਕੰਮ ਕਰਦੀ ਹੈ, ਵਿਸ਼ਵਾਸ਼ ਕੰਮ ਕਰਦਾ ਹੈ, ਭਰੋਸਾ ਕੰਮ ਕਰਦਾ ਹੈ –

***ਧਾਰਨਾ – ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ।***
***ਮੇਰੇ ਪਿਆਰੇ, ਇਕੋ ਨਾਮ ਵਾਹਿਗੁਰੂ ਦਾ।***
***ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,..........।***

ਸਾਰੇ ਦੁਖਾਂ ਦਾ ਇਲਾਜ ਹੈ – ਪ੍ਰਮੇਸ਼ਰ ਦਾ ਨਾਮ, ਦੁਖ ਕਿਥੋਂ ਲਗਦੇ ਹਨ?

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***
***ਵੇਮੁਖ ਹੋਇ ਰਾਮ ਤੇ ਲਗਨਿ ਜਨਮ ਵਿਜੋਗ॥***
***ਪੰਨਾ – 135***

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ – 1256***

ਪ੍ਰਮੇਸ਼ਰ ਨੂੰ ਭੁੱਲ ਕੇ ਰਸਾਂ ਵਿਚ ਪੈ ਗਿਆ, ਜੀਭ ਦੇ ਰਸਾਂ ਵਿਚ ਪੈ ਗਿਆ, ਸਵਾਦੂ ਭੋਜਨ ਖਾਣ ਲਗ ਜਾਂਦਾ ਹੈ, ਭੋਗਾਂ ਦੇ ਰਸਾਂ ਵਿਚ ਪੈ ਕੇ ਸਰੀਰ ਰੋਗੀ ਕਰ ਲੈਂਦਾ ਹੈ, ਮਨ ਰੋਗੀ ਹੋ ਜਾਂਦਾ ਹੈ, ਮਨ ਤੋਂ ਬਾਅਦ ਸਰੀਰ ਰੋਗੀ ਹੋ ਜਾਂਦਾ ਹੈ, ਇਕ ਮਿਸਾਲ ਨਹੀਂ ਹੈ, ਅਨੇਕਾਂ ਮਿਸਾਲਾਂ ਹਨ ਜੋ ਨਾਮ ਦੀ ਦਵਾਈ ਨਾਲ ਠੀਕ ਹੋਏ।

ਇਕ ਡਰਾਈਵਰ ਸੀ ਜੋ ਕਲਕੱਤੇ ਰਹਿੰਦਾ ਸੀ ਜਿਸ ਦਾ ਨਾਮ ਮਹਿੰਦਰ ਸਿੰਘ ਸੀ, ਉਹ 'ਭੂਚੋ ਮੰਡੀ' ਦਾ ਸੀ, ਉਸ ਨੂੰ 3rd ਸਟੇਜ ਦੀ ਟੀ.ਬੀ. ਹੋ ਗਈ। ਡਾਕਟਰਾਂ ਨੇ ਕਿਹਾ, "ਹੁਣ ਤੇਰੀ ਜ਼ਿੰਦਗੀ ਕੇਵਲ ਦਸ ਦਿਨ ਦੀ ਬਾਕੀ ਹੈ, ਤੂੰ ਪੰਜਾਬ ਦਾ ਰਹਿਣ ਵਾਲਾ ਹੈ, ਉਨ੍ਹਾਂ ਦਿਨਾਂ ਵਿਚ ਟੀ.ਬੀ ਦਾ ਇਲਾਜ ਨਹੀਂ ਸੀ ਹੁੰਦਾ, ਅੱਜਕਲ੍ਹ ਤਾਂ ਹੈ। ਡਾਕਟਰਾਂ ਨੇ ਮਹਿੰਦਰ ਸਿੰਘ ਨੂੰ ਕਿਹਾ, ਤੂੰ ਆਪਣੇ ਘਰ ਚਲਾ ਜਾ, ਐਵੇਂ ਇਧਰ ਤੇਰੀ ਲਾਸ਼ ਰੁਲਦੀ ਫਿਰੇਗੀ, ਉਹ ਗੱਡੀ ਚੜ੍ਹਕੇ ਜਦੋਂ ਅੰਬਾਲੇ ਪਹੁੰਚਿਆ, ਉਸ ਦੇ ਭਾਗ ਚੰਗੇ ਸਨ, ਉਥੇ ਕੁਝ ਫੌਜੀ ਬੈਠੇ ਸਨ ਉਨ੍ਹਾਂ ਕੋਲੋਂ ਪੁਛ ਲਿਆ ਕਿ ਇਥੇ ਨੇੜੇ ਕੋਈ ਸਾਧੂ ਸੰਤ ਹੈ? ਉਨ੍ਹਾਂ ਜਵਾਬ ਦਿਤਾ ਕਿ ਦੁਰਾਹੇ ਕੋਲ ਉਤਰ ਜਾਈਂ, ਉਥੋਂ ਰਾੜਾ ਸਾਹਿਬ ਚਲਿਆ ਜਾਈਂ। ਉਥੇ ਮਹਾਤਮਾ ਰਹਿੰਦੇ ਹਨ, ਉਥੇ ਵੱਡੇ ਮਹਾਰਾਜ ਜੀ ਸੰਤ ਈਸ਼ਰ ਸਿੰਘ ਜੀ ਕੋਲ ਚਲਾ ਗਿਆ, ਜਦੋਂ ਪਹੁੰਚਿਆ ਤਾਂ ਸੰਤ ਮਹਾਰਾਜ ਕੁਰਸੀ ਤੇ ਬੈਠੇ ਸਨ, ਸਾਮ੍ਹਣੇ ਸੰਗਤਾਂ ਬੈਠੀਆਂ ਸਨ, ਇਸ ਨੂੰ ਵੀ ਦੋ ਮਿੰਟ ਟਾਈਮ ਮਿਲ ਗਿਆ। ਜਦੋਂ ਸੰਤ ਮਹਾਰਾਜ ਨੇ ਪੁਛਿਆ ਕਿ ਕਿਥੋਂ ਆਇਆ ਹੈ? ਉਤਰ ਦਿਤਾ ਕਿ ਮੈਂ ਕਲਕੱਤੇ ਤੋਂ ਆਇਆ ਹਾਂ, ਭੂਚੋ ਮੰਡੀ ਦਾ ਰਹਿਣ ਵਾਲਾ ਹਾਂ, ਟੀ.ਬੀ. ਦੀ ਬੀਮਾਰੀ ਹੈ। ਡਾਕਟਰਾਂ ਨੇ ਕਿਹਾ ਹੈ ਕਿ ਮੇਰੀ ਜ਼ਿੰਦਗੀ ਕੇਵਲ ਦਸ ਦਿਨ ਹੋਰ ਹੈ, ਦੋ ਤਿੰਨ ਦਿਨ ਤਾਂ ਸਫਰ ਵਿਚ ਹੀ ਲੰਘ ਗਏ, ਹੁਣ ਕੇਵਲ ਹਫਤਾ ਹੀ ਰਹਿ ਗਿਆ। ਮੇਰੀ ਸਲਾਹ ਹੈ ਕਿ ਤੁਹਾਡੇ ਕੋਲ ਹੀ ਇਥੇ ਪ੍ਰਾਣ ਛੱਡ ਦਿਆਂ, ਮੇਰਾ ਅੰਤਮ ਸਸਕਾਰ ਵੀ ਹੋ ਜਾਵੇਗਾ, ਮੈਂ ਆਪਣਾ ਘਰ ਦਾ ਐਡਰੈਸ ਵੀ ਦੇ ਦਿੰਦਾ ਹਾਂ। ਸੰਤ ਮਹਾਰਾਜ ਨੇ ਬਚਨ ਕੀਤਾ, ਭਾਈ ਗੁਰੂ ਦਰਬਾਰ ਵਿਚ ਤਾਂ ਮਰਨ ਨਹੀਂ ਆਈਦਾ, ਇਥੇ ਤਾਂ ਜ਼ਿੰਦਗੀ ਮਿਲਦੀ ਹੈ ਗੁਰੂ ਘਰ ਵਿਚ ਮੌਤ ਨਹੀਂ ਮਿਲਦੀ, ਤੈਨੂੰ ਪਾਠ ਦਸ ਦਿੰਦੇ ਹਾਂ, ਮੂਲਮੰਤਰ ਦਾ ਪਾਠ ਕਰਿਆ ਕਰ ਨਾਲੇ ਸ਼ਬਦ ਦਸ ਦਿੰਦੇ ਹਾਂ। ਮੂੰਹ ਬੰਨ੍ਹ ਕੇ ਬਰਤਨ ਮਾਂਜਣ ਦੀ ਸੇਵਾ ਕਰੀ ਜਾਹ।

ਕਿਉਂਕਿ ਜਿੰਨੇ ਬਰਤਨ ਮਾਂਜੇਗਾ, ਸੇਵਾ ਕਰੇਂਗਾ, ਉਨਾਂ ਜਲਦੀ ਠੀਕ ਹੋਵੇਂਗਾ। ਜਿਸ ਤਰ੍ਹਾਂ ਕਿ ਅਸੀਂ ਧਾਨ ਬੀਜੇ ਹੋਏ ਹਨ, ਬਾਰਸ਼ ਨਹੀਂ ਹੋਈ, ਧਾਨ ਸੁਕਣ ਲਗ ਪਏ, ਧਰਤੀ ਵਿਚ ਤਰੇੜਾਂ ਪੈ ਗਈਆਂ। ਹੁਣ ਜੇਕਰ ਇਕ ਟਿਊਬਵੈਲ ਦਾ ਪਾਣੀ ਲਗਾ ਦੇਈਏ ਤਾਂ ਤ੍ਰੇੜਾਂ ਹੀ ਨਹੀਂ ਭਰਨਗੀਆਂ ਪਰ ਜੇ ਪੜੌਸੀ ਤੋਂ ਪਾਣੀ ਮੰਗ ਲਈਏ ਤਾਂ ਫਸਲ ਨੂੰ ਦੋ ਟਿਊਬਵੈਲਾਂ ਦਾ ਪੂਰਾ ਪਾਣੀ ਮਿਲ ਜਾਂਦਾ ਹੈ, ਅਤੇ ਖੇਤ ਭਰ ਜਾਂਦਾ ਹੈ। ਏਸੇ ਤਰ੍ਹਾਂ ਜੇ ਦੋ ਕੰਮ ਕਰ ਲਈਏ, ਭਜਨ ਵੀ ਤੇ ਸੇਵਾ ਵੀ ਤਾਂ ਬਹੁਤ ਚੰਗਾ ਹੋ ਜਾਂਦਾ ਹੈ। ਦੋ ਕੰਮ ਕਰਨ ਨਾਲ ਦੋ ਟਿਊਬਵੈਲ, ਦੋ ਹਲਟ ਚਲ ਪੈਂਦੇ ਹਨ, ਜੇ ਨਹਿਰ ਚਲਦੀ ਹੈ ਤਾਂ ਨਹਿਰ ਦਾ ਵੀ ਪਾਣੀ ਚਲਦਾ ਹੈ, ਏਧਰੋਂ ਟਿਊਬਵੈਲ ਵੀ ਚਲਦਾ ਹੈ, ਛੇਤੀ ਕੰਮ ਹੋ ਜਾਂਦਾ ਹੈ। ਸੋ ਸੰਤ ਮਹਾਰਾਜ ਨੇ ਕਿਹਾ ਕਿ ਤੂੰ ਤਕੜਾ ਹੋ ਕੇ ਸੇਵਾ ਕਰ, ਪਾਠ ਹਰ ਵਕਤ ਕਰਦਾ ਰਹੀਂ, ਭੁੱਲੀ ਨਾ। ਕਹਿਣ ਲੱਗਾ, "ਮੈਨੂੰ ਕੋਈ ਟੋਕੇਗਾ ਤਾਂ ਨਹੀਂ।" ਸੰਤ ਮਹਾਰਾਜ ਨੇ ਬਚਨ ਕੀਤਾ ਕਿ ਮੂੰਹ ਬੰਨ ਲਿਆ ਕਰੀ, ਉਸ ਨੂੰ ਰਹਿਣ ਵਾਸਤੇ ਜਗ੍ਹਾ ਦੇ ਦਿਤੀ, ਜਿਸ ਦਿਨ ਉਹ ਆਇਆ ਸੀ, ਉਸ ਦਿਨ ਕੱਤਕ ਦੀ ਪੂਰਨਮਾਸ਼ੀ ਸੀ। ਸੇਵਾ ਕਰਦਾ ਰਿਹਾ, ਜਦੋਂ ਹੌਲਾ ਮਹੱਲਾ ਆਇਆ ਤਾਂ ਦੇਖਿਆ ਗਿਆ ਕਿ ਓਹੀਓ ਮਹਿੰਦਰ ਸਿੰਘ ਦੋ ਸ਼ਤੀਰ ਮੋਢਿਆਂ ਤੇ ਰੱਖ ਕੇ ਦੌੜ ਦੌੜ ਕੇ ਸੇਵਾ ਕਰ ਰਿਹਾ ਸੀ, ਕਿਸੇ ਪ੍ਰੇਮੀ ਨੇ ਕਿਹਾ ਕਿ ਇਹ ਬੰਦਾ ਤਾਂ ਬੜਾ ਤਕੜਾ ਹੈ ਜੋ ਮੋਢਿਆਂ ਤੇ ਦੋ ਸ਼ਤੀਰ ਚੁੱਕੀ ਜਾ ਰਿਹਾ ਹੈ। ਉਸ ਪ੍ਰੇਮੀ ਨੇ ਛੋਟੇ ਸੰਤ ਮਹਾਰਾਜ ਜੀ ਨੂੰ ਕਿਹਾ ਕਿ ਅਸੀਂ ਏਸਨੂੰ ਚਾਰ ਸੇਰ ਘਿਓ ਦੇਣਾ ਚਾਹੁੰਦੇ ਹਾਂ। ਕਹਿਣ ਲੱਗੇ, "ਕਿਉਂ?" ਉਹ ਪ੍ਰੇਮੀ ਕਹਿਣ ਲੱਗਿਆ, "ਦੇਖੋ ਇਹ ਬੰਦਾ ਸ਼ਤੀਰਾਂ ਢੋਣ ਦੀ ਕਿਤਨੀ ਸੇਵਾ ਕਰ ਰਿਹਾ ਹੈ।" ਸੰਤ ਮਹਾਰਾਜ ਨੇ ਕਿਹਾ ਕਿ ਅਸੀਂ ਤੁਹਾਡੇ ਨਾਲ ਇਸ ਦੀ ਗੱਲ ਕਰਵਾਉਂਦੇ ਹਾਂ। ਅਵਾਜ਼ ਮਾਰ ਕੇ ਕਿਹਾ, ਮਹਿੰਦਰ ਸਿੰਘ ਇਹ ਸ਼ਤੀਰ ਸੁੱਟ ਕੇ ਜ਼ਰਾ ਏਧਰ ਆਈਂ। ਉਹ ਸ਼ਤੀਰ ਸੁੱਟ ਕੇ ਆ ਗਿਆ, ਸੰਤ ਮਹਾਰਾਜ ਜੀ ਨੇ ਕਿਹਾ ਇਹ ਪ੍ਰੇਮੀ ਤੈਨੂੰ ਘਿਓ ਦੇਣਾ ਚਾਹੁੰਦੇ ਹਨ, ਭਾਈ ਮਹਿੰਦਰ ਸਿੰਘ ਕਹਿਣ ਲੱਗਾ ਕਿ ਜੀ ਕੱਲ੍ਹ ਹੋਲਾ ਮਹੱਲਾ ਹੈ, ਪੂਰਨਮਾਸ਼ੀ ਹੈ, ਕਲ੍ਹ ਨੂੰ ਇਹ ਮੇਰੀ ਗੱਲ ਸੁਣ ਲੈਣ, ਫੇਰ ਜੋ ਵੀ ਦੇਣਾ ਚਾਹੁੰਣਗੇ ਦੇ ਦੇਣ। ਅਗਲੇ ਦਿਨ ਭੋਗ ਪੈਣ ਤੋਂ ਬਾਅਦ, ਭਾਈ ਮਹਿੰਦਰ ਸਿੰਘ ਨੇ ਜੋੜਿਆਂ ਕੋਲ ਖਲੋ ਕੇ, ਉਚੀ ਆਵਾਜ਼ ਵਿਚ ਕਿਹਾ ਕਿ ਸਾਧਸੰਗਤ ਜੀ! ਸਾਰੇ ਮੇਰੀ ਗੱਲ ਸੁਣ ਕੇ ਜਾਣ। ਉਸ ਨੇ ਆਪਣੀ ਬਿਮਾਰੀ ਦਾ ਸਾਰਾ ਹਾਲ ਦੱਸਿਆ ਕਿ ਉਹ ਮਰਨ ਵਾਲਾ ਸੀ ਪਰ ਕਿਸੇ ਚੰਗੇ ਕਰਮ ਕਰਕੇ ਉਹ ਮਹਾਂਪੁਰਸ਼ਾਂ ਕੋਲ ਆ ਗਿਆ ਅਤੇ



Sri Satguru Jagjit Singh Ji eLibrary NamdhariElibrary@gmail.com

ਮਹਾਂਪੁਰਸ਼ਾਂ ਨੇ ਪਾਠ ਦੱਸਿਆ ਤੇ ਸੇਵਾ ਤੇ ਲਾ ਲਿਆ। ਜਿਸਦਾ ਨਤੀਜਾ ਇਹ ਹੋਇਆ ਕਿ ਕਲ੍ਹ ਜਦੋਂ ਮੈਂ ਡਾਕਟਰ ਕੋਲ ਐਕਸਰੇ ਕਰਵਾਉਣ ਗਿਆ, ਐਕਸਰੇ ਬਿਲਕੁਲ ਠੀਕ ਆਈ ਅਤੇ ਮੇਰੀ ਪੁਰਾਣੀ ਐਕਸਰੇ ਦੇਖ ਕੇ ਡਾਕਟਰ ਕਹਿਣ ਲੱਗਾ ਕਿ ਭਾਈ ਮਹਿੰਦਰ ਸਿੰਘ! ਇਹ ਪੁਰਾਣੀ ਐਕਸਰੇ ਤੇਰੀ ਨਹੀਂ। ਕਲਕੱਤੇ ਵਿਚ ਕਿਸੇ ਡਾਕਟਰ ਕੋਲੋਂ ਗਲਤੀ ਨਾਲ ਬਦਲੀ ਗਈ ਹੈ, ਤੂੰ ਤਾਂ ਬਿਲਕੁਲ ਠੀਕ ਹੈਂ, ਤੇਰੀ ਛਾਤੀ ਵਿਚ ਤਾਂ ਇਕ ਵੀ ਦਾਗ ਨਹੀਂ ਹੈ, ਕਿਹੜੇ ਡਾਕਟਰ ਨੇ ਤੈਨੂੰ ਕਹਿ ਦਿਤਾ ਕਿ ਤੈਨੂੰ ਟੀ.ਬੀ. ਹੈ।

ਇਹ ਪ੍ਰੇਮੀ ਜੋ ਮੈਨੂੰ ਚਾਰ ਸੇਰ ਘਿਓ ਦੇਣਾ ਚਾਹੁੰਦੇ ਹਨ, ਘਿਓ ਤਾਂ ਮੈਂ ਕੀ ਲੈਣਾ ਹੈ, ਬਾਕੀ ਦੀ ਜ਼ਿੰਦਗੀ ਮੈਂ ਕੇਵਲ ਨਾਮ ਜਪਾਂਗਾ ਤੇ ਘਰ ਵਾਪਸ ਨਹੀਂ ਜਾਣਾ। ਸੋ ਸਾਧਸੰਗਤ ਜੀ! ਇਹ ਪ੍ਰਮੇਸ਼ਰ ਦੇ ਨਾਮ ਦਾ ਕ੍ਰਿਸ਼ਮਾ ਹੈ, ਕੋਈ ਇਕ ਮਿਸਾਲ ਨਹੀਂ ਬੇਅੰਤ ਮਿਸਾਲਾਂ ਹਨ।

ਇਕ ਦਿਨ ਅਸੀਂ ਰਾੜੇ ਸਾਹਿਬ ਨੂੰ ਆ ਰਹੇ ਸੀ, ਮੇਰੇ ਨਾਲ ਹਰਬੰਸ ਸਿੰਘ ਦੁਆਬੀਆ ਸੀ, ਰਾੜੇ ਸਾਹਿਬ ਇਕ ਪ੍ਰੇਮੀ ਸੰਤ ਭੇਖ ਵਿਚ ਮਿਲ ਗਏ। ਉਹ ਸਾਡੇ ਨਾਲ ਅੰਗਰੇਜ਼ੀ ਵਿਚ ਗੱਲਾਂ ਕਰਨ ਲਗ ਪਏ। ਮੈਂ ਉਸਨੂੰ ਕਿਹਾ ਤੂੰ ਅੰਗਰੇਜ਼ੀ ਵਿਚ ਗੱਲ ਕਰੀ ਜਾ ਰਿਹਾ ਹੈਂ ਤਾਂ ਉਸ ਨੇ ਕਿਹਾ ਕਿ ਮੈਂ ਐਮ.ਏ. ਪੜ੍ਹਿਆ ਹੋਇਆ ਹਾਂ, ਮੈਂ ਆਸਾਮ ਵਿਚ ਇਨਕਮ ਟੈਕਸ ਆਫੀਸਰ ਸੀ, ਇਹ ਗੱਲ ਜੋ ਮੈਂ ਆਪ ਨੂੰ ਦਸ ਰਿਹਾ ਹਾਂ ਇਹ ਰਾੜੇ ਸਾਹਿਬ ਦੀ ਗੱਲ ਹੈ। ਮੇਰਾ ਨਾਮ, ਰਜਿੰਦਰ ਕੁਮਾਰ ਸੀ, ਮੈਂ ਰਿਸ਼ਵਤਾਂ ਲੈਂਦਾ ਸੀ, ਸ਼ਰਾਬਾਂ ਪੀਂਦਾ ਸੀ, ਬਹੁਤ ਮਾੜੇ ਕੰਮ ਕਰਦਾ ਸੀ, ਉਹਦੀ ਸਜ਼ਾ ਮੈਨੂੰ ਮਿਲੀ ਕਿ ਮੈਨੂੰ ਗਠੀਆ ਹੋ ਗਿਆ, ਫਿਰ ਜੋਧਪੁਰ ਵਿਚ ਮੇਰਾ ਇਲਾਜ ਹੋਣ ਲੱਗਾ, ਇਕ ਦਿਨ ਮੈਂ ਅਖਬਾਰ ਵਿਚ ਪੜ੍ਹਿਆ ਕਿ ਸੰਤ ਮਹਾਰਾਜ ਨੇ ਇਕ ਪ੍ਰੇਤ ਨੂੰ ਮਨੁੱਖ ਜੂਨੀ ਦਿਵਾ ਦਿਤੀ ਹੈ, ਸੋ ਮੈਂ ਵੀ ਇਥੇ (ਰਾੜਾ ਸਾਹਿਬ) ਆ ਗਿਆ। ਮਹਾਂਪੁਰਸ਼ਾਂ ਨੇ ਮੈਨੂੰ ਸ਼ਬਦ ਦੇ ਦਿਤਾ, ਮੈਂ ਕਰਦਾ ਰਿਹਾ ਤੇ ਠੀਕ ਹੋ ਗਿਆ। ਫਿਰ ਮੈਂ ਦੇਗ ਕਰਾਈ ਤੇ ਅਰਦਾਸ ਕੀਤੀ ਕਿ ਮੈਂ ਸਾਰਾ ਰਾਜ਼ੀ ਹੋ ਜਾਵਾਂ ਪਰ ਮੇਰੀ ਇਕ ਉਂਗਲੀ ਨਾ ਠੀਕ ਹੋਈ, ਸੋ ਉਸੇ ਤਰ੍ਹਾਂ ਹੀ ਹੋਇਆ। ਇਕ ਉਂਗਲੀ ਉਸੇ ਤਰ੍ਹਾਂ ਮੁੜੀ ਰਹੀ।

ਸੋ ਸਾਧਸੰਗਤ ਜੀ! ਇਹ ਹੈ –

***ਸਰਬ ਰੋਗ ਕਾ ਅਉਖਦੁ ਨਾਮੁ॥***
***ਕਲਿਆਣ ਰੂਪ ਮੰਗਲ ਗੁਣ ਗਾਮ॥ ਪੰਨਾ – 274***

ਪੱਥ ਹੋਵੇ। ਪੱਥ ਰੱਖ ਕੇ ਭਰੋਸੇ ਨਾਲ ਕਰੇ ਬੰਦਾ, ਨਾਮ ਤਾਂ ਦਾਰੂ ਹੈ, ਮਹਾਰਾਜ ਕਹਿੰਦੇ ਨੇ ਅਸੀਂ ਤਾਂ ਨਾਮ ਦੀ ਦਾਰੂ ਦਰਗਾਹ ਵਿਚੋਂ ਲੈ ਕੇ ਆਏ ਹਾਂ। ਸੋ ਨਾਮ ਹਰ ਪਾਸੇ ਕੰਮ ਦਿੰਦਾ ਹੈ, ਹੁਣ ਸਾਡੇ ਮਨ ਵਿਚ ਖਿਆਲ ਆ ਜਾਂਦਾ ਹੈ ਕਿ ਨਾਮ ਕਿਥੋਂ ਮਿਲਦਾ ਹੈ? ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁਛੋ ਜੋ ਕਿ ਸਾਡੇ ਗੁਰੂ ਹਨ ਕਿ ਨਾਮ ਕਿਥੋਂ ਲਈਏ, ਮਹਾਰਾਜ ਕਹਿੰਦੇ ਹਨ –

***ਨਾਨਕ ਕੈ ਘਰਿ ਕੇਵਲ ਨਾਮੁ॥ ਪੰਨਾ – 1136***

ਸਾਡੇ ਘਰ ਤਾਂ ਕੇਵਲ ਨਾਮ ਹੈ, ਅਸੀਂ ਨਾ ਕੋਈ ਸਿੱਧੀ ਨਾ ਕੋਈ ਜੰਤਰ ਮੰਤਰ ਲਿਆਏ ਹਾਂ, ਅਸੀਂ ਤਾਂ ਕੇਵਲ ਨਾਮ ਲੈ ਕੇ ਆਏ ਹਾਂ ਕਿਉਂਕਿ ਸੰਸਾਰ ਰੋਗੀ ਹੋ ਚੁਕਿਆ ਹੈ। ਇਸ ਕਰਕੇ ਅਸੀਂ ਸਾਰੇ ਦੁਖਾਂ ਦੀ ਇਕ ਦਵਾਈ ਲੈ ਕੇ ਆਏ ਹਾਂ। ਨਾਮ ਜਪ ਕੇ ਦੁਖਾਂ ਦਾ ਨਾਸ ਹੁੰਦਾ ਹੈ, ਸੇਵਾ ਕਰਕੇ ਮਾਨ ਪ੍ਰਾਪਤ ਹੁੰਦਾ ਹੈ। ਸਾਧਸੰਗਤ ਜੀ! ਜੰਮਣ ਮਰਨ ਦਾ ਦੁਖ ਅਸਾਡੇ ਗਲੋਂ ਨਹੀਂ ਲਹਿੰਦਾ। ਮਾਨਸ ਜਨਮ ਅਸਾਨੂੰ ਪ੍ਰਾਪਤ ਹੈ, ਹੁਣ ਸਾਰੇ ਦੁਖਾਂ ਤੋਂ ਛੁਟਕਾਰਾ ਪਾ ਕੇ ਪਰਮ ਸੁਖੀ ਹੋਣ ਦੀ ਵਾਰੀ ਪ੍ਰਾਪਤ ਹੋਈ ਹੈ। ਪ੍ਰਮੇਸ਼ਰ ਨੂੰ ਮਿਲ ਕੇ ਸਾਰੇ ਦੁਖਾਂ ਦਾ ਖਾਤਮਾ ਹੋਜਾਂਦਾ ਹੈ। ਪੜ੍ਹੋ –

***ਧਾਰਨਾ – ਇਹੋ ਤੇਰੀ ਵਾਰੀ ਐ, ਗੋਬਿੰਦ ਮਿਲਣੇ ਦੀ – 2, 2.***
***ਗੋਬਿੰਦ ਮਿਲਣੇ ਦੀ ਇਹੋ ਤੇਰੀ ਵਾਰੀ ਐ।***

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਪੰਨਾ – 12***

ਤੁਸੀਂ ਕਿਸਾਨ ਲੋਕ ਜਾਣਦੇ ਹੋ, ਵਾਰੀ ਕੀ ਹੁੰਦੀ ਹੈ, ਜਦੋਂ ਚੰਡੀਗੜ੍ਹ 'ਚ ਨਵੀਂ ਨਵੀਂ ਗੈਸ ਦੀ ਇਕ ਏਜੰਸੀ ਆਈ ਤਾਂ ਲੋਕਾਂ ਨੂੰ ਪਤਾ ਲੱਗਾ ਗੈਸ ਦੇ ਕਨੈਕਸ਼ਨ ਮਿਲਣੇ ਹਨ। ਸ਼ਹਿਰੀਆਂ ਨੂੰ ਗੈਸ ਬਹੁਤ ਪਿਆਰੀ ਹੈ, ਕਿਉਂਕਿ ਇਸ ਦਾ ਨਾ ਕੋਈ ਧੂੰਆਂ ਹੁੰਦਾ ਹੈ, ਨਾ ਕੋਈ ਔਖ ਹੁੰਦੀ ਹੈ, ਬਸ ਬਟਨ ਦੱਬੀ ਜਾਓ ਤੇ ਅੰਨ ਪਾਨੀ ਦਾ ਸਾਰਾ ਕੰਮ ਕਰ ਲਓ, ਕਨੈਕਸ਼ਨ ਲੈਣ ਵਾਸਤੇ ਲੋਕਾਂ ਨੇ ਰਾਤ ਨੂੰ ਹੀ ਲਾਈਨਾਂ ਲਾ ਲਈਆਂ, 35 ਸੈਕਟਰ ਵਿਚ ਦੋ ਤਿੰਨ ਫਰਲਾਂਗ ਤੇ ਮੋੜ ਮੋੜ ਕੇ ਲਾਈਨਾਂ ਲਗ ਗਈਆਂ, ਰਾਤ ਨੂੰ ਸੜਕ ਤੇ ਹੀ ਸੁੱਤੇ, ਰੋਟੀਆਂ ਵੀ ਉਥੇ ਹੀ ਖਾਧੀਆਂ, ਦੁਕਾਨ ਵਾਲੇ ਨੇ ਸਵੇਰੇ 10 ਵਜੇ ਦੀ ਥਾਂ 11 ਵਜੇ ਹੀ ਦੁਕਾਨ ਖੋਲੀ – ਭਾਦੋਂ ਦਾ ਮਹੀਨਾ ਸੀ, ਲੋਕਾਂ ਨੇ ਛਤਰੀਆਂ ਵੀ ਓਥੇ ਹੀ ਮੰਗਵਾ ਲਈਆਂ, ਬੱਸ ਇਹੋ ਫਿਕਰ ਸੀ ਕਿ ਲਾਈਨ ਵਿਚੋਂ ਵਾਰੀ ਨਾ ਕਿਧਰੇ ਖੁੰਝ ਜਾਵੇ, ਉਂਜ ਤਾਂ ਕਈ ਪੰਜ ਜਾਂ ਦਸ ਰੁਪਏ ਵਧ ਦੇ ਕੇ ਵੀ ਕੰਮ ਕਰਵਾ ਲੈਂਦੇ ਹਨ। ਆਪਾਂ ਨੂੰ ਮਨੁੱਖਾ ਜਨਮ ਸਾਰੇ ਦੁਖਾਂ ਦੇ ਖਾਤਮੇਂ ਲਈ ਜਿਹੜਾ 83 ਲੱਖ 99,999 ਜੂਨਾਂ ਤੋਂ ਬਾਅਦ ਵਾਰੀ ਵਿਚ ਮਿਲਿਆ ਹੈ, ਜਿਸ ਦਾ ਪਰਮ ਮਨੋਰਥ ਪ੍ਰਭੂ ਪ੍ਰਾਪਤੀ ਹੈ ਪਰ ਇਹ ਹਰ ਵਾਰੀ ਆਪਣੀ ਵਾਰੀ ਤੋਂ ਖੁੰਝ ਜਾਂਦਾ ਹੈ। ਮਹਾਰਾਜ ਕਹਿੰਦੇ ਹਨ ਕਿ ਇਹ ਮਨੁੱਖ ਇਕ ਵਾਰੀ ਹੀ ਮਨੁਖ ਨਹੀਂ ਬਣਿਆ ਬਲਕਿ ਕਰੋੜਾਂ ਵਾਰੀ ਬਣ ਚੁਕਿਆ ਹੈ –

***ਬੈਰ ਬਿਰੋਧ ਕਾਮ ਕ੍ਰੋਧ ਮੋਹ।।***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ਪੰਨਾ – 268***

ਮਨੁੱਖ ਹਰ ਵਾਰੀ ਮਾਇਆ ਦੇ ਜਾਲ ਵਿਚ ਫਸ ਕੇ ਆਪਣੀ ਵਾਰੀ ਤੋਂ ਖੁੰਝ ਜਾਂਦਾ ਹੈ, ਇਸ ਮਾਇਆ ਦੀ ਵਾੜ ਵਿਚ ਫਸ ਜਾਂਦਾ ਹੈ, ਉਹਦੇ ਵਿਚੋਂ ਨਿਕਲ ਨਹੀਂ ਸਕਦਾ ਜਦੋਂ ਤਕ ਗੁਰੂ ਨਾ ਧਾਰਨ ਕਰੇ – ਗੁਰੂ ਧਾਰਨ ਕੀਤੇ ਬਗੈਰ ਰਾਹ ਨਹੀਂ ਲੱਭਦਾ ਅਤੇ ਨਾ ਹੀ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ ਅਤੇ ਨਾ ਹੀ ਨਾਮ ਦੀ ਕਮਾਈ ਕਰ ਸਕਦਾ ਹੈ, ਨਾਮ ਜਪੇ ਬਗੈਰ ਗਿਆਨ ਪ੍ਰਾਪਤ ਨਹੀਂ ਹੁੰਦਾ, ਕਰਮ, ਉਪਾਸਨਾ, ਗਿਆਨ, ਵਿਗਿਆਨ ਇਹ ਚਾਰ ਅਵਸਥਾਵਾਂ ਹੁੰਦੀਆਂ ਹਨ, ਇਹ ਢੰਗ ਨਾਲ ਹੀ ਆਉਂਦੀਆਂ ਹਨ।



Sri Satguru Jagjit Singh Ji eLibrary NamdhariElibrary@gmail.com

ਇਹ ਗੱਲ ਇਕ ਮਿਸਾਲ ਨਾਲ ਸਮਝ ਆ ਜਾਵੇਗੀ, ਇਕ ਰਾਜੇ ਨੇ ਕਿਲਾ ਬਣਾਇਆ ਅਤੇ ਉਸ ਦੇ ਚੌਰਾਸੀ ਦਰਵਾਜੇ ਰੱਖੇ, ਇਹ ਕਿਲਾ ਗੋਲ ਸ਼ਕਲ ਦਾ ਸੀ ਉਹਦੇ ਵਿਚ ਕੋਈ ਨੇਤ੍ਰਹੀਣ ਮਨੁੱਖ ਆ ਵੜਿਆ, ਉਸ ਨੇ ਟੁਰਨਾ ਸ਼ੁਰੂ ਕੀਤਾ, ਜਿਧਰ ਜਾਵੇ ਕੰਧ ਆ ਜਾਵੇ, ਜਿਧਰ ਜਾਵੇ ਕੰਧ ਆ ਜਾਵੇ, ਅਖੀਰ ਤੇ ਰੋਣ ਲਗ ਪਿਆ, ਬਾਰ ਬਾਰ ਅਵਾਜ਼ਾਂ ਦਿੰਦਾ ਹੈ ਕਿ ਕੋਈ ਅੱਖਾਂ ਵਾਲਾ ਮੈਨੂੰ ਆ ਕੇ ਦੱਸੇ, ਮੈਂ ਕਿਥੇ ਆ ਗਿਆ ਹਾਂ, ਮੈਂ ਇਥੇ ਸਵੇਰ ਦਾ ਫਸਿਆ ਬੈਠਾ ਹਾਂ। ਕਿਸੇ ਮਹਾਂਪੁਰਸ਼ ਨੇ ਆ ਕੇ ਦਸਿਆ ਕਿ ਤੂੰ ਗੋਲ ਸ਼ਕਲ ਦੇ ਕਿਲੇ ਵਿਚ ਵੜ ਗਿਆ ਹੈਂ ਜਿਸਦੇ ਅੰਦਰ ਚੌਰਾਸੀ ਦਰਵਾਜ਼ੇ ਲੱਗੇ ਹਨ, 83 ਦਰਵਾਜ਼ਿਆਂ ਨੂੰ ਤਾਂ ਤਾਲਾ ਲੱਗਾ ਹੈ ਕੇਵਲ ਇਹੋ ਹੀ ਖੁਲ੍ਹਾ ਹੈ, ਤੂੰ ਭਾਈ! ਇਸ ਤਰ੍ਹਾਂ ਕਰ ਕਿ ਕੰਧ ਨੂੰ ਹੱਥ ਲਾ ਲੈ, ਜਿਥੇ ਖੁਲ੍ਹਾ ਦਰਵਾਜ਼ਾ ਆਵੇਗਾ ਉਥੋਂ ਤੂੰ ਬਾਹਰ ਨਿਕਲ ਜਾਈਂ। ਇਸ ਪ੍ਰੇਮੀ ਨੇ ਇਸ ਤਰ੍ਹਾਂ ਹੀ ਮੰਨ ਲਿਆ ਅਤੇ ਕੰਧ ਨਾਲ ਟੁਰਨਾ ਸ਼ੁਰੂ ਕਰ ਦਿਤਾ, ਜਦੋਂ ਖੁਲ੍ਹਾ ਦਰਵਾਜ਼ਾ ਆਇਆ ਇਸ ਨੂੰ ਸ਼ਹਿਦ ਦੀਆਂ ਮੱਖੀਆਂ ਲੜ ਗਈਆਂ। ਇਹ ਖਾਜ ਕਰਨ ਲਗ ਪਿਆ ਤੇ ਖੁਲ੍ਹੇ ਦਰਵਾਜ਼ੇ ਕੋਲੋਂ ਛੇਤੀ-ਛੇਤੀ ਲੰਘ ਗਿਆ, ਮੁੜ ਕੇ ਫੇਰ ਕੰਧ ਨੂੰ ਹੱਥ ਲਾ ਲਿਆ, ਫਿਰ ਗਿਣਤੀ ਸ਼ੁਰੂ ਕਰ ਲਈ, ਪਤਾ ਨਹੀਂ ਚਾਲੀਵਾਂ ਦਰਵਾਜ਼ਾ ਸੀ ਜਾਂ ਸੱਠਵਾਂ ਸੀ ਫੇਰ 120 ਦਰਵਾਜ਼ੇ ਲੰਘ ਗਏ ਤਾਂ ਕਹਿਣ ਲੱਗਿਆ ਕਿ ਦੇਖੋਂ ਮੇਰੇ ਅੰਨ੍ਹੇ ਨਾਲ ਵੀ ਕਿਸੇ ਨੇ ਮਖੌਲ ਕੀਤਾ ਹੈ, ਅੱਖਾਂ ਵਾਲਿਆਂ ਦਾ ਫਰਜ਼ ਹੁੰਦਾ ਹੈ ਕਿ ਅੰਨ੍ਹੇ ਨੂੰ ਰਸਤਾ ਦਸਣਾ ਤੇ ਹਮਦਰਦੀ ਕਰਨੀ, ਮੇਰੀਆਂ ਅੱਖਾਂ ਵਿਚ ਤਾਂ ਜੋਤ ਨਹੀਂ ਹੈ ਮੇਰੇ ਨਾਲ ਹਮਦਰਦੀ ਕਰਨ ਦੀ ਬਜਾਏ ਧੋਖਾ ਕੀਤਾ ਹੈ, ਉਨ੍ਹਾਂ ਮਹਾਂਪੁਰਸ਼ਾਂ ਨੇ ਫੇਰ ਇਹਦੀ ਅਵਾਜ਼ ਸੁਣੀ ਤੇ ਪੁਛਿਆ, "ਤੂੰ ਫੇਰ ਕਿਉਂ ਰੋਣ ਲਗ ਪਿਆ ਹੈਂ?" ਕਹਿਣ ਲੱਗਿਆ, "ਮਹਾਰਾਜ ਤੁਸੀਂ ਤਾਂ ਮੇਰੇ ਨਾਲ ਮਖੌਲ ਕੀਤਾ ਹੈ। ਮਹਾਂਪੁਰਖਾਂ ਨੇ ਕਿਹਾ ਕਿ ਅਸੀਂ ਮਖੌਲ ਨਹੀਂ ਕੀਤਾ - ਅਸੀਂ ਤੈਨੂੰ ਸੱਚੀ ਗੱਲ ਦੱਸੀ ਸੀ, ਪਰ ਤੂੰ ਇਹ ਦਸ ਕਿ ਤੂੰ ਕਿਧਰੇ ਕੰਧ ਤੋਂ ਹੱਥ ਤਾਂ ਨਹੀਂ ਸੀ ਚੱਕਿਆ। ਕਹਿਣ ਲਗਾ, "ਚੁਕਿਆ ਸੀ ਅਤੇ ਮੈਂ ਹੱਥ ਚੁੱਕ ਕੇ ਟੁਰਦਾ ਹੀ ਰਿਹਾ, ਉਸ ਨੇ ਦੱਸਿਆ ਮੇਰੇ ਸਿਰ ਵਿਚ ਮੱਖੀ ਲੜ ਗਈ ਸੀ। ਓਥੇ ਮੈਂ ਸਿਰ ਵਿਚ ਖੁਰਕ ਕਰਨ ਲਗ ਗਿਆ - ਹੱਥ ਚੁਕ ਕੇ ਅਤੇ ਤੁਰੀ ਭੀ ਗਿਆ। ਸੋ ਮਹਾਂਪੁਰਸ਼ਾਂ ਨੇ ਸਮਝਾਇਆ ਕਿ ਹੁਣ ਕੰਧ ਤੋਂ ਹੱਥ ਨਾ ਚੁਕੀਂ ਇਸ ਤਰ੍ਹਾਂ ਉਹ ਖੁਲ੍ਹੇ ਦਰਵਾਜ਼ੇ ਤਕ ਪਹੁੰਚ ਗਿਆ ਤੇ ਬਾਹਰ ਨਿਕਲ ਗਿਆ। ਇਹ ਇਕ ਦ੍ਰਿਸ਼ਟਾਂਤ ਹੈ, ਸਾਧਸੰਗਤ ਜੀ।

ਇਸੇ ਤਰ੍ਹਾਂ ਵਾਹਿਗੁਰੂ ਜੀ ਨੇ ਜੋ ਕਿ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ, 83 ਲੱਖ ਨੜ੍ਹਿਨਵੇਂ ਹਜ਼ਾਰ ਨੌਂ ਸੌ ਨੜ੍ਹਿਨਵੇਂ ਜੂਨਾਂ ਦਾ ਗੋਲ ਸ਼ਕਲ ਦਾ ਸੰਸਾਰ ਰਚਿਆ ਹੈ - ਇਤਨੇ ਦਰਵਾਜ਼ੇ ਤਾਂ ਬੰਦ ਕਰ ਦਿਤੇ ਅਤੇ ਜੀਵ ਭਟਕਣ ਲਗ ਪਿਆ।

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥*** ***ਪੰਨਾ - 176***

ਕੀੜੇ, ਮਕੌੜੇ, ਹਾਥੀ, ਹਿਰਨ, ਘੋੜੇ, ਕੁੱਤੇ, ਬਿੱਲੇ, ਸੱਪ ਬਣਦਾ ਬਣਦਾ ਹੁਣ ਮਨੁੱਖ ਦੇ ਸਰੀਰ ਵਿਚ ਆ ਗਿਆ, ਹੁਣ ਖੁਲ੍ਹਾ ਦਰਵਾਜ਼ਾ ਆ ਗਿਆ ਪਰ ਹੁਣ ਇਸ ਨੂੰ ਵਿਸ਼ੇ ਵਿਕਾਰਾਂ ਦੀ ਮੱਖੀ ਲੜ ਗਈ, ਗਾਫਲ ਹੋ ਕੇ ਟੁਰਿਆ ਜਾ ਰਿਹਾ ਹੈ, ਇਕ ਦਿਨ ਉਹ ਸਮਾਂ ਆ ਜਾਣਾ ਹੈ, ਜਦੋਂ ਸੰਸਾਰ ਤੋਂ ਚਲੇ ਜਾਣਾ ਹੈ ਉਸ ਵੇਲੇ -

***ਕਹੁ ਕਬੀਰ ਤਬ ਹੀ ਨਰੁ ਜਾਗੈ॥***
***ਜਮ ਕਾ ਡੰਡੁ ਮੂੰਡ ਮਹਿ ਲਾਗੈ॥*** ***ਪੰਨਾ - 870***

ਜਦੋਂ ਸਿਰ ਵਿਚ ਡੰਡਾ ਪੈਣਾ ਹੈ ਫਿਰ ਇਸ ਜੀਵ ਨੂੰ ਧਿਆਨ ਆਏਗਾ ਕਿ ਸਮਾਂ ਤਾਂ ਸਾਰਾ ਹੀ ਲੰਘ ਗਿਆ, ਹੁਣ ਫੇਰ ਤੇ ਐਡਾ ਲੰਮਾ ਚੱਕਰ ਸ਼ੁਰੂ ਹੋ ਜਾਵੇਗਾ, ਫੇਰ ਜੰਮੀ ਜਾਂਦਾ ਹੈ, ਮਰੀ ਜਾਂਦਾ ਹੈ ਫੇਰ ਜਦੋਂ ਮਨੁੱਖ ਜਨਮ ਦੀ ਵਾਰੀ ਆਉਂਦੀ ਹੈ, ਫੇਰ ਭੁੱਲ ਜਾਂਦਾ ਹੈ।

ਇਸ ਨੂੰ ਬਾਰ-ਬਾਰ ਮਹਾਂਪੁਰਸ਼, ਗੁਰੂ, ਵੇਦ, ਸਿਮ੍ਰਤੀਆਂ ਆਦਿ ਜਗਾਉਂਦੀਆਂ ਹਨ, ਕੁਰਾਨ ਸ਼ਰੀਫ ਜਗਾ ਰਿਹਾ ਹੈ, ਬਾਈਬਲ ਅਵਾਜ਼ ਮਾਰ ਮਾਰ ਕੇ ਜਗਾ ਰਹੀ ਹੈ, ਤੌਰੇਤ, ਅੰਜੀਰ, ਜੰਬੂਰ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਹੋਰ ਸਾਰੇ ਧਰਮ ਗ੍ਰੰਥ ਬਾਰ-ਬਾਰ ਮਨੁੱਖ ਨੂੰ ਸਮਝਾ ਰਹੇ ਹਨ ਕਿ ਤੂੰ ਸਮਝ ਜਾ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥*** ***ਪੰਨਾ - 12***

ਜਿਹੜੇ ਕੰਮਾਂ ਵਿਚ ਤੂੰ ਲੱਗਾ ਹੋਇਆ ਹੈਂ, ਉਹ ਕਿਸੇ ਕੰਮ ਨਹੀਂ ਆਉਣੇ। ਇਹ ਦੇਹੀ ਤਾਂ ਬੜੀ ਕੀਮਤੀ ਹੈ, ਪਿਛਲੇ ਸਾਲ ਜਰਮਨ ਦੇ ਡਾਕਟਰਾਂ ਨੇ ਇਸ ਮਨੁੱਖ ਦੇ ਸਰੀਰ ਦਾ ਮੁੱਲ ਪਾਇਆ ਹੈ, ਇਕੱਲੇ ਦਿਮਾਗ ਦਾ 72 ਖਰਬ ਰੁਪਏ ਮੁੱਲ ਪਾਇਆ ਹੈ, ਐਨਾ ਹਿੰਦੁਸਤਾਨ ਕੋਲ ਪੈਸਾ ਨਹੀਂ ਜਿੰਨਾ ਬਾਕੀ ਚੀਜ਼ਾਂ ਦਾ ਮੁੱਲ ਹੈ, ਦੇਖਣ ਵਾਲੀ ਸ਼ਕਤੀ ਦਾ, ਸੁਣਨ ਵਾਲੀ ਸ਼ਕਤੀ ਦਾ, ਇਕੱਲੇ-ਇਕੱਲੇ ਸੁਆਸ ਦਾ ਕੋਈ ਮੁੱਲ ਨਹੀਂ ਹੈ, ਸਰੀਰ ਵਿਚ ਜੋ ਆਤਮਾ ਹੈ, ਜੋਤ ਹੈ ਇਹ ਸਰੀਰ ਬਹੁਤ ਕੀਮਤੀ ਹੈ ਪਰ ਜੀਵ ਗਾਫਲ ਹੋ ਜਾਂਦਾ ਹੈ, ਸਵਰਗਾਂ ਵਿਚ ਬੈਠੇ ਦੇਵਤੇ ਭੀ ਇਸ ਦੇਹੀ ਨੂੰ ਲੋਚਦੇ ਹਨ, ਬਾਣੀ ਦਾ ਫੁਰਮਾਨ ਹੈ -

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥*** ***ਪੰਨਾ - 1159***

***ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,***
***ਓਹੋ ਦੇਹੀ ਤੈਨੂੰ ਮਿਲ ਗਈ, ਪਿਆਰਿਆ!***

ਇਕ ਸਵਾਲ ਆਉਂਦਾ ਹੈ ਕਿ ਤੂੰ ਖਾ ਪੀ ਕਿਉਂ ਰਿਹਾ ਹੈ, ਇਤਨਾ ਤਕੜਾ ਕਿਉਂ ਹੋ ਰਿਹਾ ਹੈਂ, ਫਿਰ ਅਗਲਾ ਸਵਾਲ ਆਉਂਦਾ ਹੈ ਕਿ ਤੂੰ ਸਿਰਫ ਖਾਣ ਪੀਣ ਵਾਸਤੇ ਹੀ ਜਿਉਂਦਾ ਰਹਿ ਰਿਹਾ ਹੈਂ ਪਰ ਵਾਹਿਗੁਰੂ ਜੀ ਨੇ ਤਾਂ ਮਾਨਸ ਦੇਹੀ ਇਸ



Sri Satguru Jagjit Singh Ji eLibrary NamdhariElibrary@gmail.com

ਕਰਕੇ ਦਿਤੀ ਹੈ ਕਿ ਜੋ ਇਸ ਨੂੰ ਜੰਮਣ ਮਰਨ ਦਾ ਦੁੱਖ ਚਿੰਬੜਿਆ ਹੋਇਆ ਹੈ, ਜੂਨਾਂ ਵਿਚ ਘੁੰਮਦਾ ਫਿਰਦਾ ਹੈ, ਮਨੁੱਖ ਬੰਦਗੀ ਕਰਕੇ ਇਸ ਤੋਂ ਛੁਟਕਾਰਾ ਪਾ ਲਵੇ, ਤਾਂ ਕਿ ਇਸ ਨੂੰ ਪਰਮ ਸੁੱਖ ਦੀ ਅਵਸਥਾ ਪ੍ਰਾਪਤ ਹੋ ਜਾਵੇ, ਉਹ ਸੁੱਖ ਜੋ ਕਦੀ ਵੀ ਨਾਸ਼ ਹੋਣ ਵਾਲਾ ਨਾ ਹੋਵੇ - ਮਹਾਰਾਜ ਦਾ ਫੁਰਮਾਨ ਹੈ ਕਿ -

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ।।***
***ਇਸ ਦੇਹੀ ਕਉ ਸਿਮਰਹਿ ਦੇਵ।।***
***ਸੋ ਦੇਹੀ ਭਜੁ ਹਰਿ ਕੀ ਸੇਵ॥***
***ਭਜਹੁ ਗੋਬਿੰਦ ਭੂਲਿ ਮਤ ਜਾਹੁ॥***
***ਮਾਨਸੁ ਜਨਮ ਕਾ ਏਹੀ ਲਾਹੁ॥ ਪੰਨਾ - 1159***

ਜਿੰਨਾਂ ਚਿਰ ਬੁਢਾਪੇ ਦਾ ਰੋਗ ਨਹੀਂ ਲੱਗਾ, ਬੁਢਾਪੇ ਦਾ ਰੋਗ ਬਹੁਤ ਬੁਰਾ ਹੁੰਦਾ ਹੈ, ਦਵਾਈਆਂ ਖਾਈ ਜਾਂਦਾ ਹੈ ਪਰ ਆਰਾਮ ਹੀ ਨਹੀਂ ਆਉਂਦਾ -

***ਜਬ ਲਗੁ ਜਰਾ ਰੋਗੁ ਨਹੀ ਆਇਆ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥ ਪੰਨਾ - 1159***

ਜਦੋਂ ਤਕ ਕੋਈ ਮਾਰ ਦੇਣ ਵਾਲੀ ਬੀਮਾਰੀ ਨਾ ਲਗ ਜਾਵੇ ਜੇ ਕੈਂਸਰ ਹੋ ਜਾਵੇ, ਆਦਮੀ ਨੂੰ ਪਤਾ ਲਗ ਜਾਂਦਾ ਹੈ ਕਿ ਮੈਂ ਹੁਣ ਨਹੀਂ ਬਚਦਾ -

***ਜਬ ਲਗੁ ਬਿਕਲ ਭਈ ਨਹੀ ਬਾਨੀ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ।। ਪੰਨਾ - 1159***

ਜਦੋਂ ਐਸਾ ਸਮਾਂ ਆ ਜਾਵੇ ਕਿ ਜੁਬਾਨ ਤੋਤਲੀ ਬੋਲਣ ਲਗਜਾਵੇ ਉਸ ਤੋਂ ਪਹਿਲਾਂ ਕੀਰਤਨ ਵਿਚ ਬੋਲਦੇ, ਜੁਬਾਨ ਨੂੰ ਸਫਲੀ ਕਰ ਲੈ, ਨਾਮ ਜਪ ਲੈ ਪ੍ਰਮੇਸ਼ਰ ਦਾ ਭਜਨ ਕਰ ਲੈ -

***ਅਬ ਨ ਭਜਸਿ ਭਜਸਿ ਕਬ ਭਾਈ॥***
***ਆਵੈ ਅੰਤੁ ਨ ਭਜਿਆ ਜਾਈ॥***
***ਜੋ ਕਿਛੁ ਕਰਹਿ ਸੋਈ ਅਬ ਸਾਰੁ।।***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ॥ ਪੰਨਾ - 1159***

ਫਿਰ ਸਮਾਂ ਹੱਥ ਨਹੀਂ ਆਉਣਾ, ਆਪਣੇ ਪੱਲੇ ਕੇਵਲ ਪਛਤਾਵਾ ਹੀ ਰਹਿ ਜਾਂਦਾ ਹੈ -

ਸੋ ਆਦਮੀ ਨੂੰ ਪਰਮ ਸੁੱਖ ਪ੍ਰਾਪਤ ਕਰਨ ਵਾਸਤੇ, ਜੀਵਨ ਪ੍ਰਾਪਤ ਹੋਇਆ ਹੈ, ਪਰਮ ਸੁਖ ਮਿਲਦਾ ਹੈ -

***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥***
***ਪੰਨਾ - 714***

ਜੇ ਤੂੰ ਐਸਾ ਸੁੱਖ ਮੰਗਦਾ ਹੈਂ ਜੋ ਕਦੀ ਵੀ ਖਤਮ ਨਾ ਹੋਵੇ, ਪਰ ਸੰਸਾਰ ਵਿਚ ਕੋਈ ਵੀ ਦੁੱਖ ਨਹੀਂ ਮੰਗਦਾ, ਪਰ ਇਤਿਹਾਸ ਵਿਚ ਇਕ ਮਿਸਾਲ ਹੈ, ਉਹ ਕੁੰਤੀ ਦੀ ਹੈ ਜੋ ਕਿ ਪਾਂਡਵਾਂ ਦੀ ਮਾਂ ਸੀ, ਉਹ ਭਜਨ ਕਰਨ ਤੋਂ ਬਾਅਦ ਸਦਾ ਦੁੱਖ ਮੰਗਦੀ ਸੀ। ਕੁੰਤੀ ਨੂੰ ਪੁਛਿਆ ਗਿਆ ਕਿ ਤੂੰ ਦੁਖ ਕਿਉਂ ਮੰਗਦੀ ਹੈਂ? ਜਵਾਬ ਦਿਤਾ ਕਿ ਸੁਖਾਂ ਵਿਚ ਪ੍ਰਮੇਸ਼ਰ ਭੁੱਲ ਜਾਂਦਾ ਹੈ ਅਤੇ ਜੀਵ ਨਰਕਾਂ ਵਿਚ ਚਲਾ ਜਾਂਦਾ ਹੈ, ਜਿਸ ਤਰ੍ਹਾਂ ਕਿ ਫੁਰਮਾਨ ਹੈ ਤਪੋ ਰਾਜ ਤੇ ਰਾਜੋ ਨਰਕ। ਅਸੀਂ ਹਿੰਦੁਸਤਾਨ ਦੇ ਚਕਰਵਰਤੀ ਰਾਜੇ ਹਾਂ ਜੇਕਰ ਸਾਨੂੰ ਕੋਈ ਦੁਖ ਪਿਆ ਰਹੇ ਤਾਂ ਮੇਰੇ ਬੱਚੇ ਪ੍ਰਮੇਸ਼ਰ ਨੂੰ ਨਹੀਂ ਭੁੱਲਣਗੇ, ਬਾਕੀ ਸਾਰਾ ਸੰਸਾਰ ਸੁੱਖ ਮੰਗਦਾ ਹੈ, ਪਰ ਸੁਖ ਦੀ ਖੋਜ ਦਾ ਨਹੀਂ ਪਤਾ ਕਿ ਸੁਖ ਹੈ ਕਿਥੇ? ਇਕ ਵਾਰੀ ਇਕ ਰਾਜਾ ਸੀ, ਉਸ ਦੀ ਲੜਕੀ ਇਸ਼ਨਾਨ ਕਰਨ ਗਈ, ਇਸ਼ਨਾਨ ਕਰਨ ਸਮੇਂ ਉਸ ਨੇ ਆਪਣਾ ਨੌਂ ਲੱਖਾ ਹਾਰ ਉਤਾਰ ਕੇ ਰੱਖ ਦਿਤਾ, ਸੋਨੇ ਵਿਚ ਹੀਰੇ, ਜਵਾਹਰਾਤ ਲਾਲ ਜੜ੍ਹੇ ਹੋਏ ਸੀ, ਜਦੋਂ ਰਾਜਕੁਮਾਰੀ ਇਸ਼ਨਾਨ ਕਰ ਰਹੀ ਸੀ, ਇਕ ਇੱਲ ਆਈ ਤੇ ਹਾਰ ਚੁੱਕ ਕੇ ਲੈ ਗਈ ਜਦੋਂ ਲੜਕੀ ਇਸ਼ਨਾਨ ਕਰਨ ਤੋਂ ਬਾਅਦ ਆਪਣਾ ਹਾਰ ਪਾਉਣ ਲੱਗੀ ਤਾਂ ਹਾਰ ਹੈ ਹੀ ਨਹੀਂ ਸੀ, ਬਹੁਤ ਰੌਲਾ ਪੈ ਗਿਆ, ਪੁਛ ਗਿੱਛ ਸ਼ੁਰੂ ਹੋ ਗਈ, ਰਾਜੇ ਨੇ ਐਲਾਨ ਕਰ ਦਿਤਾ ਕਿ ਮੈਂ ਬਹੁਤ ਵੱਡਾ ਇਨਾਮ ਦੇਵਾਂਗਾ ਜੋ ਹਾਰ ਲੱਭ ਕੇ ਲਿਆਏਗਾ। ਕਿਸੇ ਨੂੰ ਹਾਰ ਨਾ ਲੱਭਾ।

ਇਕ ਦਿਨ ਇਕ ਲੱਕੜਹਾਰਾ, ਗਰਮੀ ਤੋਂ ਤੰਗ ਆ ਕੇ, ਸਰੋਵਰ ਦੇ ਕੰਢੇ ਤੇ ਆ ਕੇ ਆਰਾਮ ਕਰਨ ਲਗ ਪਿਆ। ਪਾਣੀ ਪੀਤਾ, ਮੂੰਹ ਹੱਥ ਧੋਤਾ ਤੇ ਗਰਮੀ ਸੁਕਾਉਣ ਲਗ ਪਿਆ, ਅਚਾਨਕ ਉਸ ਦੀ ਨਜ਼ਰ ਪਾਣੀ ਵਿਚ ਪਈ ਤਾਂ ਕੀ ਦੇਖਿਆ ਕਿ ਇਕ ਹਾਰ ਨਜ਼ਰ ਆਇਆ, ਲੱਕੜਹਾਰੇ ਨੇ ਸੋਚਿਆ ਕਿ ਹੁਣ ਤਾਂ ਮੌਜਾਂ ਬਣ ਗਈਆਂ, ਹੁਣ ਮੇਰੀ ਕਿਸਮਤ ਬਦਲ ਜਾਵੇਗੀ, ਬੈਠੇ ਬੈਠੇ ਨੇ ਮਨ ਵਿਚ ਕਈ ਸਕੀਮਾਂ ਬਣਾ ਲਈਆਂ ਕਿ ਹੁਣ ਮੈਂ ਵੱਡਾ ਆਦਮੀ ਬਣ ਜਾਵਾਂਗਾ, ਲੱਖਾਂ ਰੁਪਏ ਮਿਲ ਜਾਣਗੇ, ਮੈਂ ਕੋਠੀਆਂ ਖਰੀਦ ਲਵਾਂਗਾ, ਮਾਲ ਡੰਗਰ ਆਦਿ ਰਖ ਲਵਾਂਗਾ, ਜ਼ਮੀਨਾਂ ਖਰੀਦ ਲਵਾਂਗਾ, ਹੁਣ ਮੈਂ ਹਾਰ ਕੱਢ ਲਵਾਂ, ਇਕ ਦਮ ਪਾਣੀ ਵਿਚ ਛਾਲ ਮਾਰੀ, ਹਾਰ ਕੱਢਣ ਦੀ ਕੋਸ਼ਿਸ਼ ਕੀਤੀ ਪਰ ਹੱਥ ਵਿਚ ਕੇਵਲ ਗਾਰਾ ਹੀ ਆ ਗਿਆ, ਲੱਕੜਹਾਰੇ ਨੇ ਪਾਣੀ ਵਿਚ ਕਈ ਵਾਰੀ ਹੱਥ ਮਾਰਿਆ ਪਰ ਹਾਰ ਤਾਂ ਹੱਥ ਨਾ ਲੱਗਾ ਕੇਵਲ ਗਾਰਾ ਹੀ ਹੱਥ ਵਿਚ ਆਉਂਦਾ ਰਿਹਾ। ਫਿਰ ਉਸ ਨੇ ਸੋਚਿਆ ਕਿ ਰਾਜੇ ਨੇ ਇਹ ਵੀ ਤਾਂ ਕਿਹਾ ਸੀ ਜਿਹੜਾ ਹਾਰ ਦੀ ਦੱਸ ਵੀ ਪਾਏਗਾ ਉਸ ਨੂੰ ਇਨਾਮ ਮਿਲੇਗਾ। ਜਦੋਂ ਰਾਜੇ ਨੂੰ ਜਾ ਕੇ ਦੱਸਿਆ ਕਿ ਹਾਰ ਦਾ ਪਤਾ ਲਗ ਗਿਆ ਹੈ - ਰਾਜੇ ਨੇ ਹਾਰ ਲੱਭਣ ਵਾਸਤੇ ਨਾਲ ਪੁਲਿਸ ਭੇਜ ਦਿਤੀ, ਗੋਤੇਖੋਰ ਨਾਲ ਚਲੇ ਗਏ, ਰਾਜੇ ਨੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਜਾਣ ਵਾਸਤੇ ਕਿਹਾ ਕਿ ਜਿਥੇ ਪਾਣੀ ਵਿਚ ਹਾਰ ਪਿਆ ਹੈ, ਉਥੋਂ ਕੱਢ ਲਿਆਵੋ, ਗੋਤੇ ਖੋਰਾਂ ਨੇ ਬਹੁਤ ਕੋਸ਼ਿਸ਼ ਕੀਤੀ, ਬਾਰ-ਬਾਰ ਮਿੱਟੀ ਬਾਹਰ ਸੁੱਟੀ ਜਾਣ ਪਰ ਹਾਰ ਹੱਥ ਵਿਚ ਨਾ ਆਵੇ, ਸਾਰੇ ਬੜੇ ਪਰੇਸ਼ਾਨ ਹੋਏ, ਐਨੀ ਦੇਰ ਵਿਚ ਇਕ ਮਹਾਤਮਾ ਉਧਰੋਂ ਦੀ ਲੰਘ ਰਹੇ ਸੀ, ਉਨ੍ਹਾਂ ਨੇ ਰੌਲਾ ਗੋਲਾ ਸੁਣ ਕੇ ਪੁਛਿਆ, "ਭਾਈ! ਕੀ ਗੱਲ ਹੈ? ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਰਾਜੇ ਦੀ ਲੜਕੀ ਦਾ ਹਾਰ ਗਵਾਚ ਗਿਆ, ਪਾਣੀ ਵਿਚ ਨਜ਼ਰ ਤਾਂ ਆਉਂਦਾ ਹੈ, ਪਰ ਹੱਥ ਨਹੀਂ ਲਗਦਾ।" ਮਹਾਤਮਾ ਨੇ ਕਿਹਾ ਜ਼ਰਾ ਪਾਣੀ ਟਿਕ ਲੈਣ ਦਿਓ ਜਦੋਂ ਪਾਣੀ ਟਿਕ ਗਿਆ ਤਾਂ ਮਹਾਤਮਾ ਨੇ ਦੇਖਿਆ ਕਿ ਪਾਣੀ ਵਿਚ ਤਾਂ ਹਾਰ ਦਾ ਪਰਛਾਵਾਂ ਪੈ ਰਿਹਾ ਹੈ, ਮਹਾਤਮਾ ਨੇ ਰਾਜੇ ਨੂੰ ਕਿਹਾ ਕਿ ਕਿਸੇ ਬੰਦੇ ਨੂੰ ਇਸ ਪੇੜ ਤੇ ਚੜ੍ਹਾ ਦੇਵੋ, ਉਹ ਦੇਖੋ ਹਾਰ ਤਾਂ ਉਪਰ ਇੱਲ ਦੇ ਆਲ੍ਹਣੇ ਵਿਚ ਪਿਆ ਹੈ, ਬੰਦਾ ਉਪਰ ਚੜ੍ਹ ਕੇ ਹਾਰ ਲੈ ਆਇਆ।



Sri Satguru Jagjit Singh Ji eLibrary NamdhariElibrary@gmail.com

ਸਾਧ ਸੰਗਤ ਜੀ! ਇਹ ਇਕ ਦ੍ਰਿਸ਼ਟਾਂਤ ਹੈ, ਗੱਲ ਇਹ ਹੈ ਕਿ ਦੁਨੀਆਂ ਸੁਖ ਦੀ ਭਾਲ ਕਰਦੀ ਹੈ, ਕੋਈ ਤਾਂ ਸੁਖ ਨੌਕਰੀਆਂ ਚਾਕਰੀਆਂ ਵਿਚੋਂ ਭਾਲਦੇ ਹਨ, ਕਈ ਵਣਜ ਵਪਾਰ ਵਿਚੋਂ ਸੁੱਖ ਦੀ ਤਲਾਸ਼ ਕਰਦੇ ਹਨ, ਕੋਈ ਬੱਚਿਆਂ ਨੂੰ ਬਹੁਤੀ ਪੜ੍ਹਾਈ ਕਰਾ ਕੇ, ਪਿਆਰ ਕਰਕੇ ਸੁੱਖ ਚਾਹੁੰਦਾ ਹੈ, ਕੋਈ ਖਾਣ ਪੀਣ ਵਿਚੋਂ, ਕੋਈ ਵਿਦੇਸ਼ਾਂ ਨੂੰ ਜਾ ਕੇ ਸੁੱਖ ਦੀ ਤਲਾਸ਼ ਕਰਦਾ ਹੈ, ਕੋਈ ਬਰਫਾਂ ਦੇ ਪਹਾੜਾਂ ਤੇ ਪਹਿਰੇ ਦੇ ਕੇ ਸੁਖ ਦੀ ਆਸ ਕਰਦਾ ਹੈ, ਲੇਕਿਨ ਇਸ ਤਰ੍ਹਾਂ ਸੁੱਖ ਨਹੀਂ ਮਿਲਦਾ, ਸੁਖ ਉਥੋਂ ਹੀ ਮਿਲਦਾ ਹੈ ਜਿਥੇ ਸੁੱਖ ਹੁੰਦਾ ਹੈ, ਜੇ ਤੂੰ ਸਦਾ ਦਾ ਸੁੱਖ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਰਾਮ ਦੀ ਸ਼ਰਣ ਲੈ ਲੈ।

***ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥***
***ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ॥***

***ਪੰਨਾ – 1427***

ਨਾਮ ਤੋਂ ਬਿਨਾਂ ਕਿਧਰੇ ਵੀ ਸੁਖ ਨਹੀਂ ਮਿਲਦਾ, ਸਾਰਾ ਸੰਸਾਰ ਦੁਖ ਨਾਲ ਪੀੜਿਆ ਜਾ ਰਿਹਾ ਹੈ ਪਰ ਸਮਝ ਨਹੀਂ ਸਕਦਾ ਕਿ ਸੁੱਖ ਤਾਂ ਕੇਵਲ ਨਾਮ ਵਿਚ ਹੈ, ਨਾਮ ਹੀ ਸੁਖ ਦਿਆ ਕਰਦਾ ਹੈ।

***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥***

***ਪੰਨਾ – 714***

ਜੇ ਤੂੰ ਕੇਵਲ ਨਾਰਾਇਣ ਦਾ ਸਿਮਰਨ ਕਰੇਂਗਾ ਤਾਂ ਤੈਨੂੰ ਸੁੱਖ ਦੀ ਪ੍ਰਾਪਤੀ ਹੋ ਜਾਵੇਗੀ, ਮਨ ਵਿਚ ਧੀਰਜ ਆ ਜਾਂਦਾ ਹੈ।

***ਧਾਰਨਾ – ਕਿਤ ਬਿਧ ਮਨ ਧੀਰੇ ਜੀ – 2, 2***
***ਬਿਨ ਹਰਿ ਨਾਮ ਨ ਸ਼ਾਂਤ ਹੋਇ – 2, 2.***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥***

***ਪੰਨਾ – 707***

ਦੁਨੀਆਂ ਵਿਚ ਦੌਲਤ ਦੇ ਅੰਬਾਰ ਲੱਗੇ ਹੋਣ।

ਗੁਰੂ ਨਾਨਕ ਸਾਹਿਬ ਮਹਾਰਾਜ ਉੜੀਸਾਂ ਵਿਚ ਬੈਠੇ ਹਨ, ਉਥੇ ਅਚਾਨਕ ਹੀ ਬਹੁਤ ਕਾਲੀ ਬੋਲੀ ਹਨ੍ਹੇਰੀ ਉਠੀ, ਦਰਖਤਾਂ ਨੂੰ ਤੋੜਦੀ ਤੁਰੀ ਆ ਰਹੀ ਹੈ, ਜਦੋਂ ਮਰਦਾਨੇ ਨੇ ਦੇਖੀ ਤਾਂ ਘਬਰਾ ਕੇ ਗੁਰੂ ਮਹਾਰਾਜ ਨੂੰ ਕਿਹਾ ਕਿ ਮਹਾਰਾਜ! ਇਹ ਹਨ੍ਹੇਰੀ ਤਾਂ ਸਾਨੂੰ ਵੀ ਓਡਾ ਕੇ ਲੈ ਜਾਵੇਗੀ, ਗੁਰੂ ਸਾਹਿਬ ਨੇ ਕਿਹਾ, ਮਰਦਾਨਿਆ! ਤੂੰ ਨਿਰੰਕਾਰ ਦਾ ਚਾਕਰ ਹੈਂ, ਕੁਝ ਨਹੀਂ ਹੋਣ ਲੱਗਾ, ਬੈਠ ਕੇ ਵਾਹਿਗੁਰੂ ਵਾਹਿਗੁਰੂ ਕਰੀ ਜਾ।

ਸਾਧਸੰਗਤ ਜੀ! ਮਰਦਾਨਾ ਅੰਦਰੋਂ ਡਰ ਗਿਆ, ਅਜੇ ਨਿਰਭਉ ਵਾਲੀ ਅਵਸਥਾ ਨਹੀਂ ਸੀ ਆਈ, ਮੂੰਹ ਤੇ ਕਪੜਾ ਲੈ ਲਿਆ, ਜਦੋਂ ਹਨ੍ਹੇਰੀ ਖਤਮ ਹੋ ਗਈ ਤਾਂ ਮੂੰਹ ਨੰਗਾ ਕੀਤਾ, ਤਾਂ ਕੀ ਦੇਖਦਾ ਹੈ ਕਿ ਇਕ ਇਕ ਸੇਰ, ਦੋ ਦੋ ਸੇਰ ਦੇ ਗੜ੍ਹੇ ਪੈਣੇ ਸ਼ੁਰੂ ਹੋ ਗਏ। ਮਰਦਾਨਾ ਕਹਿਣ ਲੱਗਾ, "ਹਨ੍ਹੇਰੀ ਤੋਂ ਬਚ ਗਏ ਪਰ ਹੁਣ ਇਨ੍ਹਾਂ ਗੜ੍ਹਿਆਂ ਤੋਂ ਨਹੀਂ ਬਚਦੇ।" ਗੁਰੂ ਮਹਾਰਾਜ ਨੇ ਕਿਹਾ, "ਮਰਦਾਨਿਆਂ! ਡਰ ਨਾ, ਉਠ ਕੇ ਕਾਰ (ਲਕੀਰ) ਕੱਢ ਦੇ, ਮਰਦਾਨੇ ਨੇ ਕਾਰ ਕੱਢ ਦਿਤੀ ਤਾਂ ਗੜ੍ਹੇ ਕਾਰ ਤੋਂ ਬਾਹਰ ਡਿੱਗੀ ਜਾਂਦੇ ਹਨ ਫਿਰ ਉਸ ਤੋਂ ਬਾਅਦ ਬੜੀ ਭਿਆਨਕ ਅੱਗ ਲਗ ਗਈ, ਬੜੀਆਂ-ਬੜੀਆਂ ਲਾਟਾਂ ਨਿਕਲ ਰਹੀਆਂ ਹਨ। ਮਰਦਾਨਾ ਕਹਿਣ ਲੱਗਾ, "ਮਹਾਰਾਜ! ਹੁਣ ਤਾਂ ਇਹ ਅੱਗ ਸਾਨੂੰ ਨਹੀਂ ਛੱਡਣ ਲਗੀ। ਗੁਰੂ ਮਹਾਰਾਜ ਨੇ ਕਿਹਾ, ਜਿਸ ਨੇ ਪਹਿਲਾਂ ਰੱਖਿਆ ਕੀਤੀ ਹੈ, ਹੁਣ ਵੀ ਓਹੀ ਰੱਖਿਆ ਕਰੇਗਾ। ਇਸ ਤੋਂ ਬਾਅਦ ਸਭ ਕੁਝ ਸ਼ਾਂਤ ਹੋ ਗਿਆ, ਫਿਰ ਇਕ ਬਹੁਤ ਵੱਡੇ ਕੱਦ ਵਾਲਾ ਬੰਦਾ ਨਗਨ ਟੁਰਿਆ ਆ ਰਿਹਾ ਹੈ, ਚਿਹਰਾ ਬਹੁਤ ਡਰਾਉਣਾ ਹੈ, ਜ਼ੁਬਾਨ ਹਿੱਲ ਰਹੀ ਹੈ, ਜਦੋਂ ਗੁਰੂ ਨਾਨਕ ਦੇ ਸਾਮ੍ਹਣੇ ਆਇਆ ਤਾਂ ਗੁਰੂ ਨਾਨਕ ਨੇ ਪੁਛਿਆ, "ਤੂੰ ਕੌਣ ਹੈਂ? ਉਸ ਨੇ ਕਿਹਾ ਕਿ ਮੈਂ ਇਸ ਜੁਗ ਦਾ ਰਾਜਾ ਹਾਂ, ਮੇਰਾ ਨਾਂ ਕਲਜੁਗ ਹੈ। ਤੁਸੀਂ ਇਸ ਜਗਤ ਦੇ ਤਾਰਕ ਹੋਂ, ਮੈਂ ਤੁਹਾਨੂੰ ਡਰਾ ਰਿਹਾ ਸੀ ਕਿ ਮੇਰੀ ਈਨ ਮੰਨ ਲੈਣ ਪਰ ਤੁਸੀਂ ਬਹੁਤ ਵੱਡੇ ਹੋਂ, ਮੈਂ ਤੁਹਾਡਾ ਕੁਝ ਭੀ ਨਹੀਂ ਵਿਗਾੜ ਸਕਿਆ। ਮੈਂ ਦੇਖਣ ਆਇਆ ਸੀ ਕਿ ਤੁਸੀਂ ਇਸ ਜੁਗ ਦੇ ਤਾਰਕ ਹੋ, ਕੀ ਮੈਨੂੰ ਦੇਖ ਕੇ ਡਰੋਗੇ ਜਾਂ ਨਹੀਂ?

***ਨਿਰਭਉ ਜਪੈ ਸਗਲ ਭਉ ਮਿਟੈ॥ ਪੰਨਾ – 293***

ਮਹਾਰਾਜ ਨੇ ਦੱਸਿਆ ਕਿ ਜਿਹੜਾ ਨਿਰਭਉ ਦਾ ਜਾਪ ਕਰਦਾ ਹੈ ਉਹ ਡਰਦਾ ਨਹੀਂ, ਤੂੰ ਕੀ ਦੇਖਣਾ ਹੈ? ਤੇਰੇ ਜੁਗ ਦਾ ਕੀ ਵਰਤਾਰਾ ਹੈ, ਕਲਜੁੱਗ ਕਹਿਣ ਲੱਗਾ ਕਿ ਮੈਂ ਇਸ ਜੁੱਗ ਵਿਚ ਕਿਸੇ ਦਾ ਧਰਮ ਨਹੀਂ ਰਹਿਣ ਦੇਣਾ, ਧਰਮ ਦੇ ਚਾਰੇ ਪੈਰ ਤੋੜ ਦੇਣੇ ਹਨ, ਕਿਸੇ ਦਾ ਜਪ ਪੂਰਾ ਨਹੀਂ ਹੋਣ ਦੇਣਾ, ਕਿਸੇ ਦਾ ਤਪ ਪੂਰਾ ਨਹੀਂ ਹੋਣ ਦੇਣਾ, ਮੇਰੇ ਰਾਜ ਦੇ ਅੰਦਰ ਪਾਖੰਡ ਚਲੇਗਾ, ਲੋਕਾਂ ਦੇ ਚੱਲਣ ਵਿਗੜ ਜਾਣਗੇ, ਨਸ਼ਿਆਂ ਵਿਚ ਪ੍ਰਵਿਰਤ ਹੋ ਜਾਣਗੇ, ਪ੍ਰਮੇਸ਼ਰ ਦਾ ਭਜਨ ਬੰਦ ਹੋ ਜਾਵੇਗਾ, ਜਿਹੜੇ ਪ੍ਰਮੇਸ਼ਰ ਦੇ ਅਸਥਾਨ ਹੋਣਗੇ, ਠਾਕੁਰ ਦੁਆਰੇ ਹੋਣਗੇ, ਉਥੇ ਮੈਂ ਭ੍ਰਿਸ਼ਟਾਚਾਰ ਲੈ ਆਵਾਂਗਾ, ਰੌਲੇ ਰੱਪੇ ਪੁਆ ਦਿਆਂਗਾ। ਸੋ ਇਸ ਤਰ੍ਹਾਂ ਮੇਰੇ ਰਾਜ ਦੇ ਅੰਦਰ ਪਾਪ ਹੀ ਪਾਪ ਚਲੇਗਾ, ਗੁਰੂ ਨਾਨਕ ਨੇ ਕਿਹਾ, ਫਿਰ ਤੂੰ ਇਸ ਪਾਪ ਦਾ ਫਲ ਭੋਗੇਂਗਾ, ਤੈਨੂੰ ਪਤਾ ਹੈ ਨਿਰੰਕਾਰ ਦੀ ਦਰਗਾਹ ਵਿਚ ਵੀ ਅਸੀਂ ਹੀ ਜਵਾਬ ਲੈਣਾ ਹੈ –

***ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥***
***ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥***

***ਪੰਨਾ – 903***

ਅਸੀਂ ਨਿਰੰਕਾਰ ਦੇ ਚਾਕਰ ਹਾਂ, ਅਸੀਂ ਹੀ ਤੇਰੇ ਕੋਲੋਂ ਜਵਾਬ ਲੈਣਾ ਹੈ ਤਾਂ ਕਲਜੁਗ ਕਹਿਣ ਲੱਗਾ, "ਮਹਾਰਾਜ! ਮੈਂ ਇਸੇ ਵਾਸਤੇ ਆਪ ਕੋਲ ਆਇਆ ਹਾਂ ਕਿ ਮੈਂ ਪਾਪ ਲੈ ਕੇ ਆਇਆ ਹਾਂ, ਤੁਸੀਂ ਕਲਜੁਗ ਵਿਚ ਜਨ ਸਮੂੰਹ ਨੂੰ ਤਾਰਨ ਵਾਸਤੇ ਆਏ ਹੋ, ਫਿਰ ਤੁਸੀਂ ਕਿਸ ਤਰ੍ਹਾਂ ਤਾਰ ਦਿਓਗੇ। ਗੁਰੂ ਨਾਨਕ ਨੇ ਕਿਹਾ ਕਿ ਅਸੀਂ ਇਤਨੀ ਤਕੜੀ ਚੀਜ਼ ਲੈ ਕੇ ਆਏ ਹਾਂ ਕਿ ਜਿਸਨੂੰ ਜਪ ਕੇ ਆਦਮੀ ਤੇਰੇ ਪਾਪਾਂ ਤੋਂ ਬਚ ਜਾਏਗਾ, ਉਹ ਹੈ ਨਾਮ ਜੋ ਕਿ ਤੇਰੇ ਯੁੱਗ ਵਿਚ ਫਲ ਦੇਵੇਗਾ, ਅਸੀਂ ਤੇਰੇ ਯੁੱਗ ਨੂੰ ਮਾੜਾ ਨਹੀਂ ਕਹਿੰਦੇ, ਇਹ ਸਭ ਤੋਂ ਚੰਗਾ ਯੁੱਗ ਹੈ।

ਜਦੋਂ ਕਲਜੁਗ ਨਵਾਂ ਨਵਾਂ ਸ਼ੁਰੂ ਹੋਇਆ। ਰਾਜੇ ਪ੍ਰੀਛਤ ਦਾ ਰਾਜ ਸੀ, ਓਦੋਂ ਲੋਕਾਂ ਦੇ ਖਿਆਲ ਬਦਲ ਚੁੱਕੇ ਸੀ।



Sri Satguru Jagjit Singh Ji eLibrary NamdhariElibrary@gmail.com

ਕ੍ਰਿਸ਼ਨ ਮਹਾਰਾਜ ਨੇ ਪਾਂਡਵਾਂ ਨੂੰ ਦੱਸਿਆ ਕਿ ਹੁਣ ਕਲਜੁਗ ਆ ਗਿਆ ਹੈ, ਪਾਂਡਵਾਂ ਨੇ ਕਿਹਾ ਕਿ ਮਹਾਰਾਜ! ਕੀ ਤਾਰੇ, ਸੂਰਜ ਤੇ ਹਵਾ ਬਦਲ ਜਾਣਗੇ। ਕ੍ਰਿਸ਼ਨ ਮਹਾਰਾਜ ਨੇ ਕਿਹਾ, "ਨਹੀਂ, ਕੇਵਲ ਲੋਕਾਂ ਦੇ ਖਿਆਲ ਬਦਲ ਜਾਣਗੇ।" ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਦੱਸੋ ਕੀ ਤੁਹਾਡੇ ਕੋਲ ਕੋਈ ਮੁਕਦਮਾ ਹੈ। ਪਾਂਡਵਾਂ ਨੇ ਕਿਹਾ ਜੀ ਹੈ। ਇਕ ਕਿਸਾਨ ਨੇ ਜ਼ਮੀਨ ਵੇਚੀ ਹੈ, ਜਿਸ ਨੇ ਖਰੀਦੀ ਹੈ, ਉਹ ਜਦੋਂ ਖੂਹ ਲਾਉਣ ਲੱਗਾ ਤਾਂ ਵਿਚੋਂ ਇਕ ਮੋਹਰਾਂ ਭਰੀ ਗਾਗਰ ਨਿਕਲ ਆਈ, ਵੇਚਣ ਵਾਲਾ ਕਹਿਣ ਲੱਗਾ ਕਿ ਮੈਂ ਤਾਂ ਜ਼ਮੀਨ ਵੇਚ ਦਿਤੀ - ਖਰੀਦਣ ਵਾਲੇ ਨੂੰ ਜ਼ਮੀਨ ਵਿਚੋਂ ਭਾਵੇਂ ਸੋਨਾ ਲੱਭ ਜਾਵੇ, ਭਾਵੇਂ ਕੁਝ ਹੋਰ ਇਹ ਓਸੀ ਦਾ ਹੱਕ ਹੈ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਅਜੇ ਇਕ ਦੋ ਮਹੀਨੇ ਫੈਸਲਾ ਨਾ ਕਰਨਾ, ਦੋ ਮਹੀਨੇ ਬਾਅਦ ਆਪੇ ਹੀ ਉਲਟੀਆਂ ਅਰਜ਼ੀਆਂ ਆ ਗਈਆਂ, ਜ਼ਮੀਨ ਖਰੀਦਣ ਵਾਲੇ ਨੇ ਕਿਹਾ ਕਿ ਮੈਂ ਜ਼ਮੀਨ ਖਰੀਦੀ ਹੈ - ਗਾਗਰ ਤੇ ਵੀ ਮੇਰਾ ਹੀ ਹੱਕ ਹੈ, ਜ਼ਮੀਨ ਵੇਚਣ ਵਾਲੇ ਨੇ ਅਰਜ਼ੀ ਦਿਤੀ ਹੈ ਕਿ ਮੈਂ ਜ਼ਮੀਨ ਵੇਚੀ ਹੈ, ਗਾਗਰ ਨਹੀਂ, ਮੈਂ ਦੱਬ ਕੇ ਭੁੱਲ ਗਿਆ ਸੀ, ਇਸ ਤੇ ਮੇਰਾ ਹੱਕ ਹੈ, ਸੋ ਗਾਗਰ ਮੈਨੂੰ ਵਾਪਸ ਮਿਲੇ। ਕ੍ਰਿਸ਼ਨ ਮਹਾਰਾਜ ਨੇ ਕਿਹਾ ਰਾਜਨ! ਹੁਣ ਕਲਜੁਗ ਨੇ ਪੈਰ ਰੱਖ ਲਿਆ, ਲੋਕਾਂ ਦੇ ਖਿਆਲ ਬਦਲ ਗਏ। ਕੋਈ ਚੰਦ, ਸੂਰਜ, ਤਾਰੇ ਨਹੀਂ ਬਦਲੇ।

ਰਾਜਾ ਪ੍ਰੀਛਤ ਜੰਗਲ ਵਿਚ ਗਿਆ ਤਾਂ ਦੇਖਿਆ, ਇਕ ਬੈਲ ਨੂੰ ਮਾਰਿਆ ਜਾ ਰਿਹਾ ਹੈ, ਇਕ ਦਮ ਨੇੜੇ ਆਇਆ, ਦੇਖਿਆ ਇਕ ਆਦਮੀ ਨੇ ਕਾਲੇ ਕਪੜੇ ਪਾਏ ਹੋਏ ਹਨ ਤੇ ਬੈਲ ਨੂੰ ਮਾਰ ਰਿਹਾ ਹੈ। ਰਾਜੇ ਨੇ ਤਲਵਾਰ ਕੱਢ ਲਈ ਪਰ ਕਾਲੇ ਕਪੜਿਆਂ ਵਾਲੇ ਨੇ ਕਿਹਾ ਕਿ ਚਾਹੇ ਮਾਰ ਚਾਹੇ ਰੱਖ, ਮੈਂ ਦੱਸਣ ਆਇਆ ਹਾਂ ਕਿ ਮੈਂ ਕਲਜੁਗ ਹਾਂ, ਇਹਦੇ ਵਿਚ ਮੈਂ ਧਰਮ ਦੇ ਚਾਰੇ ਪੈਰ ਤੋੜ ਦਿਤੇ, ਚਾਰ ਪੈਰ - ਇਕ ਪੈਰ ਰਾਜਾ ਹੁੰਦਾ ਹੈ, ਦੂਜਾ ਪੈਰ ਪੰਡਤ ਵਿਦਵਾਨ ਹੁੰਦਾ ਹੈ, ਤੀਜਾ ਪੈਰ ਤੀਰਥ ਹੁੰਦੇ ਹਨ ਤੇ ਚੌਥਾ ਪੈਰ ਸਾਹਿਤ (ਸਤਿ ਸਾਸ਼ਤਰ) ਹੁੰਦਾ ਹੈ, ਇਹ ਚਾਰੇ ਹੀ ਤੋੜ ਦਿਤੇ, ਤੀਰਥਾਂ ਵਿਚ ਮੈਂ ਭ੍ਰਿਸ਼ਟਾਚਾਰ ਕਰ ਦੇਣਾ ਹੈ, ਸਾਹਿਤ ਮੈਂ ਨਾਸਤਕ ਬਣਾ ਦੇਣਾ ਹੈ, ਗੰਦਾ ਮੰਦਾ ਕਰ ਦੇਣਾ ਹੈ, ਰਾਜਾ ਨਾਸਤਕ ਹੋਏਗਾ, ਜਿਹੜਾ ਪ੍ਰਚਾਰਕ ਹੋਏਗਾ, ਉਹ ਲੋਕਾਂ ਨੂੰ ਤਾਂ ਕਹੇਗਾ ਕਿ ਇਹ ਗੱਲਾਂ ਨਹੀਂ ਕਰਨੀਆਂ ਪਰ ਉਹ ਆਪ ਸਾਰੀਆਂ ਕਰੇਗਾ। ਲੋਕਾਂ ਨੂੰ ਉਪਦੇਸ਼ ਦੇਵੇਗਾ ਕਿ ਸ਼ਰਾਬ ਨਾ ਪੀਓ ਪਰ ਆਪ ਚੋਰੀ ਚੋਰੀ ਪੀਏਗਾ। ਹੰਸ ਕੀੜੇ ਮਕੌੜੇ ਖਾਏਗਾ, ਹੰਸ ਨੇ ਮੋਤੀ ਨਹੀਂ ਚੁਗਣੇ। ਰਾਜੇ ਪ੍ਰੀਛਤ ਨੇ ਕਿਹਾ ਕਿ ਫੇਰ ਤੇਰਾ ਜੁਗ ਬਹੁਤ ਮਾੜਾ ਹੈ, ਤੈਨੂੰ ਮਾਰ ਦੇਣਾ ਚਾਹੀਦਾ ਹੈ। ਕਲਜੁੱਗ ਕਹਿਣ ਲੱਗਾ, "ਮਹਾਰਾਜ! ਮੇਰੇ ਵਿਚ ਗੁਣ ਵੀ ਹਨ। ਪੁਛਿਆ, "ਤੇਰੇ ਵਿਚ ਕੀ ਗੁਣ ਹਨ?" ਉਸ ਨੇ ਕਿਹਾ ਕਿ ਮੇਰੇ ਵੱਡੇ ਭਰਾ 'ਸਤਿਜੁਗ' ਵਿਚ ਕੋਈ ਦੱਸ ਹਜ਼ਾਰ ਸਾਲ ਤਪਸਿਆ ਕਰੇ, ਉਸ ਤੋਂ ਛੋਟਾ ਭਰਾ 'ਤ੍ਰੇਤਾ ਜੁਗ' ਸੀ, ਉਸ ਵਿਚ ਕੋਈ ਇਕ ਹਜ਼ਾਰ ਸਾਲ ਤਪਸਿਆ ਕਰੇ, ਫਿਰ 'ਦੁਆਪਰ ਯੁਗ' ਵਿਚ ਕੋਈ ਇਕ ਸੌ ਸਾਲ ਤਪਸਿਆ ਕਰੇ, ਇਸ ਕਲਜੁਗ ਦੇ ਅੰਦਰ ਕੋਈ ਢਾਈ ਘੜੀ ਸਤਿਸੰਗ ਕਰ ਲਵੇ, ਬਰਾਬਰ ਹੋ ਜਾਂਦਾ ਹੈ। ਸੋ ਕਿਤਨਾ ਵੱਡਾ ਫਲ ਹੈ, ਇਸ ਤੋਂ ਵੱਡਾ ਫਲ ਹੈ ਕਿ ਜਦੋਂ ਅੰਤ ਸਮਾਂ ਆਇਆ ਹੋਵੇ, ਅਖੀਰਲੇ ਸੁਆਸ ਤੇ, ਪੂਰੇ ਧਿਆਨ ਨਾਲ ਰਾਮ ਗੋਬਿੰਦ ਨਾਰਾਇਣ, ਅੱਲਾਹ, ਵਾਹਿਗੁਰੂ ਕਹਿ ਦੇਵੇ, ਓਹਦੀ ਉਸੇ ਵੇਲੇ ਮੁਕਤੀ ਹੋ ਜਾਵੇਗੀ, ਭਾਵੇਂ ਉਸ ਨੇ ਕਿਤਨੇ ਵੀ ਪਾਪ ਕੀਤੇ ਹਨ। ਰਾਜੇ ਪ੍ਰੀਛਤ ਨੇ ਕਲਜੁਗ ਨੂੰ ਕਿਹਾ ਕਿ ਤੇਰੇ ਵਿਚ ਤਾਂ ਸਚਮੁੱਚ ਬਹੁਤ ਵੱਡੇ ਗੁਣ ਹਨ, ਵਕਤੇ-ਅਖੀਰ ਕੋਈ ਭੁੱਲ ਭੁਲੇਖੇ ਇਕ ਵਾਰੀ ਵੀ ਨਾਮ ਜਪ ਲਏ ਤਾਂ ਉਸ ਦਾ ਕਲਿਆਨ ਹੋ ਜਾਂਦਾ ਹੈ, ਜੇ ਧਿਆਨ ਵਾਹਿਗੁਰੂ ਵਲ ਚਲਿਆ ਜਾਵੇ।

ਸਾਡੇ ਮਨ ਵਿਚ ਖਿਆਲ ਆਉਂਦਾ ਹੈ ਕਿ ਕੀ ਕਿਸੇ ਦੀ ਗਤੀ ਇਸ ਤਰ੍ਹਾਂ ਹੋਈ ਵੀ ਹੈ? ਗਵਾਹੀ ਗੁਰੂ ਗ੍ਰੰਥ ਸਾਹਿਬ ਜੀ ਦਿੰਦੇ ਹਨ ਕਿ ਅਜਾਮਲ ਦੀ, ਗਨਕਾ ਦੀ ਹੋਈ ਹੈ।

ਸੋ ਸਾਧਸੰਗਤ ਜੀ! ਅਸੀਂ ਬੇਨਤੀ ਕੀਤੀ ਸੀ ਕਿ -

***ਸਰਬ ਰੋਗ ਕਾ ਅਉਖਦੁ ਨਾਮੁ॥***
***ਕਲਿਆਣ ਰੂਪ ਮੰਗਲ ਗੁਣ ਗਾਮ॥ ਪੰਨਾ - 274***

ਕਲਜੁੱਗ ਵਿਚ ਦੁਖ ਬੇਅੰਤ ਵਧ ਗਏ ਹਨ ਪਰ ਨਾਮ ਹੀ ਸਭ ਦੀ ਦਾਰੂ ਹੈ ਅਤੇ ਕਲਜੁਗ ਵਿਚ ਨਾਮ ਜਪ ਕੇ ਹੀ ਛੁਟਕਾਰਾ ਹੋ ਜਾਂਦਾ ਹੈ।

**L L L L L L L**

---

(ਪੰਨਾ 2 ਦੀ ਬਾਕੀ)

ਜੇ ਇਸ ਮਹੀਨੇ ਦੇ ਲੇਖਾਂ ਤੇ ਹੀ ਝਾਤ ਮਾਰੀਏ ਤਾਂ 'ਆਤਮ ਮਾਰਗ' ਦੀ ਅਦੁੱਤੀ ਦੇਣ ਪ੍ਰਤੱਖ ਹੋ ਜਾਵੇਗੀ। ਮਹਾਂਪੁਰਸ਼ਾਂ ਦਾ ਇਕ ਲੇਖ ਹੈ 'ਸਰਬ ਰੋਗ ਕਾ ਅਉਖਦੁ ਨਾਮੁ।' ਇਕ ਪਾਸੇ ਅਸੀਂ ਵੇਖਦੇ ਹਾਂ ਕਿ 'ਸੰਸਾਰੁ ਰੋਗੀ' ਦਸ਼ਾ ਵਿਚ ਦੁਖਾਂ ਵਿਚ ਵਿਆਕੁਲ ਹੋ ਰਿਹਾ ਹੈ ਪਰ ਨਾਲ ਹੀ ਗੁਰੂ ਸਾਹਿਬ ਇਸ ਦਾ ਇਲਾਜ 'ਨਾਮ ਦਾਰੂ' ਦਸਦੇ ਹਨ। ਰੋਗ ਉਤਪੰਨ ਹੋਣ ਦੇ ਕਾਰਨ ਵੀ ਆਪ ਜੀ ਗੁਰਬਾਣੀ ਰਾਹੀਂ ਦਸਦੇ ਹਨ-

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ - 1256***

ਇਸ ਤਰ੍ਹਾਂ ਮਹਾਂਪੁਰਸ਼ਾਂ ਵਲੋਂ ਕੀਤੀ ਭਰਪੂਰ ਵਿਆਖਿਆ ਸਾਡੇ ਦੀਰਘ ਰੋਗਾਂ ਦੀ ਨਵਿਰਤੀ ਵਿਚ ਸਾਰਥਕ ਸਿੱਧ ਹੁੰਦੀ ਹੈ। 'ਕਿਵ ਸਚਿਆਰਾ ਹੋਈਐ?' ਵਿਚ ਗੁਰਮਤਿ ਦੇ ਮੂਲ ਸਿਧਾਂਤ ਦੀ ਲੜੀਵਾਰ ਲੇਖਾਂ ਰਾਹੀਂ ਸੋਝੀ ਦਿਤੀ ਜਾ ਰਹੀ ਹੈ। 'ਮੁਰਦਾ ਹੋਇ ਮੁਰੀਦ' ਮਈ ਦੇ ਇਕ ਦੀਵਾਨ ਵਿਚ ਬਾਬਾ ਜੀ ਵਲੋਂ ਕੀਤੇ ਪ੍ਰਵਚਨਾਂ ਦਾ ਸਾਰ ਹੈ। ਕੋਈ ਗੁਰਸਿੱਖ ਗੁਰੂ ਜੀ ਦੇ ਬਚਨਾਂ ਦੀ ਕਿਵੇਂ ਪਾਲਨਾ ਕਰਦਾ ਹੈ ਅਤੇ ਪ੍ਰਵਾਨ ਚੜ੍ਹਦਾ ਹੈ, ਭਾਈ ਮੰਝ ਜੀ ਦੀ ਸਾਖੀ ਰਾਹੀਂ ਸਾਕਾਰ ਹੋਇਆ ਹੈ। 'ਪਵਿੱਤਰ ਪੈਂਡਾ' 'ਪ੍ਰਾਣ ਵਿਗਿਆਨ' ਅਤੇ 'ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ' ਸਵਾਮੀ ਜੀ ਦੇ ਵਿਸ਼ਾਲ ਗਿਆਨ ਅਤੇ ਅਨੁਭਵ ਭਰਪੂਰ ਲੇਖ ਹਨ ਜੋ ਜੀਵਨ ਨੂੰ ਨਾ ਕੇਵਲ ਸਹੀ ਸੇਧ ਦਿੰਦੇ ਹਨ, ਸਗੋਂ ਨਵਾਂ ਉਤਸ਼ਾਹ ਵੀ ਪ੍ਰਦਾਨ ਕਰਦੇ ਹਨ। ਇਸ ਅਮੀਰ ਵਿਰਸੇ ਨਾਲ ਜੁੜਨ ਦਾ ਆਪ ਨੂੰ ਸੁਭਾਗ ਪ੍ਰਾਪਤ ਹੈ, ਹੋਰਨਾਂ ਨੂੰ 'ਪੀਉ ਦਾਦੇ' ਦੇ ਅਮੋਲਕ ਖਜ਼ਾਨੇ ਨਾਲ ਜੋੜਨ ਦੀ ਖੁਸ਼ੀ ਲਈਏ। 'ਸਰਬੱਤ ਦਾ ਭਲਾ' ਮੰਗਣ ਵਾਲਿਆਂ ਦਾ ਇਹੋ ਕਰਤੱਵ ਹੈ।

***(ਡਾ.) ਜਗਜੀਤ ਸਿੰਘ***
***ਮੁਖ ਸੰਪਾਦਕ 'ਆਤਮ ਮਾਰਗ'***

**L L L L L L L**



Sri Satguru Jagjit Singh Ji eLibrary NamdhariElibrary@gmail.com

# ਮੁਰਦਾ ਹੋਇ ਮੁਰੀਦ

*ਮੂਲ ਵਿਚਾਰ : ਸੰਤ ਵਰਿਆਮ ਸਿੰਘ ਜੀ*
*ਲਿਖਤੀ ਰੂਪ : ਪ੍ਰੋ. ਗੁਰਦੇਵ ਸਿੰਘ*

**ਨੋਟ :** 2-5-99 ਐਤਵਾਰ ਨੂੰ ਕੋਠੀ ਦੇ ਸਾਮ੍ਹਣੇ ਜੋ ਦੀਵਾਨ ਲੱਗਿਆ ਉਸ ਬਾਰੇ ਸ਼ਾਮ ਨੂੰ ਬਾਬਾ ਜੀ ਵਲੋਂ ਵੱਖ ਵੱਖ ਪ੍ਰੇਮੀਆਂ ਤੋਂ ਤੱਤ ਸਾਰ ਬਾਰੇ ਵਿਚਾਰ ਵਟਾਂਦਰਾ ਕਰਵਾਇਆ ਗਿਆ। ਬਾਬਾ ਜੀ ਦੇ ਦੀਵਾਨ ਵਿਚ ਕੀਤੇ ਬਚਨਾਂ ਅਤੇ ਸ਼ਾਮ ਨੂੰ ਹੋਈ ਪੜਚੋਲ ਨੂੰ ਅਧਾਰ ਬਣਾ ਕੇ ਇਹ ਲੇਖ ਲਿਖਿਆ ਗਿਆ ਹੈ ਤਾਂ ਕਿ ਪਾਠਕਾਂ ਨੂੰ ਵੀ ਇਸ ਤੋਂ ਲਾਹਾ ਪ੍ਰਾਪਤ ਹੋ ਸਕੇ।

ਪੰਜਾਬ ਵਿਚ ਇਸਲਾਮੀ ਪ੍ਰਭਾਵ ਹੋਣ ਕਰਕੇ, ਇਸ ਦਾ ਵਾਧਾ ਸਮਾਜ ਵਿਚ ਕਾਫੀ ਮਾਤਰਾ ਵਿਚ ਹੁੰਦਾ ਰਿਹਾ ਹੈ। ਇਸ ਵਿਚ ਇਹ ਇਜ਼ਾਫਾ ਤਿੰਨ ਤਰੀਕੇ ਨਾਲ ਹੁੰਦਾ ਰਿਹਾ ਹੈ। ਇਕ ਤਾਂ ਸ਼ਰਈ ਮੁਲਾਣਿਆਂ ਰਾਹੀਂ, ਦੂਸਰੇ ਪੀਰਾਂ ਰਾਹੀਂ। ਇਹ ਪੀਰ ਚਿਲੇ ਕੱਟ ਕੇ ਕੁਝ ਤਾਕਤਾਂ ਹਾਸਲ ਕਰਦੇ ਅਤੇ ਲੋਕਾਂ ਵਿਚ ਇਨ੍ਹਾਂ ਦਾ ਦੱਬ ਦਬਾਅ ਪੈਦਾ ਹੋ ਜਾਂਦਾ ਸੀ ਅਤੇ ਇਹ ਆਪਣੇ ਤਰੀਕੇ ਨਾਲ ਮਨ ਮਨੋਤਾਂ ਕਰਵਾਉਂਦੇ ਸਨ। ਸ਼ਰਈ ਮੁਲਾਣਿਆਂ ਰਾਹੀਂ ਰਾਜਸੀ ਤੌਰ ਤੇ ਇਸ ਦਾ ਪ੍ਰਭਾਵ ਪਾਇਆ ਜਾਂਦਾ ਸੀ ਤਾ ਕਿ ਵੱਧ ਤੋਂ ਵੱਧ ਲੋਕ ਇਸਲਾਮ ਨੂੰ ਮੰਨਣ ਲਗ ਜਾਣ ਅਤੇ ਇਸ ਦੇ ਅਨੁਆਈ ਬਣ ਜਾਣ ਅਤੇ ਇਸਲਾਮ ਦੀ ਉਮਤ ਵਿਚ ਵਾਧਾ ਹੋਵੇ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਖੁਦਾ ਉਨ੍ਹਾਂ ਤੇ ਖੁਸ਼ ਹੋਵੇਗਾ ਕਿ ਉਨ੍ਹਾਂ ਨੇ ਵੱਧ ਤੋਂ ਵੱਧ ਲੋਕਾਂ ਨੂੰ ਸ਼ਰਾ ਦੇ ਪਾਬੰਦ ਬਣਾ ਕੇ ਬਹੁਤ ਚੰਗਾ ਕੰਮ ਕੀਤਾ ਹੈ। ਇਹ ਕੰਮ ਸ਼ੁਰੂ ਤੋਂ ਹੀ ਮਹੁੰਮਦ ਗੌਰੀ ਤੇ ਮਹਿਮੂਦ ਗਜ਼ਨਵੀ ਦੇ ਸਮੇਂ ਤੋਂ ਹੀ ਚਲਦਾ ਰਿਹਾ ਹੈ ਅਤੇ ਔਰੰਗਜ਼ੇਬ ਤਕ ਇਹ ਇਨਤਹਾਂ ਤੀਕਰ ਪੁੱਜ ਗਿਆ ਸੀ।

ਦੂਜੇ ਸੂਫੀ ਪੀਰ ਫਕੀਰ ਸਨ ਜੋ ਕਿ ਪ੍ਰੇਮ ਪਿਆਰ ਨਾਲ ਖੁਦਾ ਦੀ ਬੰਦਗੀ ਕਰਨ ਦਾ ਉਪਦੇਸ਼ ਦਿੰਦੇ ਸਨ ਅਤੇ ਉਨ੍ਹਾਂ ਦੇ ਮਨ ਵਿਚ ਕੋਈ ਵਿਤਕਰਾ ਨਹੀਂ ਸੀ। ਉਹ ਆਪਣੇ ਮੁਰੀਦਾਂ ਨੂੰ ਨਿਯਮਬੱਧ ਤਰੀਕੇ ਦਾ ਜੀਵਨ ਜੀਉਣ ਲਈ ਪ੍ਰੇਰਦੇ ਸਨ ਅਤੇ ਨਾਮ ਜਪਣ ਦੀਆਂ ਮੰਜ਼ਲਾਂ ਤੋਂ ਜਾਣੂੰ ਕਰਵਾਉਂਦੇ ਸਨ ਜਿਵੇਂ ਕਿ ਬਾਬਾ ਜੀ ਆਮ ਤੌਰ ਤੇ ਦੀਵਾਨਾਂ ਵਿਚ ਸੱਤਵਾਦੀਆਂ ਦਾ ਜ਼ਿਕਰ ਕਰਿਆ ਕਰਦੇ ਹਨ। ਸੋ ਇਸ ਤਰ੍ਹਾਂ ਨਾਲ ਉਨ੍ਹਾਂ ਰਾਹੀਂ ਵੀ ਇਸਲਾਮ ਦਾ ਪ੍ਰਚਾਰ ਹੋ ਰਿਹਾ ਸੀ।

ਤੀਸਰੇ ਪੀਰ ਐਸੇ ਸਨ ਕਿ ਉਹ ਨਾ ਤਾਂ ਸ਼ਰਾ ਅਨੁਸਾਰ ਹੀ ਸਨ ਅਤੇ ਨਾ ਹੀ ਨਾਮ ਜਪਣ ਬਾਰੇ ਜਾਂ ਮੁਕਤੀ ਬਾਰੇ ਕੁਝ ਦਸਦੇ ਸਨ ਸਗੋਂ ਉਨ੍ਹਾਂ ਦੀ ਆਪਣੀ ਹੀ ਮਨ ਮਨੌਤ ਸੀ ਕਿ ਉਹ ਚਿਲੇ ਕੱਟ ਕੇ ਸ਼ਕਤੀਆਂ ਪ੍ਰਾਪਤ ਕਰ ਲੈਂਦੇ ਸਨ ਅਤੇ ਉਸ ਅਨੁਸਾਰ ਵਰ ਦਿੰਦੇ ਸਨ ਜਾਂ ਸਰਾਪ ਦੇ ਦਿੰਦੇ ਸਨ। ਐਸੀ ਹੀ ਮਿਸਾਲ ਪੰਜਾਬ ਵਿਚ ਉਨ੍ਹਾਂ ਦਿਨਾਂ ਵਿਚ ਇਕ ਪੀਰ ਹਮਜ਼ਾਗੋਸ਼ ਦੀ ਦਿਤੀ ਜਾ ਸਕਦੀ ਹੈ ਜੋ ਸਿਆਲਕੋਟ ਸ਼ਹਿਰ ਨੂੰ ਗਰਕ ਕਰਨ ਲਈ ਚਾਲੀ ਦਿਨ ਦਾ ਚਿਲਾ ਕੱਟ ਰਿਹਾ ਸੀ ਕਿਉਂਕਿ ਉਸਦੇ ਵਰ ਦੁਆਰਾ ਗੀਗੇ ਖਤਰੀ ਨੂੰ ਚਾਰ ਪੁਤਰਾਂ ਦੀ ਦਾਤ ਪ੍ਰਾਪਤ ਹੋਈ ਸੀ ਪਰੰਤੂ ਪੀਰ ਨੇ ਕਿਹਾ ਸੀ ਕਿ ਇਕ ਬੇਟਾ ਸਾਨੂੰ ਦੇ ਦੇਵੀਂ ਪਰ ਉਹ ਮੁੱਕਰ ਗਿਆ ਸੀ ਅਤੇ ਇਸ ਗੱਲ ਤੋਂ ਪੀਰ ਨਰਾਜ਼ ਹੋ ਗਿਆ ਸੀ ਤੇ ਸ਼ਹਿਰ ਨੂੰ ਗਰਕ ਕਰਨ ਦਾ ਇਰਾਦਾ ਕਰ ਲਿਆ ਸੀ। ਗੁਰੂ ਨਾਨਕ ਪਾਤਸ਼ਾਹ ਪਾਸ ਦੁਖੀ ਲੋਕਾਂ ਦੀ ਪੁਕਾਰ ਪਹੁੰਚੀ, ਆਪ ਉਸ ਸਮੇਂ ਭਾਈ ਲਾਲੋ ਪਾਸ ਏਮਨਾਬਾਦ ਸੰਗਤਾਂ ਨੂੰ ਤਾਰ ਰਹੇ ਸਨ, ਆਪ ਸਿਆਲਕੋਟ ਪਹੁੰਚੇ ਅਤੇ ਇਕ ਕਬਰਸਤਾਨ ਵਿਚ ਬੇਰੀ ਹੇਠ ਠਹਿਰ ਗਏ। ਉਨ੍ਹਾਂ ਨੇ ਭਾਈ ਮਰਦਾਨੇ ਨੂੰ ਭੇਜਿਆ ਅਤੇ ਕਿਹਾ ਕਿ ਪੀਰ ਜੀ ਨੂੰ ਇਥੇ ਆਉਣ ਲਈ ਬੇਨਤੀ ਕਰੋ। ਤਾਂ ਉਸ ਦੇ ਮੁਰੀਦਾਂ ਨੇ ਤਿੰਨ ਵੇਰਾਂ ਭਾਈ ਮਰਦਾਨੇ ਨੂੰ ਇਹ ਕਹਿ ਕੇ ਵਾਪਸ ਕਰ ਦਿਤਾ ਕਿ ਪੀਰ ਦਾ ਹੁਕਮ ਹੈ ਕਿ ਉਸ ਦੇ ਮੁਰਕਬੇ ਸਮੇਂ ਵਿਚ ਉਸ ਨੂੰ ਕੋਈ ਮਿਲਣ ਨਹੀਂ ਜਾ ਸਕਦਾ ਇਸ ਤਰ੍ਹਾਂ ਕਰਨ ਨਾਲ ਉਸ ਦਾ ਚਿਲਾ ਟੁੱਟ ਜਾਏਗਾ। ਭਾਈ ਮਰਦਾਨੇ ਨੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਦੱਸਿਆ ਕਿ ਉਸ ਦੇ ਚੇਲੇ ਮਿਲਣ ਨਹੀਂ ਦਿੰਦੇ ਤਾਂ ਪਾਤਸ਼ਾਹ ਨੇ ਫੁਰਮਾਇਆ, ਚੰਗਾ, ਠੀਕ ਹੈ ਉਸ ਦੀ ਮਰਜ਼ੀ, ਉਹ ਆਪ ਹੀ ਆ ਜਾਵੇਗਾ। 25 ਦਿਨ ਚਿਲਾ ਕਟਦੇ ਨੂੰ ਹੋ ਚੁੱਕੇ ਸਨ ਪਰ ਅੱਜ ਗੁੰਬਦ ਫਟ ਗਿਆ ਤੇ ਪੀਰ ਬਾਹਰ ਆ ਕੇ ਚੇਲਿਆਂ ਨੂੰ ਪੁਛਦਾ ਹੈ ਕਿ ਕੋਈ ਮਿਲਣ ਆਇਆ ਸੀ ਤਾਂ ਉਸ ਨੂੰ ਦੱਸਿਆ ਕਿ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਦਾ ਢਾਢੀ ਭਾਈ ਮਰਦਾਨਾ ਆਇਆ ਸੀ। ਪੀਰ ਨੇ ਮੁਰੀਦਾਂ ਤੇ ਝਾੜ ਪਾਈ ਕਿ ਤੁਸੀਂ ਮਾੜਾ ਕੀਤਾ, ਚਲੋ ਹੁਣ ਮੈਂ ਚਲਦਾ ਹਾਂ ਉਨ੍ਹਾਂ ਪਾਸ ਤੇ ਮਹਾਰਾਜ ਨੇ ਪਾਸ ਬਿਠਾਇਆ ਤੇ ਸਮਝਾਇਆ ਕਿ ਪੀਰ ਜੀ! ਆਪ ਤਾਂ ਦਰਵੇਸ਼ ਹੋ ਇਕ ਬੰਦੇ ਦੀ ਗਲਤੀ ਦੀ ਸਜ਼ਾ ਸਾਰੇ ਸ਼ਹਿਰ ਨੂੰ ਦੇਣੀ ਠੀਕ ਨਹੀਂ ਹੈ, ਇਹ ਤਾਂ ਉਹ ਗੱਲ ਹੋ ਗਈ 'ਕਰੇ ਗੀਗਾ ਤੇ ਭਰੇ ਬੀਬਾ'। ਪੀਰ ਨੂੰ ਸ਼ਾਂਤ ਕੀਤਾ ਤੇ ਸਬਰ, ਸ਼ੁਕਰ ਤੇ ਰਜ਼ਾ ਦਾ ਉਪਦੇਸ਼ ਦਿਤਾ।

ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਸਮੇਂ ਸਰਵਰੀਏ ਪੀਰ (ਲਾਲਾਂ ਵਾਲੇ) ਦਾ ਪੰਜਾਬ ਤੇ ਬਹੁਤ ਅਸਰ ਸੀ। ਥਾਂ ਥਾਂ ਤੇ ਇਸ ਦੇ ਮਜਾਰ ਸਨ ਤੇ ਭਾਈ ਮੰਝ ਵੀ ਇਕ ਭਾਰੀ ਸੰਗ ਲੈ ਕੇ ਮਜ਼ਾਰ ਤੇ ਜਾਂਦਾ ਹੁੰਦਾ ਸੀ ਤੇ ਇਲਾਕੇ ਦਾ ਚੌਧਰੀ ਸੀ। ਇਹ ਇਕ ਦਿਨ ਇਕ ਗੁਰਸਿੱਖ ਨੂੰ ਮਿਲਿਆ ਤੇ ਉਸ ਨਾਲ ਵਿਚਾਰ ਹੋਈ ਤਾਂ ਉਸ ਸਿੱਖ ਨੇ ਦੱਸਿਆ ਕਿ ਭਾਈ ਮੰਝ ਤੈਨੂੰ ਇਸ ਥਾਂ ਤੇ ਇਸ ਪੀਰ ਕੋਲੋਂ ਕੁਝ ਪ੍ਰਾਪਤੀ ਵੀ ਹੋਈ ਹੈ? ਤਾਂ ਭਾਈ ਮੰਝ ਨੇ ਕਿਹਾ ਕਿ ਕੁਝ ਪ੍ਰਾਪਤ ਨਹੀਂ ਹੋਇਆ ਤੇ ਨਾ ਹੀ ਅੰਦਰ ਸ਼ਾਂਤੀ ਆਈ ਹੈ। ਸਿੱਖ ਨੇ ਕਿਹਾ ਕਿ ਭਾਈ ਮੰਝ! ਤੈਨੂੰ ਕਿੰਨੇ ਸਾਲ ਹੋ ਗਏ ਹਨ ਅਤੇ ਤੂੰ ਜੀਵਨ ਦਾ ਕਿੰਨਾ ਸਮਾਂ ਅਜਾਈਂ ਗਵਾ ਦਿਤਾ ਹੈ ਅਤੇ ਅਜ ਤਕ ਨਾ ਹੀ ਤੇਰਾ ਮਨ ਸ਼ਾਂਤ ਹੋਇਆ ਹੈ ਤੇ ਨਾ ਹੀ ਪ੍ਰਾਪਤੀ ਹੋਈ ਹੈ। ਇਸ ਤੋਂ ਚੰਗਾ ਹੈ ਕਿ ਤੂੰ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਚਰਨਾਂ ਵਿਚ ਜਾਹ ਤੇ ਉਥੋਂ ਨਾਮ ਬਾਣੀ ਦਾ ਉਪਦੇਸ਼ ਪ੍ਰਾਪਤ ਕਰ ਕਿਉਂਕਿ ਉਹ ਪੂਰੇ ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਹਨ, ਉਹ ਤੇਰੇ ਅਗਿਆਨ ਦੇ ਛੌੜ ਕੱਟ ਦੇਣਗੇ ਤੇ ਤੈਨੂੰ ਇਸੇ ਜਨਮ ਵਿਚ ਪਰਮ ਪਦ ਦੀ ਪ੍ਰਾਪਤੀ ਹੋ ਜਾਵੇਗੀ, ਪਰਮਾਤਮਾ ਨਾਲ ਮੇਲ ਹੋ ਜਾਵੇਗਾ।

ਇਹ ਸੁਣ ਕੇ ਭਾਈ ਮੰਝ ਨੂੰ ਕੁਝ ਹੌਂਸਲਾ ਹੋਇਆ ਤੇ ਮਨ ਵਿਚ ਧੀਰਜ ਆਈ ਅਤੇ ਬੜਾ ਅਫਸੋਸ ਹੋਇਆ ਕਿ ਜੀਵਨ ਦੇ ਇਤਨੇ ਕੀਮਤੀ ਸਾਲ ਅਜਾਈਂ ਗਵਾ ਦਿਤੇ ਹਨ ਤੇ ਹਾਲੇ ਤਕ ਕੁਝ ਵੀ ਰੂਹਾਨੀ ਤੌਰ ਤੇ ਪ੍ਰਾਪਤ ਨਹੀਂ ਹੋਇਆ। ਇਥੇ ਇਕ ਗੱਲ ਨੋਟ ਕਰਨ ਯੋਗ ਹੈ ਕਿ ਭਾਈ ਮੰਝ ਨੇ ਫੈਸਲਾ ਲੈਣ ਵਿਚ ਕੋਈ ਡਿਗ ਡੋਲਾ ਨਹੀਂ ਕੀਤਾ ਤੇ ਤੁਰੰਤ ਗੁਰੂ ਦੀ ਸ਼ਰਨ ਵਿਚ ਜਾਣ ਦਾ ਫੈਸਲਾ ਲੈ ਲਿਆ ਕਿਉਂਕਿ ਉਹ ਪੂਰਨ ਤੇ ਉਤਮ ਕਿਸਮ ਦਾ ਜਗਿਆਸੂ ਸਿੱਖ ਸੀ। ਭਾਈ ਮੰਝ ਪਹਿਲਾਂ ਹੀ ਉਨ੍ਹਾਂ ਸ਼ੁਭ ਗੁਣਾਂ ਨਾਲ ਭਰਪੂਰ ਸੀ ਜੋ ਇਕ ਉਤਮ ਜਗਿਆਸੂ ਵਿਚ ਹੋਣੇ ਚਾਹੀਦੇ ਹਨ ਜਿਵੇਂ ਕਿ ਦਇਆ, ਖਿਮਾ, ਧੀਰਜ, ਸ਼ੀਲ, ਸੰਤੋਖ, ਮਿੱਠ ਬੋਲੜਾ, ਮਨ ਬਚ ਕਰਮ ਨਾਲ, ਕਿਸੇ ਦਾ ਬੁਰਾ ਨਾ ਕਰਨ ਵਾਲਾ, ਅਹਿੰਸਾ ਤੇ ਸ਼ਹਿਨਸ਼ੀਲਤਾ ਦੇ ਸਦਗੁਣ ਉਸ ਵਿਚ ਭਰਪੂਰ ਸਨ। ਇਨ੍ਹਾਂ ਗੁਣਾਂ ਕਰਕੇ ਉਸ ਦਾ ਪਰਿਵਾਰ ਵੀ ਆਗਿਆਕਾਰੀ ਸੀ ਤੇ ਉਸ ਦੀ ਰਜ਼ਾ ਵਿਚ ਚਲਣ ਵਾਲਾ ਸੀ ਅਤੇ ਉਸ ਨੂੰ ਪਤਾ ਸੀ ਕਿ ਮੈਂ ਜੋ ਵੀ ਫੈਸਲਾ ਲਵਾਂਗਾ ਘਰ ਵਿਚ ਮੇਰਾ ਵਿਰੋਧ ਨਹੀਂ ਹੋਵੇਗਾ ਸਗੋਂ ਖਿੜੇ ਮੱਥੇ ਪ੍ਰਵਾਨ ਹੋਵੇਗਾ।

ਭਾਈ ਮੰਝ ਜਦੋਂ ਗੁਰੂ ਅਰਜਨ ਦੇਵ ਜੀ ਮਹਾਰਾਜ ਪਾਸ ਪਹੁੰਚਦਾ ਹੈ ਤਾਂ ਦਰਸ਼ਨ ਕਰਦੇ ਸਾਰ ਉਸ ਦੇ ਅੰਦਰ ਇਕ ਐਸੀ ਝਰਨਾਹਟ ਛਿੜਦੀ ਹੈ ਕਿ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ ਮਨ ਨੂੰ ਸ਼ਾਂਤ ਕਰਨ ਵਾਲੀ ਰੂਹਾਨੀ ਕੰਬਣੀ ਆਉਂਦੀ ਹੈ ਅਤੇ ਉਸ ਦੇ ਮਨ ਵਿਚ ਗੁਰੂ ਲਈ ਸ਼ਰਧਾ ਤੇ ਭਰੋਸਾ ਬੱਝ ਜਾਂਦਾ ਹੈ। ਅੰਦਰਲੇ ਪਾਸਿਓਂ ਬਾਰ-ਬਾਰ ਇਹੀ ਅਵਾਜ਼ ਆਉਂਦੀ ਹੈ ਕਿ ਹੁਣ ਪੂਰੇ ਪਾਸ ਪਹੁੰਚ ਗਿਆ ਹਾਂ ਤੇ ਇਨ੍ਹਾਂ ਪਾਸੋਂ ਨਾਮ ਦੀ ਬਖਸ਼ਿਸ਼ ਪ੍ਰਾਪਤ ਕਰਕੇ ਹੀ ਇਥੋਂ ਹਿਲਾਂਗਾ। ਇੰਨੇ ਵਿਚ ਹੀ ਗੁਰੂ ਮਹਾਰਾਜ ਪੁਛਦੇ ਹਨ ਭਾਈ ਕਿਥੋਂ ਆਇਆ ਹੈਂ, ਤੇਰਾ ਨਾਮ ਕੀ ਹੈ। ਉਸ ਨੇ ਆਪਣਾ ਪਰੀਚਾ ਦਿਤਾ ਤੇ ਨਾਲ ਇਹ ਵੀ ਕਿਹਾ ਕਿ ਮਹਾਰਾਜ! ਮੈਂ ਪਹਿਲਾਂ ਸਰਵਰੀਏ ਪੀਰ ਨੂੰ ਮੰਨਦਾ ਸੀ ਤੇ ਮੈਂ ਜੀਵਨ ਦਾ ਬਹੁਤਾ ਹਿੱਸਾ ਅਜਾਈਂ ਗਵਾ ਦਿਤਾ ਤੇ ਕੁਝ ਪ੍ਰਾਪਤ ਨਹੀਂ ਹੋਇਆ। ਗੁਰੂ ਮਹਾਰਾਜ ਨੂੰ ਉਸ ਨੇ ਇਹ ਵੀ ਦਸਿਆ ਕਿ ਮੈਂ ਇਲਾਕੇ ਦਾ ਚੌਧਰੀ ਵੀ ਹਾਂ।

ਇਥੇ ਇਹ ਗੱਲ ਵੀ ਵਰਨਣ ਯੋਗ ਹੈ ਕਿ ਭਾਈ ਮੰਝ ਨੇ ਗੁਰੂ ਨੂੰ ਆਪਣਾ ਅੰਦਰ ਸਾਫ ਸਾਫ ਪ੍ਰਗਟ ਕਰ ਦਿਤਾ ਅਤੇ ਕੋਈ ਝਕ ਝਕਾਅ ਜਾਂ ਪੜਦਾ ਨਹੀਂ ਰੱਖਿਆ। ਉਹ ਜਿਹੋ ਜਿਹਾ ਅੰਦਰੋਂ, ਉਹੋ ਜਿਹਾ ਹੀ ਬਾਹਰੋਂ ਸੀ। ਗੁਰੂ ਮਹਾਰਾਜ ਉਸ ਦੀ ਇਸ ਗੱਲ ਤੋਂ ਪ੍ਰਸੰਨ ਹੋਏ ਤੇ ਕਹਿਣ ਲੱਗੇ ਤੂੰ ਇਲਾਕੇ ਦਾ ਚੌਧਰੀ ਹੈਂ ਤੇ ਜੇਕਰ ਤੂੰ ਸਿੱਖ ਬਣ ਗਿਆ ਤਾਂ ਤੇਰੀ ਬਹੁਤ ਮੁਖਾਲਫਤ ਹੋਵੇਗੀ ਤੇ ਚੰਗਾ ਇਹੋ ਹੀ ਹੈ ਕਿ ਤੂੰ ਸੋਚ ਲੈ, ਘਰਦਿਆਂ ਨਾਲ ਸਲਾਹ ਕਰ ਲੈ। ਦੂਜੀ ਗੱਲ ਹੈ ਕਿ ਇਕ ਤਾਂ ਲੋਕੀ ਤੈਨੂੰ ਬੁਰਾ ਭਲਾ ਕਹਿਣਗੇ ਤੂੰ ਬਰਦਾਸ਼ਤ ਕਿਵੇਂ ਕਰੇਂਗਾ ਅਤੇ ਇਹ ਚੌਧਰੀਪੁਣਾ ਤੇਰੇ ਰੂਹਾਨੀਅਤ ਦੇ ਰਸਤੇ ਵਿਚ ਰੋੜਾ ਬਣ ਸਕਦਾ ਹੈ। ਜਿਸ ਤਰ੍ਹਾਂ ਕਬੀਰ ਸਾਹਿਬ ਪਾਸ ਇਬਰਾਹੀਮ ਆਦਮ ਨਾਮ ਦਾ ਇਕ ਬਾਦਸ਼ਾਹ ਮੁਰੀਦ ਬਣਨ ਵਾਸਤੇ ਆਇਆ ਸੀ। 6 ਸਾਲ ਮਾਨ ਅਪਮਾਨ ਤੋਂ ਰਹਿਤ ਹੋ ਕੇ ਕਬੀਰ ਸਾਹਿਬ ਅਤੇ ਮਹਾਂਪੁਰਸ਼ਾਂ ਦੀ ਸੇਵਾ ਕਰਦਾ ਰਿਹਾ। ਮਾਤਾ ਲੋਈ ਜੀ ਨੇ ਕਬੀਰ ਪਾਸ ਬੇਨਤੀ ਕੀਤੀ ਕਿ ਇਸ ਨੂੰ ਪਰਮ ਸਤਿ ਦਾ ਉਪਦੇਸ਼ ਦ੍ਰਿੜ੍ਹ ਕਰਾ ਦੇਵੋ। ਕਬੀਰ ਜੀ ਨੇ ਕਿਹਾ ਕਿ ਇਹ ਅਜੇ ਅਧਿਕਾਰੀ ਨਹੀਂ ਹੈ, ਇਸ ਦੇ ਅੰਦਰ ਰਾਜ ਅਭਿਮਾਨ ਦਾ ਲੇਸ ਅਤੇ ਸਿਮ੍ਰਤੀ ਬਾਕੀ ਬਚਦੀ ਹੈ ਅਤੇ ਕਬੀਰ ਜੀ ਨੇ ਮਾਤਾ ਲੋਈ ਨੂੰ ਉਸ ਦਾ ਟੈਸਟ ਲੈਣ ਲਈ ਕਿਹਾ ਸੀ। ਜਦੋਂ ਮਾਤਾ ਲੋਈ ਨੇ ਉਸ ਦੇ ਸਿਰ ਵਿਚ ਕੂੜੇ ਕਰਕਟ ਦਾ ਟੋਕਰਾ ਪਾਇਆ ਤਾਂ ਉਸ ਨੇ ਕਿਹਾ ਕਿ ਜੇਕਰ ਮੈਂ ਬਲਖ ਬੁਖਾਰੇ ਵਿਚ ਹੁੰਦਾ ਤਾਂ ਇਸ ਨੂੰ ਦੇਖਦਾ। ਗੁਰੂ ਮਹਾਰਾਜ ਜੀ ਨੇ ਭਾਈ ਮੰਝ ਨੂੰ ਕਿਹਾ ਕਿ ਤੂੰ ਇਹ ਸਾਰਾ ਕੁਝ ਚੰਗੀ ਤਰ੍ਹਾਂ ਸੋਚ ਲੈ। ਕਹਿਣ ਲੱਗਾ ਕਿ ਮਹਾਰਾਜ! ਆਪ ਜੋ ਵੀ ਕਹੋਗੇ ਕਰਾਂਗਾ ਅਤੇ ਮੈਂ ਆਪ ਤੇ ਕਦੀ ਵੀ ਗਿਲਾ ਸ਼ਿਕਵਾ ਨਹੀਂ ਕਰਾਂਗਾ ਸਗੋਂ ਆਪ ਦਾ ਹੁਕਮ ਖਿੜੇ ਮੱਥੇ ਮੰਨਾਂਗਾ। ਮਹਾਰਾਜ ਕਹਿਣ ਲੱਗੇ, "ਜੇ ਠੀਕ ਹੈ ਤਾਂ ਪਹਿਲਾਂ ਆਪਣੇ ਘਰ ਜੋ ਪੀਰ ਦਾ ਮੁਕਾਮ ਬਣਾਇਆ ਹੈ ਉਸ ਨੂੰ ਢਾਹ ਕੇ ਆ, ਫੇਰ ਤੇਰੇ ਨਾਲ ਨਾਮ ਦੀ ਬਾਤ ਕਰਾਂਗੇ। ਮਹਾਰਾਜ ਫੇਰ ਚਿਤਾਵਨੀ ਦਿੰਦੇ ਹਨ ਕਿ ਦੇਖ ਲੈ, ਤੇਰੇ ਡੰਗਰ ਪਸ਼ੂ ਮਰਨੇ ਸ਼ੁਰੂ ਹੋ ਜਾਣੇ ਹਨ ਤੇ ਘਰ ਦਾ ਨੁਕਸਾਨ ਹੋ ਜਾਵੇਗਾ। ਭਾਈ ਮੰਝ ਕਹਿਣ ਲੱਗਿਆ, "ਮਹਾਰਾਜ! ਮੈਨੂੰ ਸਿੱਖੀ ਚਾਹੀਦੀ ਹੈ ਮੈਨੂੰ ਇਸ ਬਦਲੇ ਜੇ ਕਰ ਆਪਣਾ ਸੀਸ ਵੀ ਦੇਣਾ ਪਵੇ ਤਾਂ ਵੀ ਮੈਂ ਤਿਆਰ ਹਾਂ ਤੇ ਮੈਂ ਆਪਣਾ ਤਨ ਮਨ ਧਨ ਸਭ ਆਪ ਦੇ ਅਰਪਣ ਕਰਨਾ ਚਾਹੁੰਦਾ ਹਾਂ, ਆਪ ਕ੍ਰਿਪਾ ਕਰਕੇ ਮੈਨੂੰ ਨਾਮ ਦੀ ਦਾਤ ਬਖਸ਼ਿਸ਼ ਕਰੋ।"

ਮਹਾਰਾਜ ਨੇ ਦੇਖ ਲਿਆ ਕਿ ਬਹੁਤ ਹੀ ਉਤਮ ਕਿਸਮ ਦਾ ਜਗਿਆਸੂ ਹੈ ਤੇ ਇਸ ਦੇ ਅੰਦਰ ਦੀਵਾ, ਤੇਲ ਤੇ ਬੱਤੀ ਤਿੰਨੇ ਚੀਜ਼ਾਂ ਤਿਆਰ ਹਨ ਕੇਵਲ ਬੱਤੀ ਜਗਾਉਣ ਭਾਵ ਜੋਤ ਜਗਾਉਣ ਦੀ ਕਸਰ ਬਾਕੀ ਹੈ। ਸੋ ਕਹਿਣ ਤੋਂ ਭਾਵ ਹੈ ਕਿ ਭਾਈ ਮੰਝ ਜਿਸ ਵੇਲੇ ਗੁਰੂ ਮਹਾਰਾਜ ਪਾਸ ਪਹੁੰਚਿਆ ਸੀ ਉਹ ਪੂਰਨ ਤੇ ਉਤਮ ਜਗਿਆਸੂ ਸੀ ਅਤੇ ਤਾਂ ਹੀ ਉਨ੍ਹਾਂ ਨੇ ਗੁਰੂ ਦੀਖਸ਼ਾ ਪ੍ਰਾਪਤ ਕਰਕੇ ਮਹਾਨ ਗੁਰਸਿੱਖ ਦੀ ਪਦਵੀ ਪ੍ਰਾਪਤ ਕੀਤੀ।

ਇਸ ਤੋਂ ਬਾਅਦ ਗੁਰੂ ਮਹਾਰਾਜ ਜੀ ਉਸ ਨੂੰ ਨਾਮ ਦੀ ਬਖਸ਼ਿਸ਼ ਕਰਕੇ ਨਾਮ ਜਪਣ ਦੀਆਂ ਜੁਗਤੀਆਂ, ਅੰਦਰਲੀਆਂ ਤੇ ਬਾਹਰਲੀਆਂ ਰਹਿਤਾਂ ਬਾਰੇ ਦਸਦੇ ਹਨ ਅਤੇ ਫੇਰ ਇਹ ਸਮਝਾਉਣਾ ਕਰਦੇ ਹਨ ਕਿ ਤੂੰ ਆਤਮ ਸਰੂਪ ਹੈਂ ਤੇ ਤੂੰ ਇਹ ਪੰਜ ਤੱਤ ਦਾ ਸਰੀਰ ਨਹੀਂ ਹੈਂ। ਅੰਤਸ਼ਕਰਣ ਉਪਰ ਚੇਤਨ ਦਾ ਪਰਛਾਵਾਂ ਪੈਣ ਕਰਕੇ ਮਾਇਆ ਦੀ ਬਿਆਧੀ ਕਾਰਨ ਇਸ ਵਿਚ ਹਿਲਜੁਲ ਹੋਈ ਤੇ ਇਹ ਆਪਣੇ ਆਪ ਨੂੰ ਸਿਰਫ ਸਾਢੇ ਤਿੰਨ ਹੱਥ ਦੀ ਦੇਹ ਸਮਝ ਬੈਠਾ ਹੈ। ਦਰਅਸਲ ਇਹ ਆਤਮ ਸਹਿਜ਼ਾਦਾ ਹੈ ਅਤੇ ਇਸ ਵਿਚ ਉਸ ਦੀ ਜੋਤ ਪਰੀਪੂਰਨ ਹੈ। ਜਿਸ ਤਰ੍ਹਾਂ ਪਾਣੀ ਦੀਆਂ ਲਹਿਰਾਂ ਪਾਣੀ ਤੋਂ

'ਆਤਮ ਮਾਰਗ', ਜੁਲਾਈ, 1999



Sri Satguru Jagjit Singh Ji eLibrary NamdhariElibrary@gmail.com

ਭਿੰਨ ਨਹੀਂ ਹੁੰਦੀਆਂ ਅਤੇ ਫਿਰ ਪਾਣੀ ਵਿਚ ਸਮਾਅ ਜਾਂਦੀਆਂ ਹਨ ਅਤੇ ਜੇਕਰ ਬਰਤਨ ਰੱਖ ਦੇਈਏ ਤਾਂ ਸਭਨਾਂ ਵਿਚ ਆਸਮਾਨ ਸੀਮਤ ਰੂਪ ਹੋ ਜਾਂਦਾ ਹੈ ਪਰ ਜੇਕਰ ਬਰਤਨ ਭੰਨ ਦੇਈਏ ਫੇਰ ਉਹੀ ਮਹਾਂਪ੍ਰਕਾਸ਼ ਰਹਿ ਜਾਂਦਾ ਹੈ। ਇਸੇ ਤਰ੍ਹਾਂ ਵਾਹਿਗੁਰੂ ਘਟ-ਘਟ ਦੇ ਅੰਦਰ ਵਿਆਪਕ ਹੈ। ਤੇਰੇ ਅੰਦਰ ਵੀ ਬਾਹਰ ਵੀ ਜਿਧਰ ਵੀ ਨਜ਼ਰ ਜਾਂਦੀ ਹੈ ਸਭ ਵਾਹਿਗੁਰੂ ਹੀ ਨਜ਼ਰ ਆਉਂਦਾ ਹੈ ਤੇ ਫਿਰ ਉਹ ਕੋਈ ਸੁੰਨ ਮੁੰਨ ਨਹੀਂ, ਪ੍ਰਿਅ ਹੈ, ਪਿਆਰ ਕਰਨ ਵਾਲਾ ਹੈ ਅਤੇ ਹਮੇਸ਼ਾ ਤੇਰੇ ਅੰਗ ਸੰਗ ਹੈ। ਮਹਾਰਾਜ ਜੀ ਨੇ ਬਖਸ਼ਿਸ਼ ਕਰ ਦਿਤੀ ਅਤੇ ਉਸ ਦੇ ਅੰਦਰ ਇਕ ਦਮ ਪ੍ਰਕਾਸ਼ ਹੋ ਗਿਆ ਜਿਸ ਤਰ੍ਹਾਂ ਕਿ ਫੁਰਮਾਨ ਹੈ -

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***
***ਪੰਨਾ - 293***

ਅੰਦਰਲੀ ਜੋਤ ਲਟ ਲਟ ਬਲ ਗਈ, ਵਿਸਮਾਦ ਵਿਚ ਆ ਗਿਆ ਤੇ ਸਮਾਧੀ ਲਗ ਗਈ, ਸਹਿਜ ਸਮਾਧ ਦੀ ਅਵਸਥਾ ਪ੍ਰਾਪਤ ਹੋ ਗਈ, ਕਾਫੀ ਸਮਾਂ ਸੇਵਾ ਸਿਮਰਨ ਕਰਦਿਆਂ ਬੀਤ ਗਿਆ। ਹੁਣ ਗੁਰੂ ਮਹਾਰਾਜ ਜੀ ਨੇ ਕਿਹਾ, "ਭਾਈ ਮੰਝ! ਜਾਹ ਹੁਣ ਇਸ ਨਾਮ ਦੀ ਕਮਾਈ ਕਰ ਤੇ ਪਰਿਵਾਰ ਵਿਚ ਰਹਿ ਕੇ ਸੇਵਾ ਸਿਮਰਨ ਤੇ ਗੁਰੂ ਦੀ ਰਜ਼ਾ ਅੰਦਰ ਜੀਵਨ ਬਤੀਤ ਕਰੋ ਅਤੇ ਜਦੋਂ ਤਕ ਅਸੀਂ ਤੁਹਾਨੂੰ ਸੱਦਾ ਨਾ ਭੇਜੀਏ ਉਦੋਂ ਤਕ ਸਾਡੇ ਪਾਸ ਨਾ ਆਇਓ।"

ਗੁਰੂ ਮਹਾਰਾਜ ਜੀ ਨੇ ਇਹ ਤਾਂ ਦੇਖ ਲਿਆ ਕਿ ਸ਼ਰਧਾ ਤੇ ਪ੍ਰਤੀਤ ਵਿਚ ਤਾਂ ਪੂਰਾ ਹੈ, ਹੁਣ ਕੀ ਗੁਰਸਿੱਖ ਹਾਨ, ਲਾਭ, ਮਾਨ ਅਪਮਾਨ, ਦੁਖ ਸੁਖ ਨੂੰ ਵੀ ਸਮਬਿਰਤੀ ਕਰਕੇ ਸਮਾਨ ਮੰਨਦਾ ਹੈ ਕਿਉਂਕਿ ਸੋਨਾ ਜਦ ਤਕ ਬਾਰਾਂਵੰਨੀ ਦਾ ਨਹੀਂ ਬਣ ਜਾਂਦਾ ਉਦੋਂ ਤਕ ਉਸ ਦੀ ਅਸਲੀ ਚਮਕ ਨਹੀਂ ਹੁੰਦੀ ਇਸ ਲਈ ਹੀ ਸੁਨਿਆਰ ਬਾਰ-ਬਾਰ ਇਸ ਨੂੰ ਤਾਵ ਦਿੰਦਾ ਹੈ ਕਿ ਇਸ ਵਿਚ ਕੋਈ ਖੋਟ ਨਾ ਰਹਿ ਜਾਵੇ।

ਹੁਣ ਭਾਈ ਮੰਝ ਜੀ ਗੁਰੂ ਮਹਾਰਾਜ ਜੀ ਦਾ ਅਸ਼ੀਰਵਾਦ ਲੈ ਕੇ ਪਿੰਡ ਪਹੁੰਚਦਾ ਹੈ ਤਾਂ ਕੀ ਵੇਖਿਆ ਕਿ ਸਾਰੀ ਬਰਾਦਰੀ ਤੇ ਸਾਰਾ ਪਿੰਡ ਉਸ ਦੀ ਮੁਖਾਲਫਤ ਕਰਦਾ ਹੈ ਕਿਉਂਕਿ ਇਕ ਤਾਂ ਉਸ ਨੇ ਪੀਰ ਦਾ ਮੁਕਾਮ ਢਾਹ ਦਿਤਾ ਸੀ ਦੂਜਾ ਉਸ ਨੇ ਗੁਰਸਿੱਖੀ ਧਾਰਨ ਕਰ ਲਈ ਸੀ। ਪਸ਼ੂ ਮਰਨੇ ਸ਼ੁਰੂ ਹੋ ਗਏ ਖੁਰਲੀ ਖਾਲੀ ਹੋ ਗਈ, ਪਿੰਡ ਵਾਸੀਆਂ ਨੇ ਪੂਰੀ ਤਰ੍ਹਾਂ ਮੰਨ ਲਿਆ ਕਿ ਭਾਈ ਉਪਰ ਲਾਲਾਂ ਵਾਲੇ ਪੀਰ ਦੀ ਪੂਰੀ ਕਰੋਪੀ ਹੋ ਗਈ ਹੈ। ਉਹ ਡਰ ਗਏ ਕਿ ਸਾਰੇ ਪਿੰਡ, ਇਲਾਕੇ ਤੇ ਹੀ ਉਸਦੀ ਕਰੋਪੀ ਨਾ ਹੋ ਜਾਵੇ। ਇਲਾਕੇ ਤੇ ਪਿੰਡ ਵਾਲਿਆਂ ਨੇ ਪੰਚਾਇਤ ਕਰਕੇ ਉਸ ਨੂੰ ਬਰਾਦਰੀ ਤੋਂ ਬਰਤਰਫ ਹੀ ਨਹੀਂ ਕੀਤਾ ਉਸ ਦੀ ਜਾਇਦਾਦ ਤੇ ਜ਼ਮੀਨ ਵੀ ਜਬਤ ਕਰ ਲਈ। ਪਿੰਡ ਵਿਚੋਂ ਵੀ ਕੱਢ ਦਿਤਾ ਤੇ ਕਿਹਾ ਭਾਈ! ਹੁਣ ਤੂੰ ਕਿਤੇ ਹੋਰ ਜਾ ਕੇ ਰਹਿ ਕਿਉਂਕਿ ਤੇਰੇ ਕਾਰਨ ਪੀਰ ਨਰਾਜ਼ ਹੋ ਗਿਆ ਹੈ ਤੇਰੇ ਤਾਂ ਸਾਰੇ ਡੰਗਰ ਮਰ ਹੀ ਗਏ ਹਨ ਸਾਡੇ ਵੀ ਪਸ਼ੂ ਮਰਨੇ ਸ਼ੁਰੂ ਹੋ ਗਏ ਹਨ। ਘਰ ਵਿਚ ਨੇਕ ਪਤਨੀ ਤੇ ਆਗਿਆਕਾਰ ਸਪੁੱਤਰੀ ਹੈ, ਸਾਰੀ ਗੱਲ ਦੱਸੀ ਕਿ ਪਿੰਡ ਵਿਚ ਕੋਈ ਵੀ ਹਾਅ ਦਾ ਨਾਅਰਾ ਮਾਰਨ ਵਾਲਾ ਨਹੀਂ ਰਿਹਾ, ਜਿੰਨ੍ਹਾਂ ਦੀ ਮੈਂ ਅਨੇਕਾਂ ਕੰਮਾਂ ਕਾਰਜਾਂ ਵਿਚ ਸਹਾਇਤਾ ਕਰਦਾ ਰਿਹਾ ਹਾਂ, ਉਹ ਵੀ ਮੂੰਹ ਫੇਰ ਗਏ ਹਨ ਪਰ ਭਾਈ ਮੰਝ ਨੇ ਕਿਸੇ ਤੇ ਕੋਈ ਗਿਲਾ ਸ਼ਿਕਵਾ ਨਹੀਂ ਕੀਤਾ ਸਗੋਂ ਇਹ ਸਮਝ ਕੇ ਪਰਵਾਨ ਕਰ ਲਿਆ ਕਿ ਮੇਰੇ ਗੁਰੂ ਦੀ ਇਹੋ ਮਰਜ਼ੀ ਹੈ। ਆਪਸ ਵਿਚ ਫੈਸਲਾ ਕੀਤਾ ਕਿ ਬੇਹਤਰ ਇਹੋ ਹੈ ਕਿ ਇਥੋਂ ਕਿਤੇ ਹੋਰ ਜਾ ਕੇ ਰਹਿਣ ਦਾ ਵਸੇਬਾ ਬਣਾਇਆ ਜਾਵੇ। ਪਤਨੀ ਤੇ ਸਪੁਤਰੀ ਨੇ ਹੌਂਸਲਾ ਦਿਤਾ ਤੇ ਕਿਹਾ ਕਿ ਜੇ ਗੁਰੂ ਦੀ ਖੁਸ਼ੀ ਇਸੇ ਵਿਚ ਹੈ ਤਾਂ ਅਸੀਂ ਰਲ ਕੇ ਇਸ ਪ੍ਰਸਥਿਤੀ ਨੂੰ ਖਿੜੇ ਮੱਥੇ ਪ੍ਰਵਾਨ ਕਰੀਏ।

ਇਲਾਕੇ ਤੋਂ ਦੂਰ ਕਿਸੇ ਪਿੰਡ ਦੇ ਬਾਹਰ ਛੱਪਰ ਪਾ ਕੇ ਰਹਿਣ ਲਗ ਪਏ। ਭਾਈ ਮੰਝ ਜੋ ਕਿ ਕਈ ਦਰਜਨ ਪਿੰਡਾਂ ਦਾ ਚੌਧਰੀ ਸੀ ਅੱਜ ਆਪਣਾ ਖੁਰਪਾ ਤੇ ਤੰਗੜ ਲੈ ਕੇ ਬਾਹਰੋਂ ਘਾਹ ਲਿਆਉਂਦਾ ਹੈ ਤੇ ਉਸ ਨੂੰ ਸ਼ਹਿਰ ਵਿਚ ਵੇਚ ਕੇ ਅੰਨ ਪਾਣੀ ਦਾ ਇੰਤਜ਼ਾਮ ਕਰਦਾ ਹੈ ਤੇ ਭਾਈ ਮੰਝ ਦੇ ਹਰ ਵੇਲੇ ਨਾਮ ਦੀ ਰੋਅ ਚਲਦੀ ਰਹਿੰਦੀ ਹੈ ਤੇ ਹਰ ਵੇਲੇ ਗੁਰੂ ਦੇ ਪਿਆਰ ਵਿਚ ਭਿਜਿਆ ਰਹਿੰਦਾ ਹੈ ਅਤੇ ਇਨ੍ਹਾਂ ਅਣਸੁਖਾਵੇ ਹਾਲਾਤ ਨੂੰ ਦੇਖ ਕੇ ਕਦੀ ਵੀ ਮਨ ਵਿਚ ਝੋਰਾ ਨਹੀਂ ਕਰਦਾ ਤੇ ਨਾ ਹੀ ਕਦੀ ਉਸ ਦੇ ਮਨ ਵਿਚ ਇਹ ਆਇਆ ਕਿ ਮੈਂ ਕੀ ਤੋਂ ਕੀ ਬਣ ਗਿਆ ਕਿਉਂਕਿ ਅੰਦਰੋਂ ਗੁਰੂ ਦੇ ਪਿਆਰ ਵਿਚ ਜੁੜਿਆ ਹੋਇਆ ਸੀ।

ਗੁਰੂ ਮਹਾਰਾਜ ਜੀ ਵੀ ਅੰਦਰੋਂ ਅੰਦਰ ਗੁਰਸਿੱਖ ਨੂੰ ਧਿਆਨ ਵਿਚ ਰੱਖ ਰਹੇ ਸਨ ਕਿ ਇਸ ਦੀ ਆਤਮ ਸਥਿਤੀ ਕਿਸ ਤਰ੍ਹਾਂ ਦੀ ਹੈ। ਮਹਾਰਾਜ ਨੇ ਦੇਖਿਆ ਕਿ ਇੰਨਾਂ ਕੁਝ ਹੋਣ ਦੇ ਬਾਵਜੂਦ ਇਹ ਅਡੋਲ ਹੈ ਤੇ ਇਸ ਦਾ ਸਿਦਕ ਤੇ ਭਰੋਸਾ ਬਰਕਰਾਰ ਹੈ ਤਾਂ ਇਸ ਨੂੰ ਪਰਖਣ ਲਈ ਕਸਵੱਟੀ ਹੋਰ ਕਸ ਦਿਤੀ। ਇਕ ਸਿੱਖ ਨੂੰ ਹੁਕਮਨਾਮਾ ਦੇ ਕੇ ਭਾਈ ਮੰਝ ਕੋਲ ਭੇਜਿਆ ਅਤੇ ਨਾਲ ਇਹ ਕਿਹਾ ਕਿ ਉਸ ਨੂੰ ਇਹ ਹੁਕਮਨਾਮਾ ਵੀਹ ਰੁਪਏ ਲੈ ਕੇ ਦੇਣਾ ਹੈ ਅਤੇ ਕਹਿਣਾ ਕਿ ਇਹ ਮੇਰਾ ਹੁਕਮ ਹੈ। ਸਿੱਖ ਭਾਈ ਮੰਝ ਪਾਸ ਪਹੁੰਚ ਗਿਆ ਅਤੇ ਆਪਣਾ ਪਰੀਚੈ ਦਿਤਾ ਕਿ ਮੈਨੂੰ ਗੁਰੂ ਮਹਾਰਾਜ ਨੇ ਆਪ ਦੇ ਪਾਸ ਭੇਜਿਆ ਹੈ, ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਬਾਰ-ਬਾਰ ਉਸ ਸਿੱਖ ਦੇ ਚਰਨਾਂ ਤੇ ਨਮਸ਼ਕਾਰ ਕਰਦਾ ਹੈ ਕਿ ਤੂੰ ਧੰਨ ਹੈ ਜਿਸ ਨੇ ਮੇਰੇ ਸਤਿਗੁਰੂ ਦੇ ਦਰਸ਼ਨ ਕੀਤੇ ਹਨ ਅਤੇ ਪੁਛਿਆ ਕਿ ਗੁਰੂ ਮਹਾਰਾਜ ਜੀ ਦਾ ਮੇਰੇ ਵਾਸਤੇ ਕੀ ਹੁਕਮ ਹੈ। ਸਿੱਖ ਕਹਿਣ ਲੱਗਾ ਇਹ ਹੁਕਮਨਾਮਾ ਆਪ ਲਈ ਭੇਜਿਆ ਹੈ ਪਰ ਇਸ ਦੀ ਭੇਟਾ ਵੀਹ ਰੁਪਏ ਹੈ ਤੇ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਪਹਿਲਾਂ ਆਪ ਇਸ ਦੀ ਭੇਟਾ ਦੇਵੋ ਫੇਰ ਹੀ ਆਪ ਨੂੰ ਦਿਆਂਗਾ। ਕਹਿਣ ਲੱਗੇ ਠੀਕ ਹੈ ਆਪ ਰੁਕੋ ਅਤੇ ਜਲ ਪਾਣੀ ਛਕੋ। ਘਰਵਾਲੀ ਨਾਲ ਸਲਾਹ ਕੀਤੀ ਕਿ ਘਰ ਤਾਂ ਆਪਣੇ ਖਾਣ ਨੂੰ ਵੀ ਮੁਸ਼ਕਲ ਪਈ ਹੋਈ ਹੈ ਹੁਣ ਇਹ ਵੀਹ ਰੁਪਏ ਦਾ ਇੰਤਜ਼ਾਮ ਕਿਸ ਤਰ੍ਹਾਂ ਕਰੀਏ। ਘਰੋਂ ਬੀਬੀ ਬਹੁਤ ਸਮਝਦਾਰ ਸੀ ਕਹਿਣ ਲੱਗੀ ਜਿਸ ਸੇਠਾਣੀ ਦੇ ਮੈਂ ਕੰਮ ਕਰਦੀ ਹਾਂ ਆਪ ਉਨ੍ਹਾਂ ਤੋਂ ਵੀਹ ਰੁਪਏ ਲੈ ਕੇ ਮੈਨੂੰ ਬੰਧੂਆਂ ਮਜ਼ਦੂਰ ਬਣਾ ਦਿਓ। ਜਦ ਤਕ ਇਹ ਪੈਸੇ ਪੂਰੇ ਨਹੀਂ ਹੁੰਦੇ ਮੈਂ ਉਥੇ ਹੀ ਕੰਮ ਕਰਕੇ ਗੁਜ਼ਾਰਾ ਕਰਾਂਗੀ



Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਉਸ ਪਰਿਵਾਰ ਦਾ ਆਚਾਰ ਵਿਹਾਰ ਬਹੁਤ ਚੰਗਾ ਹੈ। ਗੁਰੂ ਦੀ ਖੁਸ਼ੀ ਇਸੇ ਵਿਚ ਹੈ ਕਿ ਆਪਾਂ ਹੁਕਮਨਾਮਾ ਲੈ ਲਈਏ। ਇਸੇ ਤਰ੍ਹਾਂ ਹੋਇਆ ਤੇ ਗੁਰਸਿੱਖ ਵਾਪਸ ਪਹੁੰਚ ਗਿਆ ਤੇ ਗੁਰਸਿੱਖ ਬਾਰੇ ਸਾਰਾ ਕੁਝ ਦਸਿਆ।

ਥੋੜ੍ਹੇ ਦਿਨਾਂ ਬਾਅਦ ਗੁਰੂ ਮਹਾਰਾਜ ਜੀ ਨੇ ਉਸੇ ਗੁਰਸਿੱਖ ਦੁਆਰਾ ਦੂਜਾ ਹੁਕਮਨਾਮਾ ਭੇਜ ਦਿਤਾ ਤੇ ਫੇਰ ਇਸੇ ਤਰ੍ਹਾਂ ਤਾੜਨਾ ਕੀਤੀ ਕਿ ਇਹ ਵੀ ਵੀਹ ਰੁਪਏ ਲਏ ਬਗੈਰ ਗੁਰਸਿੱਖ ਨੂੰ ਨਹੀਂ ਦੇਣਾ। ਖਿੜੇ ਮੱਥੇ ਗੁਰਸਿੱਖ ਦੀ ਆਉ ਭਗਤ ਕੀਤੀ ਤੇ ਜਦੋਂ ਲੜਕੀ ਨੇ ਐਨੀ ਗੱਲ ਸੁਣੀ ਉਸ ਨੇ ਵੀ ਪਿਤਾ ਨੂੰ ਮਾਯੂਸ ਨਹੀਂ ਹੋਣ ਦਿਤਾ ਤੇ ਖੁਸ਼ੀ-ਖੁਸ਼ੀ ਕਿਹਾ ਪਿਤਾ ਜੀ! ਮੈਨੂੰ ਵੀ ਉਸੇ ਪਰਿਵਾਰ ਵਿਚ ਬੰਧੂਆਂ ਮਜ਼ਦੂਰ ਬਣਾ ਦਿਓ ਤੇ ਵੀਹ ਰੁਪਏ ਲੈ ਕੇ ਗੁਰਸਿੱਖ ਨੂੰ ਦੇ ਦਿਓ ਤਾਂ ਕਿ ਗੁਰੂ ਦੀ ਆਗਿਆ ਮੰਨਣ ਵਿਚ ਕੋਈ ਵਿਘਨ ਨਾ ਪਵੇ, ਇਸੇ ਤਰ੍ਹਾਂ ਹੋਇਆ ਤੇ ਗੁਰਸਿੱਖ ਨੂੰ ਵੀਹ ਰੁਪਏ ਦੇ ਕੇ ਖੁਸ਼ੀ-ਖੁਸ਼ੀ ਵਿਦਾ ਕੀਤਾ ਤੇ ਮਨ ਵਿਚ ਸੋਚਿਆ ਕਿ ਧੰਨ ਸਤਿਗੁਰੂ ਹਨ ਜਿਨ੍ਹਾਂ ਨੂੰ ਮੇਰਾ ਐਨਾ ਖਿਆਲ ਹੈ ਅਤੇ ਮੇਰੇ ਵਰਗੇ ਸਿੱਖ ਨੂੰ ਯਾਦ ਰੱਖ ਰਹੇ ਹਨ।

ਹੁਣ ਗੁਰਸਿੱਖ ਦੀ ਹਾਲਤ ਜੇ ਦੁਨਿਆਵੀ ਤੌਰ ਤੇ ਦੇਖੀਏ ਤਾਂ ਹਿਰਦਾ ਦਰੱਵ ਜਾਂਦਾ ਹੈ ਕਿ ਘਰ ਬਾਰ ਖੁਸ ਗਿਆ, ਪੱਲੇ ਕੁਝ ਹੈ ਨਹੀਂ, ਮਿਹਨਤ ਮਜ਼ਦੂਰੀ ਕਰਕੇ ਗੁਜ਼ਾਰਾ ਕਰਨਾ ਪੈ ਰਿਹਾ ਹੈ ਤੇ ਪਰਿਵਾਰ ਖੇਰੂੰ ਖੇਰੂੰ ਹੋ ਗਿਆ ਪਰ ਫੇਰ ਵੀ ਦਿਲ ਤੇ ਕੋਈ ਗੱਲ ਨਹੀਂ ਲਿਆ ਰਿਹਾ ਤੇ ਭਾਣੇ ਵਿਚ ਹੈ ਤੇ ਦੁਖ ਸੁਖ ਨੂੰ ਸਮ ਕਰਕੇ ਗੁਰੂ ਦੀ ਯਾਦ ਵਿਚ ਸੇਵਾ ਤੇ ਸਿਮਰਨ ਕਰਕੇ ਬਗੈਰ ਕਿਸੇ ਸ਼ਿਕਵੇ ਤੋਂ, ਆਹਾਂ ਤੋਂ ਹਾਵਿਆਂ ਤੋਂ ਦਿਨ ਕੱਟੀ ਕਰ ਰਿਹਾ ਹੈ ਅਤੇ ਸ੍ਵਾਸ ਸ੍ਵਾਸ ਗੁਰੂ ਦੇ ਸ਼ੁਕਰ ਵਿਚ ਬਤੀਤ ਕਰ ਰਿਹਾ ਹੈ।

ਗੁਰਸਿੱਖੀ ਦੀ ਐਸੀ ਘਾਲਣਾ ਨੂੰ ਦੇਖਦੇ ਹੋਏ ਭਾਈ ਗੁਰਦਾਸ ਜੀ ਦੇ ਇਹ ਬਚਨ ਚੇਤੇ ਆ ਜਾਂਦੇ ਹਨ, ਕਿਵੇਂ ਗੁਰਸਿੱਖ ਘਾਲ ਕਮਾਈ ਕਰਕੇ ਇਨ੍ਹਾਂ ਨੂੰ ਸਾਕਾਰ ਕਰ ਰਿਹਾ ਹੈ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***

***ਭਾਈ ਗੁਰਦਾਸ ਜੀ, ਵਾਰ 3/18***

ਗੁਰੂ ਮਹਾਰਾਜ ਜੀ ਨੇ ਉਸ ਹੁਕਮਨਾਮੇ ਵਿਚ ਹੁਕਮ ਦਿਤਾ ਸੀ ਕਿ ਭਾਈ ਮੰਝ! ਹੁਕਮਨਾਮਾ ਪੜ੍ਹਦੇ ਸਾਰ ਜੋ ਵੀ ਕਦਮ ਪੁੱਟਣਾ ਹੈ ਉਹ ਸਾਡੇ ਵਲ ਨੂੰ ਪੁਟਣਾ ਹੈ ਭਾਵੇਂ ਤੂੰ ਕਿੰਨਾ ਵੀ ਜ਼ਰੂਰੀ ਕੰਮ ਕਰ ਰਿਹਾ ਹੋਵੇਂ ਤੁਰੰਤ ਸਾਡੇ ਪਾਸ ਅੰਮ੍ਰਿਤਸਰ ਪਹੁੰਚ ਜਾਵੋ। ਭਾਈ ਮੰਝ ਗੁਰੂ ਦਰਬਾਰ ਵਿਚ ਪਹੁੰਚ ਕੇ ਮਹਾਰਾਜ ਨੂੰ ਨਮਸ਼ਕਾਰ ਕਰਦਾ ਹੈ ਤੇ ਮਹਾਰਾਜ ਨੇ ਦ੍ਰਿਸ਼ਟੀ ਹੀ ਨਾ ਕੀਤੀ। ਭਾਈ ਮੰਞ ਜੀ ਸੇਵਾ ਵਿਚ ਜੁਟ ਗਏ।

ਇਥੇ ਹੁਣ ਦੋ ਤਿੰਨ ਜ਼ਰੂਰੀ ਗੱਲਾਂ ਵਿਚਾਰਨਯੋਗ ਹਨ ਕਿ ਪਹਿਲਾਂ ਤਾਂ ਇਹ ਹੈ ਕਿ ਗੁਰੂ ਮਹਾਰਾਜ ਨੇ ਉਸ ਦੀ ਕੋਈ ਖਾਸ ਪੁਛਗਿੱਛ ਨਹੀਂ ਕੀਤੀ ਤੇ ਨਾ ਹੀ ਪੁਛਿਆ ਤੇ ਪਰਿਵਾਰ ਤੇ ਘਰ ਬਾਰ ਜ਼ਮੀਨ, ਜਾਇਦਾਦ ਦਾ ਕੀ ਬਣਿਆ? ਜੇ ਕੋਈ ਸਾਡੇ ਵਰਗਾ ਹੁੰਦਾ ਤਾਂ ਉਸ ਨੇ ਮਨ ਵਿਚ ਇਹ ਆਸ ਰੱਖਣੀ ਸੀ ਕਿ ਮੈਨੂੰ ਗੁਰੂ ਜੀ ਸਾਬਾਸ਼ ਦੇਣਗੇ ਕਿ ਤੂੰ ਡੋਲਿਆ ਨਹੀਂ। ਇਥੇ ਦੋਵੇਂ ਪਾਸੇ ਇਕੋ ਹਾਲਤ ਹੈ। ਗੁਰੂ ਮਹਾਰਾਜ ਸਭ ਕੁਝ ਜਾਣੀ ਜਾਣ ਹਨ ਪਰ ਫੇਰ ਵੀ ਹੋਰ ਕਸਵੱਟੀ ਲਾਈ ਜਾ ਰਹੇ ਹਨ ਅਤੇ ਗੁਰਸਿੱਖ ਦੇ ਮਨ ਵਿਚ ਕੋਈ ਵਾਹਵਾ ਦੀ ਆਸ ਮੁਰਾਦ ਨਹੀਂ ਹੈ ਸਗੋਂ ਕੁਰਬਾਨੀ ਹੀ ਕੁਰਬਾਨੀ ਹੈ। ਗੁਰੂ ਦੇ ਹੁਕਮ ਦੀ ਪਾਲਣਾ ਬਗੈਰ ਗਿਲੇ ਸ਼ਿਕਵੇ ਤੋਂ ਹੀ ਨਹੀਂ, ਸਗੋਂ ਖੁਸ਼ੀ-ਖੁਸ਼ੀ ਬਗੈਰ ਮੱਥੇ ਵਟ ਪਾਇਆਂ ਨਿਭਾ ਰਹੇ ਹਨ।

ਦੂਜਾ ਤਿਆਗ, ਬੈਰਾਗ ਤੇ ਨਾਮ ਸਿਮਰਨ ਵਿਚ ਗੁਰਸਿੱਖ ਪਰਪੱਕ ਹੋ ਗਿਆ ਤੇ ਹੁਣ ਮਹਾਰਾਜ ਜੀ ਉਸ ਨੂੰ ਸੇਵਾ ਦਾ ਸਬਕ ਪੱਕਾ ਕਰਵਾ ਰਹੇ ਹਨ ਕਿਉਂਕਿ ਗੁਰੂ ਘਰ ਵਿਚ ਸੇਵਾ ਤੇ ਸਿਮਰਨ ਦੋਵੇਂ ਇਕੱਠੇ ਪ੍ਰਧਾਨਤਾ ਰਖਦੇ ਹਨ। ਗੁਰੂ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਭਾਈ ਮੰਝ ਜੀ ਲੰਗਰ ਦੇ ਸ੍ਰੀ ਮਾਨ ਜੀ ਪਾਸੋਂ ਸੇਵਾ ਬਾਰੇ ਪੁਛਦੇ ਹਨ ਤਾਂ ਉਨ੍ਹਾਂ ਨੇ ਕਿਹਾ ਕਿ ਲੰਗਰ ਦੇ ਬਰਤਣ ਮਾਂਜਣੇ, ਝਾੜੂ ਦੀ ਸੇਵਾ ਤੇ ਲੰਗਰ ਦੀਆਂ ਲੱਕੜਾਂ ਦੀ ਸੇਵਾ ਕਰਿਆ ਕਰੋ। ਆਪ ਲੱਕ ਬੰਨ੍ਹ ਕੇ ਦਿਨ ਰਾਤ ਸੇਵਾ ਵਿਚ ਲਗ ਕੇ ਮਾਨੋ ਸੇਵਾ ਦਾ ਹੀ ਰੂਪ ਬਣ ਜਾਂਦੇ ਹਨ, ਦਿਨ ਰਾਤ ਸੇਵਾ ਕਰਦੇ ਹਨ। ਇਕ ਦਿਨ ਗੁਰੂ ਮਹਾਰਾਜ ਨੇ ਲੰਗਰ ਦੇ ਸ੍ਰੀ ਮਾਨ ਜੀ ਨੂੰ ਪੁਛਿਆ ਕਿ ਇਕ ਮੰਞ ਨਾਮ ਦਾ ਸਿੱਖ ਆਇਆ ਸੀ ਉਹ ਕੀ ਕਰਦਾ ਹੁੰਦਾ ਹੈ, ਉਤਰ ਵਿਚ ਬੇਨਤੀ ਕੀਤੀ ਕਿ ਮਹਾਰਾਜ ਜੀ! ਉਹ ਤਾਂ ਅਣਥੱਕ ਸੇਵਕ ਹਨ, ਦਿਨ ਰਾਤ ਸੇਵਾ ਕਰਦੇ ਹਨ, ਲੰਗਰ ਵਿਚ ਬਰਤਨਾਂ ਤੋਂ ਲੈ ਕੇ ਝਾੜੂ, ਪਾਣੀ, ਲੱਕੜਾਂ ਆਦਿ ਸਾਰੀ ਸੇਵਾ ਬਾਖੂਬੀ ਨਿਭਾ ਰਹੇ ਹਨ। ਗੁਰੂ ਮਹਾਰਾਜ ਪੁਛਦੇ ਹਨ ਕਿ ਉਹ ਪ੍ਰਸ਼ਾਦਾ ਕਿਥੋਂ ਛਕਦੇ ਹਨ ਤਾਂ ਉਨ੍ਹਾਂ ਦਸਿਆ ਕਿ ਪ੍ਰਸ਼ਾਦਾ ਤਾਂ ਲੰਗਰ ਵਿਚੋਂ ਹੀ ਛਕਦੇ ਹਨ। ਮਹਾਰਾਜ ਨੇ ਫੁਰਮਾਇਆ ਕਿ ਫੇਰ ਸੇਵਾ ਕਾਹਦੀ ਹੈ, ਉਹ ਤਾਂ ਆਪਣਾ ਭਾੜਾ ਹੀ ਛਕਦੇ ਹਨ, ਸੇਵਾ ਕਾਹਦੀ। ਉਸ ਵਾਸਤੇ ਹੁਕਮ ਹੈ ਕਿ ਪ੍ਰਸ਼ਾਦਾ ਲੰਗਰ ਵਿਚੋਂ ਨਾ ਛਕਿਆ ਕਰੇ। ਐਥੇ ਗੁਰਸਿੱਖਾਂ ਵਾਸਤੇ ਗੁਰੂ ਮਹਾਰਾਜ ਜੀ ਨੇ ਗੁਰਸਿੱਖਾਂ ਨੂੰ ਪੂਜਾ ਦਾ ਧਾਨ ਖਾਣ ਤੋਂ ਵਿਵਰਜਿਤ ਕੀਤਾ ਹੈ ਕਿਉਂਕਿ ਇਹ ਨਾਮ ਜਪਣ ਵਾਲਿਆਂ ਲਈ ਬਹੁਤ ਵੱਡੀ ਰੁਕਾਵਟ ਹੈ ਜਿਵੇਂ ਕਿ ਬਾਬਾ ਜੀ ਆਪ ਹੀ ਬਚਨ ਕਰਿਆ ਕਰਦੇ ਹਨ-

***ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨ॥***
***ਮਤ ਮਾਰਨ ਹੱਡ ਗਾਲ੍ਹਣ ਭਜਨ ਕਰਨ ਨਾ ਦੇਣ॥***

ਅਤੇ ਭਾਈ ਗੁਰਦਾਸ ਜੀ ਵੀ ਇਸ ਬਾਰੇ ਫੁਰਮਾਨ ਕਰਦੇ ਹਨ ਕਿ -



Sri Satguru Jagjit Singh Ji eLibrary NamdhariElibrary@gmail.com

***ਇਉ ਧਰਮਸਾਲਾ ਦੀ ਝਾਕ ਹੈ ਵਿਹੁ ਖੰਡੂ ਪਾਜੈ॥***

ਹੁਣ ਜਿਸ ਵੇਲੇ ਪੰਗਤਾਂ ਲਗ ਗਈਆਂ, ਸੰਗਤਾਂ ਨੂੰ ਸ੍ਰੀ ਮਾਨ ਜੀ ਬਰਤਨ, ਕੌਲੀਆਂ ਆਦਿ ਦੇ ਰਹੇ ਹਨ ਤੇ ਜਦੋਂ ਇਨ੍ਹਾਂ ਪਾਸ ਆਏ ਤਾਂ ਅੱਗੇ ਲੰਘ ਗਏ। ਇਨ੍ਹਾਂ ਨੇ ਕੁਝ ਨਹੀਂ ਕਿਹਾ ਕਿ ਚਲੋ ਅੱਜ ਹੱਥਾਂ ਉਤੇ ਪ੍ਰਸ਼ਾਦਾ ਲੈ ਕੇ ਛਕ ਲਵਾਂਗੇ। ਫੇਰ ਜਦੋਂ ਪ੍ਰਸ਼ਾਦਾ ਵਰਤਾਉਣਾ ਸ਼ੁਰੂ ਕੀਤਾ ਤੇ ਇਨ੍ਹਾਂ ਪਾਸ ਆਏ ਤਾਂ ਇਨ੍ਹਾਂ ਨੇ ਪ੍ਰਸ਼ਾਦ ਲੈਣ ਲਈ ਅੱਗੇ ਹੱਥ ਕੀਤਾ ਤਾਂ ਸ੍ਰੀ ਮਾਨ ਨੇ ਪ੍ਰਸ਼ਾਦਾ ਨਾ ਦਿਤਾ ਤੇ ਭਾਈ ਮੰਝ ਨੂੰ ਕਿਹਾ ਭਾਈ! ਤੇਰੇ ਵਾਸਤੇ ਗੁਰੂ ਮਹਾਰਾਜ ਦਾ ਹੁਕਮ ਹੈ ਕਿ ਤੁਸੀਂ ਲੰਗਰ ਵਿਚੋਂ ਪ੍ਰਸ਼ਾਦਾ ਨਾ ਛਕਿਆ ਕਰੋ।

ਪਿਆਰੇ ਜੀ! ਜੇਕਰ ਇਹ ਸਥਿਤੀ ਅਸੀਂ ਆਪਣੇ ਤੇ ਨਿਭਾਈਏ ਤਾਂ ਫਿਰ ਪਤਾ ਲਗਦੈ ਕਿ ਜੇਕਰ ਸਾਨੂੰ ਕੋਈ ਲੰਗਰ ਵਿਚੋਂ ਇਸ ਤਰ੍ਹਾਂ ਉਠਾ ਦੇਵੇ ਤਾਂ ਕੀ ਕੁਝ ਭਾਵ ਅਸੀਂ ਪ੍ਰਗਟ ਕਰਾਂਗੇ ਤੇ ਕੀ ਬੁਰਾ ਭਲਾ ਕਹਾਂਗੇ। ਪਰ ਧੰਨ ਹਨ ਭਾਈ ਮੰਝ ਜਿਨ੍ਹਾਂ ਨੇ ਉਫ ਨਹੀਂ ਕੀਤੀ, ਉਥੇ ਹੀ ਨਮਸ਼ਕਾਰ ਕਰਕੇ ਉਠ ਗਏ। ਸਰੀਰ ਦੀ ਪਰਵਾਹ ਨਹੀਂ ਕੀਤੀ। ਸਾਰੇ ਦਿਨ ਤੋਂ ਸੇਵਾ ਕਰ ਰਹੇ ਸਨ ਪਰ ਫੇਰ ਉਸੇ ਤਰ੍ਹਾਂ ਸੇਵਾ ਵਿਚ ਲਗ ਗਏ। ਭੁੱਖੇ ਪੇਟ ਪਏ ਰਹੇ ਤੇ ਸੇਵਾ ਤੋਂ ਮੂੰਹ ਨਹੀਂ ਮੋੜਿਆ ਸਗੋਂ ਗੁਰੂ ਦਾ ਸ਼ੁਕਰਾਨਾ ਕਰ ਰਹੇ ਹਨ ਕਿ ਗੁਰੂ ਮਹਾਰਾਜ ਮੈਨੂੰ ਨਿਮਾਣੇ ਨੂੰ ਯਾਦ ਰਖ ਰਹੇ ਹਨ ਤੇ ਮੈਂ ਉਨ੍ਹਾਂ ਦੇ ਧਿਆਨ ਵਿਚ ਹਾਂ ਤੇ ਇਸ ਖੁਸ਼ੀ ਨੂੰ ਕਣ-ਕਣ ਵਿਚ ਵਸਾ ਕੇ ਨਵਾਂ ਨਰੋਆ ਮਹਿਸੂਸ ਕਰ ਰਹੇ ਹਨ। ਸਮਾਂ ਲੰਘਦਾ ਗਿਆ, ਹੁਣ ਭਾਈ ਮੰਝ ਜੀ ਨੇ ਦੋ ਭਰੇ ਲਕੜਾਂ ਦੇ ਲਿਆਉਣੇ ਸ਼ੁਰੂ ਕਰ ਦਿਤੇ। ਇਕ ਭਰਾ ਲੰਗਰ ਵਾਸਤੇ ਤੇ ਇਕ ਬਜ਼ਾਰ ਵਿਚ ਵੇਚ ਕੇ ਕੁਝ ਥੋੜ੍ਹਾ ਬਹੁਤ ਛਕ ਛਕਾ ਕੇ ਗੁਜ਼ਾਰਾ ਕਰ ਲੈਂਦੇ ਹਨ ਤੇ ਇਸ ਤਰ੍ਹਾਂ ਕਰਦਿਆਂ ਇਨ੍ਹਾਂ ਦਾ ਸਰੀਰ ਵੀ ਮਾੜਾ ਹੋ ਗਿਆ, ਕਮਜ਼ੋਰ ਹੋ ਗਿਆ।

ਉਧਰ ਗੁਰੂ ਮਹਾਰਾਜ ਜਾਣੀ ਜਾਣ ਸਤਿਗੁਰੂ ਜੋ ਕਿ ਸਾਰੀ ਸਥਿਤੀ ਤੋਂ ਵਾਕਫ ਹੀ ਨਹੀਂ ਸਗੋਂ ਸਿੱਖ ਨੂੰ ਪਰਖਣ ਲਈ ਆਪ ਹੀ ਖੇਲ੍ਹ ਵਰਤਾ ਰਹੇ ਹਨ। ਅੰਦਰੋਂ ਅੰਦਰੀ ਦੇਖ ਲਿਆ ਕਿ ਹੁਣ ਤਕ ਗੁਰਸਿੱਖ ਦੀ ਆਤਮਕ ਸਥਿਤੀ ਵਿਚ ਕੋਈ ਪਰਿਵਰਤਨ ਨਹੀਂ ਆਇਆ ਤੇ ਇਸ ਦਾ ਨਿਸ਼ਚਾ ਪਰਬਤ ਵਾਂਗ ਅਡੋਲ ਹੈ। ਹੁਣ ਮਹਾਰਾਜ ਜੀ ਨੇ ਸਿੱਖ ਦਾ ਆਖਰੀ ਇਮਤਿਹਾਨ ਲੈਣਾ ਚਾਹਿਆ। ਇਕ ਦਿਨ ਭਾਈ ਮੰਝ ਜੀ ਜੰਗਲ ਵਿਚੋਂ ਲੱਕੜਾਂ ਦਾ ਭਰਾ ਚੁੱਕ ਕੇ ਆ ਰਹੇ ਸਨ ਤਾਂ ਕਾਲੀ ਬੋਲੀ ਹਨ੍ਹੇਰੀ ਚਲ ਪਈ, ਕੰਕਰ ਤੇ ਮਿੱਟੀ ਅੱਖਾਂ ਵਿਚ ਪੈ ਕੇ ਰਸਤਾ ਦਿਸਣਾ ਬੰਦ ਹੋ ਗਿਆ। ਰਸਤੇ ਵਿਚ ਇਕ ਅੰਨ੍ਹਾ ਖੂਹ ਸੀ ਤੇ ਭਾਈ ਮੰਝ ਸਣੇ ਲੱਕੜਾਂ ਉਸ ਖੂਹ ਵਿਚ ਧੜੰਮ ਕਰਕੇ ਡਿੱਗ ਪਏ, ਪਾਣੀ ਗਲ-ਗਲ ਤੀਕਰ ਸੀ ਮੁਸ਼ਕਲ ਨਾਲ ਸੰਭਲੇ ਤੇ ਲੱਕੜਾਂ ਦੇ ਭਰੇ ਨੂੰ ਹੱਥਾਂ ਨਾਲ ਉਪਰ ਚੁਕ ਲਿਆ ਤਾਂ ਕਿ ਲੱਕੜਾਂ ਗਿੱਲੀਆਂ ਨਾ ਹੋ ਜਾਣ। ਉਧਰ ਗੁਰੂ ਮਹਾਰਾਜ ਜੀ ਨੇ ਅਚਾਨਕ ਤਖਤ ਤੋਂ ਉਠ ਕੇ ਕਿਹਾ ਕਿ ਭਾਈ! ਰੱਸੇ ਲੈ ਕੇ ਮੇਰੇ ਨਾਲ ਆਵੋ, ਇਕ ਦਮ ਨੰਗੇ ਪੈਰੀਂ ਭੱਜੇ ਜਾ ਰਹੇ ਹਨ ਮਗਰ ਸੇਵਾਦਾਰ ਘੋੜਾ ਲਈ ਆ ਰਿਹਾ ਹੈ ਤੇ ਇਕ ਸੇਵਾਦਾਰ ਜੋੜਾ ਲਈ ਆ ਰਿਹਾ ਹੈ ਪਰ ਕਿਸੇ ਨੂੰ ਡਾਹ ਨਹੀਂ ਦੇ ਰਹੇ, ਬੜੀ ਤੇਜ਼ੀ ਨਾਲ ਜਾ ਰਹੇ ਹਨ ਤੇ ਸੰਗਤ ਵੀ ਪਿਛੇ ਪਿਛੇ ਆ ਰਹੀ ਹੈ ਤੇ ਹੈਰਾਨ ਹੈ ਕਿ ਅੱਜ ਅਚਾਨਕ ਗੁਰੂ ਮਹਾਰਾਜ ਜੀ ਨੂੰ ਕੀ ਹੋ ਗਿਆ। ਕਿਸ ਨੂੰ ਤਾਰਨ ਤੇ ਬਚਾਉਣ ਵਾਸਤੇ ਐਨੀ ਕਾਹਲੀ ਕਾਹਲੀ ਕਦਮ ਪੁੱਟ ਰਹੇ ਹਨ। ਜੰਗਲ ਵਿਚ ਪਹੁੰਚ ਕੇ ਖੂਹ ਤੋਂ ਥੋੜ੍ਹੀ ਵਿਥ ਤੇ ਖਲੋ ਗਏ ਤੇ ਅੰਦਰੋਂ ਆਵਾਜ਼ ਆ ਰਹੀ ਹੈ 'ਸਤਿਨਾਮ ਵਾਹਿਗੁਰੂ...........।" ਮਹਾਰਾਜ ਜੀ ਨੇ ਇਕ ਸਿੱਖ ਨੂੰ ਕਿਹਾ ਭਾਈ ਪੁਛੋ ਕੌਣ ਹੈ? ਪੁਛਿਆ, ਕਹਿਣ ਲੱਗੇ ਮੈਂ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਕ ਅਦਨਾ ਜਿਹਾ ਸਿੱਖ ਹਾਂ। ਗੁਰ ਕੇ ਲੰਗਰ ਦੀਆਂ ਲੱਕੜਾਂ ਲੈ ਕੇ ਆ ਰਿਹਾ ਸੀ ਤੇ ਅਚਾਨਕ ਹਨ੍ਹੇਰੀ ਆਉਣ ਕਰਕੇ ਮੈਨੂੰ ਕੁਝ ਦਿਸਿਆ ਨਹੀਂ ਤੇ ਇਸ ਖੂਹ ਵਿਚ ਡਿੱਗ ਪਿਆ ਹਾਂ।

ਇਥੇ ਇਕ ਹੋਰ ਧਿਆਨ ਦੇਣ ਵਾਲੀ ਗੱਲ ਹੈ ਕਿ ਗੁਰੂ ਮਹਾਰਾਜ ਕੁਝ ਦੂਰ ਵਿੱਥ ਤੇ ਖੜ੍ਹੇ ਭਾਈ ਮੰਝ ਦਾ ਜੁਆਬ ਸੁਣ ਰਹੇ ਹਨ ਤੇ ਇਹ ਪਰਖ ਕਰ ਰਹੇ ਹਨ ਕਿ ਕਿਤੇ ਹੁਣ ਵੀ ਕੋਈ ਨਰਾਜ਼ਗੀ, ਮਲਾਲ ਜਾਂ ਹਉਮੈ ਦਾ ਬਚਨ ਉਸ ਦੇ ਮੁਖ ਤੋਂ ਤਾਂ ਨਹੀਂ ਨਿਕਲ ਰਿਹਾ ਜਦ ਕਿ ਇਸ ਕਠਿਨ ਪਰਸਥਿਤੀ ਵਿਚ ਪੈ ਕੇ ਕੁਝ ਨਾ ਕੁਝ ਮੂੰਹ ਤੋਂ ਐਸੇ ਭਾਵ ਪ੍ਰਗਟ ਹੋਣ ਦਾ ਡਰ ਹੁੰਦਾ ਹੈ ਕਿ ਗੁਰੂ ਮਹਾਰਾਜ ਦਾ ਮੈਂ ਕੀ ਵਿਗਾੜ ਕੀਤਾ ਹੈ ਕਿ ਮੈਨੂੰ ਸਿੱਖੀ ਧਾਰਨ ਕਰਨ ਦਾ ਇਹ ਹੀ ਸਿੱਟਾ ਮਿਲਣਾ ਸੀ ਕਿ ਪਹਿਲਾਂ ਮੇਰਾ ਘਰ ਬਾਰ ਉਜੜਿਆ, ਫੇਰ ਮੇਰਾ ਪਰਿਵਾਰ ਉਜੜਿਆ, ਫੇਰ ਮੈਂ ਗੁਰੂ ਪਾਸ ਆਇਆ ਤਾਂ ਗੁਰੂ ਨੇ ਮੇਰੇ ਨਾਲ ਸਿੱਧੇ ਮੂੰਹ ਬਚਨ ਨਹੀਂ ਕੀਤਾ, ਸੇਵਾ ਵਿਚ ਲਾ ਦਿਤਾ, ਸੇਵਾ ਕਰਦੇ ਹੋਏ ਨੂੰ ਲੰਗਰ ਤੋਂ ਪ੍ਰਸ਼ਾਦਾ ਛਕਣ ਤੋਂ ਵਰਜ ਦਿਤਾ, ਮੇਰਾ ਸਰੀਰ ਕਮਜ਼ੋਰ ਹੋ ਗਿਆ ਮੇਰੇ ਵਿਚ ਤਾਕਤ ਨਹੀਂ ਰਹੀ ਤੇ ਹੁਣ ਮੈਨੂੰ ਖੂਹ ਵਿਚ ਸੁੱਟ ਦਿਤਾ। ਪਰ ਧੰਨ ਹੈ ਗੁਰਸਿੱਖ ਭਾਈ ਮੰਝ ਫੇਰ ਵੀ ਨਿਮਰਤਾ ਦੇ ਬਚਨ ਕਰ ਰਹੇ ਹਨ ਕਿ ਜਦੋਂ ਬਾਹਰ ਕੱਢਣ ਲਈ ਰੱਸਾ ਸੁੱਟਿਆ ਕਿਹਾ ਕਿ ਪਹਿਲਾਂ ਗੁਰੂ ਕੇ ਲੰਗਰ ਦੀਆਂ ਲੱਕੜਾਂ ਕੱਢ ਲਵੋ ਮੈਂ ਬਾਅਦ ਵਿਚ ਨਿਕਲ ਆਵਾਂਗਾ। ਇਸੇ ਤਰ੍ਹਾਂ ਕੀਤਾ ਗਿਆ ਤੇ ਬਾਅਦ ਵਿਚ ਭਾਈ ਮੰਝ ਨੂੰ ਬਾਹਰ ਕੱਢਿਆ ਤਾਂ ਕੀ ਦੇਖਦਾ ਹੈ ਕਿ ਗੁਰੂ ਮਹਾਰਾਜ ਨੰਗੇ ਪੈਰੀਂ ਬਾਹਰ ਖੜ੍ਹੇ ਹਨ, ਮੈਨੂੰ ਕੱਢਣ ਲਈ ਆਪ ਖੁਦ ਆਏ ਹਨ। ਮੈਨੂੰ ਐਨੀ ਨੇੜਤਾ ਦਿਖਾ ਰਹੇ ਹਨ। ਜੇ ਚਾਹੁੰਦੇ ਤਾਂ ਸਿੱਖਾਂ ਨੂੰ ਭੇਜ ਕੇ ਕਢਵਾ ਸਕਦੇ ਸਨ। ਐਸ ਵੇਲੇ ਭਾਈ ਮੰਝ ਤੋਂ ਰਿਹਾ ਨਾ ਗਿਆ, ਉਸ ਦਾ ਪਿਆਰ ਅੱਖਾਂ ਥਾਂਈ ਡੁਲ੍ਹ-ਡੁਲ੍ਹ ਕੇ ਹੰਝੂਆਂ ਦੇ ਰੂਪ ਵਿਚ ਬਾਹਰ ਆ ਗਿਆ ਤੇ ਗੁਰੂ ਮਹਾਰਾਜ ਦੇ ਚਰਨਾਂ ਤੇ ਢਹਿ ਪਿਆ ਤੇ ਰੋ ਰੋ ਕੇ ਚਰਨ ਧੋ ਦਿਤੇ। ਬਾਰ-ਬਾਰ ਕਹਿ ਰਿਹਾ ਹੈ ਕਿ ਮਹਾਰਾਜ! ਆਪ ਮੇਰੇ ਵਰਗੇ ਗਰੀਬੜੇ ਜਿਹੇ ਸਿੱਖ ਨੂੰ ਖੂਹ ਵਿਚੋਂ ਕੱਢਣ ਲਈ ਖੁਦ ਆਪ ਨੰਗੇ ਪੈਰੀਂ ਆਏ, ਆਪਣੇ ਮਨ ਵਿਚ ਗੁਰਸਿੱਖਾਂ ਲਈ ਇੰਨਾ ਅਥਾਹ ਪਿਆਰ ਹੈ, ਉਧਰ ਗੁਰੂ ਮਹਾਰਾਜ ਜੀ ਦੇ ਨੇਤਰ ਵੀ ਸੇਜਲ ਹੋ ਰਹੇ ਹਨ ਤੇ ਗੁਰਸਿੱਖ ਨੂੰ ਉਠਾ ਕੇ ਗਲਵੱਕੜੀ ਵਿਚ ਲੈ ਲਿਆ ਤੇ ਬਚਨ ਕੀਤਾ ਭਾਈ ਮੰਝ, ਨਿਹਾਲ! ਨਿਹਾਲ! ਨਿਹਾਲ! ਤੂੰ ਧੰਨ ਹੈਂ ਤੇ ਧੰਨ ਤੇਰੀ ਸਿੱਖੀ ਹੈ।

ਮਹਾਰਾਜ ਅਤੀ ਪ੍ਰਸੰਨ ਹੋਏ ਤੇ ਕਿਹਾ –

***ਮੰਝ ਪਿਆਰਾ ਗੁਰੂ ਨੂੰ ਗੁਰੂ ਮੰਝ ਪਿਆਰਾ***

(ਬਾਕੀ ਪੰਨਾ 63 ਤੇ)



Sri Satguru Jagjit Singh Ji eLibrary NamdhariElibrary@gmail.com

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ
## ਸੰਤ ਵਰਿਆਮ ਸਿੰਘ ਜੀ ਵਲੋਂ

# ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

### ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 50/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 155/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਕਿਵ ਸਚਿਆਰਾ ਹੋਈਐ - ਭਾਗ ਤੀਜਾ | ਭੇਟਾ 80/- |
| 7. ਹੋਵੈ ਅਨੰਦੁ ਘਣਾ | ਭੇਟਾ 25/- |
| 8. ਚਉਥੈ ਪਹਰਿ ਸਬਾਹ ਕੈ | ਭੇਟਾ 55/- |
| 9. ਸੁਰਤਿਆਂ ਉਪਜੈ ਚਾਉ | ਭੇਟਾ 40/- |
| 10. ਬਾਬਾਣੀਆਂ ਕਹਾਣੀਆਂ | ਭੇਟਾ 50/- |
| 11. ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 12. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| 13. ਅਮਰ ਜੋਤਾਂ | ਭੇਟਾ 15/- |
| 14. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 15. ਅੰਮ੍ਰਿਤ ਫੁਹਾਰ | ਭੇਟਾ 10/- |

### ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 235/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 65/- |
| 5. ਸੁਰਤਿਆ ਉਪਜੈ ਚਾਉ ॥ | ਭੇਟਾ 45/- |
| 6. ਹੋਵੈ ਅਨੰਦੁ ਘਣਾ | ਭੇਟਾ 30/- |
| 7. ਸੁਰਤਿ ਸਬਦਿ ਮਾਰਗ | ਭੇਟਾ 70/- |
| 8. ਅਮਰ ਜੋਤਾਂ | ਭੇਟਾ 15/- |
| 9. ਬਾਬਾਣੀਆਂ ਕਹਾਣੀਆਂ | ਭੇਟਾ 50/- |
| 10. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 11. ਅੰਮ੍ਰਿਤ ਫੁਹਾਰ | ਭੇਟਾ 10/- |
| 12. ਅਗੰਮ ਅਗੋਚਰ ਦਾ ਮਾਰਗ | |

### English

| | |
|---|---|
| 1. BAISAKHI | Rs. 5/- |
| 2. HOW REND THE VEIL OF UNTRUTH | Rs. 70/-<br>US$ 10 |
| 3. DISCOURSES ON THE BEYOND (Part I) | Rs. 50/-<br>US$ 5 |
| 4. DISCOURSES ON THE BEYOND (Part II) | Rs. 50/-<br>US$ 5<br>£ 3 |
| 5. THE WAY TO THE IMPERCEPTIBLE | RS. 80/-<br>US$ 10 |
| 6. The Lights Immortal | Rs. 20/-<br>US$ 2<br>£ 1 |
| 7. Transcendental Bliss | Rs. 70/-<br>US$ 10<br>£ 5 |
| 8. The Dawn of Khalsa Ideals | RS. 10/-<br>US$ 2<br>£ 1 |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ 'ਆਤਮ ਮਾਰਗ' ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 25/- ਅਤੇ ਸਾਰਾ ਸੈਟ ਲੈਣ ਲਈ 50/- ਰੁ: ਡਾਕ ਖਰਚ ਵੀ ਭੇਜਣ ਦੀ ਕ੍ਰਿਪਾਲਤਾ ਕਰੋ ਜੀ।


**-: ਮਿਲਣ ਦਾ ਪਤਾ : -**

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**

(ਪਬਲੀਕੇਸ਼ਨ ਬਰਾਂਚ)

**ਕੋਠੀ ਨੰਬਰ 1782, ਫੇਜ਼ 3ਬੀ2,**

**ਐਸ. ਏ. ਐਸ ਨਗਰ,**

**ਮੋਹਾਲੀ - 160055 (ਪੰਜਾਬ)**

**(ਟੈਲੀਫੋਨ) : (0172) 220972, ਫੈਕਸ - 677697**





Sri Satguru Jagjit Singh Ji eLibrary NamdhariElibrary@gmail.com

# ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ

*ਗਿਆਨੀ ਮੇਹਰ ਸਿੰਘ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ – 43)*

## ਦੇਸ਼ ਕੌਮ ਨਾਲ ਪਿਆਰ

ਸੰਤ ਈਸ਼ਰ ਸਿੰਘ ਮਹਾਰਾਜ ਸਦਾ ਹੀ ਇਕ ਰਸ ਅੰਮ੍ਰਿਤਮਈ ਕੀਰਤਨ ਤੇ ਉਤਮ ਗਿਆਨ ਗੁਰਮਤਿ ਨਾਮ ਅਭਿਆਸ ਕਮਾਈ ਦਾ ਹੀ ਉਪਦੇਸ਼ ਦਿੰਦੇ ਹਨ। ਪਰ ਇਸ ਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਨੂੰ ਕੌਮ ਦੇ ਜੀਵਨ ਨਾਲ ਕੋਈ ਲਗਾਉ ਹੀ ਨਹੀਂ ਹੈ। ਅਸੀਂ ਉਪਰ ਦਸ ਆਏ ਹਾਂ ਕਿ 1947 ਸਮੇਂ ਉਨ੍ਹਾਂ ਬਗੈਰ ਕਿਸੇ ਹੋਰ ਸੰਸਥਾ ਦੀ ਇਮਦਾਦ ਦੇ ਹੀ ਕੌਮ ਲਈ ਅਟੁੱਟ ਤੇ ਭਾਰੀ ਖਰਚਾ ਕਰਕੇ ਲੰਗਰ ਜਾਰੀ ਰੱਖਿਆ। ਹਾਲਾਂਕਿ ਹਰ ਇਕ ਤਰ੍ਹਾਂ ਉਹ ਸਾਲ ਤੋਟੇ ਵਾਲਾ ਸਾਲ ਸੀ, ਪਰ ਫਿਰ ਵੀ 1947–48 ਵਿਚ ਉਨ੍ਹਾਂ ਦੇ ਲੰਗਰ ਵਿਚ ਲੱਖਾਂ ਹੀ ਪ੍ਰਾਣੀਆਂ ਨੇ ਪ੍ਰਸ਼ਾਦਿ ਛਕਿਆ ਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੇ ਅੰਦਾਜ਼ੇ ਅਨੁਸਾਰ ਉਸ ਡੇਢ ਸਾਲ ਵਿਚ ਤਕਰੀਬਨ ਦਸ ਹਜ਼ਾਰ ਮਣ ਕਣਕ ਤੇ ਮੱਕੀ, ਹਜ਼ਾਰ ਮਣ ਤੋਂ ਉਪਰ ਗੁੜ ਚਾਹ ਆਦਿ ਹਜ਼ਾਰਾਂ ਰੁਪਿਆਂ ਦਾ ਲੂਣ, ਮਿਰਚ, ਮਸਾਲਾ, ਚਾਹ ਆਦਿਕ ਖਰਚ ਆਇਆ ਸੀ। ਪਰ ਫਿਰ ਵੀ ਸੰਤ ਜੀ ਮਹਾਰਾਜ ਨੇ ਕਿਸੇ ਵੀ ਸੱਜਣ ਨੂੰ ਕਦੇ ਵੀ ਕੋਈ ਅਪੀਲ ਜਾਂ ਫਿਰ ਮੰਗ ਨਹੀਂ ਕੀਤੀ। ਲੰਗਰ ਹਰ ਸਮੇਂ ਦਿਨ ਰਾਤ ਚਲਦਾ ਸੀ ਅੱਗੋਂ ਪਿਛੋਂ ਕਿਸੇ ਸਮੇਂ ਸ਼ਾਇਦ ਪ੍ਰਸ਼ਾਦਿ ਵਰਤਣਾ ਬੰਦ ਹੋ ਜਾਵੇ ਪਰ ਉਸ ਸਮੇਂ ਮਹਾਰਾਜ ਜੀ ਦੀ ਆਗਿਆ ਹਰ ਸਮੇਂ ਹੀ ਲੰਗਰ ਜਾਰੀ ਰੱਖਣ ਦੀ ਸੀ ਤਾਂ ਕਿ ਸ਼ਰਨਾਰਥੀ ਭੁੱਖੇ ਤੇ ਲੋੜਵੰਦ ਸੱਜਣ ਕਿਸੇ ਵੀ ਤਰ੍ਹਾਂ ਦੁਖੀ ਤੇ ਤੰਗ ਨਾ ਹੋਣ।

1962 ਦੇ ਚੀਨੀ ਹਮਲੇ ਨੇ ਭਾਰਤ ਨੂੰ ਇਕ ਭਾਰੀ ਹਲੂਣਾ ਦਿਤਾ ਸੀ। ਭਾਰਤ ਜੋ ਕੁਝ ਸਮਾਂ ਪਹਿਲਾਂ ਇਹ ਮਹਿਸੂਸ ਕਰਦਾ ਸੀ ਕਿ ਦੁਨੀਆਂ ਵਿਚ ਮੇਰਾ ਕੋਈ ਵੀ ਦੁਸ਼ਮਣ ਨਹੀਂ ਤੇ ਅਸੀਂ ਸੰਸਾਰਕ ਬਰਾਦਰੀ ਅੰਦਰ ਪੂਰਨ ਸੁਖ ਸ਼ਾਂਤੀ ਸਹਿਤ ਰਹਿਣਾ ਪਸੰਦ ਕਰਦੇ ਹਾਂ। ਉਸ ਨੇ ਫੌਜੀ ਬਹਾਦਰਾਂ ਨੂੰ ਹਥਿਆਰ ਚਲਾਣੋਂ ਰੋਕ ਕੇ ਉਨ੍ਹਾਂ ਨੂੰ ਮਕਾਨਾਂ ਦੀ ਉਸਾਰੀ ਆਦਿਕ ਪਰ ਲਗਾ ਦਿਤਾ ਸੀ। ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਇਸ ਰਾਏ ਦੇ ਸਨ ਕਿ ਫੌਜ ਇਕ ਤਰ੍ਹਾਂ ਦੇਸ਼ ਪਰ ਵਾਧੂ ਜਿਹਾ ਬੋਝ ਹੈ ਤੇ ਇਸ ਨੂੰ ਜਿੰਨਾ ਵੀ ਹੋ ਸਕੇ ਘਟਾਉਣਾ ਲੋੜੀਦਾ ਹੈ, ਪਰ ਚੀਨੀ ਹਮਲੇ ਨੇ ਦਸ ਦਿਤਾ ਕਿ ਕਮਜ਼ੋਰ ਭਾਈ ਤੋਂ ਤਾਕਤਵਾਰ ਤੇ ਮਕਾਰ ਭਰਾ ਸਦਾ ਹੀ ਘਰ ਦੀਆਂ ਸਰਦਲਾਂ ਵੀ ਪੁੱਟ ਕੇ ਆਪਣੇ ਪਾਸੇ ਲਗਾ ਲੈਂਦਾ ਹੈ। ਦੋਸਤੀ ਸਦਾ ਹੀ ਬਰਾਬਰ ਦੀ ਸ਼ਕਤੀ ਤੇ ਬਰਾਬਰ ਦੇ ਵਿਚਾਰਾਂ ਨਾਲ ਹੀ ਨਿਭ ਸਕਦੀ ਹੈ। ਕਮਜ਼ੋਰ ਮਨੁੱਖ ਨਾਲ ਡਾਢੇ ਦੀ ਦੋਸਤੀ ਉਸ ਪਰ ਤਰਸ ਤੇ ਮਿਹਰ ਕਰਕੇ ਤੇ ਭਾਵੇਂ ਰੱਖੇ, ਬਰਾਬਰ ਦਾ ਸਾਥੀ ਸਮਝ ਕੇ ਨਹੀਂ ਹੋ ਸਕਦੀ। ਸੋ ਚੀਨ ਦੀ ਇਹ ਹੀ ਦਿਸ਼ਾ ਸੀ। ਭਾਰਤ ਤਾਂ ਇਕ ਤਰ੍ਹਾਂ ਪੰਚ ਸ਼ੀਲੀ ਤੇ ਅਮਨ ਪੁੱਤਰ ਬਣ ਕੇ ਹੀ ਬੈਠਾ ਰਿਹਾ, ਪਰ ਉਧਰੋਂ ਮੱਕਾਰੀ ਦੀ ਹੱਦ ਤਕ ਹੁਸ਼ਿਆਰ ਚੀਨੀ ਫੌਜਾਂ ਨੇ ਭਾਰਤ ਦੀ ਹੱਦ ਪਰ ਅਚਾਨਕ ਹੀ ਬਰਫਾਂ ਭਰੀ ਧਰਤੀ ਪਰ ਹਮਲਾ ਕਰ ਦਿਤਾ। ਸਾਡੇ ਜਵਾਨ ਇਸ ਕਿਸਮ ਦੀ ਬਿਖਮ ਤੇ ਬਰਫੀਲੀ ਲੜਾਈ ਤੋਂ ਕੋਰੇ ਸਨ। ਵਿਚਾਰੇ ਠੰਡੇ ਕਪੜਿਆਂ ਅੰਦਰ ਹੀ ਲੜਾਈ ਅੰਦਰ ਝੋਕੇ ਗਏ, ਇਸ ਤਰ੍ਹਾਂ ਦੇਸ਼ ਨੇ ਲੱਖਾਂ ਮੀਲ ਰਕਬਾ ਤੇ ਹਜ਼ਾਰਾਂ ਹੀ ਨੌਜਵਾਨ ਜੋ ਇਸ ਜੰਗ ਦੀ ਧਰਤੀ ਤੇ ਢੰਗ ਦੋਹਾਂ ਤੋਂ ਅਣਜਾਣ ਸਨ, ਦੇਸ਼ ਦੀ ਆਣ ਹਿਤ ਸ਼ਹੀਦ ਹੋ ਗਏ। ਫਿਰ ਛੇਤੀ ਹੀ ਦੇਸ਼ ਹੁਸ਼ਿਆਰ ਹੋ ਗਿਆ। ਜਾਗਰਤ ਦੀ ਲਹਿਰ ਸਮੁੱਚੇ ਦੇਸ਼ ਅੰਦਰ ਹੀ ਚੱਲੀ ਪਰ ਪੰਜਾਬ ਦੇ ਉਸ ਸਮੇਂ ਦੇ ਮੁਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਇਕ ਤਰ੍ਹਾਂ ਹੱਦ ਹੀ ਕਰ ਦਿਤੀ ਸੀ। ਉਹ ਰਾਤ ਦਿਨ ਦੇਸ਼ ਵਾਸੀਆਂ ਤੋਂ ਦੇਸ਼ ਲਈ ਲੋੜੀਂਦਾ ਸਾਮਾਨ ਅਤੇ ਸੋਨਾ ਤੇ ਚਾਂਦੀ ਫਿਰ ਸਸ਼ਤਰ ਆਦਿਕ ਇਕੱਠੇ ਕਰਕੇ ਦੇਸ਼ ਦੇ ਖਜ਼ਾਨੇ ਨੂੰ ਭਰਪੂਰ ਕਰ ਰਹੇ ਸਨ। ਜਿਸ ਦਿਨ ਉਨ੍ਹਾਂ ਨੇ ਪੰਡਤ ਜਵਾਹਰ ਲਾਲ ਨੂੰ ਸੋਨੇ ਨਾਲ ਤੋਲ ਕੇ ਪੰਜਾਬ ਵਲੋਂ ਦੇਸ਼ ਨੂੰ ਇਹ ਯੋਗਦਾਨ ਬਖਸ਼ਣਾ ਸੀ ਉਹ ਦਿਨ ਪੰਜਾਬ ਤੇ ਪ੍ਰਤਾਪ ਸਿੰਘ ਦੇ ਪ੍ਰਤਾਪ ਦਾ ਸਭ ਤੋਂ ਰੋਸ਼ਨ ਤੇ ਸਿਖਰਾਂ ਤਕ ਪੁੱਜਾ ਦਿਨ ਸੀ। ਦੇਸ਼ ਦੇ ਖੂੰਜੇ ਖੂੰਜੇ ਅੰਦਰ ਪੰਜਾਬ ਦੇ ਮੁਖ ਮੰਤਰੀ ਦੀ ਚਰਚਾ ਹੀ ਨਹੀਂ ਸਗੋਂ ਇਕ ਤਰ੍ਹਾਂ ਪੂਜਾ ਹੋ ਰਹੀ ਸੀ। ਉਧਰੋਂ ਚੀਨ ਦਾ ਪੀਕਿੰਗ ਰੇਡੀਓ ਪੂਰੇ ਜ਼ੋਰ ਨਾਲ ਭਾਰਤ ਸਰਕਾਰ ਤੋਂ ਵੱਧ ਸਰਦਾਰ ਪ੍ਰਤਾਪ ਸਿੰਘ ਨੂੰ ਗਾਲ੍ਹਾਂ ਕਢਦਾ ਸੀ ਜਿਸ ਕਰਕੇ ਪੂਰੇ ਹੀ ਸੰਸਾਰ ਵਿਚ ਉਸ ਸਮੇਂ ਪ੍ਰਤਾਪ ਸਿੰਘ ਦਾ ਡੰਕਾ ਵਜਦਾ ਸੀ।

ਪ੍ਰਤਾਪ ਸਿੰਘ ਨੇ ਪੰਜਾਬ ਦੇ ਹਰ ਉਸ ਕਾਰਜ ਨੂੰ ਕੀਤਾ ਜੋ ਦੇਸ਼ ਜਾਗਰਤ ਹਿਤ ਜ਼ਰੂਰੀ ਸੀ। ਜਦ ਉਸ ਨੇ ਇਹ ਸੁਣਿਆ ਕਿ ਸੰਤ ਈਸ਼ਰ ਸਿੰਘ ਜੀ ਮਹਾਰਾਜ ਦੇ ਦੀਵਾਨ ਅੰਦਰ ਰੋਜ਼ਾਨਾ ਹੀ ਲੱਖਾਂ ਆਦਮੀ ਪੁਜਦੇ ਹਨ ਤੇ ਹਰੀ ਕੀਰਤਨ ਤੇ ਹਰੀ ਸਿਮਰਨ ਦਾ ਅਨੰਦ ਵੀ ਮਾਣਦੇ ਹਨ ਤਾਂ ਉਸ ਨੇ ਆਪ ਜੀ ਦੇ ਪ੍ਰੋਗਰਾਮ ਦੀ ਪੂਰਤੀ ਤੇ ਇਸ ਕਾਰਜ ਵਿਚ ਮਹਾਂਪੁਰਖਾਂ ਦੇ ਸਹਿਯੋਗ ਪ੍ਰਾਪਤ ਕਰਨ ਹਿਤ ਦਰਸ਼ਨ ਦੀ ਖਾਹਸ਼ ਜ਼ਾਹਰ ਕੀਤੀ। ਫਿਰ ਜਿਸ ਦਿਨ ਉਹ ਹਾਜ਼ਰ ਹੋਏ ਇਹ ਇਕ ਅਜੀਬ ਹੀ ਸਮਾਂ ਸੀ। ਸੰਤ ਜੀ ਮਹਾਰਾਜ ਦੇ ਡੇਰੇ ਉਸ ਸਮੇਂ ਲੰਗਰ ਵਰਤ ਰਿਹਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਪ੍ਰਸ਼ਾਦਿ ਛਕ ਰਹੇ ਸਨ। ਸਰਦਾਰ ਪ੍ਰਤਾਪ ਸਿੰਘ ਜੀ ਨੇ ਮੈਨੂੰ ਪੁਛਿਆ –

ਇਹ ਲੰਗਰ ਕਿਸ ਤਰ੍ਹਾਂ ਚਲਦਾ ਹੈ, ਕੋਈ ਜਾਗੀਰ ਹੈ?

ਇਹ ਸਾਹਿਬ ਬਾਬਾ ਬੀਰ ਸਿੰਘ ਨੌਰੰਗਾਬਾਦ ਦਾ ਲੰਗਰ ਹੈ ਜੋ ਕਿਸੇ ਜਾਗੀਰ ਕਰਕੇ ਨਹੀਂ ਸਗੋਂ ਨਿਰੋਲ ਸੰਗਤਾਂ ਦੇ ਪਿਆਰ ਤੇ ਭਰੋਸੇ ਪਰ ਹੀ ਚਲਦਾ ਹੈ।

ਪ੍ਰਸ਼ਾਦਿ ਛਕ ਕੇ ਸਰਦਾਰ ਪ੍ਰਤਾਪ ਸਿੰਘ ਭੋਰੇ ਵਿਚ ਸੰਤ ਜੀ ਮਹਾਰਾਜ ਪਾਸ ਇਕੱਲੇ ਹੀ ਗਏ ਅਤੇ 'ਕੋਈ ਸੇਵਾ ਦੱਸੋ' ਇਸ ਨੇ ਹੱਥ ਬੰਨ੍ਹ ਕੇ ਅਰਜ਼ ਕੀਤੀ। ਸੰਤ ਜੀ ਮਹਾਰਾਜ ਮੁਸਕਰਾ ਕੇ ਕਹਿਣ ਲੱਗੇ, ਸੇਵਾ ਕਰੋਗੇ? ਤਾਂ ਪ੍ਰਤਾਪ ਸਿੰਘ



Sri Satguru Jagjit Singh Ji eLibrary NamdhariElibrary@gmail.com

ਨੇ ਕਿਹਾ ਕੋਈ ਹੁਕਮ ਕਰੋ। "ਚੰਗਾ ਫਿਰ ਰੋਜ਼ ਕੋਈ ਸਮਾਂ ਇਕਾਂਤ ਅੰਦਰ ਸਿਮਰਨ ਕਰਨ ਪਰ ਵੀ ਲਗਾਇਆ ਕਰੋ, ਫਿਰ ਆਪ ਹੀ ਮਨ ਤੋਂ ਸਤਿ ਦਾ ਪ੍ਰਕਾਸ਼ ਹੋ ਕੇ ਹਰ ਗਲਤੀ ਦੀ ਸੋਧ ਹੁੰਦੀ ਰਹੇਗੀ, ਸਿਮਰਨ ਕੇਵਲ ਇਕੋ ਹੀ ਗੱਲ ਦੀ ਗਵਾਹੀ ਹੈ ਕਿ ਮਨ ਨੇ ਕਿਤਨੇ ਸਿੱਧੇ ਸਾਫ ਤੇ ਉਤਮ ਕਰਮ ਕੀਤੇ ਹਨ। ਕਿਤਨੇ ਲੋਕਾਂ ਦੀ ਸੇਵਾ ਕੀਤੀ ਹੈ ਤੇ ਮਨ ਬਚਨ ਤੇ ਕਰਮ ਕਰਕੇ ਕਿਤਨਾ ਉਚਾ ਚਲਾ ਗਿਆ ਹੈ। ਸਿਮਰਨ ਇਕ ਤਰ੍ਹਾਂ ਸਾਧਨ ਵੀ ਹੈ ਤੇ ਮਨ ਸਮਝਾਵਨ ਦਾ ਰਾਹ ਵੀ ਹੈ। ਸਿਮਰਨ ਕਰਦਿਆਂ ਤੁਹਾਡੇ ਸਾਮ੍ਹਣੇ ਤੁਹਾਡੀ ਆਤਮਾ ਖੜ੍ਹੀ ਰਹਿੰਦੀ ਹੈ ਫਿਰ ਉਹ ਆਤਮਾ ਆਪ ਹੀ ਸਰਬ ਵਿਆਪੀ ਹੋ ਕੇ ਹਰ ਮਨੁੱਖ ਅੰਦਰ ਚਲੀ ਜਾਂਦੀ ਹੈ। ਫਿਰ ਤੁਸੀਂ ਧੱਕਾ ਤੇ ਬੇਇਨਸਾਫੀ ਕਰ ਹੀ ਨਹੀਂ ਸਕਦੇ, ਤੁਹਾਡਾ ਰਾਜ ਵੀ ਜਨਕ ਰਾਜ ਹੋ ਜਾਵੇਗਾ, ਇਹ ਮਸ਼ਹੂਰ ਹੈ ਕਿ ਰਾਜਾ ਜਨਕ ਇਕ ਪੈਰ ਤੇਲ ਦੇ ਕੜਾਹੇ ਤੇ ਦੂਸਰਾ ਰਾਜ ਸਿੰਘਾਸਣ ਤੇ ਰਖਦਾ ਸੀ। ਇਸ ਦਾ ਅਰਥ ਹੈ ਕਿ ਉਹ ਹਰ ਸਮੇਂ ਹੀ ਮਨੁੱਖ ਮਾਤਰ ਦੀਆਂ ਅੰਤ੍ਰੀਵ ਪੀੜਾਂ ਜੋ ਕਿ ਤੇਲ ਦੇ ਕੜਾਹੇ ਵਾਂਗ ਸੜਦੀਆਂ ਹਨ ਆਪਣੇ ਸਾਮ੍ਹਣੇ ਰਖਦਾ ਸੀ। ਸਰੀਰਕ ਤੌਰ ਪਰ ਤਖਤ ਤੇ ਹੋ ਕੇ ਵੀ ਉਹ ਹਰ ਸਮੇਂ ਉਸ ਤੋਂ ਬਾਹਰ ਸਰਬ ਸਾਂਝੇ ਲੋਕ ਪ੍ਰਿਯ ਤੇ ਲੋਕ ਦਰਦ ਦਾ ਮਹਿਰਮ ਰਹਿੰਦਾ ਸੀ। ਫਿਰ ਹੱਥੋਂ ਮਾਲਾ ਦਿਤੀ ਤੇ ਕਿਹਾ ਲੈ, "ਇਹ ਸਾਡਾ ਪ੍ਰਸਾਦਿ ਹੈ। ਅਸੀਂ ਇਸ ਮਨੁਖਤਾ ਮਾਰੂ ਭਾਰਤ ਪਰ ਹੋਏ ਹਮਲੇ ਨੂੰ ਧਰਮ ਪਰ ਵੀ ਸੰਘਾਰ ਸਮਝਦੇ ਹਾਂ। ਇਸ ਕਰਕੇ ਵਾਹਿਗੁਰੂ ਜੀ ਅੱਗੇ ਪ੍ਰਾਥਨਾ ਹੈ ਕਿ ਉਹ ਦੇਸ਼ ਤੇ ਧਰਮ ਵਾਲਿਆਂ ਨੂੰ ਇਸ ਘੋਰ ਸੰਕਟ ਸਮੇਂ ਬਲ ਬਖਸ਼ੇ ਤਾਂ ਕਿ ਉਹ ਦੇਸ਼ ਨੂੰ ਅਧੋਗਤੀ ਤੇ ਗਿਰਾਵਟ ਤੋਂ ਬਚਾ ਕੇ ਅੱਗੇ ਲੈ ਜਾ ਸਕਣ।"

ਸਰਦਾਰ ਪ੍ਰਤਾਪ ਸਿੰਘ ਜਦੋਂ ਇਥੋਂ ਬਾਹਰ ਆਇਆ ਤਦ ਉਹ ਬਹੁਤ ਹੀ ਖੁਸ਼ ਸੀ ਕਿਉਂਕਿ ਉਸ ਨੇ ਇਕ ਮਹਾਨ ਪੁਰਖ ਪਾਸੋਂ ਸਤਿ ਧਰਮ ਦੇ ਇਕ ਉਤਮ ਤੇ ਉਸਾਰੂ ਸ਼ਬਦ ਸੁਣੇ ਸਨ। ਇਕ ਦਿਨ ਖਾਲਸਾ ਸਕੂਲ ਕਰਮਸਰ ਅੰਦਰ ਬੇ ਪਨਾਹ ਇਕੱਠ ਸੀ। ਲੱਖਾਂ ਹੀ ਸੰਗਤਾਂ ਇਹ ਦੋਹਾਂ ਰਾਜਸੀ ਤੇ ਧਾਰਮਕ ਸਤਾ ਦੀ ਹੱਦ ਪੁਰ ਪੁਜੀਆਂ ਹੋਈਆਂ, ਪੰਜਾਬ ਦੀਆਂ ਮਹਾਨ ਹਸਤੀਆਂ ਦੇ ਦਰਸ਼ਨ ਕਰ ਰਹੀਆਂ ਸਨ। ਆਖਰ ਸੰਤ ਜੀ ਮਹਾਰਾਜ ਸਿਰੋਪਾਉ ਦੇਣ ਤੋਂ ਪਹਿਲਾਂ ਸੰਗਤਾਂ ਨੂੰ ਫੁਰਮਾਇਆ, ਹੁਣ ਤੁਸੀਂ ਸਰਦਾਰ ਪ੍ਰਤਾਪ ਸਿੰਘ ਜੀ ਚੀਫ ਮਨਿਸਟਰ ਪਾਸੋਂ ਦੇਸ਼ ਕੌਮ ਬਾਰੇ ਦੁਨੀਆਂ ਦੀਆਂ ਗੱਲਾਂ ਸੁਣੋਗੇ।

ਲੱਖਾਂ ਦੀ ਹਾਜ਼ਰੀ ਕੋਈ ਵੀ ਸੇਵਾਦਾਰ ਨਹੀਂ ਸੀ। ਕੋਈ ਪੱਤਾ ਤਕ ਖੜਕਦਾ ਨਹੀਂ ਸੁਣਦਾ ਸੀ। ਸੰਤ ਜੀ ਮਹਾਰਾਜ ਦੇ ਕੀਰਤਨ ਦੀ ਗੂੰਜ ਹਰ ਪ੍ਰਾਣੀ ਨੂੰ ਗਰਵੀਦਾ ਬਣਾਉਂਦੀ ਸੀ। ਸਰਦਾਰ ਪ੍ਰਤਾਪ ਸਿੰਘ ਜੀ ਨੇ ਲੋਕਾਂ ਨੂੰ ਦੇਸ਼ ਲਈ ਕੁਰਬਾਨੀ ਕਰਨ ਦੇ ਨਾਲ ਹੀ ਇਹ ਵੀ ਕਿਹਾ, ਅੱਜ ਪਹਿਲੇ ਹੀ ਦਿਨ ਮੈਂ ਇਹ ਸੁਣਿਆ ਹੈ ਕਿ ਸਿਮਰਨ ਇਸ ਕਰਕੇ ਵੀ ਕਰਨਾ ਜ਼ਰੂਰੀ ਹੈ ਕਿਉਂਕਿ ਉਸ ਰਾਹੀਂ ਮਨ ਪ੍ਰਬਲ ਸਵੱਛ ਤੇ ਉਤਮ ਹੋ ਕੇ ਲੋਕਾਂ ਦੀ ਮਹਾਨ ਸੇਵਾ ਕਰਨ ਲਈ ਤਤਪਰ ਹੋ ਸਕਦਾ ਹੈ। ਮੈਂ ਇਥੋਂ ਪ੍ਰਣ ਕਰਕੇ ਚਲਿਆ ਹਾਂ ਕਿ ਹਰ ਰੋਜ਼ ਕੁਝ ਸਮਾਂ ਸਤਿਗੁਰਾਂ ਨਮਿਤ ਵੀ ਦਿਤਾ ਕਰਾਂਗਾ ਤੇ ਮਹਾਤਮਾ ਜੀ ਦੇ ਹੁਕਮ ਨੂੰ ਮੰਨਣ ਦਾ ਯਤਨ ਕਰਾਂਗਾ ਪਰ ਅੱਜ ਪਹਿਲਾ ਦਿਨ ਹੈ ਜਦੋਂ ਮੈਂ ਇਹ ਸਮਝਣ ਯੋਗ ਹੋਇਆ ਹਾਂ ਕਿ ਅਸਲ ਵਿਚ ਧਾਰਮਕ ਮਹਾਂਪੁਰਖ ਹੀ ਦੇਸ਼ ਤੇ ਧਰਮ ਦੇ ਅਸਲ ਰਖਵਾਲੇ ਹਨ।"

## ਧਰਤੀ ਦੇ ਭਾਗ

ਇਕ ਵਾਰੀ ਸੰਤ ਜੀ ਮਹਾਰਾਜ ਦਾ ਦਿਲ ਰਾੜੇ ਸਾਹਿਬ ਕਰਮਸਰ ਤੋਂ ਉਦਾਸ ਹੋ ਗਿਆ। ਆਪ ਜੀ ਦੇ ਮਨ ਅੰਦਰ ਆਈ, ਕੋਈ ਵੀ ਮਹਾਨ ਇਕਾਂਤ ਸਥਾਨ ਹੋਵੇ ਜਿਥੇ ਜਾ ਕੇ ਬਾਹਰਲੀ ਆਵਾਜਾਈ ਦਾ ਘਾਟਾ ਹੋ ਸਕੇ। ਪਰ ਅੰਦਰਲੀ ਵਧੀ ਹੋਈ ਸਤਾ ਇਹ ਉਡੀਕ ਕਰਦੀ ਸੀ ਕਿ ਹੋਣ ਵਾਲਾ ਵਾਧਾ, ਕੋਈ ਸਥਾਨ ਵੀ ਲੱਭ ਲਵੋ, ਤਦ ਚੰਗਾ ਹੈ। ਇਕੋ ਸਥਾਨ ਪਰ ਇਕੋ ਹੀ ਸਮੇਂ ਬਹੁਤ ਵਾਧਾ ਹੋਣਾ ਅਸੰਭਵ ਹੈ, ਉਹ ਹੌਲੀ ਹੌਲੀ ਹੁੰਦਾ ਹੀ ਰਹੇਗਾ। ਕਰਮਸਰ ਦਾ ਸਥਾਨ ਤਾਂ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਵਰਦਾਨ ਕਾਰਣ ਹੀ ਫਲੀਭੂਤ ਹੋ ਰਿਹਾ ਸੀ। ਇਸ ਹੀ ਨਗਰ ਦੀਆਂ ਜੂਹਾਂ ਨੂੰ ਪਰਮ ਸੰਤ ਜੀ ਮਹਾਰਾਜ ਨੇ ਕਈ ਸਾਲ ਬਰਾਬਰ ਆ ਕੇ ਹਰੀ ਕੀਰਤਨ ਨਾਲ ਗੁੰਜਾਇਆ ਸੀ। ਸੈਰ ਕਰਦਿਆਂ ਇਧਰ ਢੱਕੀ ਦੀਆਂ ਸੈਰਾਂ ਵੀ ਕੀਤੀਆਂ ਹੋਣਗੀਆਂ। ਕਟਾਰੀ ਤੋਂ ਨਹਿਰ ਤੋਂ ਪਾਰ ਕਰਨ ਹਿਤ ਇਥੇ ਹੀ ਇਕ ਛੋਟੀ ਜਿਹੀ ਪੁਲੀ ਸੀ ਜੋ ਦੋਹ ਕਿਨਾਰਿਆਂ ਨੂੰ ਇਕ ਕਰਦੀ ਸੀ। ਖਟੜਿਆਂ ਦਾ ਪੁਲ ਇਥੋਂ ਕਾਫੀ ਦੁਰੇਡਾ ਸੀ। ਇਸੇ ਤਰ੍ਹਾਂ ਉਪਰ ਵਾਲਾ ਬੁਆਨੀ ਦਾ ਪੁਲ ਵੀ ਦੂਰ ਹੀ ਸੀ। ਸੋ ਜ਼ਰੂਰੀ ਤੌਰ ਪਰ ਸੰਤ ਅਤਰ ਸਿੰਘ ਜੀ ਮਹਾਰਾਜ ਇਸੇ ਹੀ ਪੁਲੀ ਰਾਹੀਂ ਇਸ ਨਹਿਰ ਨੂੰ ਕਟਾਰੀ ਤੋਂ ਪਾਰ ਕਰਕੇ ਇਸ ਪਾਸੇ ਆਉਂਦੇ ਹੋਣਗੇ। ਇਹ ਠੀਕ ਹੈ ਕਿ ਹਰੀ ਕੀਰਤਨ ਕਰਦਿਆਂ, ਹਰੀ ਸਿਮਰਨ ਕਰਦੇ ਹੋਏ ਫਿਰ ਭਾਈ ਸੰਤਾ ਸਿੰਘ ਜੋ ਕਿ ਹੁਣ ਸੰਤ ਭਗਵਾਨ ਸਿੰਘ ਦੇ ਸਮੇਂ ਵੀ ਉਸੇ ਹੀ ਤਰ੍ਹਾਂ ਸ੍ਰੀ ਮਾਨ ਦੀ ਸੇਵਾ ਰੇਰੂ ਸਾਹਿਬ ਨਿਭਾ ਰਹੇ ਸਨ, ਆਪ ਦੇ ਘਰ ਤੇ ਉਨ੍ਹਾਂ ਦੇ ਨਗਰ ਦੇ ਬਾਹਰ ਮੌਜ ਵਿਚ ਆ ਕੇ ਕਈ ਉਸਾਰੂ ਤੇ ਉਤਮ ਬਚਨ ਕਰਦੇ ਹੋਣਗੇ। ਉਹ ਆਪਣੀ ਰੋਜ਼ਾਨਾ ਦੀ ਕਿਰਿਆ ਤੇ ਤਪ ਦੀ ਸਾਧਨਾ ਅਨੁਸਾਰ ਕਈ ਵਾਰੀ ਕਿਸੇ ਰੁੱਖ ਦੀ ਛਾਂ ਹੇਠ ਬੈਠ ਕੇ ਆਪਣੇ ਪਿਆਰੇ ਪ੍ਰਭੂ ਦੀ ਯਾਦ ਅੰਦਰ ਜੁੜ ਵੀ ਜਾਂਦੇ ਹੋਣਗੇ। ਰੰਗ ਰਤੇ, ਮਸਤ ਨੇਤਰਾਂ ਨਾਲ ਚੌਹੀਂ ਪਾਸੀਂ ਤੱਕ ਕੇ ਵਾਹਿਗੁਰੂ ਜੀ ਦੀ ਕੁਦਰਤ ਅੰਦਰ ਲੀਨ ਇਕ ਰਸ ਅਮਿਉ ਰਸ ਦੇ ਝਰਨੇ ਵੀ ਇਥੇ ਹੀ ਵਗਦੇ ਤੱਕੇ ਹੋਣਗੇ, ਫਿਰ ਨਗਰ ਦੀ ਧਰਤੀ ਪਰ ਤਾਂ ਸਮਾਂ ਆਉਣ ਪਰ ਉਸੇ ਹੀ ਵਰਦਾਨ ਨੇ ਇਹ ਕਰਮਸਰ ਦੀ ਰਚਨਾ ਕੀਤੀ ਹੋਵੇ ਐਸਾ ਹੋ ਸਕਦਾ ਹੈ। ਫਿਰ ਇਸ ਧਰਤੀ ਨੇ ਤਰੱਕੀ ਦੀਆਂ ਸਿਖਰਾਂ ਨੂੰ ਪੁੱਜਣਾ ਹੀ ਸੀ ਪਰ ਅਜੇ ਹੋਰ ਧਰਤੀ ਵੀ ਜੋ ਸੰਤ ਜੀ ਮਹਾਰਾਜ ਦੀ ਚਰਨ ਧੂੜ ਪਰਸ ਕੇ ਸੰਸਾਰ ਨੂੰ ਸ਼ਾਂਤੀ ਦਾ ਸੰਦੇਸ਼ ਦੇ ਸਕਦੀ ਸੀ। ਸੋ ਸੰਤ ਜੀ ਮਹਾਰਾਜ ਆਪਣੇ ਅਨਿਨ ਸੇਵਕ ਬਾਬਾ ਰਲਾ ਸਿੰਘ ਨੂੰ ਨਾਲ ਲੈ ਕੇ ਹੋਰ ਦੋ ਕੁ ਸਾਥੀਆਂ ਸਮੇਤ ਕਰਮਸਰ ਤੋਂ ਅਚਾਨਕ ਹੀ ਅਲੋਪ ਹੋ ਗਏ ਤੇ ਫਿਰ ਅਹਿਮਦਗੜ੍ਹ ਤੋਂ ਦੁਬਲਾਨ ਲਈ ਰਵਾਨਾ ਹੋ ਗਏ। ਦੁਬਲਾਨ ਉਸ ਸਮੇਂ ਅਜੀਬ ਦਸ਼ਾ ਵਿਚ ਸੀ। ਨਗਰ ਦੇ ਇਕ ਪਾਸੇ ਸਰਸਬਜ਼ ਤੇ ਬਹੁਤ ਹੀ ਅੱਛੀ ਧਰਤੀ ਸੀ ਪਰ ਅੱਗੇ ਜਾ ਕੇ ਕੱਲਰ ਅਰੰਭ ਹੋ ਜਾਂਦਾ ਸੀ। ਇਹ ਸਾਰਾ ਹੀ ਰਕਬਾ ਬੇਆਬਾਦ ਵੀਰਾਨ ਤੇ ਬੂਹਰ ਕੱਲਰ ਸੀ। ਗਰਮੀ ਸਮੇਂ ਇਸ ਜਗ੍ਹਾ ਪੈਰ ਮਾਰੋ ਤੇ ਕੱਲਰ ਸਿਰ ਨੂੰ ਆਉਂਦਾ ਸੀ। ਇਸ ਤੋਂ ਅੱਗੇ ਪਟਿਆਲੇ ਦੇ ਪਾਸੇ ਜਿਥੇ ਕਿ ਪਟਿਆਲੇ ਤੋਂ ਸੜਕ

'ਆਤਮ ਮਾਰਗ', ਜੁਲਾਈ, 1999



Sri Satguru Jagjit Singh Ji eLibrary NamdhariElibrary@gmail.com

ਬਠਿੰਡੇ ਨੂੰ ਜਾਂਦੀ ਹੈ, ਤਕ ਚਾਰ ਚੁਫੇਰੇ ਕੱਲਰ ਸੀ। ਬਹੁਤ ਹੀ ਥੋੜ੍ਹੀ ਜਗ੍ਹਾ ਆਬਾਦ ਤੇ ਚੰਗੀ ਉਪਜਾਊ ਸੀ। ਜਾਹਲਾ ਨਗਰ ਛੱਤਾ ਮੰਗਣੀ ਵਾਲਾ ਦੇ ਡੇਰੇ ਤੇ ਉਦਾਸੀ ਅਖਾੜੇ ਦੀ ਧਰਤੀ ਸੀ ਜੋ ਕਿ ਤਰੱਦਦ ਤੋਂ ਬਿਨਾਂ ਬਿਲਕੁਲ ਹੀ ਵੀਰਾਨ ਸੀ। ਮਹੰਤਾਂ ਲਈ ਇਹ ਬੇਕਾਰ ਸੀ ਤੇ ਛੇਤੀ ਕੀਤੇ ਹੋਰ ਵੀ ਕੋਈ ਪਟੇ ਜਾਂ ਵਟਾਈ ਪਰ ਵੀ ਇਸ ਨੂੰ ਲੈਣ ਨੂੰ ਤਿਆਰ ਨਹੀਂ ਸੀ ਕਿ ਇਸ ਵਿਚੋਂ ਕੀ ਕੱਢੇਗਾ? ਸੰਤ ਜੀ ਮਹਾਰਾਜ ਦੂਬਲਾਨ ਸਟੇਸ਼ਨ ਤੋਂ ਉਤਰ ਕੇ ਇਥੋਂ ਦੇ ਗੁਰਦਵਾਰੇ ਗਏ ਜੋ ਕਿ ਬਾਹਰ ਹੀ ਸੀ, ਫਿਰ ਇਥੋਂ ਹੀ ਇਸ ਸਾਰੀ ਹੀ ਧਰਤੀ ਪਰ ਫਿਰਦੇ ਰਹੇ। ਇਕ ਪਾਸੇ ਧਰਤੀ ਦੀ ਐਸੀ ਕਿਸਮ ਸੀ ਜੋ ਰੋਕਦੀ ਸੀ ਕਿ ਇਸ ਪਾਸੇ ਮੂੰਹ ਨਾ ਕਰੋ, ਦੂਸਰੇ ਪਾਸੇ ਇਸ ਧਰਤੀ ਦੇ ਕਰਮ ਸਨ ਜੋ ਹੱਥ ਬੰਨ੍ਹ ਕੇ ਸੰਤ ਜੀ ਮਹਾਰਾਜ ਨੂੰ ਪ੍ਰਾਰਥਨਾ ਕਰਦੇ ਸਨ ਕਿ ਤੱਕੋ ਮਹਾਂਪੁਰਸ਼ੋ ਹਜ਼ਾਰਾਂ ਸਾਲਾਂ ਤੋਂ ਮੈਂ ਮੰਦ ਭਾਗ ਕਿਸੇ ਪਾਵਨ ਪੁਰਖ ਦੀ ਉਡੀਕ ਕਰ ਰਹੀ ਹਾਂ ਕਿ ਕਦੋਂ ਚਰਨ ਪਾ ਕੇ ਮੇਰੇ ਸੁੱਤੇ ਭਾਗ ਨੂੰ ਸੁਰਜੀਤ ਕਰਦੇ ਹਨ, ਕਰਮਸਰ ਤਾਂ ਸਾਹਿਬ ਬਾਬਾ ਕਰਮ ਸਿੰਘ ਜੀ ਦੇ ਨਾਮ ਨਾਲ ਸਰੋਵਰ ਹੈ ਪਰਮ ਹੰਸ ਸਿਮਰਨ ਰੱਤੇ ਹੋਏ ਮਤਵਾਲ ਕਰਮਵਾਨ ਪੁਰਖਾਂ ਦਾ। ਪਰ ਇਹ ਧਰਤੀ ਤਾਂ ਕੇਵਲ ਆਪ ਜੀ ਨੇ ਹੀ ਪਾਵਨ ਕਰਨੀ ਹੈ। ਇਸ ਦਾ ਵਰਦਾਨ ਤੇ ਕਰਮ ਬਖਸ਼ਿਸ਼ ਕੇਵਲ ਆਪ ਜੀ ਨੇ ਹੀ ਕਰਨੀ ਹੈ ਵਰਨਾ ਹੋਰ ਕੋਈ ਆਮ ਮਨੁੱਖ ਸ਼ਾਇਦ ਇਥੇ ਸਫਲਤਾ ਹਾਸਲ ਨਹੀਂ ਕਰ ਸਕੇਗਾ।

ਇਹ ਧਰਤੀ ਤੇ ਕੁਝ ਹੋਰ ਜਗ੍ਹਾ ਚੰਗੀ ਜ਼ਮੀਨ ਦੇ ਟੁਕੜੇ ਵੀ ਬਾਬਾ ਰਲਾ ਸਿੰਘ ਜੀ ਗੜਵੱਈ ਪਰਮ ਸੇਵਕ ਦੀ ਹੀ ਮਲਕੀਅਤ ਸਨ। ਇਹ ਧਰਤੀ ਉਸ ਨੇ ਮਹਾਂਪੁਰਸ਼ਾਂ ਦੀ ਭੇਟ ਕਰਨ ਦੀ ਆਗਿਆ ਮੰਗੀ। ਮਹਾਂਪੁਰਖ ਇਥੇ ਦੁਪਹਿਰ ਸਮੇਂ ਢੱਕੀ ਦੇ ਰੁਖਾਂ ਹੇਠ ਹੀ ਟਿਕੇ ਰਹੇ ਤੇ ਫਿਰ ਸ਼ਾਮ ਸਮੇਂ ਹੋਰ ਕਿਧਰੇ ਬਹੁਤ ਦੂਰ ਜਾਣ ਨਾਲੋਂ ਇਥੇ ਹੀ ਛੋਟਾ ਜਿਹਾ ਅਸਥਾਨ ਬਣਾਉਣ ਦੀ ਆਗਿਆ ਦੇ ਦਿਤੀ। ਸੋ ਛੋਟੀਆਂ ਮੋਟੀਆਂ ਕੋਠੜੀਆਂ ਬਣੀਆਂ, ਫਿਰ ਭੋਰਾ ਬਣਿਆ ਤੇ ਉਹ ਅਸਥਾਨ ਜਿਥੇ ਕੇਵਲ ਸੰਤ ਜੀ ਮਹਾਰਾਜ ਨੇ ਕੇਵਲ ਇਕਾਂਤ ਸਥਾਨ ਹੀ ਬਣਨ ਹਿਤ ਹੀ ਸੋਚਿਆ ਸੀ ਜਿਥੇ ਆਪ ਜੀ ਦੀ ਮਰਜ਼ੀ ਕੋਈ ਵੀ ਪਸਾਰਾ ਕਰਨ ਦੀ ਨਹੀਂ ਸੀ ਉਸ ਧਰਤੀ ਦਾ ਕਰਮ ਕਿ ਉਥੇ ਦੀਵਾਨ ਅਸਥਾਨ ਤੋਂ ਬਿਨਾਂ ਬੀਸੋਂ ਵੱਡੇ ਕਮਰੇ ਸੰਤ ਮਹਾਰਾਜ ਦੇ ਨਿਵਾਸ ਸਥਾਨ, ਦੋ ਮੰਜ਼ਲਾ ਭੋਰਾ ਤੇ ਫਿਰ ਹਜ਼ਾਰਾਂ ਪ੍ਰੇਮੀਆਂ ਦਾ ਦੀਵਾਨ ਪੂਰਨਮਾਸ਼ੀ ਤੋਂ ਪਹਿਲਾਂ ਕਰਦੇ ਹਨ ਫਿਰ ਇਥੋਂ ਹੀ ਪੂਰਨਮਾਸ਼ੀ ਦੇ ਦੀਵਾਨ ਲਗਾਉਣ ਰਾੜੇ ਸਾਹਿਬ ਆਉਂਦੇ ਹਨ। ਉਹ ਸਥਾਨ ਜਿਥੇ ਕਿ ਕੋਈ ਦਰਖਤ ਵੀ ਡਰਦਾ ਨਹੀਂ ਲਗਦਾ ਸੀ। ਜਿਥੇ ਹੋਰ ਪੈਦਾਵਾਰ ਤਾਂ ਇਕ ਪਾਸੇ ਘਾਹ ਵੀ ਸੜ ਜਾਂਦਾ ਸੀ। ਕੇਵਲ ਮਾਤਰ ਕੱਲਰ ਦਾ ਘਾਹ ਤੇ ਬੂਈ ਹੀ ਹੁੰਦੀ ਸੀ ਜਿਸ ਤੋਂ ਸੱਜੀ ਬਣਦੀ ਹੈ ਪਰ ਅੱਜ ਇਸ ਸਥਾਨ ਪਰ ਜੋ ਸੰਤ ਆਸ਼ਰਮ ਦੂਬਲਾਨ ਦੇ ਨਾਮ ਨਾਲ ਚੌਹੀਂ ਪਾਸੀਂ ਪ੍ਰਸਿੱਧ ਹੈ, ਦੇ ਇਸ ਆਸ਼ਰਮ ਦੀ ਧਰਤੀ ਪਰ ਮਹਾਂਪੁਰਖਾਂ ਦੀ ਕਰਮ ਬਖਸ਼ਿਸ਼ ਦੇ ਸਦਕੇ ਗੁਲਜ਼ਾਰ ਖਿੜੀ ਹੋਈ ਹੈ। ਸੰਸਾਰ ਭਰ ਦੇ ਉਤਮ ਫੁੱਲ ਸੰਤ ਜੀ ਮਹਾਰਾਜ ਦੇ ਭੋਰੇ ਦੇ ਚੌਹੀਂ ਪਾਸੀਂ ਲੱਗੇ ਹੋਏ ਹਨ। ਬਾਗ ਲਗ ਗਏ ਹਨ ਤੇ ਉਹ ਧਰਤੀ ਜੋ ਬਾਬੂ ਜੀ ਪਾਸੋਂ ਕਈ ਵਾਰੀ ਲਗਾਨ ਵੀ ਪੱਲੇ ਤੋਂ ਹੀ ਮੰਗਦੀ ਸੀ। ਅੱਜ ਸੈਂਕੜੇ ਮਣਾਂ ਅਨਾਜ ਲੰਗਰ ਨੂੰ ਪ੍ਰਦਾਨ ਕਰਦੀ ਹੈ। ਇਹ ਠੀਕ ਹੈ ਕਿ ਇਸ ਜਗ੍ਹਾ ਸੰਤ ਜੀ ਮਹਾਰਾਜ ਦੇ ਸੇਵਕਾਂ ਨੇ ਬੜੀ ਕਠਨ ਘਾਲਣਾ ਘਾਲੀ ਹੈ। ਹਰ ਧਰਤੀ ਦੇ ਹਰੇਕ ਇੰਚ ਨੂੰ ਕਈ ਕਈ ਚਿਰ ਡੰਗਰਾਂ ਦੇ ਗੋਹੇ ਨਾਲ ਭਰ ਕੇ ਫਿਰ ਪਾਣੀ ਖੜਾ ਰੱਖ ਕੇ ਹੋਰ ਹਰ ਉਪਰਾਲਾ ਜੋ ਕਿਸੇ ਸੱਜਣ ਜਾਂ ਫਿਰ ਸਰਕਾਰ ਨੇ ਦੱਸਿਆ ਇਨ੍ਹਾਂ ਸੇਵਕਾਂ ਨੇ ਵਰਤਣ ਤੋਂ ਸੰਕੋਚ ਨਹੀਂ ਕੀਤਾ। ਅੱਜ ਇਹ ਧਰਤੀ ਸੰਤ ਜੀ ਮਹਾਰਾਜ ਦੀ ਮੇਹਰ ਤੇ ਸੰਗਤਾਂ ਦੀ ਸੇਵਾ ਦੀ ਮੂੰਹ ਬੋਲਦੀ ਤਸਵੀਰ ਹੈ। ਜੋ ਵੀ ਸੱਜਣ ਆਉਣ ਉਹ ਇਹ ਅਨੁਭਵ ਨਹੀਂ ਕਰ ਸਕਦੇ ਕਿ ਇਥੇ ਕਦੇ ਕੋਈ ਕੱਲਰ ਜਾਂ ਵੀਰਾਨ ਧਰਤੀ ਹੋ ਸਕਦੀ ਹੈ। ਇਸ ਜਗ੍ਹਾ ਪਰ ਸੰਤ ਜੀ ਮਹਾਰਾਜ ਦੇ ਜਾਣ ਦਾ ਇਹ ਵੀ ਪ੍ਰਤਾਪ ਹੋਇਆ ਕਿ ਸਰਦਾਰ ਪ੍ਰਤਾਪ ਸਿੰਘ ਜੀ ਦੇ ਸਮੇਂ ਹੀ ਇਕ ਸੜਕ ਦੇ ਸਰਵੇ ਹੋਏ ਕਿ ਉਹ ਪਟਿਆਲੇ ਤੋਂ ਨਾਭੇ ਨੂੰ ਜਾਂਦੀ ਸੜਕ ਤੇ ਫਿਰ ਪਟਿਆਲੇ ਤੋਂ ਬਠਿੰਡੇ ਨੂੰ ਸੁਨਾਮ ਰਾਹੀਂ ਜਾਣ ਵਾਲੀ ਸੜਕ ਦੋਹਾਂ ਨੂੰ ਜੋੜ ਦਿਤਾ ਜਾਵੇ। ਇਸ ਸੜਕ ਦਾ ਨਜ਼ਦੀਕੀ ਨਗਰਾਂ ਨੂੰ ਬਹੁਤ ਹੀ ਫਾਇਦਾ ਹੋਇਆ ਹੈ। ਭਾਵੇਂ ਇਹ ਕਿਸੇ ਵੀ ਉਨ੍ਹਾਂ ਨਗਰਾਂ ਦੇ ਲੋਕਾਂ ਨੂੰ ਅਨੁਭਵ ਨਾ ਹੋਵੇ ਪਰ ਸੱਚ ਇਹ ਹੈ ਕਿ ਇਹ ਸੜਕ ਕੇਵਲ ਸੰਤ ਜੀ ਮਹਾਰਾਜ ਦੇ ਆਸਰਮ ਦੀ ਬਦੌਲਤ ਹੀ ਮੌਜੂਦਾ ਸ਼ਕਲ ਵਿਚ ਆਈ ਹੈ। ਨਹੀਂ ਤਾਂ ਇਹ ਹੋ ਸਕਦਾ ਸੀ ਕਿ ਲਿੰਕ ਰੋਡ ਹੀ ਬਣ ਕੇ ਇਹ ਸੜਕ ਕਿਸੇ ਇਕ ਪਾਸੇ ਤੋਂ ਦੂਬਲਾਨ ਨੂੰ ਆਂਦੀ।

ਸਾਲ ਮਗਰੋਂ ਇਥੇ 5 ਅਗਸਤ ਦੇ ਦਿਨ ਨੂੰ ਭਾਰੀ ਭੰਡਾਰਾ ਤੇ ਪਹਿਲੇ ਦਿਨ ਦੀਵਾਨ ਲਗਦੇ ਹਨ ਕਿਉਂਕਿ ਇਹ ਸੰਤ ਜੀ ਮਹਾਰਾਜ ਦਾ ਜਨਮ ਦਿਨ ਹੈ ਤੇ ਇਹ ਬਾਬੂ ਰਲਾ ਸਿੰਘ ਜੀ ਦੀ ਖਾਹਸ਼ ਹੀ ਪੂਰੀ ਹੋਈ ਹੈ ਕਿ ਉਸ ਅਸਥਾਨ ਪਰ ਇਸ ਦਿਨ ਦੀਵਾਨ ਲਗਦਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਹਰੀ ਕੀਰਤਨ ਸੁਣਦੀਆਂ ਹਨ। ਫਿਰ ਹਰ ਪਾਸੇ ਤੋਂ ਲੋਕ ਪਰਮ ਸੰਤਾਂ ਦੇ ਪਵਿੱਤਰ ਪ੍ਰਵਚਨ ਸੁਣਨ ਹਿਤ ਹੁੰਮ ਹੁੰਮਾ ਕੇ ਪੁਜਦੇ ਹਨ। ਇਹ ਇਕ ਅਮਰ ਸਚਾਈ ਹੈ ਕਿ ਅੱਜ ਦੇ ਸਮੇਂ ਜਿਤਨਾ ਇਕੱਠ ਸੰਤ ਈਸ਼ਰ ਸਿੰਘ ਜੀ ਮਹਾਰਾਜ ਦੇ ਦੀਵਾਨਾਂ ਅੰਦਰ ਹੁੰਦਾ ਹੈ, ਉਸ ਦਾ ਪ੍ਰਮਾਣ ਹੋਰ ਕਿਧਰੇ ਘਟ ਹੀ ਦਿਸਦਾ ਹੈ।

## ਉਸਾਰੂ ਰੁਚੀਆਂ-ਬਿਰਤੀ ਅੰਦਰ ਤਿਆਗ

ਆਮ ਮਨੁੱਖ ਦੀ ਇਹ ਬਿਰਤੀ ਹੁੰਦੀ ਹੈ ਕਿ ਉਹ ਇਕੋ ਹੀ ਪੱਖ ਦਾ ਮਾਲਕ ਹੁੰਦਾ ਹੈ। ਜੇਕਰ ਉਹ ਕੋਈ ਉਸਾਰੀ ਦਾ ਕੰਮ ਆਰੰਭ ਕਰ ਲਵੇ ਤਦ ਉਸ ਨੂੰ ਉਸੇ ਹੀ ਕੰਮ ਦੀ ਲਗਨ ਤੇ ਖਿੱਚ ਲੱਗੀ ਰਹਿੰਦੀ ਹੈ ਪਰ ਸੰਤ ਈਸ਼ਰ ਸਿੰਘ ਜੀ ਇਸ ਤੋਂ ਬਿਲਕੁਲ ਹੀ ਵਖਰੀ ਬਿਰਤੀ ਦੇ ਮਾਲਕ ਹਨ। ਉਨ੍ਹਾਂ ਦੇ ਸਾਮ੍ਹਣੇ ਕੋਈ ਵੀ ਉਸਾਰੂ ਕੰਮ ਕਰਨ ਲਈ ਸਲਾਹ ਹੁੰਦੀ ਹੈ। ਉਹ ਉਸ ਸਮੇਂ ਪੂਰੇ ਧਿਆਨ ਨਾਲ ਗੱਲ ਸੁਣਦੇ ਹਨ। ਪੂਰੀ ਤਰ੍ਹਾਂ ਰਾਏ ਦਿੰਦੇ ਹਨ। ਉਸ ਨਾਲ ਸੰਮਤੀ ਜਾਂ ਫਿਰ ਅਸੰਮਤੀ ਵੀ ਉਸੇ ਹੀ ਸਮੇਂ ਪ੍ਰਗਟ ਕਰ ਦਿੰਦੇ ਹਨ ਫਿਰ ਜਦੋਂ ਹੀ ਉਹ ਗੱਲਬਾਤ ਮੁਕ ਗਈ ਫਿਰ ਉਹ ਕਦੇ ਵੀ ਉਸ ਗੱਲ ਨੂੰ ਯਾਦ ਨਹੀਂ ਕਰਦੇ। ਕਦੇ ਕੋਈ ਗੱਲ ਚਲ ਪਵੇ ਵਖਰੀ ਗੱਲ ਹੈ। ਆਪਣੇ ਵਲੋਂ ਉਸ ਦੀ ਕਦੇ ਵੀ ਚਿਤਵਣੀ ਨਹੀਂ ਕਰਦੇ। ਛੋਟੇ ਸੰਤ ਜੀ ਮਹਾਰਾਜ ਕਿਸੇ ਵੀ ਕਾਰਜ ਬਾਰੇ ਫੈਸਲਾ



Sri Satguru Jagjit Singh Ji eLibrary NamdhariElibrary@gmail.com

ਕਰਕੇ ਫਿਰ ਉਸ ਅੰਦਰ ਪੂਰੀ ਤਰ੍ਹਾਂ ਲਗਨ ਨਾਲ ਕੰਮ ਕਰਦੇ ਹਨ। ਮੈਂ ਸਮਝਦਾ ਹਾਂ ਸੰਤ ਅਤਰ ਸਿੰਘ ਜੀ ਮਹਾਰਾਜ ਨੇ ਇਹ ਗੱਲ ਛੋਟੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਨੂੰ ਠੀਕ ਹੀ ਫੁਰਮਾਈ ਸੀ, ਭਾਈ ਤੂੰ ਇਸ ਦੇ ਸਦਾ ਹੀ ਨਾਲ ਰਹੀਂ ਇਹ ਸਾਧ ਹੈ ਦੁਨੀਆਂ ਦੀਆਂ ਵਿਵਹਾਰੀ ਗੱਲਾਂ ਬਿਲਕੁਲ ਹੀ ਨਹੀਂ ਜਾਣਦਾ, ਨਾ ਹੀ ਇਸ ਨੇ ਸਾਰੀ ਉਮਰ ਇਹ ਬੁੱਧੀ ਕਦੇ ਪੈਦਾ ਹੀ ਕਰਨੀ ਹੈ। ਸੋ ਤੂੰ ਤੇ ਇਹ ਮਿਲ ਕੇ ਹੀ ਕਾਰਜ ਦੀ ਸਿੱਧੀ ਹੋਵੇਗੀ। ਬਾਹਰਲੇ ਵਿਵਹਾਰ ਨੂੰ ਸੰਭਾਲਣਾ ਤੇ ਸਾਰਾ ਕਾਰਜ ਕਰਨਾ ਇਹ ਤੇਰੇ ਹੀ ਜ਼ਿੰਮੇ ਰਹੇਗਾ। ਉਹ ਗੱਲ ਅੱਜ ਤਕ ਇਸੇ ਹੀ ਤਰ੍ਹਾਂ ਹੁਣ ਤਕ ਚਲਦੀ ਆ ਰਹੀ ਹੈ। ਫੈਸਲਾ ਤਾਂ ਮਿਲ ਕੇ ਹੀ ਹੁੰਦਾ ਹੈ, ਪਰ ਕਾਰਜ ਦੀ ਨਿਗਰਾਨੀ ਤੇ ਹੋਰ ਬਾਹਰ ਅੰਦਰ ਦੀ ਸਾਰੀ ਜ਼ਿੰਮੇਦਾਰੀ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਪਰ ਹੀ ਆਉਂਦੀ ਹੈ ਤੇ ਉਹ ਕਾਰਜ ਕਰਨ ਤੇ ਉਸ ਦੇ ਭਰ ਸਕਣ ਵਿਚ ਸਮਰੱਥ ਵੀ ਹਨ। ਜ਼ਰਾ ਧਿਆਨ ਨਾਲ ਤੱਕੀਏ, ਢੱਕੀ ਅੰਦਰ ਛੋਟਾ ਜਿਹਾ ਗੁਰਦਵਾਰਾ ਲੰਗਰ ਦੀ ਇਮਾਰਤ ਵੀ ਬਹੁਤ ਵੱਡੀ ਨਹੀਂ ਸੀ। ਪਹਿਲੇ ਦੋ ਕਮਰੇ ਛੱਡ ਕੇ ਬਾਕੀ ਲੰਬੀ ਕਤਾਰ ਕੱਚੇ ਹੀ ਕਮਰਿਆਂ ਦੀ ਸੀ। ਵੱਡੇ ਸੰਤ ਜੀ ਮਹਾਰਾਜ ਦਾ ਭੋਰਾ ਵੀ ਛੋਟਾ ਹੀ ਸੀ। ਫਿਰ ਤਪੋਬਣ ਦੇ ਦਰਮਿਆਨ ਇਕ ਛੋਟਾ ਜਿਹਾ ਛੇ ਖੂੰਜਾ ਕੇਵਲ ਭੁੰਜੇ ਬਿਸਤਰਾ ਕਰਨ ਜੋਗਾ ਹੀ ਸਥਾਨ ਸੀ। ਉਹ ਵੀ ਆਪ ਤੋਂ ਬਿਨਾਂ ਉਸ ਦੇ ਪਾਸ ਹੋਰ ਕਿਸੇ ਦੇ ਬੈਠਣ ਨੂੰ ਵੀ ਗੁੰਜਾਇਸ਼ ਨਹੀਂ ਸੀ। ਸਾਰੀਆਂ ਸਰਦੀਆਂ ਸੰਤ ਜੀ ਮਹਾਰਾਜ ਉਥੇ ਹੀ ਛੇ ਫੁੱਟ ਦੇ ਖੂੰਜਿਆਂ ਵਾਲੇ ਛੋਟੇ ਜਿਹੇ ਟੀਨ ਤੇ ਫਿਰ ਲੱਕੜੀ ਦੀ ਛੱਤ ਦੇ ਬਣੇ ਹੋਏ ਛਤਾਰ ਅੰਦਰ ਨਿਵਾਸ ਕਰਦੇ ਸਨ। ਇਹ ਤਾਂ ਇਕ ਕਹਿਣ ਦੀ ਗੱਲ ਹੈ ਅਸਲ ਵਿਚ ਇਸ ਜਗ੍ਹਾ ਦੇ ਅੰਦਰ ਆਪ ਸਿਰਫ ਛੇ ਘੰਟੇ ਹੀ ਬਿਰਾਜਦੇ ਸਨ। ਤਿੰਨ ਚਾਰ ਘੰਟੇ ਦਿਨ ਗਿਆਰਾਂ ਤੋਂ ਤਿੰਨ ਵਜੇ ਤਕ ਤੇ ਰਾਤ ਸਮੇਂ ਗਿਆਰਾਂ ਤੋਂ ਦੋ ਵਜੇ ਤਕ ਤਿੰਨ ਘੰਟੇ ਇਹੀ ਬਿਸਰਾਮ ਦਾ ਸਮਾਂ ਸੀ। ਇਸ ਤੋਂ ਬਿਨਾਂ ਹੋਰ ਕਿਸੇ ਵੀ ਸਮੇਂ ਸੰਤ ਜੀ ਮਹਾਰਾਜ ਅਰਾਮ ਲਈ ਸਮਾਂ ਨਹੀਂ ਕਢਦੇ ਸਨ। ਉਥੇ ਕਦੇ ਵੀ ਪਸਾਰੇ ਬਾਰੇ ਸੋਚਿਆ ਨਹੀਂ ਜਾਂਦਾ ਸੀ। ਢੱਕੀ ਅੰਦਰ ਨਿਵਾਸ ਦੇ ਦਿਨ ਵੀ ਤਪ ਸਾਧਨ ਤੇ ਅਭਿਆਸ ਦੇ ਮਹਾਨ ਕਠਨ ਤੇ ਉਤਮ ਦਿਨ ਗਿਣੇ ਜਾ ਸਕਦੇ ਹਨ।

ਪਰ ਉਸ ਅਸਥਾਨ ਤੋਂ ਆ ਕੇ ਫਿਰ ਸੰਤ ਜੀ ਮਹਾਰਾਜ ਨੇ ਉਹੀ ਇਕਾਂਤ ਧਾਰਨ ਕਰ ਲਿਆ। ਪਰ ਛੋਟੇ ਸੰਤ ਜੀ ਮਹਾਰਾਜ ਲਈ ਕਾਫੀ ਕੰਮ ਵੱਧ ਗਿਆ ਸੀ। ਜਦੋਂ ਡੇਰਾ ਬਣਨਾ ਅਰੰਭ ਹੋਇਆ ਤਦ ਇਸ ਦੀ ਇਤਨਾ ਅੱਗੇ ਵਧ ਜਾਣ ਦੀ ਕੋਈ ਆਸ਼ਾ ਨਹੀਂ ਸੀ। ਉਸ ਸਮੇਂ ਲੋਕ ਰੁਚੀਆਂ ਤੇ ਲੋਕ ਆਸ਼ਾਵਾਂ ਕੇਵਲ ਸਾਧਨ ਤੇ ਭਗਤੀ ਮਾਰਗ ਤਕ ਹੀ ਸਨ। ਇਸ ਅਸਥਾਨ ਨੂੰ ਇਕਾਂਤ ਤੇ ਲੋਕਾਂ ਦੇ ਚਾਹੁਣ ਦੇ ਬਾਵਜੂਦ ਇਥੋਂ ਤਕ ਹੀ ਮਹਿਦੂਦ ਸੀ ਕਿ ਕੁਝ ਸਿਮਰਨ ਦੀ ਲਗਨ ਵਾਲੀਆਂ ਰੂਹਾਂ ਤੇ ਬਾਕੀ ਸੇਵਾ ਅੰਦਰ ਮਸਤ ਹੀ ਸੇਵਕ ਇਥੇ ਟਿਕਦੇ ਸਨ। ਸੇਵਾਦਾਰਾਂ ਲਈ ਸੁਬ੍ਹਾ ਉਠ ਕੇ ਉਨ੍ਹਾਂ ਨੂੰ ਪੰਜ ਤੋਂ ਪਹਿਲਾਂ ਹੀ ਅਭਿਆਸੀ ਤੇ ਸੰਗਤਾਂ ਹਿਤ ਚਾਹ ਤੇ ਹਾਜ਼ਰੀ ਤਿਆਰ ਕਰਨੀ ਹੁੰਦੀ ਸੀ। ਸੋ ਲਾਂਗਰੀ ਸਿੰਘ ਵੀ ਉਸ ਸਿਮਰਨ ਦੀ ਪੂਰੀ ਤਰ੍ਹਾਂ ਹਾਜ਼ਰੀ ਅੰਦਰ ਹੀ ਹਾਜ਼ਰ ਸਮਝੇ ਜਾਂਦੇ ਹਨ। ਉਸ ਸਮੇਂ ਤਕ ਖੇਤੀ ਦੀ ਸੇਵਾ ਅਜੇ ਘੱਟ ਹੀ ਸੀ, ਇਸ ਕਰਕੇ ਉਹ ਬਾਹਰ ਦੇ ਸੇਵਕ ਵੀ ਅੰਮ੍ਰਿਤ ਵੇਲੇ ਉਠਣ ਤੋਂ ਬਚਦੇ ਨਹੀਂ ਸਨ। ਇਕ ਵਾਰੀ ਇਕ ਐਸੇ ਮਹਾਤਮਾ ਜੀ ਦਾ ਸੇਵਕ ਇਥੇ ਆਇਆ ਜੋ ਕਹੀ ਟੋਕਰੀ ਦੀ ਸੇਵਾ ਅਧਿਕ ਤੋਂ ਅਧਿਕ ਲੈਂਦੇ ਸਨ ਪਰ ਅੰਮ੍ਰਿਤ ਵੇਲੇ ਉਠ ਕੇ ਬਾਹਰ ਬੈਠਣ ਦੀ ਆਦਤ ਨਹੀਂ ਸੀ। ਇਥੇ ਜੋ ਲੋਕ ਸਨ ਉਹ ਸੰਤ ਅਤਰ ਸਿੰਘ ਮਹਾਰਾਜ ਸਮੇਂ ਦੇ ਗਿੱਝੇ ਹੋਏ ਸਨ ਜੋ ਸਿਮਰਨ ਤੇ ਸਾਧਨਾ ਸਮੇਂ ਆਪਣੇ ਆਪ ਨਾਲ ਵੀ ਕੋਈ ਲਿਹਾਜ਼ ਨਹੀਂ ਕਰਦੇ ਸਨ। ਰੇਰੂ ਸਾਹਿਬ ਰਾਤ ਸਮੇਂ ਸਾਰੇ ਹੀ ਤਪ ਸਾਧਨਾ ਦੇ ਪ੍ਰੇਮੀ ਗੋਖੇ ਦੀ ਛਪੜੀ ਪਰ ਆ ਕੇ ਰਾਤ ਸਮੇਂ ਗਿਆਰਾਂ ਵਜੇ ਤਕ ਬੈਠਦੇ ਸਨ। ਫਿਰ ਅੰਮ੍ਰਿਤ ਵੇਲੇ ਦੋ ਵਜੇ ਤੋਂ ਫਿਰ ਇਥੇ ਹੀ ਜਗ੍ਹਾ ਸਾਫ ਕਰਕੇ ਪ੍ਰੇਮੀਆਂ ਨੇ ਬੈਠਣ ਨੂੰ ਜਗ੍ਹਾ ਬਣਾ ਰੱਖੀ ਸੀ। ਜਿਸ ਪਰ ਖੁਲ੍ਹੀ ਹਵਾ ਵਿਚ ਆ ਕੇ ਸਾਰੇ ਹੀ ਸੱਜਣ ਬੈਠਦੇ ਹਨ। ਇਕ ਦਿਨ ਕੁਝ ਸਤਿਸੰਗੀ ਸੱਜਣਾਂ ਨੇ ਇਕ ਬੋਹੜ ਦੀਆਂ ਜੜ੍ਹਾਂ ਦੇ ਨਾਲ ਹੀ ਆਸਣ ਲਗਾ ਲਏ ਤੇ ਬੈਠ ਗਏ। ਇਥੇ ਹੀ ਸੰਤ ਜੀ ਮਹਾਰਾਜ ਨੇ ਦੋਵੇਂ ਸਮੇਂ ਇਸ ਨੂੰ ਤੱਕਿਆ ਤੇ ਹੱਸ ਕੇ ਫੁਰਮਾਇਆ, "ਭਾਈ! ਤੁਸੀਂ ਡੇਰੇ ਤੋਂ ਰਜਾਈਆਂ ਵੀ ਨਾਲ ਹੀ ਲੈ ਕੇ ਆਇਆ ਕਰੋ।"

ਇਹ ਸੇਵਕ ਹੈਰਾਨ ਸਨ ਕਿ ਮਹਾਰਾਜ ਜੀ ਕੀ ਕਹਿਣਾ ਚਾਹੁੰਦੇ ਹਨ? ਫਿਰ ਕਿਹਾ, "ਇਹ ਤੱਕੋ ਇਕ ਛੋਟੀ ਜਿਹੀ ਝੁੰਬੀ ਹੀ ਵੀਹ ਸਾਲਾਂ ਤੋਂ ਮੇਰੇ ਸਾਥ ਹੈ। ਇਹ ਸਾਡੇ ਲਈ ਤੰਬੂ ਹੈ, ਰਜਾਈ ਹੈ, ਇਹੀ ਸਰਦੀ ਵਲੋਂ ਬਚਾਉ ਦਾ ਸਾਧਨ ਹੈ। ਖੁਲ੍ਹੀ ਜਗ੍ਹਾ ਵਿਚ ਇਸ ਕਰਕੇ ਬੈਠਦੇ ਹਾਂ ਕਿ ਆਲਸ ਘਟ ਆਉਂਦਾ ਹੈ। ਫਿਰ ਅਭਿਆਸੀ ਨੇ ਤਾਂ ਅਭਿਆਸ ਕਰਨਾ ਹੈ ਸਰਦੀ ਤੇ ਆਲਸ ਦੋਵੇਂ ਹੀ ਉਸ ਦੇ ਪਾਸ ਨਹੀਂ ਆ ਸਕਦੇ। ਤੁਹਾਡੀ ਰਹਿਤ ਬਹਿਤ ਹੀ ਇਹ ਸਿੱਧ ਕਰ ਸਕਦੀ ਹੈ ਕਿ

'ਆਤਮ ਮਾਰਗ', ਜੁਲਾਈ, 1999



Sri Satguru Jagjit Singh Ji eLibrary NamdhariElibrary@gmail.com

ਤੁਹਾਨੂੰ ਅਭਿਆਸੀ ਸਿਮਰਨ ਸਾਧਨ ਤੇ ਨਿਜ ਦੋਸ਼ ਨੂੰ ਤੱਕਣ ਤੇ ਉਥੋਂ ਦਾਤਾਂ ਪ੍ਰਾਪਤ ਕਰਨ ਦੀ ਤੁਹਾਡੇ ਅੰਦਰ ਕਿਤਨੀ ਖਿੱਚ ਹੈ, ਜੇਕਰ ਕਿਸੇ ਚੀਜ਼ ਵਲ ਤੁਹਾਡਾ ਰੁਖ ਹੀ ਨਹੀਂ, ਤਦ ਅਸੀਂ ਜ਼ਬਰਦਸਤੀ ਤੁਹਾਡੇ ਅੰਦਰ ਕਿਵੇਂ ਕਸ਼ਸ਼, ਖਿੱਚ, ਲਗਾਉ ਤੇ ਲਿਵ ਪੈਦਾ ਕਰ ਸਕਦੇ ਹਾਂ? ਵੱਡੇ ਸਾਹਿਬ ਤਾਂ ਪੂਰੀਆਂ ਤਿੰਨ ਚੌਕੜੀਆਂ ਸੰਤ ਸਿੰਘ ਜੀ ਸਮੇਂ ਕਠਨ ਤਪ ਕੀਤਾ ਹੈ, ਭਾਵ ਪੂਰੇ ਛੱਤੀ ਸਾਲ ਹੀ ਉਸ ਨੇ ਸਿਰ ਵੀ ਚੁਕ ਕੇ ਨਹੀਂ ਡਿੱਠਾ। ਕਾਲੇ ਨਾਲੇ ਦਾ ਪਾਣੀ ਵੀ ਇਤਨਾ ਪਵਿੱਤਰ ਹੋ ਗਿਆ ਕਿ ਬਿਮਾਰੀਆਂ ਦੇ ਮਾਰੇ ਹੋਏ ਲੋਕ ਉਸ ਪਹਾੜੀ ਨਾਲੇ ਦਾ ਪਾਣੀ ਅੰਮ੍ਰਿਤ ਕਰਕੇ ਘਰਾਂ ਨੂੰ ਲੈ ਜਾਂਦੇ ਸਨ ਫਿਰ ਉਹ ਨਾਮ ਔਸ਼ਧ ਹੀ ਸੀ ਜਿਸ ਨੇ ਲੋਕਾਂ ਦੀਆਂ ਸਰੀਰਕ ਤੇ ਮਾਨਸਿਕ ਦੋਵੇਂ ਥੁੜਾਂ ਹੀ ਦੂਰ ਕਰ ਦਿਤੀਆਂ ਸਨ। ਸੋ ਭਾਈ ਜੋ ਤਪ ਸਮੇਂ ਆਰਾਮ ਕਰਨਾ ਚਾਹੇ ਉਸ ਨੂੰ ਸਾਡੇ ਨਾਲ ਆਉਣ ਦੀ ਖੇਚਲ ਨਹੀਂ ਕਰਨੀ ਚਾਹੀਦੀ, ਸਗੋਂ ਡੇਰੇ ਹੀ ਸੇਵਾ ਪਰ ਜ਼ੋਰ ਲਗਾਉਣਾ ਚਾਹੀਦਾ ਹੈ। ਫਿਰ ਸੇਵਾ ਹੋ ਨਾ ਸਕੇ ਸਾਧਨ ਤੋਂ ਡਰੇ ਤੇ ਬਰੋਟਿਆਂ ਦੀ ਆੜ ਲੱਭਦੇ ਫਿਰੋ ਇਸ ਸਾਧਨ ਤੇ ਤਪ ਦੇ ਬਹਾਨੇ ਲੱਭਣ ਦੀ ਲੋੜ ਨਹੀਂ, ਇਹ ਕੋਈ ਜੋਰ ਜਬਰ ਜਾਂ ਫਿਰ ਧੱਕੇ ਦਾ ਕੰਮ ਥੋੜਾ ਹੀ ਹੈ? ਇਹ ਤਾਂ ਲਗਨ ਤੇ ਬੈਰਾਗ ਦੀਆਂ ਗੱਲਾਂ ਹਨ ਜਿਸ ਨੂੰ ਨਾ ਹੋਵੇ ਉਹ ਆਨੰਦ ਲਵੇ, ਫਿਰ ਜੇਕਰ ਇਹ ਕੁਝ ਸੇਵਾ ਸਿਮਰਨ ਭਜਨ ਪਾਠ ਹਰ ਪਾਸੇ ਤੋਂ ਹੀ ਖਾਲੀ ਰਹਿਣਾ ਹੈ ਤਦ ਸਾਧ ਨਾਲੋਂ ਗ੍ਰਿਹਿਸਤੀ ਸੌ ਦਰਜੇ ਚੰਗਾ ਹੈ ਪਰ ਉਹ ਕੰਮ ਵੀ ਹੁਣ ਤੁਹਾਥੋਂ ਹੋਣਾ ਕਠਨ ਹੀ ਹੈ ਕਿਉਂਕਿ ਤੁਸੀਂ ਧਰਮਸਾਲਾ ਦੀਆਂ ਰੋਟੀਆਂ ਕਈ ਜਗ੍ਹਾ ਦੀਆਂ ਛਕ ਬੈਠੇ ਹੋ, ਫਿਰ ਉਹ ਕੰਮ ਕਰਕੇ ਹੱਡ ਭੰਨ ਕੇ ਰਾਤ ਨੂੰ ਰੁਖੀ ਸੁਖੀ ਉਹ ਹੁਣ ਵੀ ਸ਼ਾਇਦ ਤੁਸੀਂ ਨਹੀਂ ਖਾ ਸਕਦੇ। ਫਿਰ ਇਸ ਭੇਖ ਨੂੰ ਹੀ ਕਿਉਂ ਲਾਜ ਲਗਾਉਣੀ ਹੈ। ਸਿੱਧੇ ਹੋ ਕੇ ਸਿਰ ਦਿਓ। ਬਰੋਟਿਆਂ ਦੇ ਆਸਰੇ ਛੱਡ ਕੇ ਸਬਰ ਦਾ ਅਧਾਰ ਰੱਖੋ, ਫਿਰ ਤੱਕੋ ਤੇ ਸਹੀ ਸਿਮਰਨ ਦੀਆਂ ਲਹਿਰਾਂ ਤੁਹਾਨੂੰ ਕਿਸ ਤਰ੍ਹਾਂ ਰੰਗ ਦਿੰਦੀਆਂ ਹਨ। ਤੁਹਾਨੂੰ ਕਿਸੇ ਦੀ ਛਾਵੇਂ ਬੈਠਣ ਦੀ ਮੁਹਥਾਜੀ ਨਹੀਂ ਰਹੀ ਸਗੋਂ ਤੁਸੀਂ ਆਪ ਹੀ ਛਾਇਆ ਰੂਪ ਹੋ ਕੇ ਸੰਸਾਰ ਨੂੰ ਸੁਖ ਸ਼ਾਂਤੀ ਪ੍ਰਦਾਨ ਕਰੋਗੇ। ਇਸ ਬਰੋਟੇ ਵਲ ਹੀ ਤੱਕੋ, ਇਹ ਛੋਟੇ ਜਿਹੇ ਇਕ ਬੀਜ ਦੀ ਉਪਜ ਹੈ ਜਾਂ ਫਿਰ ਕਿਸੇ ਮਨੁੱਖ ਨੇ ਇਸ ਨੂੰ ਕਿਸੇ ਵੱਡੇ ਰੁਖ ਨਾਲੋਂ ਤੋੜ ਕੇ ਇਥੇ ਲਿਆ ਗੱਡਿਆ ਹੋਵੇਗਾ। ਇਸ ਨੇ ਗਰਮੀਆਂ ਦੀਆਂ ਸਖਤ ਹਨ੍ਹੇਰੀਆਂ ਤੇ ਝੱਖੜ, ਤੂਫਾਨ, ਫਿਰ ਸਰਦੀਆਂ ਦੇ ਅਨੇਕਾਂ ਹੀ ਕੱਕਰ ਤੇ ਠੰਡੀਆਂ ਹਵਾਵਾਂ ਬਰਦਾਸ਼ਤ ਕੀਤੀਆਂ ਹੋਣਗੀਆਂ, ਫਿਰ ਜਾ ਕੇ ਇਸ ਕਾਬਿਲ ਹੋ ਸਕਿਆ ਹੈ ਕਿ ਇਹ ਸਾਨੂੰ ਦੋ ਘੜੀ ਅਰਾਮ ਦੇ ਸਕੇ ਤੇ ਛੋਟੇ ਮੋਟੇ ਜਾਨਵਰਾਂ ਲਈ ਰਿਹਾਇਸ਼ ਵੀ ਦੇ ਸਕੇ ਤੇ ਫਿਰ ਸਾਲ ਮਗਰੋਂ ਗੋਹਲਾਂ ਦਾ ਮੇਵਾ ਦੇ ਸਕੇ ਜਿਸ ਨੂੰ ਖਾ ਕੇ ਜਾਨਵਰ ਪੁਸ਼ਟ ਬਲਵਾਨ ਤੇ ਬੀਮਾਰੀ ਤੋਂ ਬਚਦੇ ਹਨ। ਇਹ ਮਹਾਨ ਤਪੀ ਬਲੀ ਹੋ ਕੇ ਵੀ ਲੋਕਾਂ ਲਈ ਆਰਾਮ ਤੇ ਸੁੱਖ ਦੇ ਕੇ ਲੋਕਾਂ ਦੀ ਸੇਵਾ ਕਰਕੇ ਕੋਈ ਇਵਜ਼ਾਨਾ ਨਹੀਂ ਮੰਗਦੇ, ਚੋਟ ਕਰਨ ਪਰ ਕੋਈ ਗਿਲਾ ਗੁਜ਼ਾਰੀ ਨਹੀਂ ਦਿੰਦਾ। ਪਰ ਅਸੀਂ ਹਾਂ ਕਿ ਕੋਈ ਤਪ ਸਾਧਨਾ ਤੋਂ ਪਹਿਲਾਂ ਹੀ ਆਰਾਮ ਤੇ ਸੁੱਖ ਦਾ ਸਾਧਨ ਲੱਭਦੇ ਫਿਰਦੇ ਹਾਂ। ਯਾਦ ਰੱਖੋ, ਜੇ ਆਰਾਮ ਤੇ ਧਨ ਸਹਿਜੇ ਹੀ ਪ੍ਰਾਪਤ ਹੋਵੇ ਜਿਸ ਕਾਰਜ ਵਿਚ ਮਿਹਨਤ ਘੱਟ ਤੇ ਇਵਜ਼ਾਨਾ ਅਧਿਕ ਹੈ। ਉਹ ਕਾਰਜ ਕਦੇ ਵੀ ਕਿਸੇ ਵੀ ਸਮੇਂ ਮਹਾਨ ਕਲੇਸ਼ਾਂ ਦਾ ਕਾਰਨ ਹੋ ਸਕਦਾ ਹੈ।

ਸੋ ਇਹ ਪ੍ਰਮਾਣ ਹਰ ਸਮੇਂ ਹੀ ਸੰਤ ਈਸ਼ਰ ਸਿੰਘ ਜੀ ਮਹਾਰਾਜ ਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਸਾਮ੍ਹਣੇ ਰਹਿੰਦਾ ਹੈ। ਇਸੇ ਹੀ ਕਰਕੇ ਉਹ ਆਰੰਭ ਤੋਂ ਹੀ ਬਹੁਤ ਅਡੰਬਰ ਨਹੀਂ ਕਰਨਾ ਚਾਹੁੰਦੇ ਸਨ। ਪਰ ਇਸ ਧਰਤ ਦੇ ਬਲਵਾਨ ਭਾਗ ਹਨ ਜਿਨ੍ਹਾਂ ਨੇ ਲੱਖਾਂ ਹੀ ਰੁਪਿਆਂ ਦੀਆਂ ਭਾਰੀ ਇਮਾਰਤਾਂ ਖੜ੍ਹੀਆਂ ਕਰ ਦਿਤੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਜਿਸ ਵੀ ਇਮਾਰਤ ਦਾ ਸੁਪਨਾ ਜਾਂ ਫਿਰ ਸੰਕਲਪ ਕਿਸੇ ਸਮੇਂ ਤੁਰੇ ਜਾਂਦਿਆਂ ਵੀ ਬਣ ਗਿਆ ਉਹ ਪੂਰਨ ਹੋ ਜਾਂਦਾ ਹੈ। ਇਸ ਸਮੇਂ ਤਕ ਸੌ ਤੋਂ ਉਪਰ ਰਿਹਾਇਸ਼ੀ ਕਮਰੇ ਹਨ ਜਿਨ੍ਹਾਂ ਵਿਚੋਂ ਚਾਲੀ ਤੋਂ ਉਪਰ ਨਾਲ ਟੁਆਲਟ (Toilets), ਗੁਸਲਖਾਨੇ ਤੇ ਹੋਰ ਹਰ ਤਰ੍ਹਾਂ ਦੀਆਂ ਨਵੀਆਂ ਜ਼ਮਾਨੇ ਦੀਆਂ ਸਹੂਲਤਾਂ ਹਨ ਜੋ ਇਸ ਸਮੇਂ ਤਕ ਬਣੀਆਂ ਹਨ। ਫਿਰ ਸੰਤ ਜੀ ਮਹਾਰਾਜ ਨੂੰ ਇਨ੍ਹਾਂ ਨਾਲ ਕੋਈ ਲਗਾਉ ਨਹੀਂ ਹੈ।

ਹਾਈ ਸਕੂਲ ਜਿਸ ਦੀ ਸਾਰੀ ਇਮਾਰਤ ਆਪ ਨੇ ਤਿਆਰ ਕਰਵਾਈ ਸੀ, ਹੁਣ ਕਾਲਜ ਬਣ ਕੇ ਸਰਕਾਰ ਦੇ ਪਹਿਰੇ ਵਿਚ ਚਲੀ ਗਈ ਹੈ ਇਸ ਦੇ ਨਾਲ ਹੀ ਸੰਤ ਜੀ ਮਹਾਰਾਜ ਨੇ ਵਕਤੀ ਇੰਤਜ਼ਾਮ ਲਈ ਤਕਰੀਬਨ ਡੇਢ ਲੱਖ ਰੁਪਏ ਨਕਦ ਵੀ ਦਿਤੇ ਹਨ। ਜਦੋਂ ਇਹ ਬਿਲਡਿੰਗ ਪਹਿਲੀ ਵਾਰ ਦੇਣ ਦਾ ਫੈਸਲਾ ਕੀਤਾ ਉਸ ਸਮੇਂ ਕੁਝ ਸੇਵਕ ਇਸ ਰਾਏ ਦੇ ਸਨ ਕਿ ਇਹ ਸਰਕਾਰ ਨੂੰ ਨਹੀਂ ਦੇਣੀ ਚਾਹੀਦੀ, ਸਗੋਂ ਧਾਰਮਕ ਵਿਦਿਆ ਨੂੰ ਮੁੱਖ ਰੱਖ ਕੇ ਪਾਸ ਹੀ ਰੱਖਣੀ ਚਾਹੀਦੀ ਹੈ। ਪਰ ਵੱਡੇ ਮਹਾਰਾਜ ਜੀ ਨੇ ਸਾਫ ਕਿਹਾ ਛੋਟੇ ਸੰਤ ਜੀ ਇਸ ਬੋਝ ਨੂੰ ਚੁੱਕੀ ਫਿਰਦੇ ਸਨ। ਮੈਂ ਤੇ ਇਸ ਕੰਮ ਤੋਂ ਸਦਾ ਹੀ ਦੂਰ ਹੀ ਰਹਿੰਦਾ ਹਾਂ, ਪਰ ਉਹ ਵੀ ਰੋਜ਼ ਦੇ ਝਮੇਲਿਆਂ ਤੋਂ ਤੰਗ ਹਨ, ਸਾਧੂ ਤਾਂ ਤਿਆਗ ਕਰਕੇ ਘਰੋਂ ਬਾਹਰ ਆਇਆ ਹੈ, ਫਿਰ ਇਹ ਸੈਂਕੜੇ ਘਰਾਂ ਦੀ ਇਕੱਠੀ ਹੋਈ ਲੜਾਈ ਨੂੰ ਸਰਕਾਰ ਹੀ ਸੰਭਾਲ ਸਕਦੀ ਹੈ। ਅਸੀਂ ਤੇ ਆਪਣੇ ਸਿਰ ਤੋਂ ਇਕ ਬੋਝ ਉਤਾਰਿਆ ਹੈ।

ਹੁਣ ਗੁਰਦਵਾਰੇ ਦੀ ਨਵੀਂ ਇਮਾਰਤ ਬਣ ਰਹੀ ਹੈ, ਦਸ ਲੱਖ ਤੋਂ ਉਪਰ ਖਰਚ ਆ ਚੁੱਕਾ ਹੈ, ਟਿੱਕੀਆਂ ਤੇ ਚਮਕਦਾਰ ਗੁੰਬਦ, ਸੁਨਹਿਰੀ ਕਲਸ਼ ਗੁਰੂ ਦਰਬਾਰ ਦੀ ਸ਼ੋਭਾ ਚਮਕਾ ਰਹੇ ਹਨ, ਚਿਪਸ ਦੇ ਫਰਸ਼ ਤੇ ਇਟਲੀ ਦੇ ਸੰਗਮਰਮਰ ਦੇ ਫਰਸ਼ ਹਨ। ਪਰ ਵੱਡੇ ਸੰਤਾਂ ਨੂੰ ਪਤਾ ਨਹੀਂ ਕਿ ਕੀ ਹੋ ਰਿਹਾ ਹੈ, ਇਹ ਸਾਰੀ ਹੀ ਜ਼ਿੰਮੇਦਾਰੀ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀ ਹੈ। ਗੁਰਮੁਖ ਮਾਇਆ ਵਿਚ ਹੀ ਉਦਾਸ ਰਹਿਣ ਦੀ ਕਹਾਵਤ ਹੋਰ ਕਿਧਰੇ ਇਸ ਤੋਂ ਉਤਮ ਨਹੀਂ ਮਿਲੇਗੀ ਕਿ ਦੋਵੇਂ ਹੀ ਸੰਤ ਜੀ ਮਹਾਰਾਜ ਨੂੰ ਲੱਖਾਂ ਦੀ ਗਿਣਤੀ ਵਿਚ ਆ ਰਹੀ ਮਾਇਆ ਕਦੇ ਵੀ ਇਸ ਭਰਮ ਅੰਦਰ ਨਹੀਂ ਪਾ ਸਕੀ ਕਿ ਕੀ ਹੋਣਾ ਹੈ, ਕੀ ਕਰਨਾ ਹੈ। ਇਹ ਕਾਰਜ ਕਿਸ ਤਰ੍ਹਾਂ ਹੋਵੇਗਾ ਜਾਂ ਫਿਰ ਇਸ ਨੂੰ ਸਮਾਪਤ ਕਰਨ ਹਿਤ ਕੀ ਉਪਰਾਲਾ ਕਰਨਾ ਹੈ। ਜਦੋਂ ਇਕ ਗੱਲ ਮੁਕ ਜਾਵੇ ਕਿ ਇਹ ਕਾਰਜ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਮੈਂ ਇਹ ਸਮਝਦਾ ਹਾਂ ਉਹ ਕਾਰਜ ਉਸੇ ਹੀ ਸਮੇਂ ਅਸਲ ਵਿਚ ਬਣ ਚੁੱਕਾ ਹੁੰਦਾ ਹੈ, ਸਿਰਫ ਉਸ ਨੂੰ ਆਖਰੀ ਸ਼ਕਲ ਹੀ ਦੇਣੀ ਬਾਕੀ ਹੁੰਦੀ ਹੈ, ਸਮਾਂ ਕਿੰਨਾ ਹੀ ਲੱਗੇ ਪਰ ਕਾਰਜ ਹੋ ਜਾਣਾ ਹੈ।

L L L L L L L



Sri Satguru Jagjit Singh Ji eLibrary NamdhariElibrary@gmail.com

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

ਅੰਮ੍ਰਿਤ ਵੇਲੇ ਤੋਂ ਆਪ ਹਰੀ ਦਾ ਜਸ ਕਰ ਰਹੇ ਹੋਂ, ਸਾਵਣ ਦਾ ਮਹੀਨਾ ਹੈ, ਅੱਜ ਗਰਮੀ ਬਹੁਤ ਹੱਦ ਤਕ ਘਟ ਕੇ ਠੰਢ ਦੇ ਰੂਪ ਵਿਚ ਸਾਨੂੰ ਖੁਸ਼ੀਆਂ ਦੇ ਰਹੀ ਹੈ। ਅਸਮਾਨ ਬਹੁਤ ਗਾੜ੍ਹੇ ਬੱਦਲਾਂ ਨਾਲ ਭਰਿਆ ਪਿਆ ਹੈ। ਚੰਦਰਮਾ ਦੀ ਚਾਂਦਨੀ ਇਨ੍ਹਾਂ ਬੱਦਲਾਂ ਦੇ ਓਹਲੇ ਛੁਪ ਕੇ ਅਲੋਪ ਹੋ ਰਹੀ ਹੈ, ਜਦੋਂ ਕਦੇ ਬੱਦਲਾਂ ਵਿਚੋਂ ਆਪਣੇ ਪਿਆਰ ਨਾਲ ਚਾਂਦਨੀ ਦੇ ਦਰਸ਼ਨ ਕਰਾਉਂਦਾ ਹੈ ਤਾਂ ਐਉਂ ਲਗਦਾ ਹੈ ਜਿਵੇਂ ਗਾੜ੍ਹੀ ਅਪਣਤ ਨਾਲ ਅੱਖ ਮਚੌਲੀ ਕਰਦਾ ਕਦੇ ਦਿਸਦਾ ਕਦੇ ਅਲੋਪ ਹੋ ਜਾਂਦਾ ਹੈ, ਬੱਦਲ ਤੁਰੇ ਜਾ ਰਹੇ ਹਨ ਪਰ ਲਗਦਾ ਐਉਂ ਹੈ ਜਿਵੇਂ ਚੰਦਰਮਾ ਆਪ ਹੀ ਬਹੁਤ ਕਾਹਲੀ ਨਾਲ ਆਪਣੇ ਧੇਅ ਵਲ ਪੁਲਾਂਘਾਂ ਪੁੱਟ ਕੇ ਅਨੰਤ ਦੇ ਰਾਹ ਤੇ ਅੰਤ ਵਿਚ ਟੁੱਭੀ ਮਾਰਨਾ ਚਾਹੁੰਦਾ ਹੈ। ਇਥੇ ਜਦੋਂ ਕੀਰਤਨ ਸ਼ੁਰੂ ਹੋਇਆ, ਸ਼ੁਰੂ ਹੁੰਦੇ ਹੀ, ਸਾਜ਼ਾਂ ਦੀ ਧੁਨਕਾਰ ਨਾਲ ਕਾਲੀਆਂ ਘਟਾਵਾਂ ਨੇ ਵੀ ਆਪਣਾ ਹਿੱਸਾ ਪਾਉਣਾ ਸ਼ੁਰੂ ਕਰ ਦਿਤਾ। ਜਿਉਂ ਜਿਉਂ ਸਾਜ਼ ਜ਼ੋਰ ਜ਼ੋਰ ਨਾਲ ਵਜਦੇ ਹਨ ਬੱਦਲ ਵੀ ਜ਼ੋਰ-ਜ਼ੋਰ ਨਾਲ ਵਰਸ਼ਾ ਕਰਨ ਲਗ ਪੈਂਦੇ ਹਨ। ਬਾਹਰ ਜਲ ਹੀ ਜਲ ਹੈ, ਬਹੁਤ ਸਾਰੇ ਪ੍ਰੇਮੀ ਇਸ ਵਰ੍ਹਦੇ ਮੀਂਹ ਵਿਚ ਛੱਤਰੀਆਂ ਅਤੇ ਬਰਸਾਤੀਆਂ ਲੈ ਕੇ ਆਏ ਹੋਏ ਵੀ ਕਿੰਨੇ ਭਿੱਜੇ ਹੋਏ ਹਨ। ਇਕ ਪਾਸੇ ਬੈਠਦੇ ਜਾਓ, ਬਹੁਤ ਹੀ ਸੁਹਾਵਣਾ ਸਮਾਂ ਬਣ ਰਿਹਾ ਹੈ। ਕ੍ਰਿਪਾ ਧਾਰ ਕੇ ਮੇਘ ਝੜੀਆਂ ਲਾ ਕੇ ਬਰਸ ਰਿਹਾ ਹੈ, ਪਪੀਹੇ ਦੀ ਪਿਆਸ ਬੁਝ ਚੁਕੀ ਹੈ ਅਤੇ ਉਸ ਦੀ ਹੁਣ ਅਵਾਜ਼ ਪ੍ਰਿਹੁ ਪ੍ਰਿਹੁ ਦੀ ਘਟ ਹੀ ਸੁਣਾਈ ਦਿੰਦੀ ਹੈ, ਉਸ ਦੀ ਪਿਆਸ ਸ੍ਵਾਂਤੀ ਬੂੰਦ ਦੀ ਪ੍ਰਾਪਤੀ ਹੈ। ਜੇਕਰ ਉਸ ਨੂੰ ਇਕ ਬੂੰਦ ਵੀ ਸਾਰੇ ਮੀਹਾਂ ਵਿਚੋਂ ਮਿਲ ਜਾਵੇ ਤਾਂ ਸਾਰਾ ਸਾਲ ਉਸ ਦੀ ਪਿਆਸ ਬੁਝੀ ਰਹਿੰਦੀ ਹੈ, ਧੰਨ ਹੈ ਪਪੀਹਾ ਜਿਸਦੀ ਲੋਚਾ ਤਾਂ ਵਾਹਿਗੁਰੂ ਜੀ ਪੂਰੀ ਕਰ ਹੀ ਦਿੰਦੇ ਹਨ ਪਰ ਇਸ ਦੇ ਵਿਪਰੀਤ ਮਨੁੱਖ ਮਾਇਆ ਦੇ ਜਾਲ ਵਿਚ ਫਸਿਆ ਹੋਇਆ ਪੰਜਾਂ ਚੋਰਾਂ ਦੇ ਸੰਗਲਾਂ ਨਾਲ ਬੰਨ੍ਹਿਆ ਹੋਇਆ ਰੋਂਦਾ ਹੈ, ਕਲਪਦਾ ਹੈ ਪਰ ਉਸ ਨੂੰ ਇਹ ਪਤਾ ਨਹੀਂ ਕਿ ਮੇਰੇ ਅੰਦਰ ਕਿਹੜੀ ਚੀਜ਼ ਦੀ ਘਾਟ ਹੈ ਜਿਸ ਕਰਕੇ ਮਨ ਅੰਦਰ ਸ਼ਾਂਤੀ ਨਹੀਂ ਆਉਂਦੀ। ਉਹ ਕਿਹੜੀ ਚੀਜ਼ ਹੈ ਜਿਸ ਦੀ ਅਣਹੋਂਦ ਕਰਕੇ ਮੇਰਾ ਕੌਲ ਫੁੱਲ ਮੂਧਾ ਹੋਇਆ ਹੇਠਾਂ ਨੂੰ ਮੂੰਹ ਕਰੀਂ ਲਟਕ ਰਿਹਾ ਹੈ? ਉਹ ਕਿਹੜੀ ਅਨੰਦਮਈ ਕਣੀ ਹੈ ਜਿਸ ਦੇ ਮਿਲਿਆਂ ਮੇਰੀਆਂ ਸਾਰੀਆਂ ਪਿਆਸਾਂ ਬੁਝ ਜਾਣਗੀਆਂ? ਅਣਜਾਣ ਹੈ ਬੰਦਾ ਕਿਉਂਕਿ ਉਸ ਨੂੰ ਉਸ ਗੱਲ ਦੀ ਸੋਝੀ ਨਹੀਂ, ਤੁਸੀਂ ਸਾਰੇ ਸਤਿਸੰਗ 'ਚ ਆ ਰਹੇ ਹੋਂ, ਸ਼ਬਦ ਦੀ ਗੁੰਜਾਰ, ਸਾਜ਼ਾਂ ਦੀਆਂ ਮਿੱਠੀਆਂ ਧੁਨੀਆਂ ਅਨੰਦ ਪੈਦਾ ਕਰਕੇ ਕਿਸੇ ਚੀਜ਼ ਵਲ ਨੂੰ ਰੁਖ ਕਰਾ ਰਹੀਆਂ ਹਨ ਜਿਸ ਦੇ ਰੂਪਮਾਨ ਹੋਇਆਂ ਸਾਨੂੰ ਸਾਰੇ ਸੁਖ ਪ੍ਰਾਪਤ ਹੋ ਜਾਣੇ ਹਨ ਅਤੇ ਜਨਮਾਂ ਜਨਮਾਂਤਰਾਂ ਦੀ ਪਿਆਸ ਬੁੱਝ ਜਾਣੀ ਹੈ। ਬੰਦਾ ਜ਼ਹਿਰ ਦਾ ਕੌੜਾ ਘੁਟ ਮਿੱਠੇ ਵਿਚ ਘੋਲ ਕੇ ਪੀ ਕੇ ਆਸ ਕਰ ਰਿਹਾ ਹੈ ਪਿਆਸ ਦੇ ਬੁੱਝ ਜਾਣ ਦੀ ਪਰ ਇਸ ਦੀ ਪਿਆਸ ਬੁਝਾਉਣ ਨੂੰ ਸਿਰਫ ਨਾਮ ਦੀ ਅੰਮ੍ਰਿਤ ਬੂੰਦ ਹੀ ਸਮਰੱਥਾ ਰਖਦੀ ਹੈ। ਹਉਮੈ ਤੇ ਮਾਇਆ ਦੀ ਬਿਖੁ ਬੇਹੋਸ਼ੀ ਵਿਚ ਗੜੂੰਦ ਕਰ ਰਹੀ ਹੈ। ਅੱਜ ਦਾ ਹੁਕਮਨਾਮਾ ਤੁਸੀਂ ਸਾਰਿਆਂ ਨੇ ਬੜੇ ਧਿਆਨ ਨਾਲ ਸ੍ਵਣ ਕੀਤਾ ਹੈ ਜਿਸ ਦਾ ਆਰੰਭ -

***ਕਿਆ ਗੁਣ ਤੇਰੇ ਸਾਰਿ ਸਮਾਲੀ ਮੋਹਿ ਨਿਰਗੁਨ ਕੇ ਦਾਤਾ ਰੇ॥***
***ਪੰਨਾ - 738***

ਅਤੇ ਅੰਤ ਵਿਚ ਮੰਗ ਕੀਤੀ ਗਈ ਹੈ ਜਿਸ ਨੂੰ ਮੰਗਣ ਲਈ ਇਹ ਜੀਵ ਪੂਰੀ ਤਰ੍ਹਾਂ ਦ੍ਰਿੜ੍ਹ ਹੈ। ਇਹ ਕਹਿ ਰਿਹਾ ਹੈ ਕਿ ਹੇ ਪ੍ਰਭੂ! ਮੈਂ ਢੀਠ ਹੋ ਕੇ ਮੰਗ ਰਿਹਾ ਹਾਂ, ਮੇਰੇ ਬਾਰ-ਬਾਰ ਮੰਗਣ ਤੇ ਆਪ ਗਿਲਾ ਨਾ ਕਰਨਾ ਕਿਉਂਕਿ ਢੀਠ ਮੰਗਤਾ ਉਦੋਂ ਤਕ ਦਰਵਾਜ਼ਾ ਨਹੀਂ ਛੱਡਦਾ ਜਦੋਂ ਤਕ ਮੰਗੀ ਹੋਈ ਚੀਜ਼ ਮਿਲ ਨਾ ਜਾਵੇ। ਸੋ ਮੈਂ ਵੀ ਢੀਠ ਹੋ ਕੇ ਮੰਗਦਾ ਹਾਂ ਕਿ ਉਹ ਪਿਆਰੇ ਜਿਹੜੇ ਤੇਰੇ ਪਿਆਰ ਵਿਚ ਸਦਾ ਹੀ ਲੀਨ ਰਹਿੰਦੇ ਹਨ, ਜਿਨ੍ਹਾਂ ਨੇ ਤੈਨੂੰ ਰਿਝਾ ਲਿਆ ਹੈ ਉਨ੍ਹਾਂ ਨੂੰ ਅਸੀਂ ਸੰਤ ਕਹਿੰਦੇ ਹਾਂ। ਉਨ੍ਹਾਂ ਸੰਤਾਂ ਦੀ ਮੈਂ ਚਰਨ ਧੂੜ ਮੰਗ ਰਿਹਾ ਹਾਂ ਕਿਉਂਕਿ ਦੁਨੀਆਂ ਵਿਚ ਇਸ ਤੋਂ ਪਵਿੱਤਰ ਸਾਕਾਰ ਰੂਪ ਵਿਚ ਕੋਈ ਪਵਿੱਤਰ ਵਸਤੂ ਨਹੀਂ ਹੈ। ਮੈਨੂੰ ਇਹ ਤਾਂ ਪਤਾ ਲਗ ਗਿਆ ਹੈ ਕਿ ਤੇਰੇ ਸੰਤਾਂ ਦੀ ਧੂੜ ਵਿਚ ਸ਼ਕਤੀ ਹੈ ਜੋ ਤੇਰੇ ਨਾਮ ਤਕ ਰੁਸਵਾਈ ਕਰਾ ਦਿੰਦੀ ਹੈ। ਉਹ ਹੈ ਸੰਤ ਰੇਣ ਜਿਸ ਦੇ ਪ੍ਰਾਪਤ ਹੋਇਆਂ ਸਾਰੇ ਦੁਖਾਂ ਦਾ ਹੱਲ ਤੇਰੀ ਕ੍ਰਿਪਾ ਨਾਲ ਆਪੇ ਹੀ ਹੋ ਜਾਂਦਾ ਹੈ। ਇਸ ਧੂੜ ਦੀ ਮਹੱਤਤਾ ਦਾ ਮੈਨੂੰ ਕੋਈ ਪਤਾ ਨਹੀਂ ਸੀ। ਮੈਂ ਇਸ ਤੋਂ ਵੱਧ ਮਹੱਤਤਾ ਜਾਇਦਾਦ ਜ਼ਮੀਨ, ਕਾਰੋਬਾਰ, ਨੌਕਰੀਆਂ, ਆਪਣੀ ਪਰਿਵਾਰਕ ਤਰੱਕੀ, ਸੋਹਣੀਆਂ ਕੋਠੀਆਂ, ਸੋਹਣੀ ਸੁਸਾਇਟੀ ਅਤੇ ਸੋਹਣੇ ਪੁਰਖਾਂ ਦੇ ਮੇਲਜੋਲ ਨੂੰ ਦੇ ਰਿਹਾ ਸੀ। ਇਹ ਮੇਰੀ ਬੜੀ ਭਾਰੀ ਭੁੱਲ ਸੀ ਕਿਉਂਕਿ ਤੇਰੇ ਮਹਾਂਪੁਰਸ਼ਾਂ ਦੇ ਕੋਲ ਤੂੰ ਨਾਮ ਦਾ ਪਿਆਲਾ ਜੋ ਅੰਮ੍ਰਿਤ ਜਲ ਨਾਲ ਲਬਾ-ਲਬ ਭਰਿਆ ਪਿਆ ਹੈ ਉਹ ਬਖਸ਼ਿਆ ਹੋਇਆ ਹੈ। ਉਸ ਦੀ ਜੇ ਇਕ ਘੁੱਟ ਵੀ ਮਿਲ ਜਾਵੇ ਤਾਂ ਅੰਮ੍ਰਿਤਤਾ ਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ, ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ, ਆਦਮੀ ਜਨਮ ਮਰਨ ਦੇ ਚੱਕਰ ਵਿਚ ਨਹੀਂ ਆਉਂਦਾ, ਕਿਉਂਕਿ ਤੇਰਾ ਹੀ ਫੁਰਮਾਨ ਹੈ -

***ਇਹੁ ਹਰਿ ਰਸੁ ਪਾਵੈ ਜਨੁ ਕੋਇ॥***
***ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥***
***ਉਸੁ ਪੁਰਖ ਕਾ ਨਾਹੀ ਕਦੇ ਬਿਨਾਸ॥***
***ਜਾ ਕੈ ਮਨਿ ਪ੍ਰਗਟੇ ਗੁਨ ਤਾਸ॥ ਪੰਨਾ - 287***

ਸੰਤਾਂ ਕੋਲ ਤਾਂ ਅਨੇਕਾਂ ਦਾਤਾਂ ਹਨ ਪਰ ਸਭ ਤੋਂ



Sri Satguru Jagjit Singh Ji eLibrary NamdhariElibrary@gmail.com

ਕੀਮਤੀ ਚੀਜ਼ ਉਨ੍ਹਾਂ ਕੋਲ ਚਰਨ ਧੂੜ ਹੈ ਅਤੇ ਇਥੇ ਤਕ ਆਪ ਜੀ ਨੇ ਫੁਰਮਾਨ ਕੀਤਾ ਹੈ ਕਿ -

***ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ***
***ਜਨ ਕੇ ਚਰਨ ਤੀਰਥ ਕੋਟਿ ਗੰਗਾ॥ ਪੰਨਾ - 828***

ਜਨਾਂ ਦੇ ਚਰਨਾਂ ਦੀ ਧੂੜ ਕ੍ਰੋੜ ਗੰਗਾ ਤੀਰਥਾਂ ਤੋਂ ਉਤਮ ਹੈ ਜੇ ਉਹ ਧੂੜ ਮਸਤਕ ਨੂੰ ਲਗ ਜਾਵੇ ਤਾਂ ਪਾਪ 'ਜਨਮ ਜਨਮ ਕੇ ਹਰੇ ਕਲੰਗਾ' ਵਾਂਗੂ ਝੜ ਜਾਂਦੇ ਹਨ। ਹੇ ਪ੍ਰਭੂ! ਤੇਰੇ ਸੰਤਾਂ ਦੀ ਚਰਨ ਧੂੜ ਦੀ ਬਖਸ਼ਿਸ਼ ਹੋ ਜਾਵੇ, ਇਸ ਸੰਤ ਰੇਣ ਸਦਕੇ ਕ੍ਰੋੜਾਂ ਅਪਰਾਧ ਤੂੰ ਸਾਡੇ ਇਕ ਛਿਨ ਵਿਚ ਕੱਟ ਦਿੰਦਾ ਹੈਂ ਅਤੇ ਆਪਣੀ ਬਖਸ਼ਿਸ਼ ਦੁਆਰਾ ਨਾਮ ਰਿਦੇ ਵਿਚ ਵਸਾ ਦਿੰਦਾ ਹੈ, ਮੈਂ ਤਾਂ ਇਕ ਬਹੁਤ ਛੋਟੀ ਜਿਹੀ ਚੀਜ਼ ਹਾਂ, ਜੋ ਐਨੇ ਗੁਣਾਂ ਨੂੰ ਯਾਦ ਵੀ ਨਹੀਂ ਰਖ ਸਕਦਾ। ਹੇ ਪ੍ਰਭੂ! ਮੇਰੇ ਕੋਲ ਤਾਂ ਕੋਈ ਵੀ ਚੀਜ਼ ਨਹੀਂ। ਜਦੋਂ ਮੈਂ ਧਿਆਨ ਦਿੰਦਾ ਹਾਂ ਤਾਂ ਮੈਨੂੰ ਪਤਾ ਲਗਦਾ ਹੈ ਕਿ ਮੇਰਾ ਵਚਿੱਤਰ ਸਰੀਰ ਜਿਸ ਦੇ ਅੰਦਰ ਅਤਿਅੰਤ ਕੀਮਤੀ ਵਸਤਾਂ ਭਰੀਆਂ ਪਈਆਂ ਹਨ ਅਤੇ ਤੂੰ ਆਪ ਹੀ ਉਨ੍ਹਾਂ ਕੀਮਤੀ ਵਸਤਾਂ ਦੀ ਰਾਖੀ ਅੰਦਰ ਵਸਦੇ ਲੁਟੇਰਿਆਂ ਤੋਂ, ਡਾਕੂਆਂ ਤੋਂ ਕਰ ਰਿਹਾ ਹੈਂ, ਤੂੰ ਅਜਿਹੇ ਦਰਵਾਜ਼ੇ ਲਾ ਦਿਤੇ ਹਨ ਕਿ ਉਹ ਕਿਸੇ ਤਰੀਕੇ ਨਾਲ ਖੁਲ੍ਹ ਹੀ ਨਹੀਂ ਸਕਦੇ ਜਿਵੇਂ ਕਿ ਫੁਰਮਾਨ ਹੈ -

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ॥***
***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥***
***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ॥***
***ਪੰਨਾ - 1033***

ਮੇਰਾ ਤਾਂ ਮੇਰੇ ਵਿਚ ਕੁਝ ਵੀ ਨਹੀਂ ਹੈ, ਹੇ ਪ੍ਰਭੂ! ਇਸ ਦੁਨੀਆਂ ਵਿਚ ਰਿਵਾਜ ਹੈ ਕਿ ਜਦੋਂ ਕਿਸੇ ਨੂੰ ਮਾਇਆ ਦੀ ਲੋੜ ਪੈਂਦੀ ਹੈ ਤਾਂ ਉਹ ਆਪਣੀਆਂ ਵਸਤਾਂ ਦੂਸਰੇ ਪਾਸ ਦੇ ਕੇ ਉਸ ਦਾ ਥੋੜ੍ਹਾ ਜਿਹਾ ਮੁੱਲ ਲੈ ਲੈਂਦਾ ਹੈ। ਉਸ ਨੂੰ ਅਸਾਡੀ ਬੋਲੀ ਵਿਚ ਗਹਿਣੇ ਪਾਉਣਾ ਕਹਿੰਦੇ ਹਨ। ਗਹਿਣੇ (mortgage) ਕਰ ਦਿੰਦੇ ਹਾਂ, ਉਸ ਦਿਤੀ ਹੋਈ ਚੀਜ਼ ਦਾ ਸਬੰਧ ਸਾਡੇ ਨਾਲੋਂ ਨਹੀਂ ਟੁੱਟਦਾ। ਜਦੋਂ ਸਾਡੇ ਵਿਚ ਸਮਰਥਾ ਹੋ ਜਾਵੇ ਅਸੀਂ ਪੈਸੇ ਦੇ ਕੇ ਚੀਜ਼ਾਂ ਛੁਡਾ ਲੈਂਦੇ ਹਾਂ, ਉਹ ਚੀਜ਼ਾਂ ਸਾਡੇ ਪਾਸ ਆ ਜਾਂਦੀਆਂ ਹਨ। ਦੂਜਾ ਇਹ ਰਿਵਾਜ ਹੈ ਕਿ ਅਸੀਂ ਆਪਣੀਆਂ ਪੂਰੀਆਂ ਚੀਜ਼ਾਂ ਦੇ ਪੈਸੇ ਲੈ ਲੈਂਦੇ ਹਾਂ, ਉਹ ਖਰੀਦਣ ਵਾਲੇ ਦੇ ਨਾਮ ਹੋ ਜਾਂਦੀ ਹੈ, ਭਾਵੇਂ ਕੋਈ ਜ਼ਮੀਨ ਹੈ, ਜਾਇਦਾਦ ਹੈ, ਕੋਈ ਫੈਕਟਰੀ ਹੈ, ਕਾਰਖਾਨਾ ਹੈ ਫੇਰ ਸਾਡਾ ਉਸ ਉਤੇ ਕੋਈ ਅਧਿਕਾਰ ਨਹੀਂ ਰਹਿੰਦਾ, ਉਸ ਨਾਲ ਕੋਈ ਲਗਾਓ ਨਹੀਂ ਰਹਿੰਦਾ। ਹੇ ਪ੍ਰਭੂ! ਜਦੋਂ ਮੈਂ ਵਿਚਾਰਦਾ ਹਾਂ ਤਾਂ ਮੈਂ ਦੇਖਦਾ ਹਾਂ ਕਿ ਮੈਂ ਤਾਂ ਬੈਖਰੀਦ ਹਾਂ, ਮੁਲ ਖਰੀਦਿਆ ਹੋਇਆ ਹਾਂ, ਮੇਰਾ ਤਾਂ ਕੋਈ ਅਧਿਕਾਰ ਹੀ ਨਹੀਂ ਹੈ ਕਿਉਂਕਿ ਮੇਰਾ ਸਰੀਰ ਜਿਸਨੂੰ ਅਸੀਂ ਬਹੁਤ ਹੀ ਸੁੰਦਰ ਜਾਣਦੇ ਹਾਂ ਅਤੇ ਇਸ ਦੇ ਵਿਚ ਵਸਣ ਵਾਸੇ ਮਨ, ਚਿਤ, ਬੁੱਧ ਅਤੇ ਜੀਵ ਇਹ ਸਭ ਤੇਰੇ ਹੀ ਹਨ, ਮੇਰਾ ਤਾਂ ਮੇਰੇ ਵਿਚ ਕੁਝ ਵੀ ਨਹੀਂ ਹੈ ਪਰ ਮੈਂ ਤੇਰੀ ਬਖਸ਼ੀ ਹੋਈ ਅਮੁੱਲ ਦਾਤ ਨੂੰ ਹੀ ਆਪਣੀ ਸਮਝਦਾ ਹਾਂ ਅਤੇ ਤੈਨੂੰ ਭੁੱਲ ਕੇ ਦਾਤ ਨੂੰ ਪਿਆਰੀ ਜਾਣ ਕੇ ਉਸ ਦੇ ਨਾਲ ਪ੍ਰੀਤ ਪਾ ਬੈਠਦਾ ਹਾਂ। ਮੇਰਾ ਸੁਭਾਅ ਸਦਾ ਸਦਾ ਭੁੱਲਣਾ ਤੇ ਤੇਰਾ ਸੁਭਾਅ ਸਦਾ ਹੀ ਬਖਸ਼ਣਾ ਹੈ। ਹੇ ਪ੍ਰਭੂ! ਤੇਰਾ ਦਰਸ਼ਨ ਐਨਾ ਮੋਹਣਾ ਹੈ ਜਿਸਨੂੰ ਇਕ ਵਾਰੀ ਹੋ ਜਾਵੇ ਉਸ ਦੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਜਨਮ ਮਰਨ ਦਾ ਚੱਕਰ ਉਸ ਦੇ ਗਲੋਂ ਲਹਿ ਜਾਂਦਾ ਹੈ, ਉਹ ਸਦਾ ਸੁੱਖੀ ਹੋ ਜਾਂਦਾ ਹੈ, ਮੈਂ ਉਸ ਦਰਸ਼ਨ ਤੋਂ ਕੁਰਬਾਨ ਜਾਂਦਾ ਹਾਂ। ਹੇ ਪ੍ਰਭੂ! ਤੂੰ ਦਾਤਾ ਹੈਂ, ਮੈਂ ਇਕ ਨਿਮਾਣਾ ਅਤੇ ਮੰਗਤਾ ਹਾਂ, ਤੂੰ ਸਦਾ ਹੀ ਉਪਕਾਰ ਕਰਦਾ ਹੈਂ ਕਿਉਂਕਿ ਤੇਰਾ ਸੁਭਾਅ ਸਦਾ ਸਦਾ ਸਦਾ ਦਇਆਲ ਹੈ ਸਾਧਸੰਗਤ ਜੀ! ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਤੂੰ ਉਸ ਨੂੰ ਯਾਦ ਰਖ, ਤੈਨੂੰ ਸਾਰੀਆਂ ਖੁਸ਼ੀਆਂ ਪ੍ਰਾਪਤ ਹੋ ਜਾਣਗੀਆਂ। ਪ੍ਰਭ ਜੀ! ਤੂੰ ਅਗੰਮ ਹੈਂ, ਅਪਾਰ ਹੈਂ, ਮੈਂ ਤੇਰੇ ਤਕ ਪਹੁੰਚਣ ਵਾਸਤੇ ਕੁਝ ਵੀ ਨਹੀਂ ਕਰ ਸਕਦਾ, ਉਹ ਮੇਰੇ ਵਿਚ ਗੁਣ ਹੀ ਨਹੀਂ ਹਨ ਜਿਹੜੇ ਤੈਨੂੰ ਰਿਝਾ ਸਕਦੇ ਹੋਣ, ਮੈਂ ਤੇਰੀ ਕੀ ਸੇਵਾ ਕਰਾਂ, ਕਿਸ ਤਰ੍ਹਾਂ ਤੇਰੇ ਦਰਸ਼ਨ ਪਾਵਾਂ, ਇਹ ਮੇਰੇ ਅੰਦਰ ਬਹੁਤ ਵੱਡੀ ਤੜਪ ਹੈ, ਕੀ ਆਖ ਕੇ ਤੈਨੂੰ ਖੁਸ਼ ਕਰਾਂ ਅਤੇ ਉਹ ਕਿਹੜਾ ਤਰੀਕਾ ਹੈ ਜਿਸ ਨੂੰ ਅਪਨਾਅ ਕੇ ਤੇਰੇ ਦਰਸ਼ਨ ਕਰਾਂ। ਤੇਰਾ ਅੰਦਾਜ਼ਾ ਕੋਈ ਲਾ ਨਹੀਂ ਸਕਦਾ, ਤੇਰਾ ਅੰਤ ਕੋਈ ਪਾ ਨਹੀਂ ਸਕਦਾ ਪਰ ਮੈਂ ਕੀ ਕਰਾਂ। ਮੈਨੂੰ ਉਸ ਤੋਂ ਵੀ ਵੱਧ ਤੜਪ ਰਹਿੰਦੀ ਹੈ ਜਿਸ ਨੂੰ ਮੈਂ ਪਪੀਹਾ ਆਖਦਾ ਹਾਂ, ਜਿਸ ਤੇ ਪ੍ਰਸੰਨ ਹੋ ਕੇ ਤੂੰ ਉਸ ਨੂੰ ਸ੍ਵਾਂਤੀ ਬੂੰਦ ਬਖਸ਼ਦਾ ਹੈਂ, ਮੇਰੀ ਸ੍ਵਾਂਤੀ ਬੂੰਦ ਤੇਰਾ ਦਰਸ਼ਨ ਹੈ, ਇਸ ਕਰਕੇ ਮੈਂ ਤੇਰੇ ਤੋਂ ਢੀਠ ਹੋ ਕੇ ਮੰਗਦਾ ਹਾਂ ਕਿ ਮੈਨੂੰ ਸੰਤਾਂ ਦੀ ਧੂੜੀ ਦੇਹ ਜਿਸ ਤੋਂ ਮੈਨੂੰ ਆਸ ਬਝਦੀ ਹੈ ਕਿ ਮੈਂ ਤੇਰੇ ਦਰਸ਼ਨ ਕਰ ਸਕਦਾ ਹਾਂ। ਹੇ ਪ੍ਰਭੂ! ਤੂੰ ਆਪਣੇ ਪਿਆਰੇ ਨੂੰ ਹੱਥ ਦੇ ਕੇ ਤਾਰ ਦਿੰਦਾ ਹੈਂ।

ਸਾਧਸੰਗਤ ਜੀ! ਗੁਰੂ ਮਹਾਰਾਜ ਜੀ ਦਾ ਹੁਕਮਨਾਮਾ ਜੋ


Sri Satguru Jagjit Singh Ji eLibrary NamdhariElibrary@gmail.com

ਆਪਾਂ ਨੂੰ ਦਾਤ ਮਿਲੀ ਹੈ ਉਹ ਇਸ ਗੱਲ ਦੇ ਨਾਲ ਰਲਦਾ ਮਿਲਦਾ ਹੈ -

*ਕਿਆ ਗੁਣ ਤੇਰੇ ਸਾਰਿ ਸਮਾਲੀ ਮੋਹਿ ਨਿਰਗੁਨ ਕੇ ਦਾਤਾਰੇ॥*
*ਬੈ ਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ॥*
*ਲਾਲ ਰੰਗੀਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ॥*
*ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ ਸਦਾ ਸਦਾ ਉਪਕਾਰੇ॥*
*ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ ਅਗਮ ਅਪਾਰੇ॥*
*ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ॥*
*ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ॥*
*ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ॥*
*ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਪ੍ਰਭਿ ਹਾਥ ਦੇਇ ਨਿਸਤਾਰੇ॥*

***ਪੰਨਾ - 738***

ਇਸ ਸ਼ਬਦ ਵਿਚ ਇਕ ਲੋਚਾ ਹੈ ਦਰਸ਼ਨਾਂ ਦੀ ਅਤੇ ਇਕ ਰਹਿਮਤ ਦੀ ਜਿਸ ਨੂੰ ਆਪ ਨੇ ਸੰਤ ਧੂੜ ਕਹਿ ਕੇ ਅਸਾਡੀ ਬੁੱਧੀ ਗੋਚਰੇ ਕਰਾਇਆ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸੰਤ ਧੂੜ ਦੀ ਬਹੁਤ ਹੀ ਵੱਡੀ ਮਹੱਤਤਾ ਆਉਂਦੀ ਹੈ। ਆਪ ਜੀ ਇਕ ਥਾਂ ਫੁਰਮਾਨ ਕਰਦੇ ਹਨ ਕਿ ਸੰਤ ਧੂੜ ਨੂੰ ਅਸੀਂ ਹੀ ਨਹੀਂ ਲੋਚਦੇ, ਇਸਨੂੰ ਦੇਵ ਲੋਕਾਂ ਦੇ ਦੇਵਤੇ ਜੋ ਤੀਰਥਾਂ ਦੇ ਦੇਵ ਹਨ ਉਹ ਵੀ ਲੋਚਦੇ ਹਨ। ਕਿਉਂ ਲੋਚਦੇ ਹਨ ਕਿਉਂਕਿ ਇਸ ਧੂੜੀ ਵਿਚ ਬੇਅੰਤ ਪਾਪਾਂ ਨੂੰ ਖਤਮ ਕਰਨ ਦੀ ਸੱਤਾ ਹੈ। ਇਸ ਕਰਕੇ ਕਿ ਸੰਤ ਸਰੀਰ ਵਿਚ ਵਾਹਿਗੁਰੂ ਜੀ ਆਪ ਹੀ ਸਾਕਾਰ ਰੂਪ ਵਿਚ ਪ੍ਰਗਟ ਹੋ ਕੇ ਵਰਤਦੇ ਹਨ। ਇਸ ਮਹਾਨ ਪਵਿੱਤਰ ਸਰੀਰ ਦੀ ਛੋਹ ਨਾਲ ਲੱਖਾਂ ਪਾਪ ਅਤੇ ਅੰਤਸ਼ਕਰਣ ਦੀ ਮੈਲ ਜੋ ਪਾਪਾਂ ਕਰਕੇ ਬਹੁਤ ਹੀ ਗਾੜ੍ਹੀ ਹੋਈ ਹੋਈ ਹੈ ਜਿਸ ਨੂੰ ਲਾਹੁੰਣ ਦਾ ਹੋਰ ਕੋਈ ਯਤਨ ਨਹੀਂ ਹੈ ਉਹ ਲਹਿ ਜਾਇਆ ਕਰਦੀ ਹੈ। ਤੀਰਥ ਅਸਥਾਨ ਵੀ ਪੁਕਾਰ ਕਰਦੇ ਹਨ ਕਿ ਹੇ ਪ੍ਰਭੂ! ਆਪਣੇ ਮਹਾਂਪੁਰਸ਼ਾਂ ਨੂੰ ਭੇਜ ਕਿਉਂਕਿ ਸਾਡੇ ਵਿਚ ਬੇਅੰਤ ਪਾਪੀ ਲੋਕ ਇਸ਼ਨਾਨ ਕਰਦੇ ਹਨ ਅਤੇ ਆਪਣੇ ਪਾਪਾਂ ਦੀ ਦੁਰਗੰਧ ਛੱਡ ਜਾਂਦੇ ਹਨ, ਉਹ ਸਾਨੂੰ ਜਾਲ ਰਹੇ ਹਨ, ਦੁਖੀ ਕਰ ਰਹੇ ਹਨ, ਅਕਾਲ ਪੁਰਖ ਕ੍ਰਿਪਾ ਕਰਕੇ ਆਪਣੇ ਸਾਧੂਆਂ ਨੂੰ ਭੇਜ ਦਿੰਦਾ ਹੈ ਫੁਰਮਾਨ ਹੈ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ*
*ਧੂਰਿ ਸਾਧੂ ਕੀ ਤਾਈ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥*
*X X X X X X X X X X X X X*
*ਜਿਤਨੇ ਤੀਰਥ ਦੇਵੀ ਥਾਪੇ*
*ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥*

***ਪੰਨਾ - 1263***

ਇਕ ਹੋਰ ਥਾਂ ਐਸਾ ਫੁਰਮਾਨ ਆਉਂਦਾ ਹੈ ਕਿ ਪ੍ਰਭੂ ਦੇ ਪਿਆਰੇ ਦੀ ਧੂੜ ਮੱਥੇ ਲੱਗੀ ਅਤੇ ਸਾਰੀਆਂ ਆਸਾਂ ਜੋ ਮਨ ਵਿਚ ਤਰੰਗ ਰੂਪ ਹੋ ਕੇ ਛਲਕ ਰਹੀਆਂ ਸਨ ਉਹ ਪੂਰੀਆਂ ਹੋ ਗਈਆਂ, ਉਨ੍ਹਾਂ ਪਾਰਬ੍ਰਹਮ ਪ੍ਰਮੇਸ਼ਰ ਦੇ ਪਿਆਰਿਆਂ ਦੀ ਮਹਿਮਾ ਨਿਰਮਲ ਹੈ। ਉਨ੍ਹਾਂ ਦੇ ਚਰਨ ਕ੍ਰੋੜ ਗੰਗਾ ਦੇ ਇਸ਼ਨਾਨ ਤੋਂ ਵੱਧ ਮਹੱਤਤਾ ਰਖਦੇ ਹਨ ਜਿਸ ਉਤੇ ਇਕ ਸਾਖੀ ਆਉਂਦੀ ਹੈ।

ਸ੍ਰੀ ਰਾਮ ਚੰਦਰ ਜੀ ਮਹਾਰਾਜ ਬਨਵਾਸ ਦੇ ਦਿਨਾਂ ਵਿਚ ਮੱਧ ਪ੍ਰਦੇਸ਼ ਵਿਚ ਪੰਚਵਟੀ ਵਿਚ ਨਿਵਾਸ ਰਖਦੇ ਸਨ, ਉਸ ਵੇਲੇ ਉਥੋਂ ਥੋੜ੍ਹੇ ਮੀਲਾਂ ਤੇ ਇਕ ਸਾਧੂਆਂ ਰਿਸ਼ੀਆਂ ਮੁਨੀਆਂ ਦਾ ਆਸ਼ਰਮ ਸੀ। ਉਥੇ ਇਕ ਬਹੁਤ ਹੀ ਪ੍ਰਤਾਪੀ ਮਹਾਂਪੁਰਸ਼ ਹੋਏ ਸਨ। ਉਥੇ ਇਕ ਬੀਬੀ ਹਰ ਸਮੇਂ ਨਾਮ ਨਾਲ ਇਕਮਿਕ ਹੋਈ ਹੋਈ, ਜਿਸ ਦਾ ਨਾਮ ਸ਼ਿਵਰੀ ਸੀ ਉਹ ਜਾਤ ਕਰਕੇ ਭੀਲਣੀ ਸੀ, ਜਿਸ ਦਾ ਅੰਤਸ਼ਕਰਣ ਲਿਸ਼ਕਾਰੇ ਮਾਰਦਾ ਸੀ, ਪੂਰੀ ਤਰ੍ਹਾਂ ਮੈਲ ਰਹਿਤ ਸੀ। ਉਸ ਦੀ ਨਿਮਰਤਾ ਹੱਦ ਦਰਜੇ ਤਕ ਸੀ, ਸੇਵਾ ਭਾਵ ਦਾ ਉਹ ਰੂਪ ਹੀ ਬਣੀ ਹੋਈ ਸੀ। ਮਹਾਤਮਾ ਜਾਣਦੇ ਸਨ ਕਿ ਇਥੇ ਰਹਿਣ ਵਾਲੇ ਸਾਧੂ ਸਾਰਿਆਂ ਵਿਚ ਪ੍ਰਭੂ ਨੂੰ ਨਹੀਂ ਦੇਖ ਸਕੇ। ਇਨ੍ਹਾਂ ਵਿਚ ਅਭਿਮਾਨ ਬਹੁਤ ਹੈ। ਬਖਸ਼ਿਸ਼ ਤਾਂ ਬਹੁਤ ਘੱਟ ਕਰਦੇ ਹਨ, ਛੋਟੀ-ਛੋਟੀ ਗੱਲ ਤੋਂ ਸਰਾਪ ਦੇ ਦਿੰਦੇ ਹਨ। ਇਨ੍ਹਾਂ ਨੇ ਬੀਬੀ ਸ਼ਿਵਰੀ ਨੂੰ ਕਿਹਾ ਕਿ ਇਸ ਆਸ਼ਰਮ ਵਿਚ ਅਭਿਮਾਨੀ ਪੁਰਸ਼ ਸਾਧੂ ਭੇਖ ਵਿਚ ਰਹਿੰਦੇ ਹਨ। ਸਾਡੇ ਪਿਛੋਂ ਤੈਨੂੰ ਤੰਗੀ ਹੋਵੇਗੀ, ਤੂੰ ਬੇਸੁਧ ਹੋ ਕੇ ਭਗਤੀ ਕਰਦੀ ਹੈਂ, ਇਨ੍ਹਾਂ ਨੂੰ ਇਸ ਗੱਲ ਦੀ ਸੋਝੀ ਨਹੀਂ ਹੈ। ਇਨ੍ਹਾਂ ਨੇ ਬੇਅੰਤ ਤਪ ਕਰ ਕਰਕੇ ਰਿੱਧੀਆਂ ਸਿੱਧੀਆਂ ਪ੍ਰਾਪਤ ਕਰ ਲਈਆਂ ਹਨ ਜਿਸ ਕਰਕੇ ਇਨ੍ਹਾਂ ਅੰਦਰ ਅਭਿਮਾਨ ਵਧ ਗਿਆ ਹੈ। ਤੂੰ ਇਨ੍ਹਾਂ ਦੇ ਆਸ਼ਰਮ ਤੋਂ ਥੋੜ੍ਹਾ ਦੂਰ ਰਹਿ ਕੇ ਭਗਤੀ ਕਰਿਆ ਕਰ, ਸ਼ਿਵਰੀ ਨੇ ਆਪਣੇ ਗੁਰੂ ਦੇ ਬ੍ਰਹਮਲੀਨ ਹੋਣ ਪਿਛੋਂ ਉਸ ਆਸ਼ਰਮ ਦੇ ਨੇੜੇ ਹੀ ਇਕ ਝੌਂਪੜੀ ਵਿਚ ਨਿਵਾਸ ਕਰ ਲਿਆ ਅਤੇ ਉਸ ਨੇ ਰਿਸ਼ੀਆਂ ਮੁਨੀਆਂ ਦੀ ਸੇਵਾ ਵਾਸਤੇ ਜੰਗਲ ਵਿਚੋਂ ਸੁੱਕੀਆਂ ਲੱਕੜਾਂ ਲਿਆ ਕੇ ਆਸ਼ਰਮ ਵਿਚ ਰਾਤ ਨੂੰ ਭੱਰਾ ਰੱਖ ਦੇਣਾ। ਪਹਿਲਾਂ ਪਹਿਲਾਂ ਤਾਂ ਉਨ੍ਹਾਂ ਸਾਧੂਆਂ ਨੂੰ ਪਤਾ ਹੀ ਨਾ ਲੱਗਿਆ ਫੇਰ ਕਾਫੀ ਸਮੇਂ ਪਿਛੋਂ ਚਰਚਾ ਚੱਲੀ ਕਿ ਲੱਕੜੀਆਂ ਦਾ ਭੱਰਾ ਕੌਣ ਰਖ ਜਾਂਦਾ ਹੈ। ਫੈਸਲਾ ਹੋਇਆ ਕਿ ਰਾਤ ਨੂੰ ਪਹਿਰਾ ਲਾ ਕੇ ਦੇਖਿਆ ਜਾਵੇ, ਰਾਤ ਨੂੰ ਜਦੋਂ ਅੱਧੀ ਰਾਤ ਪਿਛੋਂ ਸ਼ਿਵਰੀ ਲੱਕੜਾਂ ਦਾ ਭੱਰਾ ਰੱਖਣ ਲੱਗੀ ਉਸੇ ਵੇਲੇ ਉਨ੍ਹਾਂ ਦੇ ਸੇਵਕਾਂ ਨੇ ਉਸਨੂੰ ਆ ਕੇ ਫੜ ਹੀ ਨਹੀਂ ਲਿਆ, ਸਗਮਾਂ ਮਾਰਿਆ ਵੀ ਤੇ ਕਿਹਾ ਕਿ ਤੂੰ ਛੋਟੀ ਜਾਤ ਦੀ ਹੈਂ, ਤੂੰ ਸਾਡੇ ਜਪ ਤਪ ਲੱਕੜਾਂ ਦੀ ਅਗਨ ਵਿਚ ਸਾੜ ਰਹੀ ਹੈਂ। ਤੈਨੂੰ ਅਸੀਂ ਤਾੜਨਾ ਕਰਦੇ ਹਾਂ ਕਿ ਕਦੇ ਵੀ ਫੇਰ ਲੱਕੜਾਂ ਲਿਆ ਕੇ ਨਾ ਰੱਖੀਂ।

ਸ਼ਿਵਰੀ ਅੰਦਰ ਸੇਵਾ ਭਾਵ ਸੀ। ਜਦੋਂ ਰਿਸ਼ੀ ਮੁਨੀ ਅੰਮ੍ਰਿਤ ਵੇਲੇ ਉਠ ਕੇ ਪੰਪਾਸਰ ਤੀਰਥ ਜੋ ਆਸ਼ਰਮ ਦੇ ਨੇੜੇ ਹੀ ਸੀ ਉਥੇ ਇਸ਼ਨਾਨ ਕਰਨ ਜਾਇਆ ਕਰਦੇ ਸਨ। ਰਾਤ ਹਨ੍ਹੇਰੀ ਹੋਣ ਕਾਰਨ ਰੋੜੇ ਕੰਡੇ, ਝਾੜ ਸੜਕ ਉਪਰ ਪਏ ਹੁੰਦੇ ਸਨ। ਉਹ ਉਨ੍ਹਾਂ ਦੇ ਉਠਣ ਤੋਂ ਪਹਿਲਾਂ ਹੀ ਸਾਰਾ ਰਸਤਾ ਸਾਫ ਕਰ ਦਿੰਦੀ ਸੀ। ਇਹ ਚਰਚਾ ਵੀ ਚਲ ਪਈ ਕਿ ਕੌਣ ਹੈ ਜੋ ਸਾਰੇ ਰਸਤੇ ਵਿਚੋਂ ਝਾੜ ਸਾਫ ਕਰ ਦਿੰਦਾ ਹੈ। ਉਨ੍ਹਾਂ ਨੇ ਫੇਰ ਸ਼ਿਵਰੀ ਨੂੰ ਫੜ ਲਿਆ ਅਤੇ ਉਸ ਨੂੰ ਬਹੁਤ ਮਾਰਿਆ ਕਿ ਪਹਿਲਾਂ ਤੂੰ ਲੱਕੜਾਂ ਲਿਆ ਕੇ ਸਾਡਾ ਤਪ ਨਸ਼ਟ ਕਰਦੀ ਸੀ ਅਤੇ ਹੁਣ ਤੂੰ ਰਸਤਾ ਸਾਫ ਕਰਕੇ ਸਾਡਾ ਤਪ ਨਸ਼ਟ ਕਰਦੀ ਹੈਂ। ਇਸ ਗੱਲ ਤੇ ਉਨ੍ਹਾਂ ਨੇ ਸ਼ਿਵਰੀ ਨੂੰ ਬਹੁਤ ਮਾਰਿਆ। ਉਹ ਉਥੋਂ ਆਪਣੀ ਝੌਂਪੜੀ ਛੱਡ ਕੇ 8-10 ਮੀਲ ਤੇ ਆ ਗਈ ਅਤੇ ਰਾਮ ਭਗਤੀ ਵਿਚ ਸਦਾ ਹੀ ਮਸਤ ਰਹਿਣ ਲੱਗੀ। ਸਦਾ ਹੀ ਉਸਦੇ ਮੁੱਖ 'ਚੋਂ ਪ੍ਰਭੂ ਦਾ ਨਾਮ ਹਰੇ



Sri Satguru Jagjit Singh Ji eLibrary NamdhariElibrary@gmail.com

ਰਾਮ-ਹਰੇ ਰਾਮ ਨਿਕਲਦਾ ਹੁੰਦਾ ਸੀ। ਉਸ ਦੇ ਨਾਮ ਵਿਚ ਐਨੀ ਬਰਕਤ ਸੀ ਕਿ ਜਦੋਂ ਉਹ ਨਾਮ ਉਚਾਰਨ ਕਰਦੀ ਸੀ ਤਾਂ ਪੰਛੀ ਵੀ ਉਸ ਦੇ ਪਾਸ ਆ ਕੇ ਬੈਠ ਜਾਂਦੇ ਸਨ, ਆਪਸ ਵਿਚ ਵਿਰੋਧੀ ਸੁਭਾਅ ਵਾਲੇ ਜਾਨਵਰ ਸਭ ਬੈਠ ਜਾਂਦੇ ਸਨ। ਇਥੋਂ ਤਕ ਸ਼ੇਰ-ਹਰਨ ਭੀ ਇਕੱਠੇ ਹੋ ਕੇ ਬੇਸੁਧ ਹੋ ਕੇ ਬੈਠ ਜਾਂਦੇ।

ਉਸ ਵੇਲੇ ਸ੍ਰੀ ਰਾਮ ਚੰਦਰ ਜੀ ਮਹਾਰਾਜ 14 ਕਲਾਂ ਸੰਪੂਰਨ ਵਿਸ਼ਨੂੰ ਜੀ ਦੇ ਅਵਤਾਰ ਸੰਸਾਰ ਵਿਚ ਰੂਪਧਾਰੀ ਹੋਏ ਹੋਏ ਸਨ। ਬਨਵਾਸ ਕੱਟਣ ਲਈ ਨੇੜੇ ਹੀ ਪੰਚਵਟੀ ਵਿਚ ਨਿਵਾਸ ਰਖਦੇ ਸਨ।

ਇਸ ਪੰਪਾਸਰ ਤੀਰਥ ਵਿਚ ਅਚਾਨਕ ਕੀੜੇ ਪੈ ਗਏ ਜਿਨ੍ਹਾਂ ਨੂੰ ਕੂਰੇ ਆਖਿਆ ਜਾਂਦਾ ਹੈ। ਪਾਣੀ ਗੰਦਾ ਹੋ ਗਿਆ, ਨਾ ਹੀ ਪੀਣ ਦੇ ਕੰਮ ਆਉਂਦਾ ਸੀ ਅਤੇ ਨਾ ਹੀ ਇਸ਼ਨਾਨ ਦੇ ਕੰਮ ਆਉਂਦਾ ਸੀ। ਇਨ੍ਹਾਂ ਰਿਸ਼ੀਆਂ ਮੁਨੀਆਂ ਨੇ ਬੇਅੰਤ ਮੰਤਰ ਪੜ੍ਹ ਪੜ੍ਹ ਕੇ ਯੱਗ ਕੀਤੇ, ਯੱਗ ਦਾ ਜਲ ਬਾਰ-ਬਾਰ ਇਸ ਵਿਚ ਪਾਉਂਦੇ ਰਹੇ ਪਰ ਤੀਰਥ ਉਸੇ ਤਰ੍ਹਾਂ ਜੀਵਾਂ ਨਾਲ ਭਰਿਆ ਹੋਇਆ ਦੂਸ਼ਿਤ ਹੀ ਰਿਹਾ। ਅਖੀਰ ਸਾਰਿਆਂ ਨੇ ਸਲਾਹ ਕਰਕੇ ਸ੍ਰੀ ਰਾਮ ਚੰਦਰ ਜੀ ਨੂੰ ਬੁਲਾਉਣ ਦਾ ਸੰਕਲਪ ਕੀਤਾ ਅਤੇ ਕੁਝ ਰਿਸ਼ੀ ਮੁਨੀ ਸ੍ਰੀ ਰਾਮ ਚੰਦਰ ਜੀ ਨੂੰ ਲੈਣ ਵਾਸਤੇ ਚਲੇ ਗਏ। ਜਦੋਂ ਸ੍ਰੀ ਰਾਮ ਚੰਦਰ ਜੀ ਪੰਪਾਸਰ ਦੇ ਨੇੜੇ ਪਹੁੰਚੇ ਤਾਂ ਅਚਾਨਕ ਸਿੱਧੇ ਰਸਤੇ ਜਾਂਦੇ-ਜਾਂਦੇ ਪਗਡੰਡੀ ਵਲ ਨੂੰ ਤੁਰ ਪਏ। ਰਿਸ਼ੀਆਂ ਮੁਨੀਆਂ ਨੇ ਕਿਹਾ ਕਿ ਮਹਾਰਾਜ! ਜਿਸ ਰਸਤੇ ਤੁਸੀਂ ਮੁੜੇ ਹੋ, ਇਹ ਰਸਤਾ ਕਿਤੇ ਵੀ ਨਹੀਂ ਜਾਂਦਾ। ਇਥੇ ਇਕ ਝੌਂਪੜੀ ਹੈ ਜਿਸ ਵਿਚ ਇਕ ਬਹੁਤ ਛੋਟੀ ਜਾਤ ਵਾਲੀ ਸ਼ਿਵਰੀ ਰਹਿੰਦੀ ਹੈ। ਇਹ ਰਸਤਾ ਝਾੜੀਆਂ ਵਿਚ ਜਾ ਕੇ ਅਲੋਪ ਹੋ ਜਾਂਦਾ ਹੈ। ਜਿਸ ਥਾਂ ਅਸੀਂ ਤੁਹਾਨੂੰ ਲਿਜਾ ਰਹੇ ਹਾਂ ਖੁਲ੍ਹਾ ਰਾਹ ਹੈ।

ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਤੁਸੀਂ ਸਾਰਿਆਂ ਨੂੰ ਖਬਰ ਦੇ ਦੇਵੋ, ਸਾਰੇ ਰਿਸ਼ੀਆਂ ਮੁਨੀਆਂ ਨੂੰ ਇਕੱਠੇ ਕਰ ਲਵੋ ਜਿਸ ਮੰਤਵ ਲਈ ਤੁਸੀਂ ਮੈਨੂੰ ਉਥੇ ਲਿਜਾ ਰਹੇ ਹੋ ਉਸ ਤੇ ਵਿਚਾਰ ਕੀਤੀ ਜਾਵੇਗੀ, ਫੇਰ ਉਹ ਯਤਨ ਕੀਤੇ ਜਾਣਗੇ ਜਿਸ ਕਰਕੇ ਨਿਰਮਲ ਜਲ ਦੀ ਪ੍ਰਾਪਤੀ ਹੋ ਸਕੇ। ਸਾਰੇ ਰਿਸ਼ੀ ਮੁਨੀ ਆਪਣੇ ਆਸ਼ਰਮ ਵਲ ਨੂੰ ਆ ਗਏ ਅਤੇ ਉਥੇ ਆ ਕੇ ਨੇੜੇ ਤੇੜੇ ਦੇ ਸਾਰੇ ਰਿਸ਼ੀਆਂ ਨੂੰ ਇਕੱਠਾ ਕਰ ਲਿਆ।

ਇਧਰ ਸ੍ਰੀ ਰਾਮ ਚੰਦਰ ਜੀ, ਲੱਛਮਣ ਜੀ, ਸੀਤਾ ਜੀ ਸਮੇਤ ਜਦੋਂ ਕਾਫੀ ਡੂੰਘੇ ਜੰਗਲ ਵਿਚ ਚਲੇ ਗਏ ਤਾਂ ਕੀ ਦੇਖਦੇ ਹਨ ਕਿ ਇਕ ਬੀਬੀ ਸਾਮ੍ਹਣੇ ਪੂਰਨ ਰੂਪ ਵਿਚ ਸਮਾਧੀ ਸਥਿਤ ਬੈਠੀ ਹੈ ਅਤੇ ਅੰਦਰ ਹੀ ਅੰਦਰ ਸ੍ਰੀ ਰਾਮ ਜੀ ਦੇ ਦਰਸ਼ਨਾਂ ਲਈ ਤਾਂਘ ਰਹੀ ਹੈ ਅਤੇ ਐਸੇ ਭਾਵ ਉਠ ਰਹੇ ਹਨ -

***ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ।।***
***ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥***

***ਪੰਨਾ - 1095***

***ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ।।***
***ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥***

***ਪੰਨਾ - 1094***

ਨੇਤਰਾਂ ਵਿਚੋਂ ਜਲ ਜਾ ਰਿਹਾ ਹੈ, ਸਾਰੇ ਚੌਗਿਰਦੇ ਦੇ ਵਾਤਾਵਰਣ ਤੋਂ ਬੇਖਬਰ ਹੋਈ ਹੋਈ ਆਪਣੇ ਧੇਅ ਵਿਚ ਆਪਣਾ ਆਪਾ ਗੁਆ ਚੁਕੀ ਹੈ। ਉਸ ਵੇਲੇ ਸ੍ਰੀ ਰਾਮ ਚੰਦਰ ਜੀ ਸਾਮ੍ਹਣੇ ਜਾ ਕੇ ਖੜ੍ਹੇ ਹੋ ਗਏ ਅਤੇ ਸ਼ਿਵਰੀ ਕਹਿ ਕੇ ਆਵਾਜ਼ ਮਾਰੀ, ਤਿੰਨ ਅਵਾਜ਼ਾਂ ਪਿਛੋਂ ਜਦੋਂ ਸ਼ਿਵਰੀ ਨੇ ਦੇਖਿਆ ਕਿ ਜਿਸ ਹੋਂਦ ਨੂੰ ਉਹ ਸਿਮਰ ਰਹੀ ਹੈ ਉਹ ਅੰਦਰੋਂ ਗਾਇਬ ਹੋ ਗਈ। ਉਸ ਦੇ ਨੇਤਰ ਖੁਲ੍ਹ ਗਏ ਉਸ ਦੀ ਉਸ ਸਮੇਂ ਐਸੀ ਹਾਲਤ ਹੋ ਗਈ ਜਿਵੇਂ ਮੱਛੀ ਦੀ ਪਾਣੀ ਤੋਂ ਬਗੈਰ ਹੋ ਜਾਂਦੀ ਹੈ। ਕਹਿਣ ਲੱਗੀ ਹੇ ਪ੍ਰਭੂ! ਤੁਸੀਂ ਕਿਥੇ ਚਲੇ ਗਏ? ਆਵਾਜ਼ ਆਈ ਕਿ ਨੇਤਰ ਖੋਲ੍ਹ ਅਸੀਂ ਤੇਰੇ ਸਾਮ੍ਹਣੇ ਹਾਂ। ਜਦ ਨੇਤਰ ਖੋਲ੍ਹੇ ਤਾਂ ਸ੍ਰੀ ਰਾਮ ਜੀ ਨੂੰ ਦੇਖ ਕੇ ਸ਼ਿਵਰੀ ਅਤਿ ਪ੍ਰਸੰਨ ਹੋ ਗਈ, ਚਰਨ ਬੰਦਨਾ ਕੀਤੀ, ਉਸ ਪਿਛੋਂ ਉਸ ਨੂੰ ਧਿਆਨ ਆਇਆ ਕਿ ਮੇਰੇ ਘਰ ਰਾਮ ਜੀ ਆਏ ਹਨ, ਮੈਂ ਗਰੀਬਣੀ ਹਾਂ, ਇਨ੍ਹਾਂ ਦੀ ਸੇਵਾ ਕਿਸ ਤਰ੍ਹਾਂ ਕਰਾਂ। ਸ਼ਿਵਰੀ ਨੂੰ ਕੁਝ ਦਿਨ ਪਹਿਲਾਂ ਪਤਾ ਲਗ ਚੁਕਿਆ ਸੀ ਕਿ ਪੰਪਾਸਰ ਚਰਨ ਪਾਉਣ ਆਉਣਾ ਹੈ, ਉਸ ਨੇ ਪਰਖ ਕੇ ਮਿੱਠੇ ਬੇਰ ਇਕੱਠੇ ਕੀਤੇ, ਹਰ ਬੇਰ ਨੂੰ ਸੂਏ (ਦੰਦ) ਹੇਠ ਲੈਂਦੀ ਜੋ ਬੇਰ ਮਿੱਠਾ ਹੁੰਦਾ ਰੱਖ ਲੈਂਦੀ, ਜੋ ਖੱਟਾ ਹੁੰਦਾ ਉਹ ਸੁੱਟ ਦਿੰਦੀ। ਇਸ ਤਰ੍ਹਾਂ ਉਸ ਨੇ ਬੇਰ ਇਕੱਠੇ ਕਰਕੇ ਰੱਖੇ ਹੋਏ ਸਨ ਅਤੇ ਉਹ ਝੱਟ ਹੀ ਅੰਦਰ ਗਈ ਅਤੇ ਲਿਆ ਕੇ ਉਸ ਨੇ ਉਂਜਲ ਭਰ ਕੇ ਇਕ-ਇਕ ਉਂਜਲ ਸ੍ਰੀ ਰਾਮ ਜੀ ਤੇ ਲੱਛਮਣ ਜੀ ਹੋਰਾਂ ਨੂੰ ਅਰਪਣ ਕਰ ਦਿਤੇ। ਸ੍ਰੀ ਰਾਮ ਚੰਦਰ ਜੀ ਪਿਆਰ ਵਿਚ ਮਸਤ ਹੋਏ ਹੋਏ ਬੇਰ ਛਕ ਰਹੇ ਸੀ ਤੇ ਬਹੁਤ ਹੀ ਸ਼ਲਾਘਾ ਕਰ ਰਹੇ ਸਨ ਕਿ ਸ਼ਿਵਰੀ! ਇਸ ਵਿਚ ਕਿਸ ਕਿਸਮ ਦਾ ਅੰਮ੍ਰਿਤ ਪਾਇਆ ਹੋਇਆ ਹੈ ਕਿ ਇਨ੍ਹਾਂ ਨੂੰ ਖਾਂਦਿਆਂ ਖਾਂਦਿਆਂ ਪਿਆਰ ਦੀ ਖੁਮਾਰੀ ਚੜ੍ਹ ਰਹੀ ਹੈ ਪਰ ਲੱਛਮਣ ਜੀ ਨੇ ਦੇਖਿਆ ਕਿ ਹਰ ਬੇਰ ਉਪਰ ਦੰਦ ਦੀ ਨਿਸ਼ਾਨੀ ਲੱਗੀ ਹੋਈ ਹੈ। ਇਹ ਗੱਲ ਮਨ ਵਿਚ ਆਈ ਕਿ ਇਹ ਸਾਰੇ ਬੇਰ ਜੂਠੇ ਹਨ। ਸ੍ਰੀ ਰਾਮ ਚੰਦਰ ਜੀ ਬੇਪ੍ਰਵਾਹ ਛਕ ਰਹੇ ਸਨ ਅਤੇ ਉਸ ਨੇ ਰਾਮ ਜੀ ਨੂੰ ਸਾਵਧਾਨ ਕਰਦਿਆਂ ਕਿਹਾ ਕਿ ਇਹ ਸਾਰੇ ਬੇਰ ਜੂਠੇ ਹਨ। ਆਪ ਨੇ ਕਿਹਾ ਕਿ ਪਿਆਰ ਵਿਚ ਨਾ ਜੂਠਾ ਹੁੰਦਾ ਹੈ, ਨਾ ਸੁੱਚਾ ਹੁੰਦਾ ਹੈ, ਨਾ ਆਪਣਾ ਹੁੰਦਾ ਹੈ ਨਾ ਬੇਗਾਨਾ ਹੁੰਦਾ ਹੈ ਇਹ ਤਾਂ ਪਰਮ ਅਨੰਦ ਦੀ ਅਵਸਥਾ ਹੁੰਦੀ ਹੈ, ਜੋ ਪ੍ਰਬਲ ਭਾਵਨਾ ਇਸ ਵਕਤ ਸ਼ਿਵਰੀ ਦੇ ਮਨ ਵਿਚ ਹੈ ਉਹ ਸੰਸਾਰ ਵਿਚ ਸ਼ਾਇਦ ਹੀ ਕਿਸੇ ਵਿਚ ਹੋਵੇ, ਇਹ ਹੁਣ ਆਪਣੇ ਆਪੇ ਵਿਚ ਨਹੀਂ ਹੈ, ਇਸਨੇ ਆਪਣਾ ਆਪਾ ਮੇਰੇ ਆਪੇ ਵਿਚ ਲੀਨ ਕਰ ਦਿਤਾ ਹੈ, ਮੈਂ ਇਸੇ ਪਿਆਰ ਦਾ ਬੰਨ੍ਹਿਆ ਹੋਇਆ ਇਸ ਝੌਂਪੜੀ ਵਿਚ ਆਇਆ ਹਾਂ। ਪੰਪਾਸਰ ਸਰੋਵਰ ਦਾ ਤਾਂ ਇਕ ਕਾਰਨ ਬਣਿਆ ਹੈ। ਇਸ ਪਿਆਰ ਦੇ ਵਸ ਕਰਕੇ ਮੈਂ ਇਥੇ ਪਹੁੰਚਿਆ ਹਾਂ। ਕਹਿੰਦੇ ਹਨ ਕਿ ਲੱਛਮਣ ਜੀ ਨੇ ਉਹ ਬੇਰ ਆਪਣੀ ਸ਼ਕਤੀ ਨਾਲ ਕਿਸੇ ਦੂਰ ਪਰਬਤ ਤੇ ਸੁੱਟ ਦਿਤੇ ਜਿਨ੍ਹਾਂ ਦੀ ਸੰਜੀਵਨੀ ਬੂਟੀ ਬਣੀ ਜਿਸ ਨੂੰ ਲੈਣ ਵਾਸਤੇ ਹਨੂੰਮਾਨ ਜੀ ਗਏ ਅਤੇ ਲੱਛਮਣ ਜੀ ਨੂੰ ਪ੍ਰਾਣ ਦਿਤੇ।

ਉਥੋਂ ਵਿਦਾ ਹੋ ਕੇ ਸ੍ਰੀ ਰਾਮ ਚੰਦਰ ਜੀ ਪੰਪਾਸਰ ਵਲ



Sri Satguru Jagjit Singh Ji eLibrary NamdhariElibrary@gmail.com

ਚਲੇ ਗਏ ਤੇ ਉਨ੍ਹਾਂ ਰਿਸ਼ੀਆਂ ਮੁਨੀਆਂ ਨੇ ਆਪਣੀ ਸਮੱਸਿਆ ਦੱਸੀ। ਆਪ ਨੇ ਸਾਰਿਆਂ ਨੂੰ ਕਿਹਾ ਕਿ ਤੁਸੀਂ ਸਾਰੇ ਪ੍ਰਭੂ ਦਾ ਨਾਮ ਲੈਣ ਵਾਲੇ ਹੋ, ਘੋਰ ਤਪਸਿਆ ਕਰਨ ਵਾਲੇ ਹੋ, ਸੰਤਾਂ ਦੇ ਚਰਨਾਂ ਵਿਚ ਸੱਤਿਆ ਹੁੰਦੀ ਹੈ ਉਹ ਤੀਰਥਾਂ ਦੀ ਮੈਲ ਦੂਰ ਕਰਨ ਦੀ ਸਮਰੱਥਾ ਰਖਦੇ ਹਨ। ਤੁਸੀਂ ਸਾਰੇ ਵਾਰੀ-ਵਾਰੀ ਆਪਣੇ ਚਰਨ ਪਾਉਂਦੇ ਜਾਓ ਜਿਸ ਦੇ ਚਰਨਾਂ ਵਿਚ ਪੂਰਨ ਪਵਿੱਤਰਤਾ ਹੋਵੇਗੀ ਉਹ ਇਸ ਪਾਣੀ ਨੂੰ ਸਾਫ ਕਰ ਦੇਵੇਗਾ। ਸਭ ਨੇ ਆਪਣੇ ਆਪਣੇ ਚਰਨ ਪਾਏ ਪਰ ਪਾਣੀ ਉਪਰ ਕੋਈ ਵੀ ਅਸਰ ਨਾ ਹੋਇਆ। ਉਸ ਵੇਲੇ ਆਪ ਨੇ ਸਾਰਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਚੌਗਿਰਦੇ ਵਿਚ ਕੋਈ ਰਾਮ ਭਗਤ ਰਹਿੰਦਾ ਹੈ ਜਿਸ ਦੀ ਬਿਰਤੀ ਰਾਗ ਤੇ ਦ੍ਵੈਸ਼ ਤੋਂ ਨਿਰਲੇਪ ਹੋਵੇ, ਪ੍ਰਭੂ ਨੂੰ ਪਿਆਰ ਕਰਨ ਵਾਲਾ, ਉਸ ਦੇ ਚਰਨ ਪਿਆਂ ਇਹ ਪਾਣੀ ਨਿਰਮਲ ਹੋਵੇਗਾ। ਸਾਰਿਆਂ ਨੇ ਕਿਹਾ ਕਿ ਇਥੇ ਹੋਰ ਕੋਈ ਰਾਮ ਭਗਤ ਨਹੀਂ ਹੈ, ਉਸ ਵੇਲੇ ਸ੍ਰੀ ਰਾਮ ਜੀ ਨੇ ਦੱਸਿਆ ਕਿ ਸ਼ਿਵਰੀ ਜਿਸ ਨੂੰ ਤੁਸੀਂ ਦੋ ਵਾਰੀ ਕੁੱਟ-ਕੁੱਟ ਕੇ ਨਠਾ ਚੁੱਕੇ ਹੋ, ਉਹ ਰਾਮ ਭਗਤ ਹੈ। ਤਪ ਤੇ ਭਗਤੀ ਵਿਚ ਬਹੁਤ ਫਰਕ ਹੈ। ਤਪ ਨਿਜੀ ਸ਼ਕਤੀਆਂ ਨੂੰ ਉਭਾਰਦਾ ਹੈ ਪਰ ਭਗਤੀ ਇਸ ਸਾਰੇ ਪਰਪੰਚ ਦੇ ਮਾਲਕ ਨੂੰ ਰਿਝਾਉਂਦੀ ਹੈ। ਭਗਤੀ ਵਿਸ਼ੇਸ਼ ਚੀਜ਼ ਹੈ ਅਤੇ ਮਹਾਨ ਉਤਮ ਹੈ। ਜਿਸ ਸ਼ਿਵਰੀ ਨੂੰ ਤੁਸੀਂ ਧੱਕੇ ਮਾਰੇ ਉਸ ਨੂੰ ਲੈ ਕੇ ਆਓ, ਉਸਦੇ ਚਰਨ ਪੁਆਓ। ਮਜ਼ਬੂਰਨ ਉਨ੍ਹਾਂ ਨੂੰ ਸ਼ਿਵਰੀ ਨੂੰ ਲਿਆਉਣਾ ਪਿਆ ਅਤੇ ਸ੍ਰੀ ਰਾਮ ਚੰਦਰ ਜੀ ਨੇ ਉਸ ਦੇ ਚਰਨ ਉਸ ਜਲ ਵਿਚ ਪੁਆਏ। ਉਹ ਜਲ ਜੋ ਇਕ ਪਾਤਰ ਵਿਚ ਪਾਇਆ ਹੋਇਆ ਸੀ, ਉਸ ਵਿਚ ਸ਼ਿਵਰੀ ਦੇ ਚਰਨ ਪੁਆਏ ਗਏ ਅਤੇ ਫੇਰ ਉਹ ਜਲ ਪੰਪਾਸਰ ਵਿਚ ਪਾਇਆ ਗਿਆ। ਉਹ ਪਾਣੀ ਕੁੰਗੂ ਵਾਂਗੂੰ ਨਿਰਮਲ ਹੋ ਗਿਆ। ਸਾਰੇ ਹੈਰਾਨ ਹੋ ਗਏ। ਸ੍ਰੀ ਰਾਮ ਚੰਦਰ ਜੀ ਨੇ ਦੱਸਿਆ ਕਿ ਸੰਤਾਂ ਦੀ ਧੂੜੀ ਵਿਚ ਕਿੰਨੀ ਬਰਕਤ ਹੁੰਦੀ ਹੈ। ਗੁਰੂ ਮਹਾਰਾਜ ਜੀ ਵੀ ਫੁਰਮਾਨ ਕਰਦੇ ਹਨ -

***ਤੀਰਥਿ ਅਠਸਠਿ ਮਜਨੁ ਨਾਈ।।***
***ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ***
***ਸਭ ਦੁਰਮਤਿ ਮੈਲੁ ਗਵਾਈ।।*** ***ਪੰਨਾ - 1263***

ਇਥੇ ਤਕ ਆਪ ਫੁਰਮਾਨ ਕਰਦੇ ਹਨ -

***ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ***
***ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥***
***ਪੰਨਾ - 1263***

ਪਰ ਇਹ ਧੂੜ ਉਸ ਨੂੰ ਮਿਲਦੀ ਹੈ ਜਿਸ ਦੇ ਮਸਤਕ ਵਿਚ ਲਿਖਿਆ ਹੋਵੇ -

***ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ***
***ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ॥***
***ਪੰਨਾ - 1263***

ਸੋ ਇਸ ਤਰ੍ਹਾਂ ਨਾਲ ਇਸ ਹੁਕਮਨਾਮੇ ਵਿਚ ਸਾਡੇ ਲਈ ਗਿਆਤ ਹੈ - ਕਰੋ ਅਰਦਾਸ, ਸਾਰੇ ਕਹੋ -

***ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ।।***
***ਪੰਨਾ - 738***

ਇਹ ਧੂੜ ਦੋ ਤਰ੍ਹਾਂ ਦੀ ਹੋਇਆ ਕਰਦੀ ਹੈ। ਇਕ ਚਰਨਾਂ ਦੀ ਧੂੜੀ ਹੋਇਆ ਕਰਦੀ ਹੈ, ਇਕ ਸੰਤਾਂ ਦੇ ਮੁਖ ਦੀ ਧੂੜੀ ਹੋਇਆ ਕਰਦੀ ਹੈ ਜਿਸ ਵਿਚ ਜਨਮਾਂ ਜਨਮਾਂਤਰਾਂ ਦੀ ਮੈਲ ਕੱਟਣ ਦੀ ਸਮਰਥਾ ਹੁੰਦੀ ਹੈ ਅਤੇ ਇਹ ਹਉਮੈ ਦੀ ਮੈਲ ਦੂਰ ਕਰ ਦਿੰਦੀ ਹੈ।

***ਜਨ ਕੀ ਧੂਰਿ ਮਨ ਮੀਠ ਖਟਾਨੀ॥***
***ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ॥***
***ਅਹੰਬੁਧਿ ਮਨ ਪੂਰਿ ਥਿਧਾਈ॥***
***ਸਾਧ ਧੂਰਿ ਕਰਿ ਸੁਧ ਮੰਜਾਈ॥***
***ਅਨਿਕ ਜਲਾ ਜੇ ਧੋਵੈ ਦੇਹੀ॥***
***ਮੈਲੁ ਨ ਉਤਰੈ ਸੁਧੁ ਨ ਤੇਹੀ॥*** ***ਪੰਨਾ - 199***

ਸਾਧਸੰਗਤ ਜੀ! ਕਲਜੁਗ ਦਾ ਸਮਾਂ ਹੈ ਮਨੁੱਖ ਨੂੰ ਤਾਰਨ ਵਾਲੇ ਜਪ ਤਪ ਅਤੇ ਇਨ੍ਹਾਂ ਦੇ ਫਲ ਮੰਦ ਹੋ ਚੁੱਕੇ ਹਨ। ਕਲਜੁੱਗ ਨੇ ਮਰਿਆਦਾ ਸਹਿਤ ਚਲ ਰਿਹਾ ਜੀਵਨ ਉਲਟ ਪੁਲਟ ਕਰ ਦਿਤਾ ਹੈ, ਹਰ ਵਰਗ ਵਿਚ ਪਾਖੰਡ ਪ੍ਰਧਾਨ ਹੋ ਗਿਆ, ਪਿਛਲੀਆਂ ਕੀਮਤਾਂ ਜਿਨ੍ਹਾਂ ਨੂੰ ਪੁਰਾਣੇ ਸ੍ਰੇਸ਼ਟ ਪੁਰਸ਼ ਨਿਜ ਧਰਮ ਕਿਹਾ ਕਰਦੇ ਸਨ, ਉਸਦੀ ਪਰਿਭਾਸ਼ਾ ਐਨੀ ਬਦਲ ਗਈ ਕਿ ਅੱਜ ਉਨ੍ਹਾਂ ਗੱਲਾਂ ਨੂੰ ਘਟ ਅਕਲ ਵਾਲਿਆਂ ਦੀਆਂ ਗੱਲਾਂ ਆਖਿਆ ਜਾ ਰਿਹਾ ਹੈ। ਜੀਵਨ ਦੇ ਹਰ ਹਿੱਸੇ ਵਿਚ ਧਰਮ ਪ੍ਰਧਾਨ ਸੀ, ਮਰਿਆਦਾ ਸੀ, ਸੱਚ ਬੋਲਦੇ ਸਨ, ਛਲ ਤੇ ਕਪਟ ਕਰਨ ਕੋਈ ਜਾਣਦਾ ਹੀ ਨਹੀਂ ਸੀ, ਆਪਣੇ ਆਪ ਦੀ ਕੋਈ ਵੀ ਵਡਿਆਈ ਨਹੀਂ ਸੀ ਕਰਦਾ, ਸਗਮਾਂ ਇਹ ਅਸੂਲ ਵਰਤਿਆ ਜਾਂਦਾ ਸੀ -

***ਕਰਿਕੇ ਨੀਚ ਸਦਾਵਣਾ ਤਾ ਪ੍ਰਭੁ ਲੇਖੈ ਅੰਦਰਿ ਪਾਈ।।***
***ਭਾਈ ਗੁਰਦਾਸ ਜੀ, ਵਾਰ 1/16***

ਨੇਕੀ ਕਰਕੇ ਕੋਈ ਆਪਣੀ ਪ੍ਰਸੰਸਾ ਨਹੀਂ ਸੀ ਕਰਦਾ, ਨਿਮਰਤਾ ਵਿਚ ਰਹਿੰਦੇ ਸਨ ਅਤੇ ਵਾਹਿਗੁਰੂ ਦਾ ਧੰਨਵਾਦ ਕਰਦੇ ਸਨ ਕਿ ਆਪ ਨੇ ਮੇਰੇ ਜੀਵਨ ਨੂੰ ਸੇਧ ਦੇ ਕੇ ਮੈਨੂੰ ਪਾਪਾਂ ਤੋਂ, ਬੁਰੇ ਕੰਮਾਂ ਤੋਂ ਬਚਾ ਲਿਆ। ਹੁਣ ਇਸ ਦੇ ਵਿਪਰੀਤ ਕੋਈ ਵੀ ਵਰਗ ਅਜਿਹਾ ਨਹੀਂ ਬਚਿਆ ਜਿਥੇ ਸੱਚ ਦੀ ਪ੍ਰਧਾਨਤਾ ਹੋਵੇ, ਝੂਠ ਬੋਲ ਕੇ ਜੀਵਨ ਨਿਰਬਾਹ ਕਰਨਾ, ਚੀਜ਼ਾਂ ਵਿਚ ਮਿਲਾਵਟ ਕਰਕੇ ਅਸਲੀ ਦੇ ਭਾਅ ਵੇਚਣੀਆਂ, ਨਕਲੀ ਦਵਾਈਆਂ ਦੇ ਕੇ ਮਹਿੰਗੇ-ਮਹਿੰਗੇ ਮੁੱਲ ਲੈਣੇ, ਆਪਣੀ ਪ੍ਰਸੰਸਾ ਆਪ ਕਰਨੀ, ਰਾਜਸੀ ਲੋਕ ਆਪਣੇ ਹਿਤ ਵਾਸਤੇ ਕੁਰਸੀਆਂ ਹਾਸਲ ਕਰਦੇ ਹਨ, ਕਿਸੇ ਸਤਿ ਦੇ ਮਾਰਗ ਤੇ ਚਲਣਾ ਆਦਮੀ ਦੀ ਘੱਟ ਅਕਲ ਗਿਣਿਆ ਕਰਦੇ ਹਨ। ਕੂਟ ਨੀਤੀ ਜਿਸ ਵਿਚ ਧੋਖਾ ਤੇ ਛਲ ਪ੍ਰਧਾਨ ਹੋਵੇ ਉਸ ਨੂੰ ਸੱਚੇ ਜੀਵਨ ਤੋਂ ਉਲਟ ਸੁਲਝਿਆ ਹੋਇਆ, ਅਕਲ ਵਾਲਾ ਰਾਹ ਸਮਝਦੇ ਹਨ, ਬਚਨ ਦੀ ਕੋਈ ਮਹੱਤਤਾ ਨਹੀਂ ਰਹੀ। ਕਹਿੰਦੇ ਹਨ ਬਚਨ ਵਿਚ ਬੰਨਿਆ ਜਾਣਾ ਮੂਰਖਤਾ ਹੈ। ਜਿਹੜੇ ਧੋਖੇ ਦਿੰਦੇ ਹਨ, ਛਲ ਕਰਦੇ ਹਨ ਉਨ੍ਹਾਂ ਨੂੰ ਸਮਾਜ ਵਿਚ ਵਡਿਆਇਆ ਜਾਂਦਾ ਹੈ। ਗੁਰੂ ਮਹਾਰਾਜ ਜੀ ਨੇ ਅਜਿਹੇ ਜੀਵਨ ਨੂੰ ਰੱਦ ਕੀਤਾ ਹੈ। ਭਾਈ ਗੁਰਦਾਸ ਜੀ ਦਸਦੇ ਹਨ-

***ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।***
***ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।***



Sri Satguru Jagjit Singh Ji eLibrary NamdhariElibrary@gmail.com

*ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਅਲਾਈ।*
*ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।*
*ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।*
*ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।*
*ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ।*
*ਵਰਤਿਆ ਪਾਪ ਸਭਸ ਜਗ ਮਾਂਹੀ।।*
***ਭਾਈ ਗੁਰਦਾਸ ਜੀ, ਵਾਰ 1/30***

ਅਤੇ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਨ ਕੀਤਾ ਸੀ –

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ।। ਪੰਨਾ – 145*

ਕਲਜੁਗ ਦੇ ਅੰਦਰ ਰਾਜਸੀ ਲੋਕ ਇਕ ਦੂਜੇ ਨੂੰ ਪਾੜਨ ਵਾਸਤੇ ਕੈਂਚੀ ਦਾ ਕੰਮ ਕਰਦੇ ਹਨ ਅਤੇ ਆਪਣੇ ਹਿਤ ਦੀ ਪੂਰਤੀ ਵਾਸਤੇ ਦੂਸਰੇ ਦੀ ਜਾਨ ਲੈਣੀ ਆਪਣੀ ਹੁਸ਼ਿਆਰੀ ਗਿਣਦੇ ਹਨ। ਚਾਰ ਵੱਡੇ ਥੰਮ ਧਰਮ ਦੇ ਹੋਇਆ ਕਰਦੇ ਹਨ – ਪਹਿਲਾ ਥੰਮ ਰਾਜੇ ਦਾ ਪਵਿੱਤਰ ਜੀਵਨ ਹੋਇਆ ਕਰਦਾ ਹੈ। ਦੂਸਰਾ ਥੰਮ ਤੀਰਥਾਂ ਦੀ ਸੁੱਚਤਾ ਹੋਇਆ ਕਰਦੀ ਹੈ, ਤੀਸਰਾ ਵੱਡਾ ਥੰਮ ਸਾਧੂਆਂ ਦਾ ਸੱਚਾ ਸੁੱਚਾ ਜੀਵਨ ਹੁੰਦਾ ਹੈ, ਚੌਥਾ ਸਤਿ ਸਾਸ਼ਤਰ ਹੋਇਆ ਕਰਦੇ ਹਨ, ਜਿਨ੍ਹਾਂ ਨੂੰ ਪੜ੍ਹ ਕੇ ਆਦਮੀ ਆਪਣੀ ਕਲਿਆਨ ਕਰ ਸਕਦਾ ਹੋਵੇ ਪਰ ਅੱਜ ਰਾਜਸੀ ਵਰਗ ਦਾ ਜੋ ਜੀਵਨ ਹੈ ਉਹ ਆਪਣੇ ਹਿਤ ਵਾਸਤੇ ਹੈ ਅਤੇ ਉਸ ਦਾ ਪਰਜਾ ਨਾਲ ਕੋਈ ਸਬੰਧ ਨਹੀਂ ਹੈ। ਧਰਮ ਅਸਥਾਨ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਆ ਗਏ ਜਿਨ੍ਹਾਂ ਨਾਲ ਧਰਮ ਦਾ ਦੂਰ ਦਾ ਵੀ ਵਾਸਤਾ ਨਹੀਂ ਹੈ, ਨਾਸਤਕਤਾ ਪ੍ਰਧਾਨ ਹੈ ਉਥੇ ਦੀ ਮਰਿਆਦਾ ਵਿਗਾੜ ਕੇ ਮਾਸ, ਮੱਛੀ, ਸ਼ਰਾਬ ਦੀ ਵਰਤੋਂ ਕਰ ਰਹੇ ਹਨ। ਸੋ ਇਹ ਥੰਮ ਵੀ ਭ੍ਰਿਸ਼ਟ ਹੋ ਗਏ। ਤੀਸਰਾ ਵੱਡਾ ਥੰਮ ਸਾਧੂ ਹੋਇਆ ਕਰਦੇ ਸਨ ਜੋ ਤਪ ਤਪਸਿਆ ਦੀ ਜਿਉਂਦੀ ਜਾਗਦੀਆਂ ਮੂਰਤਾਂ ਹੋਇਆ ਕਰਦੇ ਸਨ ਉਨ੍ਹਾਂ ਨੂੰ ਕੋਈ ਮਾਇਆ ਦਾ ਲਾਲਚ ਨਹੀਂ ਸੀ ਹੋਇਆ ਕਰਦਾ, ਆਪਣਾ ਨਿਰਬਾਹ ਕੱਖਾਂ ਦੀ ਕੁਲੀ ਵਿਚ ਕਰ ਲੈਂਦੇ ਸਨ ਪਰ ਪਬਲਿਕ ਵਾਸਤੇ ਸਕੂਲ, ਖੂਹ, ਸੜਕਾਂ, ਹਸਪਤਾਲ ਪਰਉਪਕਾਰ ਦੇ ਅਨੇਕਾਂ ਕੰਮ ਕਰ ਦਿੰਦੇ ਸਨ। ਆਪਣੇ ਸ਼ਰਧਾਲੂਆਂ ਦਾ ਪੈਸਾ ਆਪਣੇ ਉਪਰ ਨਹੀਂ ਸੀ ਖਰਚ ਕਰਦੇ। ਸਤਿ ਦੇ ਧਾਰਨੀ ਹੁੰਦੇ ਸਨ, ਕਿਸੇ ਨਾਲ ਈਰਖਾ ਨਹੀਂ ਸੀ ਕਰਦੇ, ਅੰਦਰ ਜੋਤ ਜਗਿਆ ਕਰਦੀ ਸੀ। ਪੂਰਨ ਜੋਤ ਜਗ ਕੇ ਖਾਲਸਾ ਪਦਵੀ ਪ੍ਰਾਪਤ ਕਰਕੇ ਪ੍ਰਮੇਸ਼ਰ ਦਾ ਹੀ ਰੂਪ ਬਣ ਜਾਇਆ ਕਰਦੇ ਸਨ। ਹੁਣ ਪੂਰੀ ਤਰ੍ਹਾਂ ਨਾਲ ਉਲਟ ਹੋ ਚੁਕਿਆ ਹੈ। ਤੁਸੀਂ ਸਭ ਜਾਣਦੇ ਹੀ ਹੋਂ, ਇਸ ਬਾਰੇ ਮੈਂ ਬਾਰ-ਬਾਰ ਲਿਖਣਾ ਠੀਕ ਨਹੀਂ ਸਮਝਦਾ। ਚੌਥਾ ਥੰਮ ਸਾਸ਼ਤਰ ਹੋਇਆ ਕਰਦਾ ਹੈ। ਹੁਣ ਦੇ ਲਿਖਾਰੀ ਸਤਿ ਦਾ ਅਨੁਭਵ ਕਰਕੇ ਆਪਣੀ ਮਿਹਨਤ ਨਾਲ ਰਚੇ ਸਤਿ ਸਾਹਿਤ ਸੰਸਾਰ ਵਿਚ ਨਹੀਂ ਵੰਡਦੇ, ਇਸ ਦੇ ਵਿਪਰੀਤ ਅਨੁਭਵ ਵਿਹੂਣੇ ਵੱਧ ਤੋਂ ਵੱਧ ਪੈਸੇ ਕਮਾਉਣ ਲਈ ਨਾਸਤਕ, ਕਾਮੁਕ ਸਾਹਿਤ ਦੀ ਰਚਨਾ ਕਰਦੇ ਹਨ। ਜੇ ਉਨ੍ਹਾਂ ਨੂੰ ਆਪ ਨੂੰ ਹੀ ਗਿਆਨ ਨਹੀਂ ਤਾਂ ਉਹ ਕਿਵੇਂ ਸੰਸਾਰ ਨੂੰ ਪ੍ਰਕਾਸ਼ ਦੇ ਸਕਦੇ ਹਨ। ਇਸੇ ਤਰ੍ਹਾਂ ਚਾਰੋਂ ਧਰਮ ਦੇ ਥੰਮ ਗਿਰ ਗਏ ਹਨ, ਦੂਸ਼ਿਤ ਹੋ ਚੁੱਕੇ ਹਨ, ਪ੍ਰਕਾਸ਼ ਦੀ ਥਾਂ ਅੰਧਕਾਰ ਫੈਲਾ ਰਹੇ ਹਨ, ਸਾਡੇ ਵਾਸਤੇ ਕਠਨ ਹੋ ਗਿਆ ਕਿ ਕਿਵੇਂ ਆਪਣਾ ਪਾਰ ਉਤਾਰਾ ਕਰੀਏ, ਗਰਭ ਅਗਨ ਤੋਂ ਕਿਵੇਂ ਛੁਟਕਾਰਾ ਪਾਈਏ? ਨਾ ਹੀ ਕੋਈ ਸੱਚਾ ਗੁਰੂ ਉਚ ਪਾਏ ਦਾ ਹੈ ਜੋ ਸੇਵਕਾਂ ਨੂੰ ਨਦਰੋ ਨਦਰੀ ਨਿਹਾਲ ਕਰਕੇ ਉਸ ਸੱਚੇ ਵਾਹਿਗੁਰੂ ਜੀ ਦਾ ਘਰ ਦਿਖਾ ਦੇਵੇ। ਗੱਲਾਂ ਬਾਤਾਂ ਨਾਲ ਆਪਣਾ ਵੇਲਾ ਪੂਰਾ ਕਰਦੇ ਹਨ। ਸੋ ਇਨ੍ਹਾਂ ਸਾਰੀਆਂ ਗੱਲਾਂ ਨੂੰ ਗੁਰੂ ਮਹਾਰਾਜ ਜੀ ਨੇ ਵਿਚਾਰ ਅਧੀਨ ਰਖਦੇ ਹੋਏ ਸੰਸਾਰ ਦਾ ਉਧਾਰ ਕਰਦੇ ਹੋਏ, ਇਕ ਸੱਚਾ ਸੁੱਚਾ ਮੰਡਲ ਕਾਇਮ ਕੀਤਾ ਜਿਥੇ ਪ੍ਰਮੇਸ਼ਰ ਦੇ ਪਿਆਰੇ ਪ੍ਰਭੂ ਦਾ ਨਾਮ ਜਪਣ ਲਈ, ਆਪਣੀ ਨੀਂਦ ਦਾ ਤਿਆਗ ਕਰਕੇ ਸਤਿਸੰਗ ਵਿਚ ਇਕੱਠੇ ਹੋ ਜਾਂਦੇ ਹਨ। ਜਿਥੇ ਕੋਈ ਵੀ ਦੁਨਿਆਵੀ ਗੱਲ ਨਹੀਂ ਕੀਤੀ ਜਾਂਦੀ ਅਤੇ ਹਰੀ ਦਾ ਕੀਰਤਨ ਹੁੰਦਾ ਹੈ।

ਸੋ ਪਿਆਰਿਓ! ਆਪਾਂ ਉਪਰ ਵਾਹਿਗੁਰੂ ਜੀ ਦੀ ਅਪਾਰ ਕ੍ਰਿਪਾ ਹੀ ਹੈ ਕਿ ਜਦੋਂ ਸਾਰਾ ਸੰਸਾਰ ਘੂਕ ਨੀਂਦ ਵਿਚ ਉਸਲਵੱਟੇ ਲੈ ਰਿਹਾ ਹੈ ਉਸ ਵੇਲੇ ਤੁਸੀਂ ਬਾਣੀ ਦਾ ਅਨੰਦ ਲੈ ਰਹੇ ਹੋਂ, ਵਿਚਾਰ ਸਰਵਣ ਕਰ ਰਹੇ ਹੋਂ, ਕਲਜੁਗ ਦੇ ਪ੍ਰਧਾਨ ਸਾਧਨ ਦੀ ਬਖਸ਼ਿਸ਼ ਆਪ ਉਪਰ ਹੋਈ ਹੈ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ।।*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥*
***ਪੰਨਾ – 642***

ਸੋ ਮੈਂ ਇਹ ਬੇਨਤੀ ਕਰ ਰਿਹਾ ਸੀ ਕਿ ਜੀਵ ਜੋ ਬਹੁਤ ਜਨਮ ਫਿਰਨ ਪਿਛੋਂ ਮਾਨਸ ਜਨਮ ਧਾਰਨ ਕਰਕੇ ਵਿਚਰ ਰਿਹਾ ਹੈ ਉਸ ਦੇ ਅੰਦਰ ਅਗਿਆਨ ਦਾ ਹਨ੍ਹੇਰਾ ਛਾਇਆ ਪਿਆ ਹੈ, ਰੋਸ਼ਨੀ ਨਾਮ ਦੀ ਕੋਈ ਚੀਜ਼ ਹੈ ਹੀ ਨਹੀਂ, ਇਸ ਤਰ੍ਹਾਂ ਜੀਵ ਡਾਵਾਂਡੋਲ ਹੋ ਗਿਆ, ਕੋਈ ਰਸਤਾ ਦਸਣ ਵਾਲਾ ਨਹੀਂ ਮਿਲਦਾ। ਜੇ ਰਸਤਾ ਦੱਸਣ ਵਾਲਾ ਗੁਪਤ ਹੈ ਵੀ ਕੋਈ, ਤਾਂ ਪੁਛਣ ਵਾਲਾ ਕੋਈ ਨਹੀਂ। ਜੇ ਅਸੀਂ ਪੁਰਾਣੇ ਸਾਸ਼ਤਰਾਂ ਦੀ ਵਿਚਾਰ ਕਰਦੇ ਹਾਂ ਤਾਂ ਉਨ੍ਹਾਂ ਦਾ ਕਲਪਿਆ ਹੋਇਆ ਈਸ਼ਵਰ ਕਰਨ ਕਾਰਨ ਸਮਰੱਥ ਨਾ ਹੋਣ ਕਰਕੇ ਉਸ ਨੂੰ ਜਗ ਰਚਨਾ ਲਈ ਪ੍ਰਕ੍ਰਿਤੀ ਅਤੇ ਜੀਵ ਦੀ ਲੋੜ ਪੈਂਦੀ ਹੈ। ਇਹ ਲੰਮਾ ਵਿਸ਼ਾ ਹੈ ਜਿਸ ਉਤੇ ਮੈਂ ਬਹੁਤਾ ਨਾ ਕਹਿੰਦਾ ਹੋਇਆ ਇੰਨਾ ਕਹਿੰਦਾ ਹਾਂ ਕਿ ਆਪਣੇ ਆਪਣੇ ਵਿਚਾਰ, ਸੰਸਾਰ ਅੰਦਰ ਪ੍ਰਚਲਤ ਹੋ ਗਏ, ਇਸ ਕਰਕੇ ਅਸੀਂ ਪ੍ਰਮੇਸ਼ਰ ਤੋਂ ਦੂਰ ਹੋ ਗਏ। ਸੰਸਾਰ ਐਨਾ ਦੁਖੀ ਹੋ ਗਿਆ ਕਿ ਮਹਾਤਮਾ ਬੁੱਧ ਨੂੰ ਨਿਰਸੰਕੋਚ ਇਹ ਕਹਿਣਾ ਪਿਆ ਕਿ 'ਇਹ ਸੰਸਾਰ ਦੁਖਾਂ ਦਾ ਘਰ ਹੈ' ਇਸ ਵਿਚ ਸੁਖ ਨਾਮ ਦੀ ਕੋਈ ਚੀਜ਼ ਨਹੀਂ ਹੈ। ਗੁਰੂ ਨਾਨਕ ਪਾਤਸ਼ਾਹ ਨੇ ਇਹ ਤਾਂ ਨਹੀਂ ਕਿਹਾ ਕਿ ਸੰਸਾਰ ਵਿਚ ਸੁਖ ਨਹੀਂ ਹੈ ਪਰ ਆਪ ਨੇ ਇਹ ਜ਼ਰੂਰ ਕਿਹਾ ਹੈ –

*ਬਾਲੀ ਰੋਵਹਿ ਨਾਹਿ ਭਤਾਰੁ॥*
*ਨਾਨਕ ਦੁਖੀਆ ਸਭੁ ਸੰਸਾਰੁ॥ ਪੰਨਾ – 954*

ਪਰ ਨਾਲ ਦੀ ਨਾਲ ਆਪ ਨੇ ਇਸ ਦਾ ਇਲਾਜ ਵੀ ਦਸ ਦਿਤਾ ਕਿ ਜਿਨ੍ਹਾਂ ਪ੍ਰੇਮੀਆਂ ਨੂੰ ਨਾਮ ਦੀ ਪਹਿਚਾਣ ਹੋ


Sri Satguru Jagjit Singh Ji eLibrary NamdhariElibrary@gmail.com

ਗਈ, ਨਾਮ ਮੰਡਲ ਵਿਚ ਪ੍ਰਵੇਸ਼ ਕਰ ਗਏ ਉਹ ਸੁਖੀ ਹਨ ਕਿਉਂਕਿ ਉਨ੍ਹਾਂ ਨੇ ਨਾਮ ਨੂੰ ਮੰਨ ਲਿਆ –

***ਮੰਨੇ ਨਾਉ ਸੋਈ ਜਿਣਿ ਜਾਇ॥***
***ਅਉਰੀ ਕਰਮ ਨ ਲੇਖੈ ਲਾਇ॥ ਪੰਨਾ – 954***

ਸੰਸਾਰ ਕਿਉਂ ਦੁਖੀ ਹੋ ਗਿਆ? ਇਸਨੂੰ ਸਾਰੇ ਸਿਆਣਿਆਂ ਨੇ ਵਿਚਾਰਿਆ ਹੈ। ਛੇ ਸਾਸ਼ਤਰਾਂ ਵਿਚ ਸਾਂਖ-ਨਿਆਏ, ਵਿਸ਼ੇਸ਼ਕ ਅਤੇ ਪਾਤੰਜਲ ਨੇ ਸਪਸ਼ਟ ਨਿਰਨਾ ਦਿਤਾ ਹੈ ਕਿ ਸੰਸਾਰ ਵਿਚ ਪ੍ਰਭੂ ਇਕੱਲਾ ਨਹੀਂ ਹੈ, ਉਸ ਨਾਲ ਦੋ ਤੱਤ ਹੋਰ ਹਨ, ਇਕ ਪੁਰਸ਼ (ਜੀਵ) ਦੂਜਾ ਪ੍ਰਕ੍ਰਿਤੀ ਤੀਜਾ ਪ੍ਰਭੂ ਆਪ ਹੈ। ਪ੍ਰਭੂ ਸਤਿ, ਚਿਤ, ਅਨੰਦ ਹੈ ਪਰ ਇਸ ਦੇ ਵਿਪਰੀਤ ਪ੍ਰਕ੍ਰਿਤੀ ਜੜ੍ਹ ਤੇ ਦੁਖ ਰੂਪ ਹੋਣ ਕਰਕੇ ਉਹ ਛਿਨਭੰਗਰ ਅਤੇ ਨਿਰਾ ਦੁਖ ਹੀ ਹੈ। ਜਦੋਂ ਗੁਰੂ ਨਾਨਕ ਪਾਤਸ਼ਾਹ ਸੁਮੇਰ ਪਰਬਤ ਉਪਰ ਮਹਾਨ ਵਿਦਵਾਨ ਪੁਰਸ਼ ਜਿਨ੍ਹਾਂ ਨੂੰ ਸਿੱਧ ਕਿਹਾ ਗਿਆ ਹੈ ਉਥੇ ਬਚਨ ਕੀਤੇ ਅਤੇ ਸਪਸ਼ਟ ਕੀਤਾ ਕਿ ਇਕ ਪ੍ਰਮੇਸ਼ਰ ਹੀ ਅਨੇਕ ਰੂਪ ਧਾਰ ਕੇ ਚਰ ਅਚਰ ਵਿਚ ਵਿਦਮਾਨ ਹੈ, ਉਸ ਦਾ ਸਰੂਪ ਜੋ ਪ੍ਰਕ੍ਰਿਤੀ ਨਾਲ ਸੰਧੀ ਕਰਕੇ ਸੰਸਾਰ ਦੇ ਕਾਰੋਬਾਰ ਕਰ ਰਿਹਾ ਹੈ ਉਸ ਸਰੂਪ ਨੂੰ ਜੀਵ ਆਖਦੇ ਹਨ। ਜਦੋਂ ਓਹੀ ਜੀਵ ਨਾਮ ਦੇ ਬਲ ਨਾਲ ਉਚਾ ਉਠਦਾ ਹੈ ਅੰਨਮਯ ਕੋਸ਼, ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗਿਆਨਮਯ ਕੋਸ਼, ਅਨੰਦਮਯ ਕੋਸ਼ ਤੋਂ ਉਚਾ ਉਠਦਾ ਮਨ, ਬੁੱਧੀ, ਚਿੱਤ, ਅਹੰਭਾਵ ਨੂੰ ਪਾਰ ਕਰਦਾ ਆਤਮ ਮੰਡਲ ਵਿਚ ਪ੍ਰਵੇਸ਼ ਕਰਦਾ ਹੈ ਤਾਂ ਮਨ ਦੀ ਥਾਂ ਅਮਨ ਹੋ ਜਾਂਦਾ ਹੈ ਜਿਸ ਨੂੰ ਉਨਮਨ ਮਨ ਆਖਿਆ ਜਾਂਦਾ ਹੈ, ਉਸ ਵੇਲੇ ਦੁਖ ਦਾ ਨਾਮ ਨਿਸ਼ਾਨ ਨਹੀਂ ਰਹਿੰਦਾ। ਸਿੱਧਾਂ ਨੇ ਕਿਹਾ ਕਿ ਜੇ ਸਾਰੇ ਹੀ ਪ੍ਰਮੇਸ਼ਰ ਹੈ ਤਾਂ ਸਾਡਾ ਇਕ ਸ਼ੰਕਾ ਦੂਰ ਕਰ ਦਿਓ। ਉਹ ਇਹ ਹੈ ਕਿ ਜੋ ਦ੍ਰਿਸ਼ਟਮਾਨ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ, ਜੀਭ ਨਾਲ taste ਕੀਤਾ ਜਾ ਸਕਦਾ ਹੈ, ਹੱਥਾਂ ਨਾਲ ਸਪਰਸ਼ ਕੀਤਾ ਜਾ ਸਕਦਾ ਹੈ, ਨੱਕ ਨਾਲ ਸੁੰਘਿਆ ਜਾ ਸਕਦਾ ਹੈ ਅਤੇ ਕੰਨ ਨਾਲ ਸੁਣਿਆ ਜਾ ਸਕਦਾ ਹੈ। ਇਸ ਵਰਗ ਨੂੰ ਅਸੀਂ ਪ੍ਰਕ੍ਰਿਤੀ ਆਖਦੇ ਹਾਂ, ਪ੍ਰਕ੍ਰਿਤੀ ਦੁਖਾਂ ਦਾ ਘਰ ਹੈ, ਛਿਨਭੰਗਰ ਹੈ, ਇਕ ਛਿਨ ਦੇ ਕ੍ਰੋੜਵੇਂ ਹਿੱਸੇ ਵਿਚ ਇਸ ਦੀ ਤਬਦੀਲੀ ਹੁੰਦੀ ਹੈ, ਇਸ ਕਰਕੇ ਇਸ ਵਿਚ ਦੁਖ ਹੀ ਦੁਖ ਹੈ ਜੀਵ ਪ੍ਰਕ੍ਰਿਤਕ ਦੁਖਾਂ ਕਰਕੇ ਦੁਖੀ ਹੋ ਕੇ ਵਿਰਲਾਪ ਕਰ ਰਿਹਾ ਹੈ। ਅਸੀਂ ਹੱਠ ਯੋਗ ਦੇ ਬਲ ਨਾਲ ਪ੍ਰਾਣਾਯਾਮ ਕਰਾ ਕੇ ਇਸ ਜੀਵ ਨੂੰ ਪ੍ਰਕ੍ਰਿਤੀ ਤੋਂ ਦੂਰ ਕਰਨਾ ਚਾਹੁੰਦੇ ਹਾਂ ਤਾਂ ਕਿ ਕੈਵਲ ਅਵਸਥਾ ਨੂੰ ਪ੍ਰਾਪਤ ਕਰ ਸਕੇ। ਈਸ਼ਵਰ ਨੂੰ ਅਸੀਂ ਐਨਾ ਹੀ ਜਾਣਦੇ ਹਾਂ ਕਿ ਉਸ ਦੀ ਸੱਤਾ ਦੀ ਲਹਿਰ ਪ੍ਰਕ੍ਰਿਤੀ ਉਤੇ ਪੈ ਕੇ ਇਸ ਦੇ ਤਿੰਨਾਂ ਗੁਣਾਂ ਨੂੰ ਹਰਕਤ ਦਿੰਦੀ ਹੈ। ਇਸ ਕਰਕੇ ਅਸੀਂ ਜੀਵ, ਸੰਸਾਰ ਅਤੇ ਈਸ਼ਵਰ ਤਿੰਨ ਤੱਤ ਕਹਿੰਦੇ ਹਾਂ। ਹੇ ਨਾਨਕ! ਤੂੰ ਇਹ ਕਹਿੰਦਾ ਹੈ ਕਿ ਇਥੇ ਪ੍ਰਮੇਸ਼ਰ ਤੋਂ ਬਗੈਰ ਕੋਈ ਹੋਇਆ ਹੀ ਨਹੀਂ, ਉਸ ਵਿਚ ਦੁਖ ਦਾ ਭਾਵ ਕਦੇ ਵੀ ਪ੍ਰਗਟ ਨਹੀਂ ਹੋ ਸਕਦਾ ਕਿਉਂਕਿ ਉਹ ਸਤਿ ਚਿਤ ਅਨੰਦ ਹੈ। ਦੁਖ ਜੜ੍ਹ ਤਤੂ ਦਾ ਕੰਮ ਹੈ, ਚੇਤਨ ਤਤੂ ਦਾ ਨਹੀਂ। ਇਸ ਕਰਕੇ ਸਾਨੂੰ ਸ਼ੰਕਾ ਪੈਂਦਾ ਹੈ ਕਿ ਗੁਰੂ ਨਾਨਕ ਤੇਰਾ ਗਿਆਨ ਅਧੂਰਾ ਹੈ, ਸਾਡੇ ਜੋ ਚਾਰ ਸਾਸ਼ਤਰ – ਸਾਂਖ ਸਾਸ਼ਤਰ, ਯੋਗ ਸਾਸ਼ਤਰ, ਵਿਸ਼ੇਸ਼ਕ ਸਾਸ਼ਤਰ ਅਤੇ ਨਿਆਏ ਸਾਸ਼ਤਰ ਨੇ ਇਨ੍ਹਾਂ ਵਿਚ ਰਿਸ਼ੀਆਂ ਨੇ ਪੂਰੀ ਤਰ੍ਹਾਂ ਖੋਜ ਖੋਜ ਕੇ ਵੀਚਾਰਿਆ ਹੈ ਅਤੇ ਪੂਰੀ ਤਰ੍ਹਾਂ ਨਾਲ ਸਹਿਮਤੀ ਪ੍ਰਗਟਾਈ ਹੈ। ਇਥੋਂ ਤਕ ਕਿ ਗੀਤਾ ਦੇ ਅੰਦਰ ਵੀ ਕ੍ਰਿਸ਼ਨ ਮਹਾਰਾਜ ਦਾ ਐਸਾ ਫੁਰਮਾਨ ਹੈ ਕਿ ਪ੍ਰਕ੍ਰਿਤੀ ਚਰ ਅਚਰ ਜੀਵਾਂ ਦੀ ਰਚਨਾ ਕਰਦੀ ਹੈ। ਸੋ ਤਿੰਨ ਚੀਜ਼ਾਂ ਤਾਂ ਅਨਾਦੀ ਕਾਲ ਤੋਂ ਚਲੀਆਂ ਆ ਰਹੀਆਂ ਹਨ, ਇਕ ਜੀਵ, ਦੂਸਰੀ ਪ੍ਰਕ੍ਰਿਤੀ ਜਿਸ ਨੂੰ ਮਾਇਆ, ਅਗਿਆਨ ਵੀ ਆਖਿਆ ਜਾਂਦਾ ਹੈ। ਤੀਸਰਾ ਆਪ ਈਸ਼ਵਰ ਸਤਿ ਚਿਤ ਅਨੰਦ ਹੈ। ਅਸੀਂ ਆਪ ਨਾਲ ਬਚਨ ਕੀਤੇ ਹਨ ਆਪ ਦਾ ਫੁਰਮਾਨ ਹੈ 'ਏਕੋ ਹੈ ਭਾਈ ਏਕੋ ਹੈ' ਇਸ ਥਾਂ ਦੂਜਾ ਕੋਈ ਹੈ ਹੀ ਨਹੀਂ। ਆਪ ਨੇ ਵਿਚਾਰਾਂ ਦਾ ਮੁੱਢ ਸ਼ੁਰੂ ਕਰਦਿਆਂ ਸਿਧਾਂਤ ਦਿਤਾ ਹੈ –

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ – 1***

ਇਸ ਦਾ ਇਹ ਮਤਲਬ ਹੋਇਆ ਕਿ ਇਥੇ ਵਾਹਿਗੁਰੂ ਤੋਂ ਬਗੈਰ ਕੋਈ ਹੈ ਹੀ ਨਹੀਂ। ਫੇਰ ਤੂੰ ਸਾਨੂੰ ਇਹ ਦਸਣ ਦੀ ਕ੍ਰਿਪਾ ਕਰ ਕਿ ਦੁਖ ਕਿਥੋਂ ਆ ਗਿਆ ਜੋ ਹੈ ਹੀ ਨਹੀਂ? ਅਤੇ ਸੰਸਾਰ ਕਿਥੋਂ ਬਣ ਗਿਆ ਜੋ ਪ੍ਰਤੱਖ ਰੂਪ ਵਿਚ ਨਜ਼ਰ ਆ ਰਿਹਾ ਹੈ? ਪ੍ਰਮੇਸ਼ਰ ਨੂੰ ਤੂੰ ਕਿਵੇਂ ਸੰਸਾਰ ਦੇ ਅੰਦਰ ਗੱਡ ਮੱਡ ਕਰ ਦਿਤਾ? ਜੀਵ ਕਿਥੋਂ ਆ ਕੇ ਫਸ ਕੇ ਦੁਖੀ ਹੋ ਰਿਹਾ ਹੈ?

ਉਸ ਵੇਲੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਨਾਥ ਜੀ! ਸਾਰੀ ਕ੍ਰਿਆ ਪ੍ਰਮੇਸ਼ਰ ਦੇ ਹੁਕਮ ਵਿਚ ਹੋ ਰਹੀ ਹੈ। ਹੁਕਮ ਵਿਚ ਹੀ ਜੀਵਾਂ ਦੀ ਉਤਪਤੀ ਹੋ ਰਹੀ ਹੈ, ਹੁਕਮ ਵਿਚ ਹੀ ਆਕਾਰ ਬਣੇ, ਉਚਾ ਨੀਵਾਂ, ਨਜ਼ਰ ਆ ਰਿਹਾ ਹੈ। ਸਾਰੇ ਤੱਤ ਨਾਮ ਤੋਂ ਬਣੇ ਹਨ –

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਪੰਨਾ –284***

ਨਾਮ ਨਿਰਾ ਹੀ ਸਤਿ ਚਿਤ ਅਨੰਦ ਦਾ ਖਜ਼ਾਨਾ ਹੈ। ਪ੍ਰਮੇਸ਼ਰ ਨੇ ਆਪਣੀ ਮਾਇਆ ਆਪ ਪਸਾਰੀ ਹੈ, ਇਹ ਮਾਇਆ ਤੁਹਾਡੇ ਕਹਿਣ ਵਾਂਗੂੰ ਅਨਾਦੀ ਨਹੀਂ ਹੈ, ਪ੍ਰਕਿਰਤੀ ਦਾ ਵਜੂਦ ਰਚਨਾ ਤੋਂ ਪਹਿਲਾਂ ਹੈ ਹੀ ਨਹੀਂ ਸੀ। ਸਾਧਸੰਗਤ ਜੀ! ਭਾਈ ਗੁਰਦਾਸ ਜੀ ਇਸ ਗੱਲ ਨੂੰ ਹੋਰ ਸਪਸ਼ਟ ਕਰਦੇ ਹੋਏ ਫੁਰਮਾਨ ਕਰਦੇ ਹਨ –

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥***
***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥***
***ਭਾਈ ਗੁਰਦਾਸ ਜੀ, ਵਾਰ 26/2***

ਗੁਰੂ ਪੰਜਵੇਂ ਪਾਤਸ਼ਾਹ ਦਾ ਫੁਰਮਾਨ ਹੈ –

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥***
***ਪੰਨਾ – 537***

ਅਤੇ ਅੱਗੇ ਫੁਰਮਾਨ ਹੈ –

***ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥***
***ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥***
***ਪੰਨਾ – 276***

ਸੋ ਕਰਨ ਕਾਰਨ ਸਮਰੱਥ ਵਾਹਿਗੁਰੂ ਹੀ ਆਪਣੀ ਰਚਨਾ ਆਪ ਹੀ ਰਚਦਾ ਹੈ।



Sri Satguru Jagjit Singh Ji eLibrary NamdhariElibrary@gmail.com

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥* *ਪੰਨਾ - 463*

ਜੀਵ ਅਨਾਦੀ ਨਹੀਂ ਹਨ ਜੀਵ ਹੁਕਮ ਵਿਚ ਰਚੇ ਜਾਂਦੇ ਹਨ, ਮਾਇਆ ਦੀ ਰਚਨਾ ਬਹੁਤ ਹੀ ਮਨਮੋਹਣੀ ਹੋਣ ਕਰਕੇ ਇਹ ਜੀਵ ਨੂੰ ਆਪਣੇ ਵਲ ਖਿੱਚ ਕੇ ਲੈ ਜਾਂਦੀ ਹੈ। ਸਤਿਪੁਰਸ਼ ਇਸ ਜੀਵ ਨੂੰ ਸਮਝਾਉਣ ਵਾਸਤੇ ਸੰਸਾਰ ਤੇ ਆਇਆ ਕਰਦੇ ਹਨ ਕਿ ਤੇਰੀ ਚੋਣ ਗਲਤ ਹੋ ਗਈ, ਤੂੰ ਉਥੇ ਚਲਿਆ ਗਿਆ ਜਿਥੇ ਦੁਖ ਹੀ ਦੁਖ ਹਨ ਕਿਉਂਕਿ ਇਸ ਨਾਮ ਦੀ ਥਾਂ ਹਉਮੈ ਨੇ ਘੇਰ ਲਈ, ਨਾਮ ਵਿਚ ਸੁਖ ਹੀ ਸੁਖ ਹਨ। ਜੋ ਪ੍ਰਾਣੀ ਨਾਮ ਮੰਡਲ ਵਿਚ ਪ੍ਰਵੇਸ਼ ਹਾਸਲ ਕਰ ਲੈਂਦਾ ਹੈ ਅਤੇ ਉਹ ਪਰਮ ਸੁਖੀ ਹੋ ਗਿਆ। ਇਸ ਮਾਇਆ ਨੇ ਅੰਧਕਾਰ ਵਧਾ ਦਿਤਾ ਅਤੇ ਪਰੀਪੂਰਨ ਪ੍ਰਮੇਸ਼ਰ ਜੋ ਘਟ ਘਟ ਵਿਚ ਵਿਆਪਕ ਹੈ ਉਸ ਨਾਲੋਂ ਟੁੱਟ ਕੇ ਸਮਸ਼ੱਟ ਦੀ ਦ੍ਰਿਸ਼ਟੀ ਛੱਡ ਦਿਤੀ ਅਤੇ ਹਉਮੈ ਦੇ ਅਸਰ ਅਧੀਨ ਵਿਅਸ਼ਟ (ਵੱਖਰਾ-ਵੱਖਰਾ) ਹੋਂਦ ਨੂੰ ਅਪਣਾਅ ਲਿਆ। ਸਮੱਸ਼ਟ ਪ੍ਰਭੂ ਦਾ ਗਿਆਨ ਹੈ, ਵਿਅਸ਼ਟ ਹਉਮੈ ਦੀ ਦ੍ਰਿਸ਼ਟੀ ਹੈ ਜਾਂ ਐਉਂ ਸਮਝ ਲਓ ਕਿ ਸਮੁੱਚਤਾ ਗਿਆਨ ਦ੍ਰਿਸ਼ਟੀ ਵਾਲੇ ਨੂੰ ਪ੍ਰਤੀਤ ਦਿੰਦੀ ਹੈ ਅਤੇ ਅਨੇਕਤਾ ਅਗਿਆਨ ਦ੍ਰਿਸਟੀ ਵਿਚ ਨਜ਼ਰੀ ਆਉਂਦੀ ਹੈ। ਸ੍ਰਿਸ਼ਟੀ ਜੋ ਹੈ ਉਹ ਹੈ ਪਰ ਦ੍ਰਿਸ਼ਟੀ ਦਾ ਫਰਕ ਹੈ। ਇਕਨਾਂ ਨੂੰ ਇਹ ਸੰਸਾਰ ਅੱਡੋ-ਅੱਡ ਨਜ਼ਰ ਆਉਂਦਾ ਹੈ, ਇਕ ਅਜਿਹੀ ਦਿਬਜ-ਦ੍ਰਿਸ਼ਟ ਵਾਲੇ ਹਨ ਜਿਨ੍ਹਾਂ ਨੂੰ ਇਹ ਸੰਸਾਰ ਸਮਸ਼ਟ ਪ੍ਰਮੇਸ਼ਰ ਦਾ ਰੂਪ ਹੀ ਨਜ਼ਰ ਆਉਂਦਾ ਹੈ, ਸੋ ਨਾਥ ਜੀ! ਤੁਹਾਡਾ ਜੋ ਪ੍ਰਸ਼ਨ ਹੈ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥* *ਪੰਨਾ - 946*

ਉਸ ਸਮੁੱਚੇ ਦਾ ਸਮਾਧਾਨ ਅਸੀਂ ਇਸ ਤਰ੍ਹਾਂ ਕਰਦੇ ਹਾਂ ਕਿ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥* *ਪੰਨਾ - 946*

ਨਾਮ ਨੂੰ ਭੁੱਲ ਕੇ ਦੁਖਾਂ ਦੀ ਪ੍ਰਾਪਤੀ ਹੁੰਦੀ ਹੈ, ਨਾਮ ਵਿਚ ਸੁਖ ਹੈ, ਨਾਮ ਪੂਰੇ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ। ਸੋ ਇਸ ਕਰਕੇ ਪ੍ਰਭੂ ਦੇ ਨਾਮ ਤੋਂ ਜੀਵ ਦੂਰ ਹੋ ਗਿਆ ਅਤੇ ਦੁਖ ਹੀ ਦੁਖ ਵੱਧ ਗਏ। ਪ੍ਰਕ੍ਰਿਤੀ ਦੁਖਾਂ ਦਾ ਰੂਪ ਹੈ, ਪਰ ਜਿਸ ਨੂੰ ਨਾਮ ਪ੍ਰਾਪਤ ਹੈ ਉਸ ਨੂੰ ਪ੍ਰਕ੍ਰਿਤੀ ਵੀ ਪ੍ਰਮੇਸ਼ਰ ਰੂਪ ਹੋ ਕੇ ਨਜ਼ਰ ਆਉਂਦੀ ਹੈ ਕਿਉਂਕਿ ਉਸ ਦੀ ਦ੍ਰਿਸ਼ਟੀ ਸਮੱਸ਼ਟਤਾ (ਸਮੁੱਚਤਾ) ਤੇ ਹੈ, ਵਿਅਸ਼ਟਤਾ (ਅਨੇਕਤਾ) ਤੇ ਨਹੀਂ ਹੈ। ਅੱਜ ਦਾ ਆਦਮੀ ਸੁਖੀ ਹੋਣ ਲਈ ਧਨ ਕਮਾਉਂਦਾ ਹੈ, ਲੋਕਾਂ ਵਿਚ ਜਸ ਪ੍ਰਾਪਤ ਕਰਦਾ ਹੈ, ਚੰਗੀ ਸਵਾਰੀ ਖਰੀਦਦਾ ਹੈ, ਘਰ ਨੂੰ ਸਜਾਉਂਦਾ ਹੈ, ਮਹਿੰਗੇ ਤੋਂ ਮਹਿੰਗੇ ਗਲੀਚੇ ਘਰਾਂ ਵਿਚ ਵਿਛੇ ਹੁੰਦੇ ਹਨ। ਇਹ ਸਭ ਕਿਉਂ ਹੈ? ਕਿਉਂਕਿ ਇਸ ਜੀਵ ਨੂੰ ਪਤਾ ਨਹੀਂ ਕਿ ਸੁਖ ਦੀ ਪ੍ਰਾਪਤੀ ਕਿਥੋਂ ਹੁੰਦੀ ਹੈ। ਜੀਵ ਪ੍ਰਕ੍ਰਿਤਕ ਵਸਤੂਆਂ ਦੇ ਅੰਬਾਰ ਲਾ ਕੇ ਇਨ੍ਹਾਂ ਦੇ ਸਮੂੰਹ ਵਿਚ ਸੁਖ ਭਾਲਦਾ ਹੈ ਪਰ ਇਸ ਜੀਵ ਨੂੰ ਕੋਈ ਸੁਖ ਪ੍ਰਾਪਤ ਨਹੀਂ ਹੁੰਦਾ, ਓਵੇਂ ਹੀ ਹਉਕੇ ਹਾਵੇ ਚਲਦੇ ਹਨ, ਓਹੀ ਡਾਕਟਰ ਬਾਰ-ਬਾਰ ਰਕਤ ਚੈਕ ਕਰਦੇ ਹਨ, ਪੈਸੇ ਦਿੰਦਾ ਹੈ, ਇਹ ਅਮੀਰੀ ਕੋਈ ਵੀ ਸੁਖ ਨਹੀਂ ਦੇ ਸਕਦੀ। ਥੋੜ੍ਹੀ ਦੇਰ ਵਾਸਤੇ ਕੁਝ ਆਰਾਮ ਮਹਿਸੂਸ ਹੁੰਦਾ ਹੈ, ਦੁਨੀਆਂ ਦੇ ਪਦਾਰਥ ਛਿਨ ਭੰਗਰ ਹਨ ਇਹ ਆਰਥਿਕ ਬਹੁਲਤਾ, ਬਹੁਤੀ ਜ਼ਮੀਨ, ਕਾਰਾਂ, ਏਅਰ ਕੰਡੀਸ਼ਨਾਂ ਤੇ ਅੱਜਕਲ੍ਹ ਦੇ ਹੋਰ ਅਨੇਕ ਸੁੱਖ, ਸਰੀਰ ਨੂੰ ਸੁਖ ਤਾਂ ਦੇ ਸਕਦੇ ਹਨ ਪਰ ਮਨ ਦੀ ਸ਼ਾਂਤੀ ਪ੍ਰਕ੍ਰਿਤਕ ਵਸਤਾਂ ਵਿਚ ਨਹੀਂ ਹੋਇਆ ਕਰਦੀ ਕਿਉਂਕਿ ਇਹ ਆਪ ਹੀ ਛਿਨਭੰਗਰ ਹਨ, ਹਰ ਸਮੇਂ ਘਟਦੇ ਵਧਦੇ ਰਹਿੰਦੇ ਅਤੇ ਅਪੂਰਨ ਹਨ, ਇਹ ਸਾਰੇ ਦੁਖਾਂ ਨਾਲ ਭਰੇ ਹੋਏ ਹਨ। ਸੋਹਣੀ ਕਾਰ ਹਾਸਲ ਕਰ ਲਈ, ਥੋੜ੍ਹੀ ਦੇਰ ਖੁਸ਼ੀ ਹੋ ਜਾਂਦੀ ਹੈ ਪਰ ਫੇਰ ਮਨ ਉਥੇ ਦਾ ਉਥੇ ਆ ਜਾਂਦਾ ਹੈ। ਕੋਠੀ ਦੀ ਚੱਠ ਕੀਤੀ, ਸੰਗੀ ਸਾਥੀ ਆਏ ਉਨ੍ਹਾਂ ਨੇ ਪ੍ਰਸ਼ੰਸਾ ਕੀਤੀ ਪਰ ਨਾਲ ਹੀ ਖਿਆਲ ਆਇਆ ਕਿ ਐਨਾ ਪੈਸਾ ਉਧਾਰ ਲੈ ਕੇ ਲਾਇਆ ਹੈ ਉਹ ਕਿਵੇਂ ਉਤਰੇਗਾ? ਸੋ ਕੋਠੀ ਦੇ ਕਰਜ਼ੇ ਨੇ ਇਨ੍ਹਾਂ ਸਾਰੇ ਚਾਓ ਮਲਾਰਾਂ ਦੇ ਸੁਖਾਂ ਨੂੰ ਖਤਮ ਕਰ ਦਿਤਾ। ਸੋ ਸੁਖ ਦਾ, ਦੁਖ ਦਾ ਸਬੰਧ ਮਨ ਨਾਲ ਹੈ ਜੇ ਮਨ ਨੇ ਨਾਮ ਦੀ ਪਰੀਪੂਰਨਤਾ ਨੂੰ ਮੰਨ ਲਿਆ ਤਾਂ ਸੁਖ ਹੀ ਸੁਖ ਹਨ। ਜੇ ਨਹੀਂ ਮੰਨਿਆ ਤਾਂ ਰੇਤੇ ਵਿਚੋਂ ਕਿਵੇਂ ਤੇਲ ਕੱਢਣ ਵਾਂਗ ਇਕ ਵਾਧੂ ਖੇਚਲ ਹੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥*
*ਪੰਨਾ - 707*

ਸੇਜਾਂ ਸੁੰਦਰ ਹਨ, ਅਜਿਹੇ ਹੀਰੇ ਮੋਤੀਆਂ ਦੀਆਂ ਲੜੀਆਂ, ਝਾਲਰਾਂ ਲਟਕ ਰਹੀਆਂ ਹਨ ਜਿਨ੍ਹਾਂ ਉਪਰ ਅੱਖ ਨਹੀਂ ਟਿਕਦੀ ਅਤੇ ਪੂਰੇ ਰਸਾਂ ਨੂੰ ਭੋਗਦਾ ਹੈ, ਕੋਈ ਰਸ ਬਿਮਾਰੀ ਨਹੀਂ ਪੈਦਾ ਕਰਦਾ, ਦੀਵਾਰਾਂ ਦੇ ਉਤੇ ਸੋਨੇ ਦੀਆਂ ਪਲੇਟਾਂ ਲਾਈਆਂ ਹੋਈਆਂ ਹਨ, ਸੁਗੰਧੀਆਂ ਚੰਦਨ ਦੇ ਲੇਪਾਂ ਤੋਂ ਪ੍ਰਾਪਤ ਹੋ ਰਹੀਆਂ ਹਨ। ਮਨ ਇਛੇ ਸੁਖ ਮਾਣਦਾ ਹੈ ਕਿਸੇ ਚੀਜ਼ ਦੀ ਘਾਟ ਨਹੀਂ ਹੈ ਪਰ ਫੇਰ ਵੀ ਸੁਖ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ, ਕਿਉਂ blood pressure (ਖੂਨ ਦਾ ਦਬਾਅ) ਵਧ ਰਹੇ ਨੇ ਕਿਉਂ ਦਿਲ ਦੀ ਚਾਲ ਬੇਮਰਿਆਦਾ ਹੋ ਰਹੀ ਹੈ? ਮਹਾਰਾਜ ਕਹਿਣ ਲੱਗੇ ਸੁਖਾਂ ਦਾ ਸੋਮਾਂ ਕੇਵਲ ਨਾਮ ਹੈ, ਜਿਸ ਹਿਰਦੇ ਵਿਚ ਵਾਹਿਗੁਰੂ ਦੀ ਯਾਦ ਸਦੀਵੀ ਕਾਇਮ ਨਹੀਂ ਹੋਈ, ਉਸਦੀ ਹਸਤੀ ਵਿਸ਼ਟਾ ਦੇ ਕੀੜੇ ਵਰਗੀ ਹੈ -

*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਪੰਨਾ - 707*

ਜਿੰਨਾਂ ਚਿਰ ਇਹ ਮਨ ਉਲਟ ਕੇ ਉਨਮਨ ਨਹੀਂ ਬਣਦਾ, ਜਿੰਨੀ ਦੇਰ ਤਕ ਨਾਮ ਦੀ ਪਰੀਪੂਰਨਤਾ ਨੂੰ ਨਹੀਂ ਮੰਨਦਾ, ਉਨਾਂ ਚਿਰ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ ਜਿਵੇਂ ਕਿ ਫੁਰਮਾਨ ਹੈ -


Sri Satguru Jagjit Singh Ji eLibrary NamdhariElibrary@gmail.com

***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥***

***ਪੰਨਾ - 707***

ਬਗੈਰ ਨਾਮ ਤੋਂ ਮਨ ਸ਼ਾਂਤ ਨਹੀਂ ਹੁੰਦਾ, ਫੇਰ ਜਦੋਂ ਸ਼ਾਂਤੀ ਹੀ ਅੰਦਰ ਨਹੀਂ ਹੈ ਤਾਂ ਮਨ ਧੀਰਜ ਦੀ ਅਵਸਥਾ ਵਿਚ ਕਿਵੇਂ ਰਹਿ ਸਕਦਾ ਹੈ। ਸੋ ਇਨ੍ਹਾਂ ਸਾਰੇ ਵਿਚਾਰਾਂ ਤੋਂ ਅਸੀਂ ਨਿਸ਼ਚਾ ਕਰ ਸਕਦੇ ਹਾਂ। ਗੁਰੂ ਮਹਾਰਾਜ ਜੀ ਐਸਾ ਫੁਰਮਾਨ ਕਰਦੇ ਹਨ -

***ਐਸਾ ਜਗੁ ਦੇਖਿਆ ਜੂਆਰੀ॥***
***ਸਭਿ ਸੁਖ ਮਾਗੈ ਨਾਮੁ ਬਿਸਾਰੀ॥ ਪੰਨਾ - 222***

ਨਾਮ ਪ੍ਰਾਪਤੀ ਵਾਸਤੇ ਜਿਸ ਨੂੰ ਅੰਮ੍ਰਿਤ ਵੀ ਆਖਿਆ ਗਿਆ ਹੈ ਜਿਵੇਂ ਕਿ -

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥***
***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਇ ਰਾਮ॥***

***ਪੰਨਾ - 538***

ਗੋਰਖਨਾਥ ਜੀ! ਆਪਣੇ ਵੀਚਾਰਾਂ ਦਾ ਫਰਕ ਐਨਾ ਹੀ ਹੈ ਨਾ ਕਿ ਤੁਸੀਂ ਤਿੰਨ ਤੱਤ ਅਨਾਦੀ ਮੰਨਦੇ ਹੋ। ਤੁਹਾਡਾ ਪ੍ਰਮੇਸ਼ਰ ਕਰਨ ਕਾਰਨ ਅਤੇ ਸਮਰਥ ਨਹੀਂ ਹੈ ਕਿਉਂਕਿ ਉਸ ਦੇ ਸ਼ਰੀਕ ਭੀ ਅਨਾਦੀ ਹਨ। ਤੁਸੀਂ ਆਪਣੇ ਸਾਸ਼ਤਰਾਂ ਅਨੁਸਾਰ ਇਹ ਤਾਂ ਮੰਨਦੇ ਹੋਂ ਕਿ ਜਦੋਂ ਪੂਰਨ ਰੂਪ ਵਿਚ ਨਿਰਮਲ ਹੋ ਕੇ ਨਿਰਵਾਣ ਹਾਸਲ ਕਰ ਲੈਂਦਾ ਹੈ ਅਤੇ ਆਉਣ ਜਾਣ ਤੋਂ ਮੁਕਤ ਹੋ ਜਾਂਦਾ ਹੈ। ਉਸ ਲਈ ਪ੍ਰਕ੍ਰਿਤੀ ਤੇ ਮਾਇਆ ਅਲੋਪ ਹੋ ਜਾਂਦੀ ਹੈ, ਸਾਰੇ ਸੰਸਾਰ ਲਈ ਨਹੀਂ ਹੁੰਦੀ ਤਾਂ ਸਿਰਫ ਤੁਹਾਡੇ ਅਸੀਂ ਮੰਨ ਕੇ ਆਖ ਸਕਦੇ ਹਾਂ ਕਿ ਕੋਈ ਐਸੀ ਅਵਸਥਾ ਹੈ ਜਿਥੇ ਜੀਵ ਦਾ ਵਖਰਾਪਣ ਖਤਮ ਹੋ ਕੇ ਕੇਵਲ ਪ੍ਰਮਾਤਮਾ ਹੀ ਰਹਿ ਜਾਂਦਾ ਹੈ। ਅਸੀਂ ਕਹਿੰਦੇ ਹਾਂ ਕਿ ਜੀਵ ਅਗਿਆਨ ਵਸ ਹੋ ਕੇ ਹਉਮੈ ਅਧੀਨ ਇਕ ਪ੍ਰਭੂ ਦੀ ਤਾਂ ਪ੍ਰਕ੍ਰਿਤੀ (ਮਾਇਆ) ਆਪਣਾ ਆਪ ਅਤੇ ਪ੍ਰਭੂ ਤਿੰਨ ਤੱਤ ਮਹਿਸੂਸ ਕਰਦਾ ਹੈ, ਅਸੀਂ ਕਹਿੰਦੇ ਹਾਂ ਕਿ ਜੀਵ ਭਰਮ ਕਰਕੇ ਆਪਣੀ ਹੋਂਦ ਮੰਨਦਾ ਹੈ, ਜੀਵ ਦੀ ਹੋਂਦ ਭਰਮ ਕਰਕੇ ਹੈ ਜਿਵੇਂ ਰੱਸੀ ਵਿਚ ਸੱਪ ਪ੍ਰਤੀਤ ਹੁੰਦਾ ਹੈ। ਰੜੇ ਮੈਦਾਨ ਵਿਚ ਪਾਣੀ ਅਤੇ ਸਿੱਪ ਵਿਚ ਚਾਂਦੀ, ਅਸਮਾਨ ਵਿਚ ਨੀਲ। ਫਰਕ ਕੀ ਹੋਇਆ ਤੁਸੀਂ ਮੰਨ ਲਵੋ ਪ੍ਰਭੂ ਕਰਨ ਕਾਰਨ ਸਮਰੱਥ ਹੈ, ਉਹ ਆਪਣੀ ਸ਼ਕਤੀ ਨਾਲ ਮਾਇਆ ਤੇ ਹਉਮੈ ਦੀ ਰਚਨਾ ਕਰਦਾ ਹੈ ਅਤੇ ਭਰਮ ਕਰਕੇ ਪਰਮ ਚੇਤਨ ਸ਼ਕਤੀ ਹੀ ਜੀਵ ਭਾਸਣ ਲਗ ਜਾਂਦੀ ਹੈ, ਦੁਖ ਸ਼ੁਰੂ ਹੋ ਜਾਂਦੇ ਹਨ, ਨਾਮ ਉਹ ਨਿਰਮਲ ਅਵਸਥਾ ਹੈ ਜਿਸਨੂੰ ਤੁਸੀਂ ਨਿਰਬਾਨ ਅਵਸਥਾ ਆਖਦੇ ਹੋਂ, ਇਸ ਮੰਡਲ ਵਿਚ ਕੋਈ ਭੀ ਦੁਖ ਨਹੀਂ ਹੈ। ਇਸੇ ਤਰ੍ਹਾਂ ਨਾਮ ਮੰਡਲ ਵਿਚ ਦੁਖ ਨਹੀਂ ਹੈ, ਨਾਮ ਦੀ ਪ੍ਰਾਪਤੀ ਸਤਿਗੁਰੂ ਦੀ ਮੇਹਰ ਤੇ ਹੈ।

ਇਹਦੀ ਖੋਜ ਵਿਚ ਦੇਵ, ਦੈਂਤ, ਗੁਪਤ ਲੋਕਾਂ ਦੀਆਂ ਰੂਹਾਂ ਲੱਗੀਆਂ ਹਨ, ਪਰ ਇਹ ਕਿਸੇ ਦੇ ਹੱਥ ਨਹੀਂ ਆਉਂਦਾ ਕਿਉਂਕਿ ਇਸ ਦਾ ਸੋਮਾ ਪੂਰਨ ਸਤਿਗੁਰੂ ਹੈ। 'ਨਾਮ' ਹਰੇਕ ਹਿਰਦੇ ਵਿਚ ਵਸਦਾ ਹੈ ਪਰ ਉਸ ਤਕ ਪਹੁੰਚਣ ਲਈ ਬਹੁਤ ਠਰੰਮੇ, ਧੀਰਜ, ਦ੍ਰਿੜ੍ਹਤਾ, ਸਤਿ ਜੀਵਨ ਨੂੰ ਅਪਨਾਉਣ ਦੀ ਲੋੜ ਹੈ। ਸਾਡੇ ਅੰਦਰ ਅਨੇਕ ਤੈਹਾਂ ਲੱਗੀਆਂ ਹੋਈਆਂ ਹਨ, ਜੀਵ ਨੂੰ ਉਨ੍ਹਾਂ ਤੈਹਾਂ ਤੋਂ ਲੰਘ ਕੇ ਜਾਣਾ ਪੈਂਦਾ ਹੈ। ਜਿਥੇ ਪਹੁੰਚਦਿਆਂ ਤਿੰਨ ਤੱਤਾਂ ਦੀ ਥਾਂ ਇਕ ਪਰਮ ਤੱਤ ਰਹਿ ਜਾਂਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293***

ਪਹਿਲਾਂ ਪਹਿਲਾਂ ਆਦਮੀ ਦੇ ਮਨ ਵਿਚ ਬਹੁਤ ਖਿਆਲ ਆਉਂਦਾ ਹੈ ਕਿ ਮੈਂ ਸਤਿਸੰਗ ਕਰਾਂ। ਗੁਰੂ ਵਾਲਾ ਬਣ ਜਾਂਦਾ ਹੈ ਅਤੇ ਸੋਚਦਾ ਹੈ ਕਿ ਉਸ ਦੇ ਦਰਸ਼ਨ ਕਰਾਂ ਜਿਸਦੀ ਜੋਤ ਹਰ ਥਾਂ ਪਰੀਪੂਰਨ ਹੈ -

***ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਗੁਰੂ ਤੋਂ (ਗੁਰਮਤਿ ਵਿਚ ਪੰਜ ਪਿਆਰਿਆਂ ਰਾਹੀਂ) ਮੂਲਮੰਤਰ ਅਤੇ ਗੁਰ ਮੰਤਰ ਦੀ ਦਾਤ ਪ੍ਰਾਪਤ ਕਰਦਾ ਹੈ। ਸਾਡੇ ਮਨ ਵਿਚ ਨਾਮ ਦੀ ਪੂਰੀ ਕਦਰ ਨਾ ਹੋਣ ਕਰਕੇ ਅਸੀਂ ਸੁਣਿਆ ਅਣਸੁਣਿਆ ਕਰ ਦਿੰਦੇ ਹਾਂ। ਫੇਰ ਸੋਚਦੇ ਹਾਂ ਕਿ ਨਾਮ ਮੈਨੂੰ ਕਿਥੋਂ ਮਿਲੇਗਾ। ਸਾਰੇ ਗੁਰੂ ਆਪਣੇ ਸੇਵਕ ਦੀ ਅਵਸਥਾ ਮੁਤਾਬਿਕ ਉਸ ਨੂੰ ਮੰਤਰ ਦੀ ਦਾਤ ਦਿੰਦੇ ਹਨ, ਮੰਤਰ ਦਾ ਲਗਾਤਾਰ ਸਿਮਰਨ ਕਰਨ ਨਾਲ, ਗੁਰੂ ਦੀ ਸੇਵਾ ਕਰਨ ਨਾਲ ਐਸੀ ਅਵਸਥਾ ਅੰਦਰ ਪੈਦਾ ਹੋ ਜਾਂਦੀ ਹੈ ਜਿਥੇ ਉਹ ਆਪਣਾ ਤਨ ਮਨ ਧਨ ਗੁਰੂ ਤੇ ਵਾਰਨ ਲਈ ਤਿਆਰ ਹੋ ਜਾਂਦਾ ਹੈ ਪਰ ਅਜਿਹਾ ਕੋਈ ਵਿਰਲਾ ਪੁਰਸ਼ ਹੈ ਕਿਉਂਕਿ ਸਾਨੂੰ ਨਾਮ ਨਾਲੋਂ ਜ਼ਿਆਦਾ ਪਿਆਰ ਆਪਣੇ ਦੁਨਿਆਵੀ ਕੰਮਾਂ ਨਾਲ ਹੈ। ਅਸਾਡੇ ਅੰਦਰ ਵੈਰ ਹੈ, ਫੇਰ ਨਾਮ ਕਿਥੋਂ ਪ੍ਰਵੇਸ਼ ਕਰੇ। ਇਹ ਕੁਝ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਨੂੰ ਅਸੀਂ ਅਵੇਸਲੇ ਹੀ ਕਰਦੇ ਰਹਿੰਦੇ ਹਾਂ। ਨਾਮ ਦੇ ਮਾਰਗ ਤੇ ਲੱਗਿਆਂ ਅਸਾਡੀਆਂ ਵਾਸ਼ਨਾਵਾਂ ਦੀ ਸੀਮਾ ਨਾ ਹੋਣ ਕਰਕੇ ਅਸੀਂ ਅਰਦਾਸ ਕਰਦੇ ਰਹਿੰਦੇ ਹਾਂ ਕਿ ਜੋ ਸਾਨੂੰ ਮਿਲ ਵੀ ਜਾਂਦੀਆਂ ਹਨ -

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥***
***ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥***

***ਪੰਨਾ - 681***

ਇਕ ਉਹ ਪ੍ਰੇਮੀ ਹੁੰਦੇ ਹਨ ਜਿਹੜੇ ਨਾਮ ਜਾਪ ਦੀਆਂ ਉਚੀਆਂ ਅਵਸਥਾਵਾਂ ਪ੍ਰਾਪਤ ਕਰ ਲੈਂਦੇ ਹਨ ਉਨ੍ਹਾਂ ਅੰਦਰ ਸ਼ਕਤੀਆਂ ਆ ਜਾਂਦੀਆਂ ਹਨ, ਉਨ੍ਹਾਂ ਦੀ ਵਾਹਵਾ-ਵਾਹਵਾ ਸੰਸਾਰ ਵਿਚ ਹੋਣ ਲਗ ਜਾਂਦੀ ਹੈ, ਉਹ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਕਰਕੇ ਨਾਮ ਨੂੰ ਭੁੱਲ ਜਾਂਦੇ ਹਨ। ਉਹ ਲਗਨ ਤੇ ਦ੍ਰਿੜ੍ਹਤਾ ਵਿਚ ਹੀ ਕਾਇਮ ਨਹੀਂ ਰਹਿ ਸਕਦੇ ਇਸ ਕਰਕੇ ਉਹ ਵੀ ਅਧੂਰੇ ਵਿਚੇ ਲਟਕਦੇ ਰਹਿੰਦੇ ਹਨ। ਨਾਮ ਜਪਣ ਲੱਗਿਆਂ ਪਹਿਲਾਂ ਹੋਰ ਅੰਦਰ ਤੀਬਰ ਇੱਛਾ ਸੀ ਪਰ ਜਿਉਂ ਜਿਉਂ ਇਸ ਮਾਰਗ ਉਪਰ ਚਲਦਾ ਹੈ, ਘਟ ਵਧ ਜਗਿਆਸਾ ਵਾਲਿਆਂ ਨਾਲ ਗੱਲਾਂ ਕਰਦਾ ਹੈ ਤਾਂ ਇਹ ਲਗਨ ਵੀ ਮੱਠੀ ਪੈ ਜਾਂਦੀ

'ਆਤਮ ਮਾਰਗ', ਜੁਲਾਈ, 1999



Sri Satguru Jagjit Singh Ji eLibrary NamdhariElibrary@gmail.com

ਹੈ। ਅਸਾਡਾ ਪਿਆਰ ਪਦਾਰਥਾਂ ਨਾਲੋਂ ਟੁੱਟ ਨਹੀਂ ਸਕਦਾ। ਜੋ ਸੁਖ ਸਾਨੂੰ ਮਿਲਦਾ ਹੈ ਉਸ ਵਿਚ ਅਸੀਂ ਮਸਤ ਹੋ ਜਾਂਦੇ ਹਾਂ ਅਤੇ ਨਾਮ ਤਕ ਪਹੁੰਚਣ ਦੀ ਪ੍ਰਬਲ ਇੱਛਾ ਸਥਿਲ ਪੈ ਜਾਂਦੀ ਹੈ। ਇਸ ਦੇ ਵਿਪਰੀਤ ਉਹ ਸ਼ੁਭ ਕਰਮ, ਨੇਕੀ ਕਰਦਾ ਹੈ ਪਰ ਮਾਣ ਕਰਦਾ ਹੈ। ਸਾਰੇ ਕੀਤੇ ਸਕਾਮ ਕਰਮਾਂ ਦਾ ਫਲ ਇਸਨੂੰ ਭੋਗਣਾ ਪੈਂਦਾ ਹੈ –

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

***ਪੰਨਾ – 433***

ਅਤੇ ਕਈ ਮਹਾਤਮਾ ਕਹਿੰਦੇ ਹਨ –

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

ਸੋ ਇਸ ਰਸਤੇ ਵਿਚ ਅਨੇਕਾਂ ਹੀ ਰੁਕਾਵਟਾਂ ਹਨ ਜੋ ਪੂਰਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਨ ਤੋਂ ਬਿਨਾਂ ਦੂਰ ਨਹੀਂ ਹੰਦੀਆਂ। ਮਹਾਂਪੁਰਸ਼ਾਂ ਦੀ ਸੰਗਤ ਤੋਂ ਬਿਨਾਂ ਉਹ ਸਤਿਕਾਰ ਤੇ ਪਿਆਰ ਨਹੀਂ ਬਣਦਾ ਜਿਥੇ ਜਗਿਆਸੂ ਲੈਣ ਵਾਸਤੇ ਅਤੇ ਮਹਾਂਪੁਰਸ਼ ਦੇਣ ਵਾਸਤੇ ਤਿਆਰ ਹੋਵੇ। ਤਰਕ ਵਿਤਰਕ ਸ਼ੰਕਿਆਂ ਦਾ ਐਨਾ ਜ਼ੋਰ ਹੈ ਜਿਸ ਵਿਚ ਆਦਮੀ ਉਲਝ ਜਾਂਦਾ ਹੈ ਕਿ ਉਸ ਨੂੰ ਕੁਝ ਵੀ ਪਤਾ ਨਹੀਂ ਲਗਦਾ। ਗੁਰੂ ਮਹਾਰਾਜ ਸਾਧੂ ਦੀ ਲੋੜ ਉਪਰ ਬਹੁਤ ਜ਼ੋਰ ਦਿੰਦੇ ਹਨ। ਸਾਧਸੰਗਤ ਜੀ! ਸਾਧੂ ਕੀ ਹੋਇਆ? ਕੀ ਸਾਧੂ ਭੇਖ ਧਾਰ ਕੇ, ਸਿੰਘ ਬਣ ਜਾਣ ਨਾਲ, ਬ੍ਰਹਮਗਿਆਨੀ ਕਹਾਉਣ ਨਾਲ ਬਣਦਾ ਹੈ? ਇਸ ਤਰ੍ਹਾਂ ਬਣਨ ਨਾਲ ਕੁਝ ਨਹੀਂ ਬਣਦਾ, ਬਣਦਾ ਉਹ ਹੈ ਜਿਸ ਨੇ ਕੁਝ ਬਣਨ ਦੀ ਭਾਵਨਾ ਹੀ ਤਿਆਗ ਦਿਤੀ ਹੈ। ਐਸੇ ਜੋ ਪੁਰਸ਼ ਹਨ ਜਿਨ੍ਹਾਂ ਨੂੰ ਦਿਬਯ ਦ੍ਰਿਸ਼ਟੀ ਪ੍ਰਾਪਤ ਹੈ ਉਹ ਭਾਵੇਂ ਘਰਾਂ ਵਿਚ ਹਨ, ਖੇਤੀ ਬਾੜੀ ਵਣਜ ਵਪਾਰ ਕਰਦੇ ਹਨ, ਉਹ ਜਾਗੀਆਂ ਹੋਈਆਂ ਰੂਹਾਂ ਹਨ, ਆਪ ਤਰੇ ਹਨ, ਦੂਸਰਿਆਂ ਨੂੰ ਤਾਰ ਦਿੰਦੇ ਹਨ ਪਰ ਉਨ੍ਹਾਂ ਦਾ ਮੇਲ ਭਾਗਾਂ ਤੋਂ ਬਿਨਾਂ ਨਹੀਂ ਹੁੰਦਾ। ਜਿੰਨੀ ਦੇਰ ਤਕ ਜੀਵ ਦੇ ਅੰਦਰੋਂ ਅਹੰਭਾਵ ਖਤਮ ਨਹੀਂ ਹੁੰਦਾ, 'ਮੈਂ' 'ਮੇਰਾ' ਖਤਮ ਨਹੀਂ ਹੁੰਦਾ ਭਾਵੇਂ ਅਰਦਾਸਾਂ ਵੀ ਕਿਉਂ ਨਾ ਕਰ ਰਿਹਾ ਹੋਵੇ ਕਿ ਹੇ ਵਾਹਿਗੁਰੂ ਜੋ ਮੈਂ ਕਰਮ ਕਰਦਾ ਹਾਂ, ਸਭ ਤੇਰੇ ਖਜ਼ਾਨੇ ਵਿਚ ਮੈਂ ਜਮ੍ਹਾਂ ਕਰਦਾ ਹਾਂ ਪਰ ਅੰਦਰੋਂ ਕਰਮਾਂ ਨਾਲੋਂ ਭਾਵਨਾ ਨਹੀਂ ਤੋੜਦਾ, ਇਸ ਕਰਕੇ ਜੀਵ ਕਰਮਾਂ ਦੇ ਚੱਕਰਾਂ ਵਿਚੋਂ ਨਹੀਂ ਨਿਕਲਦਾ ਕਿਉਂਕਿ ਹਉਮੈ ਦੇ ਮੰਡਲ ਵਿਚ ਹੈ। ਇਸ ਹਉਮੈ ਵਿਚ ਹਉਮੈ ਦਾ ਇਲਾਜ ਰੱਖਿਆ ਹੋਇਆ ਹੈ ਜਿਵੇਂ ਕਿ ਫੁਰਮਾਨ ਹੈ –

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***
***ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥***
***ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥***
***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥***
***ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥***

***ਪੰਨਾ – 466***

ਇਸ ਜੀਵ ਨੂੰ ਹਉਮੈ ਨੂੰ ਖਤਮ ਕਰਨ ਲਈ ਸ਼ਬਦ ਦੀ ਕਮਾਈ ਕਰਨੀ ਪੈਂਦੀ ਹੈ। ਫੇਰ ਇਹ ਸ਼ਬਦ ਹੌਲੀ ਹੌਲੀ ਹਉਮੈ ਦੇ ਸੰਗਲਾਂ ਨੂੰ ਕੱਟ ਦਿੰਦਾ ਹੈ ਅਤੇ ਹਉਮੈ ਦਾ ਨਾਸ਼ ਹੋ ਜਾਂਦਾ ਹੈ। ਹਉਮੈ ਟੁੱਟਦੇ ਸਾਰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਕਿਉਂਕਿ ਹਉਮੈ ਤੇ ਨਾਮ ਇਕ ਥਾਂ ਨਹੀਂ ਟਿਕਦੇ –

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥***

***ਪੰਨਾ – 560***

ਜਿਸ ਪ੍ਰੇਮੀ ਨੇ ਪ੍ਰਮੇਸ਼ਰ ਨੂੰ ਹਰ ਘਟ ਵਿਚ ਪਹਿਚਾਣ ਲਿਆ ਜਿਸ ਅੰਦਰ ਨਾਮ ਦੀ ਧੁਨ ਜਾਗ ਪਈ, ਜਿਨ੍ਹਾਂ ਨੇ ਪ੍ਰਮੇਸ਼ਰ ਦੇ ਖੁਲ੍ਹੇ ਅੱਖਾਂ ਨਾਲ ਦਰਸ਼ਨ ਕਰ ਲਏ, ਉਹ ਪ੍ਰਮੇਸ਼ਰ ਹੀ ਹੋਇਆ ਕਰਦੇ ਹਨ। ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

***ਜਿਨਾ ਨਾ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ – 397***

ਦਰਅਸਲ ਹੈ ਤਾਂ ਸਾਰੀਆਂ ਘਟਾਂ ਵਿਚ ਪ੍ਰਮੇਸ਼ਰ ਹੈ, ਜਦੋਂ ਅਲੱਗ ਥਲੱਗ ਹੋ ਕੇ ਸਾਰੀ ਸ੍ਰਿਸ਼ਟੀ ਨੂੰ ਦੇਖ ਰਿਹਾ ਹੁੰਦਾ ਹੈ ਉਸ ਵੇਲੇ ਉਸ ਦਾ ਨਾਮ ਕੁਝ ਵੀ ਕਹੋ, ਵਾਹਿਗੁਰੂ ਕਹੋ, ਪ੍ਰਮਾਤਮਾ ਕਹੋ, ਉਹ ਆਪਣੇ ਆਸਣ ਤੇ ਬੈਠ ਕੇ ਚਾਓ ਨਾਲ ਸ੍ਰਿਸ਼ਟੀ ਦੇਖ ਰਿਹਾ ਹੁੰਦਾ ਹੈ। ਓਹੀ ਪ੍ਰਮੇਸ਼ਰ ਜਦੋਂ ਪ੍ਰਕ੍ਰਿਤੀ 'ਚੋਂ ਉਪਜੇ ਅਨੇਕ ਸਰੀਰਾਂ ਨੂੰ ਚਲਾ ਰਿਹਾ ਹੁੰਦਾ ਹੈ ਉਸ ਵੇਲੇ ਓਸੇ ਨੂੰ ਬ੍ਰਹਮ, ਆਤਮਾ ਕਿਹਾ ਜਾਂਦਾ ਹੈ। ਜਦੋਂ ਇਹ ਸਮਸ਼ਟ ਆਤਮਾ ਇਕੱਲੇ ਇਕੱਲੇ (ਵਿਅਸ਼ਟ) ਸਰੀਰਾਂ ਦੀ ਕ੍ਰਿਆ ਨੂੰ ਸੱਤਾ ਦੇ ਰਿਹਾ ਹੁੰਦਾ ਹੈ ਉਸ ਵੇਲੇ ਇਸ ਦੀ ਪਰਿਭਾਸ਼ਾ ਜੀਵ-ਆਤਮਾ ਹੋਇਆ ਕਰਦੀ ਹੈ। ਇਹ ਜੀਵ-ਆਤਮਾ ਆਪਣੇ ਪਦ ਤੋਂ ਹੋਰ ਹੇਠਾਂ ਗਿਰਦੀ ਹੈ। ਪਹਿਲਾਂ ਇਸ ਉਪਰ ਅਨੰਦ ਦਾ ਪੜ੍ਹਦਾ ਪੈਂਦਾ ਹੈ ਫੇਰ ਬੁੱਧੀ ਦਾ ਪੈਂਦਾ ਹੈ, ਫੇਰ ਫੁਰਨਿਆਂ ਨਾਲ ਘਿਰ ਜਾਂਦਾ ਹੈ ਫੇਰ ਸਰੀਰਕ ਸ਼ਕਤੀ ਦਾ ਪੜਦਾ ਪੈਂਦਾ ਹੈ ਅਖੀਰ ਉਪਰ ਇਹ ਆਪਣੇ ਨੂੰ ਬਿਲਕੁਲ ਹੀ ਭੁੱਲ ਕੇ ਸਾਢੇ ਤਿੰਨ ਹੱਥ ਦੀ ਕਾਲੀ, ਗੋਰੀ, ਚਿੱਟੀ ਦੇਹ, ਮਨੁੱਖ, ਔਰਤ ਮੰਨਣਾ ਸ਼ੁਰੂ ਕਰ ਦਿੰਦਾ ਹੈ। ਸੋ ਇਹ ਜੀਵ ਆਤਮਾ ਜੀਵ ਪਦਵੀ ਤੋਂ ਵੀ ਹੇਠਾਂ ਬੇਸੁਧ ਹੋ ਕੇ ਆਪਣੇ ਆਪ ਨੂੰ ਸਰੀਰ ਮੰਨਦੀ ਹੈ। ਇਹ ਪੰਜ ਪੜਦੇ ਜਿਨ੍ਹਾਂ ਦੇ ਕਰਮਵਾਰ ਨਾਮ ਅਨੰਦਮਯ, ਵਿਗਿਆਨਮਯ, ਮਨੋਮਯ, ਪ੍ਰਾਨਮਯ ਅਤੇ ਅੰਨਮਯ ਕੋਸ਼ ਹਨ। ਉਹ ਜੀਵ ਆਤਮਾ ਦੇ ਪਤਨ ਹੋਣ ਦੇ ਹੇਠਾਂ ਨੂੰ ਰੇੜ੍ਹ ਵਿਚ ਪਏ ਹੋਏ ਟਿਕਾਣੇ ਹਨ। ਸੋ ਇਸ ਤਰ੍ਹਾਂ ਜੋ ਪਰੀਪੂਰਨ ਪ੍ਰਮੇਸ਼ਰ ਸਾਰੀ ਸ੍ਰਿਸ਼ਟੀ ਨੂੰ ਇਕ ਰਸ ਹੋ ਕੇ ਸੰਭਾਲ ਰਿਹਾ ਹੈ ਉਸ ਵੇਲੇ ਉਹ ਸਮੱਸ਼ਟ ਦੇ ਰੂਪ ਵਿਚ ਵਿਰਾਟ ਕਹਾਇਆ ਕਰਦਾ ਹੈ। ਉਸ ਦੀ ਕਿਰਤ (ਸਰੂਪ) ਦਾ ਕੋਈ ਵੀ ਟੁਕੜਾ ਵਖਰਾ ਨਹੀਂ ਹੁੰਦਾ, ਉਹ ਇਕੋ body ਹੁੰਦਾ ਹੈ, ਇਸ ਸਮੁੱਚਤਾ ਨੂੰ ਬ੍ਰਹਮ ਆਖਿਆ ਜਾਂਦਾ ਹੈ, ਇਹੀ ਸੱਤਾ ਜਦੋਂ ਭਿੰਨ-ਭਿੰਨ ਹੋ ਜਾਂਦੀ ਹੈ ਤਾਂ ਇਹਦਾ ਨਾਮ ਵੀ ਭਿੰਨ-ਭਿੰਨ ਹੋ ਜਾਂਦਾ ਹੈ, ਇਥੋਂ ਤਕ ਇਸ ਦਾ ਪਤਨ ਹੋਇਆ ਪ੍ਰਤੀਤ ਦਿੰਦਾ ਹੈ ਭਾਵੇਂ ਪ੍ਰਭੂ ਸਦਾ ਹੀ ਨਿਰਲੇਪ ਹੈ ਪਰ ਭਰਮ ਕਰਕੇ ਸਰੀਰ-ਜੀਵ-ਆਤਮਾ, ਆਤਮਾ ਪ੍ਰਮਾਤਮਾ ਵੱਖ-ਵੱਖ ਪ੍ਰਤੀਤ ਦਿੰਦਾ ਹੈ। ਇਹੋ ਸੱਤਾ ਪੂਰੀ ਤਰ੍ਹਾਂ ਭੁੱਲ ਕੇ, ਮਾਇਆ ਦੇ ਅਸਰ ਅਧੀਨ ਸਰੀਰ ਕਹਾਉਣ ਲਗ ਜਾਂਦੀ ਹੈ। ਸਰੀਰ ਦੇ ਰੰਗਾਂ ਨੂੰ, ਸਰੀਰ ਦੇ ਸਬੰਧਾਂ ਵਿਚ ਪੂਰੀ ਤਰ੍ਹਾਂ ਰਚ ਕੇ, ਉਸ ਵਿਚ ਪੂਰੀ ਤਰ੍ਹਾਂ ਖਚਿਤ ਹੋ ਕੇ ਇਕ ਤਰ੍ਹਾਂ ਦਾ



Sri Satguru Jagjit Singh Ji eLibrary NamdhariElibrary@gmail.com

ਨਸ਼ਾ ਚੜ੍ਹ ਜਾਂਦਾ ਹੈ ਜਿਸ ਨੂੰ ਬਾਣੀ ਵਿਚ ਮਤਵਾਰਾ ਹੋਣ ਵਾਲਾ ਨਸ਼ਾ ਆਖਿਆ ਗਿਆ ਹੈ। ਤਿੰਨਾਂ ਗੁਣਾਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੀ ਮਾਇਕ ਨੀਂਦ ਇਸ ਨੂੰ ਘੇਰ ਲੈਂਦੀ ਹੈ ਫੇਰ ਇਹ ਕਿਸੇ ਦਾ ਜਗਾਇਆ ਹੋਇਆ ਨਹੀਂ ਜਾਗਦਾ, ਮਹਾਂਪੁਰਸ਼ ਹਾਕਾਂ ਮਾਰ-ਮਾਰ ਜਗਾਉਂਦੇ ਹਨ ਬਾਣੀ ਵਿਚ ਆਉਂਦਾ ਹੈ ਕਿ ਇਹ ਚਿਤ ਨਹੀਂ ਫੇਰਦਾ -

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥***
***ਪੰਨਾ - 1378***

ਸਾਰਾ ਸੰਸਾਰ ਗੁਰੂ ਮਹਾਰਾਜ ਜੀ ਦੇ ਫੁਰਮਾਨ ਦੇ ਮੁਤਾਬਿਕ ਇਕ ਬਹੁਤ ਹੀ ਗਾੜ੍ਹੀ ਨੀਂਦ ਵਿਚ ਸੁੱਤਾ ਪਿਆ ਹੈ ਜਿਸ ਬਾਰੇ ਸੰਕੇਤ ਦਿੰਦੇ ਫੁਰਮਾਨ ਹੈ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥***
***ਪੰਨਾ - 920***

ਅਤੇ ਅਨੇਕ ਕਿਸਮ ਦੇ ਸੁਪਨੇ ਲੈ ਰਿਹਾ ਹੈ, ਗੁਰੂ ਮਹਾਰਾਜ ਜੀ ਅਜਿਹੇ ਸੁਪਨੇ ਲੈਣ ਵਾਲਿਆਂ ਨੂੰ ਮੂਰਖ ਆਖਦੇ ਹਨ ਕਿਉਂਕਿ ਉਹ ਸੁਪਨਿਆਂ 'ਚੋਂ ਬਾਹਰ ਨਹੀਂ ਨਿਕਲ ਰਹੇ। ਅਰਬਾਂ ਖਰਬਾਂ ਸਾਲ ਸੁਪਨੇ ਲੈਣ ਤੋਂ ਬਾਅਦ ਵੀ ਇਨ੍ਹਾਂ ਨੂੰ ਜਾਗ ਨਹੀਂ ਆਈ। ਕਾਰਨ ਇਹ ਹੈ ਕਿ ਤੱਤ ਬੇਤਾ ਮਹਾਂਪੁਰਸ਼ ਨਹੀਂ ਮਿਲਿਆ ਅਤੇ ਉਸ ਨੇ ਇਸ ਤੇ ਕ੍ਰਿਪਾ ਕਰਕੇ ਇਸਨੂੰ ਗਾੜ੍ਹੀ ਨੀਂਦ ਦੀ ਗਫਲਤ ਵਿਚੋਂ ਨਹੀਂ ਕੱਢਿਆ। ਜੋ ਅਵਸਥਾ ਸਾਡੇ ਤੇ ਬੀਤ ਰਹੀ ਹੈ ਅਤੇ ਜੋ ਸਾਡੇ ਚੌਗਿਰਦੇ ਵਿਚ ਅਸਾਡਾ ਆਪਾ ਬੰਨਿਆ ਗਿਆ ਹੈ ਉਸ ਵਿਚੋਂ ਨਿਕਲਣਾ ਸਾਨੂੰ ਬਹੁਤ ਹੀ ਔਖਾ ਹੈ ਕਿਉਂਕਿ ਸੈਂਕੜੇ ਬੰਧਨ ਸਾਡੇ ਦੁਆਲੇ ਪਏ ਹੋਏ ਹਨ ਇਨ੍ਹਾਂ ਸੈਂਕੜੇ ਬੰਧਨਾਂ ਦੇ ਸਮੂਹ ਨੂੰ ਹਉਮੈ ਕਿਹਾ ਹੈ -

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥***
***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥***
***ਆਰਜਾ ਗਈ ਵਿਹਾਇ ਧੰਧੈ ਧਾਇਆ॥***
***ਪੂਰਨ ਭਏ ਨ ਕਾਮ ਮੋਹਿਆ ਮਾਇਆ॥***
***ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ॥***
***ਪੰਨਾ - 707***

ਇਹ ਸਾਰਾ ਕੁਝ ਕਿਉਂ ਹੁੰਦਾ ਹੈ, ਇਕ ਦੋ ਚਾਰ ਦਸ ਹਜ਼ਾਰ ਬੰਦਿਆਂ ਨਾਲ ਨਹੀਂ ਹੁੰਦਾ ਇਹ ਸਾਰੀ ਸ੍ਰਿਸ਼ਟੀ ਨਾਲ ਹੋਇਆ ਪਿਆ ਹੈ। ਮਹਾਰਾਜ ਜੀ ਇਸ ਦਾ ਕਾਰਨ ਮਾਇਆ ਦੀ ਗਾੜ੍ਹੀ ਨੀਂਦ ਦਸਦੇ ਹਨ, ਇਸ ਨੀਂਦ ਦਾ ਇਲਾਜ ਨਾਮ ਅੰਮ੍ਰਿਤ ਦਸਦੇ ਹਨ। ਇਕ ਨੀਂਦ ਤਾਂ ਸਾਧਾਰਣ ਹੁੰਦੀ ਹੈ ਉਹ ਆਦਮੀ ਆਪਣੇ ਸਮੇਂ ਸਿਰ ਸੌਂਦਾ ਹੈ, ਸਮੇਂ ਸਿਰ ਜਾਗਦਾ ਹੈ। ਇਕ ਨੀਂਦ ਨਸ਼ਾ ਖਾ ਕੇ ਜੋ ਆਉਂਦੀ ਹੈ ਉਸਦੀ ਨੀਂਦ ਬੜੀ ਲੰਮੀ ਹੁੰਦੀ ਹੈ ਜੋ ਨੀਂਦ ਇਸ ਜੀਵ ਨੂੰ ਚੜ੍ਹੀ ਹੋਈ ਹੈ, ਉਹ ਇਕ ਕਿਸਮ ਦੀ ਜ਼ਹਿਰ ਦੀ ਵਰਤੋਂ ਕਰਕੇ ਚੜ੍ਹ ਚੁਕੀ ਹੈ। ਜਿੰਨੀ ਦੇਰ ਤਕ ਜ਼ਹਿਰ ਦੇ ਵਿਪਰੀਤ ਇਸਨੂੰ ਕੋਈ ਦਵਾਈ ਨਾ ਦਿਤੀ ਜਾਵੇ ਇਹ ਉਸ ਨੀਂਦ ਵਿਚੋਂ ਜਾਗ ਨਹੀਂ ਸਕਦਾ। ਗੁਰੂ ਮਹਾਰਾਜ ਜੀ ਸੰਕੇਤ ਕਰਦੇ ਹਨ ਕਿ ਪਿਆਰਿਓ! ਇਸ ਗਾੜ੍ਹੀ ਨੀਂਦ ਦਾ ਇਲਾਜ ਅੰਮ੍ਰਿਤ ਹੋਇਆ ਕਰਦਾ ਹੈ, ਸੰਸਾਰ ਵਿਚ ਇਹ ਅੰਮ੍ਰਿਤ ਕਿਸੇ ਪਹਾੜ ਵਿਚ ਨਹੀਂ ਛੁਪਿਆ ਹੋਇਆ, ਕਿਸੇ ਸਮੁੰਦਰ ਦੇ ਥੱਲੇ ਘੜੇ ਵਿਚ ਨਹੀਂ ਰੱਖਿਆ ਹੋਇਆ, ਸਵਰਗਾਂ ਵਿਚ ਨਹੀਂ ਕਿਤੇ ਛੁਪਾਇਆ ਹੋਇਆ, ਨਾ ਹੀ ਦੈਂਤ ਲੋਕਾਂ ਵਿਚ ਕਿਸੇ ਥਾਂ ਰੱਖਿਆ ਹੋਇਆ ਹੈ। ਇਸ ਕਰਕੇ ਫੁਰਮਾਨ ਹੈ -

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ***
***ਸੁ ਅੰਮ੍ਰਿਤੁ ਗੁਰ ਤੇ ਪਾਇਆ॥***
***ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ***
***ਸਚਾ ਮਨਿ ਵਸਾਇਆ॥ ਪੰਨਾ - 918***

ਇਸ ਗੱਲ ਦਾ ਸਾਨੂੰ ਭੇਤ ਲਗ ਗਿਆ ਕਿ ਇਹ ਅੰਮ੍ਰਿਤ ਗੁਰੂ ਪਾਸ ਹੈ। ਉਹ ਗੁਰੂ ਕ੍ਰਿਪਾ ਕਰੇ ਤਾਂ ਇਹ ਅੰਮ੍ਰਿਤ ਦੀ ਦਾਤ ਪ੍ਰਾਪਤ ਹੁੰਦੀ ਹੈ। ਅੰਮ੍ਰਿਤ ਜਿਸ ਨੂੰ ਅੰਗਰੇਜ਼ੀ ਵਿਚ Nector, ਸੰਜੀਵਨੀ ਬੂਟੀ ਵੀ ਕਹਿੰਦੇ ਹਨ ਇਹ ਕੋਈ ਪ੍ਰਕ੍ਰਿਤਕ ਵਸਤੂ ਨਹੀਂ ਹੈ। ਇਹ ਨਾ ਖੋਹੀ ਜਾ ਸਕਦੀ ਹੈ, ਨਾ ਦੇਖੀ ਜਾ ਸਕਦੀ ਹੈ, ਨਾ ਇਸ ਨੂੰ ਛੂਹਿਆ ਜਾ ਸਕਦਾ ਹੈ ਇਹ ਇਕ ਮਹਾਨ ਸ਼ਕਤੀ ਹੈ ਜੋ ਗੁਰੂ ਵਿਚ ਪ੍ਰਗਟ ਹੈ। ਇਸੇ ਨੂੰ ਨਾਮ ਆਖਿਆ ਜਾਂਦਾ ਹੈ।

ਇਹ ਅੰਮ੍ਰਿਤ ਗੁਰੂ ਤੋਂ ਪ੍ਰਾਪਤ ਹੁੰਦਾ ਹੈ ਜਿਸ ਨੂੰ ਪੂਰਨ ਤੌਰ ਤੇ ਸਪਸ਼ਟ ਕਰਦੇ ਹੋਏ ਗੁਰੂ ਮਹਾਰਾਜ ਜੀ ਅੰਮ੍ਰਿਤ ਬਾਰੇ ਦਸਦੇ ਹਨ ਕਿ ਅਸੀਂ ਅੰਮ੍ਰਿਤ ਕਿਸੇ ਸਵਰਗੀ ਪਾਣੀ ਨੂੰ ਨਹੀਂ ਕਹਿੰਦੇ ਜਾਂ ਪੰਜਾਂ ਪਿਆਰਿਆਂ ਦੁਆਰਾ ਮੰਤਰੇ ਹੋਏ ਜਲ ਨੂੰ ਨਹੀਂ ਕਹਿੰਦੇ। ਪਦਵੀ ਉਸ ਜਲ ਦੀ ਵੀ ਘਟ ਨਹੀਂ ਹੈ, ਕਿਉਂਕਿ ਸਾਧਾਰਣ ਜਲ ਵਿਚ ਸ਼ਕਤੀ ਪ੍ਰਵੇਸ਼ ਕਰ ਗਈ ਹੁੰਦੀ ਹੈ ਪਰ ਉਹ ਸ਼ਕਤੀ ਬਾਹਰੋਂ ਨਹੀਂ ਆਉਂਦੀ ਗੁਰੂ ਉਸ ਬਾਰੇ ਦਸ ਪਾ ਦਿੰਦਾ ਹੈ -

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ ਪੰਨਾ - 538***

ਉਹ ਹੈ ਕਿਥੇ? ਮਹਾਰਾਜ ਕਹਿੰਦੇ ਹਨ ਕਿ ਕੋਈ ਘਟ ਐਸਾ ਨਹੀਂ ਜਿਥੇ ਉਹ ਅੰਮ੍ਰਿਤ ਨਹੀਂ ਹੈ। ਸਾਰੇ ਘਟਾਂ ਨੂੰ ਨਾਮ ਸ਼ਕਤੀ ਨੇ ਧਾਰਨ ਕੀਤਾ ਹੋਇਆ ਹੈ -

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥ ਪੰਨਾ - 3***

***ਏਕ ਕਵਾਵੈ ਤੇ ਸਭਿ ਹੋਆ॥ ਪੰਨਾ - 1003***

ਹੋਰ ਗੁਰੂ ਮਹਾਰਾਜ ਜੀ ਸਪਸ਼ਟ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਏਕੰਕਾਰ ਤੋਂ ਸ਼ਬਦ ਧੁਨ ਹੋਈ ਇਸ ਸ਼ਬਦ ਧੁਨ ਦਾ ਨਾਮ ਓਅੰਕਾਰ ਰੱਖਿਆ ਗਿਆ ਕਿਉਂਕਿ ਇਹ 'ਓਅੰ' ਦੀ ਲੰਮੀ ਧੁਨ ਨਾਲ ਬਣਦੀ ਹੈ ਪਰ ਇਹ ਖਿਆਲ ਰਹੇ ਕਿ ਇਹ ਕੋਈ ਪ੍ਰਕ੍ਰਿਤਕ ਨਹੀਂ ਹੈ, ਕੇਵਲ ਉਸ ਧੁਨ ਦੇ ਆਸਰੇ ਅਸੀਂ ਉਸ ਤਕ ਪਹੁੰਚ ਸਕਦੇ ਹਾਂ ਜੋ ਨਿਰੋਲ ਸ਼ਕਤੀ (energy) ਹੈ ਜਿਸ ਤੋਂ ਸਾਰੇ ਬ੍ਰਹਿਮੰਡਾਂ ਦੀ ਰਚਨਾ ਹੋਈ ਹੈ ਜਿਵੇਂ ਕਿ -

***ਓਅੰਕਾਰਿ ਬ੍ਰਹਮਾ ਉਤਪਤਿ॥***
***ਓਅੰਕਾਰੁ ਕੀਆ ਜਿਨਿ ਚਿਤਿ॥***
***ਓਅੰਕਾਰਿ ਸੈਲ ਜੁਗ ਭਏ॥***
***ਓਅੰਕਾਰਿ ਬੇਦ ਨਿਰਮਏ॥***

'ਆਤਮ ਮਾਰਗ', ਜੁਲਾਈ, 1999



Sri Satguru Jagjit Singh Ji eLibrary NamdhariElibrary@gmail.com

*ਓਅੰਕਾਰਿ ਸਬਦਿ ਉਧਰੇ॥*
*ਓਅੰਕਾਰਿ ਗੁਰਮੁਖਿ ਤਰੇ॥*
*ਓਨਮ ਅਖਰ ਸੁਣਹੁ ਬੀਚਾਰੁ॥*
*ਓਨਮ ਅਖਰੁ ਤ੍ਰਿਭਵਣ ਸਾਰੁ।।* *ਪੰਨਾ – 930*

ਓਅੰਕਾਰਿ ਤੋਂ ਹੀ ਬ੍ਰਹਮਾ ਸ਼ਕਤੀ ਦਾ ਵਜੂਦ ਪ੍ਰਗਟ ਹੋਇਆ, ਓਅੰਕਾਰ ਤੋਂ ਹੀ ਇਸ ਜੜ੍ਹ ਪ੍ਰਕ੍ਰਿਤੀ ਅੰਦਰ ਚੇਤਨਾ ਦਾ ਸੁਮੇਲ ਹੋਇਆ, ਓਅੰਕਾਰ ਤੋਂ ਹੀ time & space ਸੈਲ ਤੇ ਜੁਗਾਂ ਦੀਆਂ ਮਰਿਆਦਾਵਾਂ ਬੰਨੀਆਂ ਗਈਆਂ। ਸਾਰੀ ਉਤਪਤੀ ਓਅੰਕਾਰ ਤੋਂ ਹੀ ਹੋਈ। ਸੋ ਇਹ ਜੋ ਧੁਨ (energy) ਹੈ ਇਹ ਪੂਰਨ ਸ਼ਕਤੀਸ਼ਾਲ ਹੈ ਇਸ ਧੁਨ ਨੇ ਹੀ ਸਾਰੀ ਪ੍ਰਕ੍ਰਿਤੀ ਦੀ ਸੰਭਾਲ ਕੀਤੀ ਹੈ। ਇਸ ਕਰਕੇ ਇਸ ਧੁਨ ਨੂੰ ਏਕੰਕਾਰ ਤੋਂ ਵਖਰੀ ਨਹੀਂ ਕਿਹਾ ਜਾ ਸਕਦਾ। ਸਰਗੁਣ ਪਾਰਬ੍ਰਹਮ ਸਮੇਤ ਇਸ ਓਅੰਕਾਰ ਨੂੰ ਇਕੋ ਹਸਤੀ ਮੰਨਦੇ ਹਾਂ। ੧ਓ (ਏਕੰਕਾਰ + ਓਅੰਕਾਰ) ਦੇ ਰੂਪ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਲਿਆਂਦਾ ਹੈ, ਉਹ ਹਰ ਥਾਂ ਪਰੀਪੂਰਨ ਹੈ, ਇਹ ਸੋਝੀ ਪੂਰੀ ਤਰ੍ਹਾਂ ਨਾਲ ਜਿਸਦੇ ਹਿਰਦੇ ਵਿਚ ਵਸ ਜਾਂਦੀ ਹੈ ਉਹ ਮਹਾਨ ਪੁਰਸ਼ ਹੋ ਜਾਂਦਾ ਹੈ। ਉਸ ਨੂੰ ਸਤਿ ਜੀਵਨ ਦੀ ਅਉਖਧੀ ਦਾ ਪਤਾ ਲਗ ਚੁਕਿਆ ਹੈ ਜਿਸ ਨੂੰ ਨਾਮ ਅਉਖਧ ਆਖਦੇ ਹਨ। 'ਨਾਮ' ਜਦੋਂ ਪ੍ਰਾਪਤ ਹੋ ਜਾਵੇ ਤਾਂ ਹਉਮੈ ਤੇ ਮਾਇਆ ਦੀ ਵਿਹੁ ਜੋ ਅਰਬਾਂ ਸਾਲ ਤੋਂ ਇਸ ਰੂਹ ਨੂੰ ਚੜ੍ਹੀ ਹੋਈ ਹੈ ਉਹ ਲਹਿ ਜਾਇਆ ਕਰਦੀ ਹੈ, ਉਹ ਗਾੜ੍ਹੀ ਨੀਂਦ ਜੋ ਜੁਗਾਂ ਜੁਗਾਤਰਾਂ ਤੋਂ ਚੜ੍ਹੀ ਹੋਈ ਸੀ ਉਹਦੇ ਵਿਚੋਂ ਜਾਗ ਆ ਜਾਂਦੀ ਹੈ। ਹੁਣ ਉਹ ਅਤਿ ਸਿਆਣਾ ਹੋ ਚੁਕਿਆ ਹੈ ਉਹਨੂੰ ਪਤਾ ਲਗ ਚੁਕਿਆ ਹੈ ਕਿ ਇਥੇ 'ਮੈਂ' ਨਾਮ ਦੀ ਕੋਈ ਚੀਜ਼ ਹੈ ਹੀ ਨਹੀਂ, ਅਹੰ ਦਾ ਜ਼ਹਿਰੀਲਾ ਵਿਸ਼ਾ ਇਕ ਹਨ੍ਹੇਰੇ ਦੀ ਕਲਪਨਾ ਵਿਚੋਂ ਪੈਂਦਾ ਹੋਇਆ ਅਤੇ ਇਹ ਹੰਗਤਾ ਤੇ ਮਮਤਾ ਮਿਟ ਗਈ। ਫੇਰ ਉਸ ਨੇ ਆਪਣੇ ਆਪ ਨੂੰ ਪਰੀਪੂਰਨ ਦੇਖਿਆ ਕਿਉਂਕਿ ਉਹ ਆਪਣੇ ਆਦਿ ਵਲ ਵਧਿਆ। ਪਹਿਲਾਂ ਉਸ ਨੇ ਅੰਨਮਯ ਕੋਸ਼ ਦਾ ਪੜਦਾ ਦੂਰ ਕੀਤਾ, ਫੇਰ ਪ੍ਰਾਨਮਯ ਕੋਸ਼, ਸਰੀਰਕ ਸ਼ਕਤੀ ਵਿਚੋਂ ਹੁੰਦਾ ਹੋਇਆ, ਸੰਕਲਪ ਦੀ ਸ਼ਕਤੀ ਵਿਚੋਂ ਲੰਘਦਾ ਹੋਇਆ, ਮਨੋਮਯ ਬੁੱਧੀ ਦੇ ਕੋਸ਼ ਵਿਚ ਪਹੁੰਚਿਆ ਅਤੇ ਫੇਰ ਮਾਇਕ ਅਨੰਦ ਵਿਚੋਂ ਲੰਘਦਾ ਹੋਇਆ ਫੇਰ ਇਸ ਦੀ ਅਵਸਥਾ ਉਨਮਨੀ ਹੋ ਗਈ, ਇਸ ਨੇ ਆਪਣੇ ਸਰੂਪ ਨੂੰ ਪ੍ਰਤੱਖ ਦੇਖਿਆ ਅਤੇ ਦੇਖਿਆ ਇਥੇ ਤਾਂ ਆਤਮਾ ਹੀ ਕਣ-ਕਣ ਵਿਚ ਸਮਾਈ ਹੋਈ ਹੈ। ਉਸ ਪਾਰਬ੍ਰਹਮ ਪ੍ਰਮੇਸ਼ਰ ਦਾ ਨਾਮ ਆਤਮਾ ਪੈ ਗਿਆ। ਜਦੋਂ ਆਤਮਾ ਨੂੰ ਹੋਰ ਗਹਿਰਾ ਦੇਖਿਆ ਤਾਂ ਇਹ ਆਪ ਹੀ ਪਾਰਬ੍ਰਹਮ ਪ੍ਰਮੇਸ਼ਰ ਸੀ। ਜਿਸ ਨੂੰ ਇਹ ਸੋਝੀ ਪ੍ਰਾਪਤ ਹੋ ਗਈ ਉਸ ਦਾ ਨਿਵਾਸ ਨਾਮ ਮੰਡਲ ਵਿਚ ਹੋ ਗਿਆ, ਨੀਂਦ 'ਚੋਂ ਉਸ ਨੂੰ ਜਾਗ ਆ ਗਈ, ਦੁਖਾਂ ਦਾ ਖਾਤਮਾ ਹੋ ਗਿਆ, ਨਿਸ਼ਚੇਪੂਰਵਕ ਆਪਣੇ ਆਪ ਨੂੰ ਆਤਮਾ ਜਾਣ ਕੇ ਵਿਸ਼ਾਲਤਾ 'ਚ ਜਾ ਕੇ ਦੇਖਿਆ ਕਿ ਆਤਮਾ ਤਾਂ ਬ੍ਰਹਮ ਹੀ ਹੈ ਉਹ ਤਾਂ ਆਪ ਹੀ ਪਾਰਬ੍ਰਹਮ ਪ੍ਰਮੇਸ਼ਰ ਹੈ ਜਿਸ ਦਾ ਕੋਈ ਅੰਤ ਨਹੀਂ ਪਾ ਸਕਦਾ। ਇਸ ਕਰਕੇ ਬਾਣੀ ਵਿਚ ਫੁਰਮਾਨ ਆਉਂਦਾ ਹੈ –

*ਇਆ ਮੰਦਰ ਮਹਿ ਕੌਨ ਬਸਾਈ॥*
*ਤਾ ਕਾ ਅੰਤੁ ਨ ਕੋਊ ਪਾਈ॥*
*ਨਾ ਇਹੁ ਗਿਰਹੀ ਨਾ ਓਦਾਸੀ॥*
*ਨਾ ਇਹੁ ਰਾਜ ਨ ਭੀਖ ਮੰਗਾਸੀ॥*
*ਨਾ ਇਸੁ ਪਿੰਡੁ ਨ ਰਕਤੂ ਰਾਤੀ॥*
*ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ॥* *ਪੰਨਾ – 871*

ਸੋ ਮੈਂ ਵਿਚਾਰ ਕੀਤੀ ਸੀ ਕਿ ਆਦਮੀ ਦੁਖੀ ਹੈ ਉਸ ਦੇ ਦੁਖਾਂ ਦਾ ਇਲਾਜ 'ਨਾਮ' ਹੈ। ਸੋ ਨਾਮ ਬਾਰੇ ਵਿਸਥਾਰ ਨਾਲ ਵਿਚਾਰ ਕੀਤੀ ਹੈ। ਨਾਮ ਵਿਚ ਸਾਰੀਆਂ ਹੀ ਸ਼ਕਤੀਆਂ ਹਨ। ਇਸ ਕਰਕੇ ਦੁਖਾਂ ਦੀ ਸ਼ੁਰੂਆਤ ਨਾਮ ਨੂੰ ਭੁੱਲ ਕੇ ਬੇਹੋਸ਼ੀ ਵਿਚ ਆ ਜਾਣ ਕਰਕੇ ਹੋਇਆ ਕਰਦੀ ਹੈ, ਦੁਖਾਂ ਦਾ ਇਲਾਜ ਗੁਰੂ ਨਾਨਕ ਪਾਤਸ਼ਾਹ ਨੇ ਦੱਸਿਆ ਕਿ –

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* *ਪੰਨਾ – 1*

ਦੇ ਮੰਡਲ ਵਿਚ ਜਾ ਕੇ ਹੋ ਜਾਇਆ ਕਰਦਾ ਹੈ। ਆਮ ਸਮਝ ਵਿਚ ਆ ਜਾਣ ਵਾਲੇ ਅਖਰਾਂ ਵਿਚ ਲਿਖਿਆ ਜਾਂਦਾ ਹੈ ਕਿ ਸਾਰੇ ਦੁਖ ਹਉਮੈ ਵਿਚੋਂ 'ਮੈਂ' 'ਮੇਰੀ' ਵਿਚੋਂ ਪੈਦਾ ਹੁੰਦੇ ਹਨ। ਕਿਉਂਕਿ ਐਸਾ ਫੁਰਮਾਨ ਆਉਂਦਾ ਹੈ ਕਿ –

*ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥*
*ਤਬ ਇਸ ਕਉ ਸੁਖੁ ਨਾਹੀ ਕੋਇ।।*
*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ।।*
*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥*
*ਜਬ ਲਗੁ ਮੋਹ ਮਗਨ ਸੰਗਿ ਮਾਇ॥*
*ਤਬ ਲਗੁ ਧਰਮਰਾਇ ਦੇਇ ਸਜਾਇ॥* *ਪੰਨਾ – 278*

ਸੋ ਸਾਧਸੰਗਤ ਜੀ! ਆਪ ਅੰਮ੍ਰਿਤ ਵੇਲੇ ਤੋਂ ਉਠ ਕੇ ਦੇਖੋ ਕਿਹੋ ਜਿਹੀ ਬਾਰਸ਼ ਹੋ ਰਹੀ ਹੈ, ਕਈ ਪ੍ਰੇਮੀਆਂ ਦੇ ਕਪੜੇ ਭਿੱਜ ਗਏ। ਇਥੇ ਆਏ ਤਾਂ ਇਥੇ ਨਾਮ ਦੀ ਬਾਰਸ਼ ਹੋ ਰਹੀ ਸੀ, ਇਥੇ ਰੂਹ ਭਿੱਜ ਗਈ ਤੇ ਕੱਪੜਿਆਂ ਦੇ ਭਿੱਜ ਜਾਣ ਦਾ ਚੇਤਾ ਭੁੱਲ ਗਿਆ। ਹੁਣ ਰੂਹ ਭਿੱਜੀ ਹੋਈ ਹੈ, ਹੁਣ ਨਾਮ ਦੇ ਹੁਲਾਰੇ ਮਹਿਸੂਸ ਹੋ ਰਹੇ ਹਨ। ਇਸ ਸਮੂੰਹ ਨੂੰ ਸਤਿਸੰਗਤ ਕਹਿੰਦੇ ਹਨ –

*ਸਤਿਸੰਗਤ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥*
*ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥*
*ਪੰਨਾ – 72*

ਇਹ ਅਵਸਥਾ ਕਿਵੇਂ ਸਦੀਵੀ ਪ੍ਰਾਪਤ ਹੋ ਸਕਦੀ ਹੈ, ਉਸ ਬਾਰੇ ਸਾਧਨ ਕਰਨੇ ਪੈਂਦੇ ਹਨ, ਸਾਧਨ ਬਿਨਾਂ ਗਿਆਨ ਸਥਿਲ ਹੋ ਜਾਂਦਾ ਹੈ, ਸ੍ਰੇਸ਼ਟ ਸਾਧਨ ਹਰੀ ਦਾ ਕੀਰਤਨ, ਤੱਤ ਬੇਤੇ ਸਾਧੂ ਦੀ ਸੰਗਤ ਗੁਰੂ ਸਾਹਿਬ ਨੇ ਦੱਸੀ ਹੈ। ਪਰ ਦੇਖਿਆ ਇਹ ਗਿਆ ਹੈ ਕਿ ਅਸੀਂ ਹਾਲੇ ਪਹਿਲੀ ਦੂਜੀ ਵਿਚ ਪੜ੍ਹਦੇ ਹਾਂ। ਸਾਨੂੰ ਪੀ-ਐਚ. ਡੀ; ਡੀ. ਲਿਟ; ਦੀ ਸਮਝ ਨਹੀਂ ਆਉਂਦੀ। ਇਥੋਂ ਤਕ ਕਿ ਸਾਡੀ ਯਾਦ ਵਿਚੋਂ ਨਿਕਲ ਜਾਂਦਾ ਹੈ ਕਿ ਕੀ ਦੱਸਿਆ ਸੀ। ਜੇ ਅੱਧੇ ਘੰਟੇ ਬਾਅਦ ਪੁਛਿਆ ਜਾਵੇ



Sri Satguru Jagjit Singh Ji eLibrary NamdhariElibrary@gmail.com

ਕਿ ਪੰਜ ਮਿੰਟ ਬੋਲ ਕੇ ਦੱਸੋ ਕਿ ਕੀ ਸੁਣਿਆ ਹੈ ਤਾਂ ਹੈਰਾਨ ਹੋ ਜਾਈਦਾ ਹੈ ਕਿ ਸਭ ਕੁਝ ਭੁਲ ਚੁਕਿਆ ਹੁੰਦਾ ਹੈ। ਕਾਰਨ ਇਹ ਹੈ ਕਿ ਇਸ ਚੀਜ਼ ਦੀ ਜਗਿਆਸਾ ਨਹੀਂ ਅੰਦਰ ਪੈਦਾ ਹੋਈ। ਅਜੇ ਅਸੀਂ ਸ਼ੁਭ ਕਰਮਾਂ ਵਿਚੋਂ ਨਿਕਲ ਰਹੇ ਹਾਂ।

ਜਿਵੇਂ ਹਵਾ ਦੇ ਵੇਗ ਵਿਚ ਨਿਰਮਲ ਜਲ ਕੰਢਿਆਂ ਦੇ ਉਤੋਂ ਆ ਕੇ ਬਾਹਰ ਆ ਕੇ ਡੁਲ੍ਹ ਰਿਹਾ ਹੁੰਦਾ ਹੈ, ਇਸ ਨੂੰ ਇਕ ਰਸ ਰੱਖਣ ਲਈ ਫੁਰਨਿਆਂ ਰੂਪੀ ਹਵਾ ਨੂੰ ਕੰਟਰੋਲ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਸਾਧਨ ਕਰਨੇ ਪੈਂਦੇ ਹਨ ਜੋ ਮਹਾਂਪੁਰਸ਼ ਦਸ ਸਕਦੇ ਹਨ ਕਿ ਤੂੰ ਕਿਸ ਤਰ੍ਹਾਂ ਨਾਲ ਡਾਵਾਂਡੋਲ ਅਵਸਥਾ ਵਿਚੋਂ ਅਡੋਲ ਅਵਸਥਾ ਪ੍ਰਾਪਤ ਕਰ ਸਕਦਾ ਹੈਂ। ਇਸ ਦਾ ਇਕੋ ਸਾਧਨ ਉਪਾਸਨਾ ਹੈ ਜਿਹੋ ਜਿਹੀ ਕਿਸੇ ਦੀ ਬੁੱਧੀ ਹੁੰਦੀ ਹੈ ਮਹਾਂਪੁਰਸ਼ ਉਸ ਨੂੰ ਪਰਖਦੇ ਹਨ ਤੇ ਉਸ ਦਾ ਉਸੇ ਤਰ੍ਹਾਂ ਦਾ ਇਲਾਜ ਕਰਦੇ ਹਨ। ਉਹ ਮੂਰਖ ਵਿਦਿਆਰਥੀ ਹਨ ਜੋ ਦੂਸਰਿਆਂ ਦੇ ਦੱਸੇ ਫਾਰਮੂਲਿਆਂ ਤੇ ਅਮਲ ਕਰਦੇ ਹਨ, ਉਨ੍ਹਾਂ ਦੀ ਸੁਰਤੀ ਬਿਰਤੀ ਉਖੇੜਦੇ ਹਨ। ਮਹਾਂਪੁਰਸ਼ ਗੁਰੂ ਦੇ ਧਿਆਨ ਵਿਚ ਇਸ ਨੂੰ ਲਾਉਂਦੇ ਹਨ, ਕਿਸੇ ਨੂੰ ਗੁਰੂ ਦੇ ਧਿਆਨ ਵਿਚ ਉਪਾਸਨਾ ਕਰਨੀ ਦਸਦੇ ਹਨ, ਕਿਸੇ ਨੂੰ ਸ਼ਬਦ ਦਾ ਧਿਆਨ ਦਸਦੇ ਹਨ ਅਤੇ ਸ਼ਬਦ ਧੁਨ ਵਿਚ ਮਨ ਲਾਉਂਦੇ ਹਨ। ਜਦੋਂ ਅੰਦਰ ਟਿਕ ਜਾਂਦਾ ਹੈ ਫੇਰ ਉਸ ਜਲ ਵਿਚ ਆਪਣਾ ਮੂੰਹ ਦੇਖਿਆ ਜਾਂਦਾ ਹੈ, ਉਸ ਉਪਰ ਜੋ ਪੜਦਾ ਆਇਆ ਹੋਇਆ ਹੈ ਉਹ ਗਿਆਨ ਅਤੇ ਵਿਚਾਰ ਨਾਲ ਦੂਰ ਹੋ ਜਾਂਦਾ ਹੈ, ਸਭ ਕੁਝ ਜਿਥੇ ਮੁੱਕ ਜਾਵੇ ਜਿਥੇ ਨੇਤਿ ਨੇਤਿ ਦਾ ਆਖਰੀ ਕੰਢਾ ਆ ਜਾਵੇ ਅਤੇ ਬਕਾਇਆ ਕੁਝ ਵੀ ਨਾ ਰਹੇ ਉਸ ਤੋਂ ਅੱਗੇ ਆਤਮ ਸਰੂਪ ਹੋਇਆ ਕਰਦਾ ਹੈ। ਜਿਸ ਨੇ ਆਪਣੇ ਅੰਦਰ ਆਤਮਾ ਨੂੰ ਦੇਖ ਲਿਆ ਅਤੇ ਜੀਵ ਆਤਮਾ ਦੀ ਮਜ਼ਬੂਰੀ ਨੂੰ ਪਛਾਣ ਲਿਆ ਉਨ੍ਹਾਂ ਨੂੰ ਗਿਆਤ ਹੋ ਜਾਂਦੀ ਹੈ ਕਿ ਆਤਮ ਵਸਤੂ ਨੂੰ ਬ੍ਰਹਮ, ਪ੍ਰਮੇਸ਼ਰ, ਅਗੰਮ ਅਗੋਚਰ, ਅਨੰਤ, ਅਲਖ ਕਿਹਾ ਜਾਂਦਾ ਹੈ। ਗੁਰੂ ਮਹਾਰਾਜ ਜੀ ਸੰਕੇਤ ਦਿੰਦੇ ਹੋਏ ਫੁਰਮਾਨ ਕਰਦੇ ਹਨ ਕਿ ਇਹ ਜੋ ਸਰੀਰ ਹੈ ਇਹ ਵਿਸ਼ੇ ਵਿਕਾਰਾਂ ਨੂੰ ਭੋਗਣ ਵਾਸਤੇ ਪ੍ਰਾਪਤ ਨਹੀਂ ਹੋਇਆ, ਇਸ ਸਰੀਰ ਨੇ ਧਰਮ ਦੀ ਕਮਾਈ ਕਰਕੇ ਆਪਣੇ ਮੰਤਵ ਤਕ ਪਹੁੰਚਣਾ ਹੈ। ਗੁਰੂ ਮਹਾਰਾਜ ਜੀ ਨੇ ਸਰੀਰ ਨੂੰ ਕਸ਼ਟ ਦੇਣ ਤੋਂ ਵਰਜਿਆ ਹੈ ਅਤੇ ਕਿਹਾ ਹੈ ਕਿ ਇਸ ਨੂੰ ਸਤੋ ਗੁਣੀ ਖੁਰਾਕ ਦੇਵੋ, ਸਤੋ ਗੁਣੀ ਆਚਾਰ, ਵਿਹਾਰ, ਵਿਚਾਰ ਰੱਖੋ। ਇਹ ਹੀ ਗੁਰੂ ਮਹਾਰਾਜ ਜੀ ਸੰਕੇਤ ਕਰਦੇ ਹਨ ਦਸਦੇ ਹਨ ਕਿ ਇਸ ਦੇ ਅੰਦਰ ਉਹ ਅਮੁੱਲ ਵਸਤੂ ਪਈ ਹੈ ਜਿਸ ਦੀ ਕੋਈ ਕੀਮਤ ਨਹੀਂ ਪਾ ਸਕਦਾ ਪਰ ਗੁਰਮੁਖ ਦੀ ਸੰਗਤ ਕਰਨ ਨਾਲ ਉਹ ਵਸਤੂ ਹੌਲੀ ਹੌਲੀ ਮਿਲ ਜਾਇਆ ਕਰਦੀ ਹੈ ਜਿਵੇਂ ਅਸੀਂ ਦ੍ਰਿੜ੍ਹਤਾ ਸਹਿਤ ਕਿਸੇ ਜ਼ਮੀਨ ਵਿਚ ਬੋਰ ਕਰਦੇ ਰਹੀਏ, ਬੋਰ ਵਿਚ ਪੱਥਰ ਵੀ ਆਉਂਦੇ ਹਨ, ਰੁਕਾਵਟਾਂ ਵੀ ਆਉਂਦੀਆਂ ਪਰ ਜੋ ਦ੍ਰਿੜ੍ਹ ਪੁਰਸ਼ ਹੈ ਉਹ ਸਭ ਉਪਰ ਕਾਬੂ ਪਾ ਕੇ ਬੋਰ ਸ਼ੁਰੂ ਕਰ ਦਿੰਦਾ ਹੈ। ਫੇਰ ਉਸ ਨੂੰ ਨਿਰਮਲ ਜਲ ਦੀ ਪ੍ਰਾਪਤੀ ਹੋ ਜਾਂਦੀ ਹੈ।

***ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥***
***ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥***

***ਪੰਨਾ - 309***

ਜਦੋਂ ਉਸ ਨੂੰ ਆਤਮਾ ਦੀ ਪ੍ਰਾਪਤੀ ਹੋ ਗਈ ਤਾਂ ਉਸ ਵੇਲੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਰਬਤ੍ਰ ਰਵਿਆ ਹੋਇਆ ਨਾਮ ਅੰਮ੍ਰਿਤ ਇਸ ਸਰੀਰ ਵਿਚੋਂ ਨਜ਼ਰ ਆ ਗਿਆ। ਫੇਰ ਕੀ ਹੋਇਆ?

***ਸਭੁ ਆਤਮੁ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ॥***
***ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ॥***
***ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ॥***

***ਪੰਨਾ - 310***

ਸੋ ਨਾਮ ਦੀ ਸੰਭਾਲਣਾ ਵਾਸਤੇ ਤਾਕੀਦ ਹੈ। ਮੈਂ ਬੇਨਤੀ ਕੀਤੀ ਸੀ ਕਿ ਇਹ ਗਿਆਨ ਜੇ ਆਪਣੇ ਪਿਛੇ ਆਤਮਾ ਦੀ ਲੰਮੀ ਲੜੀ ਨਹੀਂ ਦੇਖਦਾ ਤਾਂ ਇਹ ਸਥਿਲ ਹੋਣਾ ਸ਼ੁਰੂ ਹੋ ਜਾਂਦਾ ਹੈ, ਆਦਮੀ ਪਤਿਤ ਹੋਣਾ ਸ਼ੁਰੂ ਹੋ ਜਾਂਦਾ ਹੈ। ਜੋ ਅਸੀਂ ਬਾਰਸ਼ ਵਿਚ, ਧੁੰਦਾਂ ਵਿਚ ਚਲ ਚਲ ਕੇ ਸਤਿਸੰਗ ਵਿਚ ਪਹੁੰਚਦੇ ਹਾਂ ਸਾਧਸੰਗਤ ਜੀ! ਇਹ ਸਾਧਨ ਹਨ, ਸਾਨੂੰ ਪਤਾ ਲਗਦਾ ਹੈ ਕਿ ਕਿਸ ਵਪਾਰ ਲਈ ਅਸੀਂ ਆਏ ਹਾਂ। ਉਸ ਸਮੁੱਚੇ ਵਪਾਰ ਦਾ ਨਾਮ ਆਤਮਾ ਹੈ, ਇਸਦੀ ਜੀਅ ਭਰ ਕੇ ਕਮਾਈ ਕਰੋ, ਸਤਿਸੰਗ ਇਸ ਦਾ ਸਟੋਰ ਹੈ, ਜਿਥੇ ਵੱਡੇ ਵੱਡੇ ਵਪਾਰੀ ਆ ਕੇ ਆਪਣੀਆਂ ਵਸਤੂਆਂ ਅਸਾਡੇ ਗੋਚਰੇ ਕਰਾਉਂਦੇ ਹਨ। ਵਾਹਿਗੁਰੂ ਜੀ ਕ੍ਰਿਪਾ ਕਰਨ, ਅਸੀਂ ਸਾਧਨ ਦੇ ਮੰਡਲ ਵਿਚ ਪਹੁੰਚ ਕੇ ਇਨ੍ਹਾਂ ਚੀਜ਼ਾਂ ਨੂੰ ਪ੍ਰਤੱਖ ਅੱਖਾਂ ਦੇ ਨਾਲ ਦੇਖ ਲਈਏ ਅਤੇ ਆਪਣਾ ਜੀਵਨ ਮਨੋਰਥ ਪ੍ਰਾਪਤ ਕਰਕੇ ਆਪ ਵੀ ਇਸ ਸੰਸਾਰ ਵਿਚੋਂ ਨਿਰਮਲ ਮੁਖ ਜਾਈਏ ਅਤੇ ਹੋਰਾਂ ਜੀਵਨਾਂ ਨੂੰ ਵੀ ਕਲੰਕ ਰਹਿਤ ਜਾਣ ਲਈ ਪਰੇਰੀਏ।

ਬਾਰਸ਼ ਥੰਮ ਗਈ ਹੈ, ਤੁਸੀਂ ਸਾਰਿਆਂ ਨੇ ਆਪਣੇ ਕਾਰੋਬਾਰਾਂ ਤੇ, ਦੁਕਾਨਾਂ ਤੇ, ਦਫਤਰਾਂ ਨੂੰ ਜਾਣਾ ਹੈ। ਗੁਰੂ ਮਹਾਰਾਜ ਕ੍ਰਿਪਾ ਕਰਨ, ਤੁਹਾਡਾ ਦਿਨ ਪ੍ਰਭੂ ਦੇ ਧਿਆਨ ਵਿਚ ਬਤੀਤ ਹੋਵੇ।

***ਵਾਹਿਗੁਰੂ ਜੀ ਕਾ ਖਾਲਸਾ***

***ਵਾਹਿਗੁਰੂ ਜੀ ਕੀ ਫਤਹਿ।***

**L L L L L L L**

**For more information**
**please visit us on internet at :-**
**http://www.atammarg.org**
**&**
**http://www.atammarg.com**

'ਆਤਮ ਮਾਰਗ', ਜੁਲਾਈ, 1999



Sri Satguru Jagjit Singh Ji eLibrary NamdhariElibrary@gmail.com

# ਹੈ ਕੋਈ ਸਾਜਨੁ ਸੰਤ ਜਨੁ ?
# ਨਾਨਕ ਪ੍ਰਭ ਮੇਲਣਹਾਰ ?

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ - ਪ੍ਰੋ. ਗੁਰਦੇਵ ਸਿੰਘ***

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 51)*

ਜਿਸ ਵੇਲੇ ਗਨਕਾ ਨੇ ਮਹਾਂਪੁਰਸ਼ਾਂ ਵਲ ਵੇਖਿਆ ਤਾਂ ਉਸ ਦੀ ਦ੍ਰਿਸ਼ਟੀ ਵੀ ਬਦਲ ਗਈ। ਜਿਸ ਤਰ੍ਹਾਂ ਮਹਾਂਪੁਰਸ਼ਾਂ ਨੂੰ ਪਤਾ ਲਗ ਗਿਆ ਸੀ ਕਿ ਅਸੀਂ ਪਾਪ ਦੇ ਮੰਦਰ ਵਿਚ ਆ ਗਏ ਤੇ ਗਨਕਾ ਨੂੰ ਵੀ ਸੁਗੰਧੀ ਆ ਗਈ ਕਿ ਅੱਜ ਮੇਰੇ ਦਰਵਾਜ਼ੇ ਅੱਗੇ ਪੁੰਨ ਆਤਮਾ ਆ ਗਈ, ਉਨ੍ਹਾਂ ਦੇ ਦਰਸ਼ਨ ਕਰਦੀ ਸਾਰ ਹੀ ਐਸਾ ਲਸ਼ਕਾਰਾ ਵੱਜਿਆ ਕਿ ਅੰਤਸ਼ਕਰਣ ਸ਼ੁਧ ਹੋਣ ਲਗ ਪਿਆ, ਪਾਪ ਭੱਜਣ ਲਗ ਪਏ ਅਤੇ ਸੋਝੀ ਆ ਗਈ। ਆਪਣੇ ਆਪ ਨੂੰ ਕਹਿਣ ਲੱਗੀ ਕਿ ਐ ਮਨਾ! ਮੈਂ 26 ਸਾਲ ਦੀ ਹੋ ਗਈ, ਪਾਪਾਂ ਵਿਚ ਕਿੰਨਾ ਸਮਾਂ ਬਤੀਤ ਕਰ ਦਿਤਾ, ਮੈਂ ਐਨੇ ਪਾਪ ਕਰ ਦਿਤੇ ਕਿ ਗਿਣਨੇ ਵੀ ਮੁਸ਼ਕਲ ਹਨ। ਅੱਜ ਪ੍ਰਮੇਸ਼ਰ ਦੇ ਪਿਆਰੇ ਮੇਰੇ ਦਰ ਤੇ ਕਿਸ ਤਰ੍ਹਾਂ ਆ ਗਏ? ਹੋ ਸਕਦਾ ਹੈ ਕਿ ਮੇਰੀ ਕਿਸਮਤ ਜਾਗ ਪਈ ਹੋਵੇ ਤੇ ਇਨ੍ਹਾਂ ਨੇ ਮੈਨੂੰ ਕੋਈ ਉਪਦੇਸ਼ ਦੇਣਾ ਹੋਵੇ। ਉਠ ਕੇ ਉਨ੍ਹਾਂ ਦੇ ਕੋਲ ਚਲੀ ਗਈ ਤੇ ਜਾ ਕੇ ਚਰਨਾਂ ਤੇ ਨਮਸ਼ਕਾਰ ਕਰ ਦਿਤੀ। ਮਹਾਤਮਾ ਕਹਿਣ ਲੱਗੇ, "ਬੀਬੀ! ਇਹ ਪਾਪ ਦਾ ਮੰਦਰ ਬਣਾਇਆ ਹੈ?" ਕਹਿਣ ਲੱਗੀ, "ਮਹਾਰਾਜ! ਮੈਂ ਕੁਝ ਦੱਸ ਨਹੀਂ ਸਕਦੀ, ਐਨਾ ਕਹਿ ਕੇ ਰੋਣ ਲਗ ਪਈ ਅਤੇ ਕਿਹਾ ਮੈਨੂੰ ਸੇਵਾ ਦਾ ਮੌਕਾ ਦਿਓ।" ਮਹਾਤਮਾ ਕਹਿਣ ਲੱਗੇ, "ਕੋਈ ਨਹੀਂ ਬੀਬਾ! ਰੋਵੋ ਨਾ ਤੇ ਅੰਦਰ ਚਲੇ ਗਏ।" ਬੀਬੀ ਨੇ ਵਸਤਰ ਸੁਕਾ ਦਿਤੇ ਅਤੇ ਕੁਝ ਖਾਣ ਪੀਣ ਵਾਸਤੇ ਬਣਾ ਦਿਤਾ ਤੇ ਬਚਨ ਬਿਲਾਸ ਹੋਏ। ਬੀਬੀ ਨੇ ਰੋ ਰੋ ਕੇ ਆਪਣਾ ਹਾਲ ਦਸਿਆ ਕਿ ਮਹਾਰਾਜ ਮੈਂ ਪਾਪ ਵਿਚ ਐਨੀ ਜ਼ਿਆਦਾ ਗਰਕ ਹੋ ਚੁਕੀ ਹਾਂ ਕਿ ਮੈਂ ਛੁਟ ਨਹੀਂ ਸਕਦੀ, ਹੁਣ ਮੈਂ ਇਸ ਦਲਦਲ ਵਿਚੋਂ ਨਿਕਲ ਨਹੀਂ ਸਕਦੀ ਅਤੇ ਨਾ ਹੀ ਮੈਨੂੰ ਚੰਗਾ ਫੁਰਨਾ ਆਉਂਦਾ ਹੈ ਕਿਉਂਕਿ ਮੇਰਾ ਆਲਾ ਦੁਆਲਾ ਇੰਨਾਂ ਮਾੜਾ ਹੈ। ਆਪ ਨੂੰ ਮਿਲ ਕੇ ਜੋ ਮੈਨੂੰ ਖਿਆਲ ਪੈਦਾ ਹੋਇਆ, ਮਹਾਰਾਜ ਮੁੜ ਕੇ ਮੈਨੂੰ ਇਹ ਪ੍ਰਾਪਤ ਨਹੀਂ ਹੋਣਾ, ਮੈਨੂੰ ਇਸੇ ਗੱਲ ਦਾ ਖਤਰਾ ਹੈ ਕਿ ਮੈਂ ਮੁੜ ਕੇ ਫੇਰ ਉਸੇ ਪਾਪ ਵਿਚ ਪ੍ਰਵਿਰਤ ਹੋ ਜਾਣਾ ਹੈ। ਮਹਾਰਾਜ! ਮੇਰੇ ਮਾੜੇ ਕਰਮਾਂ ਕਰਕੇ ਮੈਨੂੰ ਇਹ ਜੀਵਨ ਮਿਲਿਆ ਹੈ। ਮਹਾਤਮਾ ਕਹਿਣ ਲੱਗੇ, "ਬੀਬੀ! ਤੇਰੇ ਕੇਵਲ ਮਾੜੇ ਕਰਮ ਹੀ ਨਹੀਂ ਹਨ ਤੇਰਾ ਕੋਈ ਚੰਗਾ ਕਰਮ ਵੀ ਹੈ" ਕਿਉਂਕਿ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥***
***ਪੰਨਾ - 204***

ਸਾਰੇ ਸਾਸ਼ਤਰਾਂ ਦਾ ਮਤ ਹੈ ਜਦੋਂ ਕੋਈ ਬ੍ਰਹਮਗਿਆਨੀ ਬੀਤਰਾਗ ਮਹਾਤਮਾ ਮਿਲ ਜਾਵੇ, ਇਹ ਜੀਵ ਦਾ ਚੰਗੇ ਕਰਮਾਂ ਦਾ ਹੀ ਫਲ ਹੋਇਆ ਕਰਦਾ ਹੈ।

ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਜੀ ਨੂੰ ਸਿੰਘਾਂ ਨੇ ਪੁਛਿਆ ਕਿ ਮਹਾਰਾਜ! ਤੁਹਾਡੀ ਪ੍ਰਸੰਨਤਾ ਦਾ ਸਾਨੂੰ ਕਿਸ ਤਰ੍ਹਾਂ ਪਤਾ ਲੱਗੇ ਕਿ ਆਪ ਪ੍ਰਸੰਨ ਹੋ? ਮਹਾਰਾਜ ਕਹਿਣ ਲੱਗੇ, "ਜਦੋਂ ਅਸੀਂ ਪ੍ਰਸੰਨ ਹੋਈਏ ਤਾਂ ਅਸੀਂ ਆਪਣਾ ਗੁਰਸਿੱਖ ਉਸ ਨੂੰ ਮਿਲਾ ਦਿੰਦੇ ਹਾਂ।" ਕਹਿਣ ਲੱਗੇ, "ਮਹਾਰਾਜ! ਜੇ ਇਸ ਤੋਂ ਜ਼ਿਆਦਾ ਪ੍ਰਸੰਨ ਹੋਵੋਂ?" ਤਾਂ ਮਹਾਰਾਜ ਫੁਰਮਾਉਣ ਲੱਗੇ, "ਭਾਈ ਤਾਂ ਅਸੀਂ ਦੋ ਮਿਲਾ ਦਿੰਦੇ ਹਾਂ, ਉਸਦਾ ਸਤਿਸੰਗ ਕਰਵਾ ਦਿੰਦੇ ਹਾਂ।" ਕਹਿਣ ਲੱਗੇ, "ਮਹਾਰਾਜ! ਜੇ ਆਪ ਦੀ ਪ੍ਰਸੰਨਤਾ ਇਸ ਤੋਂ ਵੀ ਜ਼ਿਆਦਾ ਹੋਵੇ?" ਆਪ ਨੇ ਫੁਰਮਾਇਆ ਕਿ ਤਾਂ ਅਸੀਂ ਪੰਜ ਸਿੰਘ ਭੇਜ ਦਿੰਦੇ ਹਾਂ ਕਿਉਂਕਿ ਪੰਜਾਂ ਦੇ ਰੂਪ ਵਿਚ ਮੈਂ ਖੁਦ ਉਥੇ ਹਾਜ਼ਰ ਹੋ ਜਾਂਦਾ ਹੈ। ਸੋ ਇਨ੍ਹਾਂ ਨੂੰ ਪੁੰਨ ਕਰਮ ਕਹਿੰਦੇ ਹਨ ਕਿਉਂਕਿ ਪੁੰਨ ਕਰਮ ਤੋਂ ਬਗੈਰ ਮਹਾਂਪੁਰਸ਼ਾਂ ਦੇ ਦਰਸ਼ਨ ਨਹੀਂ ਹੋਇਆ ਕਰਦੇ।

***ਧਾਰਨਾ - ਮੇਲਾ ਪੂਰਿਆਂ ਸੰਤਾਂ ਦਾ ਹੋਵੇ,***
***ਸੁੱਤੇ ਜਦੋਂ ਭਾਗ ਜਾਗਦੇ।***
***ਮੇਰੇ ਪਿਆਰੇ, ਸੁੱਤੇ ਜਦੋਂ ਭਾਗ ਜਾਗਦੇ-2,2.***
***ਮੇਲਾ ਪੂਰਿਆਂ ਸੰਤਾਂ ਦਾ ਹੋਵੇ,.......।***

ਪੂਰਿਆਂ ਸੰਤਾਂ ਦਾ ਮਿਲਾਪ ਜਦੋਂ ਹੋ ਜਾਂਦਾ ਹੈ ਤਾਂ ਪਤਾ ਲਗ ਜਾਂਦਾ ਹੈ ਕਿ ਮੈਂ ਕੌਣ ਹਾਂ। ਭਾਵੇਂ ਸਾਰੀ ਜ਼ਿੰਦਗੀ ਪੜ੍ਹੀ ਜਾਵੇ, ਸੋਚੀ ਜਾਵੇ, ਤੀਰਥ ਯਾਤਰਾ ਕਰੀ ਜਾਵੇ ਪਰ ਇਹ ਸੋਝੀ ਨਹੀਂ ਆਉਂਦੀ ਕਿ ਮੈਂ ਕੌਣ ਹਾਂ ਅਤੇ ਯਥਾਰਥ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਮਹਾਤਮਾ ਕਹਿਣ ਲੱਗੇ, "ਬੀਬੀ! ਚਿੰਤਾ ਨਾ ਕਰ, ਕੁਸੰਗ ਦਾ ਅਸਰ ਸੀ ਅਤੇ ਕੁਸੰਗ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੁੰਦਾ ਹੈ, ਸਤਿਸੰਗਤ ਹੋਇਆ ਕਰਦੀ ਹੈ।" ਕਹਿਣ ਲੱਗੀ, "ਮਹਾਰਾਜ! ਮੇਰਾ ਕਿਸੇ ਤਰ੍ਹਾਂ ਉਧਾਰ ਕਰ ਦਿਓ ਕਿਉਂਕਿ ਮੈਂ ਪਾਪ ਵਿਚ ਇੰਨੀ ਖੁੱਭ ਗਈ ਹਾਂ ਕਿ ਮੈਂ ਬੇਵੱਸ ਹਾਂ, ਪਾਪ ਵਿਚੋਂ ਨਿਕਲਣਾ ਮੁਸ਼ਕਲ ਲਗਦਾ ਹੈ।" ਮਹਾਂਪੁਰਸ਼ਾਂ ਨੇ ਉਸ ਦੇ ਮਨ ਦੀ ਹਾਲਤ ਸਮਝ ਕੇ ਭਾਂਪ ਲਿਆ ਕਿ ਇਹ ਠੀਕ ਹੀ ਕਹਿ ਰਹੀ ਹੈ ਅਤੇ ਇਸ ਨੂੰ ਐਸੀ ਜੁਗਤੀ, ਐਸਾ ਢੰਗ ਦਸਣਾ ਚਾਹੀਦਾ ਹੈ ਜਿਸ ਨਾਲ ਇਸ ਦਾ ਉਧਾਰ ਵੀ ਹੋ ਜਾਵੇ ਤੇ ਇਸ ਨੂੰ ਪਤਾ ਵੀ ਨਾ ਲੱਗ ਸਕੇ। ਉਨ੍ਹਾਂ ਦੇ ਪਾਸ ਜੋ ਤੋਤਾ ਸੀ, ਉਨ੍ਹਾਂ ਨੇ ਇਸ ਨੂੰ ਸਿਖਾਇਆ ਹੋਇਆ ਸੀ ਤੇ ਅੰਮ੍ਰਿਤ ਵੇਲੇ ਤੋਂ ਹੀ ਬੈਖਰੀ ਬਾਣੀ ਦੇ ਅੰਦਰ ਰਾਮ, ਰਾਮ ਬੋਲੀ ਜਾਇਆ ਕਰਦਾ ਸੀ ਅਤੇ ਇਸ ਤਰ੍ਹਾਂ ਪ੍ਰਮੇਸ਼ਰ ਦਾ ਨਾਮ ਜਪਦਾ ਸੀ। ਸੋਚਣ ਲੱਗੇ ਕਿ ਇਹ ਤੋਤਾ ਇਸ ਨੂੰ ਦੇ ਦਿੰਦੇ ਹਾਂ ਕਿ ਇਹ ਇਸ ਦੇ ਨਾਲ 'ਰਾਮ-ਰਾਮ' ਕਿਹਾ ਕਰੇਗੀ। ਅੰਮ੍ਰਿਤ ਵੇਲੇ ਜਾਗਿਆ ਕਰੇਗੀ ਕਿਉਂਕਿ ਹੋਰ ਕੋਈ ਤਰੀਕਾ ਇਸ ਦੇ ਲਈ ਇੰਨਾ ਲਾਹੇਵੰਦ ਨਹੀਂ ਹੋਵੇਗਾ, ਇਸ ਦਾ ਅੰਤਸ਼ਕਰਣ ਪਾਪਾਂ ਵਿਚ ਪ੍ਰਵਿਰਤ ਹੋਣ ਕਰਕੇ ਬਹੁਤ ਮੈਲਾ ਹੋ ਚੁਕਿਆ ਹੈ।

ਪੰਜਵੇਂ ਪਾਤਸ਼ਾਹ ਜੀ ਨੂੰ ਇਕ ਵੇਰਾਂ ਪਿਸ਼ਾਵਰ ਦੀ ਸੰਗਤ ਨੇ ਪੁਛਿਆ ਕਿ ਮਹਾਰਾਜ! ਅਸੀਂ ਵੇਦ ਵੀ ਪੜ੍ਹਦੇ ਹਾਂ, ਸਾਸ਼ਤਰ ਵੀ ਪੜ੍ਹਦੇ ਹਾਂ, ਤੀਰਥ ਯਾਤਰਾ ਵੀ ਕਰਦੇ ਹਾਂ, ਵੇਦਾਂ, ਸਾਸ਼ਤਰਾਂ, ਸਿਮ੍ਰਤੀਆਂ ਦੇ ਅੰਦਰ ਜੋ ਕਰਮ ਲਿਖੇ ਹੋਏ ਹਨ ਉਹ ਵੀ ਅਸੀਂ ਸਾਰੇ ਕਰਦੇ ਹਾਂ। ਆਪ ਕ੍ਰਿਪਾ ਕਰਕੇ ਸਾਨੂੰ ਨਿਸ਼ਚੇ ਪੂਰਵਕ ਦੱਸੋ ਕਿ ਸਾਡੀ ਮੁਕਤੀ ਕਿਵੇਂ ਹੋ ਸਕਦੀ ਹੈ ਤੇ ਇਹ ਭਵਸਾਗਰ ਜੋ ਅਥਾਹ ਹੈ ਜਿਸ ਨੂੰ ਦੁਤਰ ਕਹਿੰਦੇ ਹਨ, ਨਾ



Sri Satguru Jagjit Singh Ji eLibrary NamdhariElibrary@gmail.com

ਤਰਨ ਵਾਲਾ ਕਹਿੰਦੇ ਹਨ ਇਸ ਨੂੰ ਕਿਵੇਂ ਤਰ ਸਕਦੇ ਹਾਂ? ਮਹਾਰਾਜ ਕਹਿਣ ਲੱਗੇ, "ਪਿਆਰਿਓ! ਤਰੀਕਾ ਅਸੀਂ ਤੁਹਾਨੂੰ ਦਸ ਦਿੰਦੇ ਹਾਂ ਤੁਸੀਂ ਧਿਆਨ ਦੇ ਨਾਲ ਸਰਵਣ ਕਰਿਓ।" ਇਹ ਤਰੀਕਾ ਹੁੰਦਾ ਹੈ ਕਿ ਬੰਦਗੀ ਕਰਨ ਵਾਲੇ ਜੋ ਮਹਾਂਪੁਰਸ਼ ਹੁੰਦੇ ਹਨ ਉਨ੍ਹਾਂ ਦੇ ਜੋ ਤੱਤ ਬਚਨ ਹੁੰਦੇ ਹਨ ਉਨ੍ਹਾਂ ਤੱਤ ਬਚਨਾਂ ਦਾ ਨਿਧਿਆਸਨ ਕਰਕੇ ਤਰ ਜਾਈਦਾ ਹੈ।

***ਧਾਰਨਾ - ਭਵਜਲ ਤਰ ਜਾਈਦੈ,***
***ਸੰਤਾਂ ਦੇ ਬਚਨ ਕਮਾ ਕੇ।***
***ਸੰਤਾਂ ਦੇ ਬਚਨ ਕਮਾ ਕੇ - 2, 2.***
***ਭਵਜਲ ਤਰ ਜਾਈਦੈ,........।***

***ਸੰਤਹੁ ਸਾਗਰੁ ਪਾਰਿ ਉਤਰੀਐ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥***
***ਪੰਨਾ - 747***

ਮਹਾਰਾਜ ਕਹਿਣ ਲੱਗੇ ਕਿ ਜੋ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ ਅਤੇ ਬ੍ਰਹਮ ਬਕਤਾ ਮਹਾਂਪੁਰਸ਼ ਹੁੰਦੇ ਹਨ, ਉਨ੍ਹਾਂ ਦੇ ਬਚਨਾਂ ਦੀ ਅਗਰ ਕੋਈ ਕਮਾਈ ਕਰ ਲਵੇ ਤਾਂ ਸੰਸਾਰ ਸਾਗਰ ਤੋਂ ਪਾਰ ਹੋ ਜਾਂਦਾ ਹੈ। ਮਹਾਤਮਾ ਉਪਦੇਸ਼ ਸਾਰੇ ਸੰਸਾਰ ਨੂੰ ਸਾਂਝਾ ਦਿਆ ਕਰਦੇ ਹਨ। ਮਹਾਤਮਾ ਦੀ ਪਦਵੀ ਇਹ ਹੁੰਦੀ ਹੈ ਕਿ ਉਨ੍ਹਾਂ ਨੂੰ ਪ੍ਰਮੇਸ਼ਰ ਤੋਂ ਬਗੈਰ ਸੰਸਾਰ ਵਿਚ ਹੋਰ ਕੋਈ ਦਿਸਿਆ ਨਹੀਂ ਕਰਦਾ, ਕੇਵਲ ਵਾਹਿਗੁਰੂ ਹੀ ਦਿਸਦਾ ਹੈ। ਜੇਕਰ ਇਹ ਕਹਿ ਦਿਤਾ ਜਾਵੇ ਕਿ ਸੰਤ ਹੈ ਨਹੀਂ, ਇਹ ਸਵਾਲ ਹੋਰ ਹੈ। ਜਰਨੈਲ ਹੈ, ਫੌਜ ਵਿਚ ਕਰਨੈਲ ਹੈ, ਅਗਰ ਖਾਲੀ ਥਾਂ ਨਹੀਂ ਭਰੀ, ਉਹਦਾ ਤਾਂ ਕੋਈ ਕਸੂਰ ਨਹੀਂ, ਵਾਹਿਗੁਰੂ ਤਾਂ ਮਾੜੇ ਤੋਂ ਮਾੜੇ ਬੰਦੇ ਨੂੰ ਵੀ ਸੰਤ ਬਣਾ ਦਿੰਦਾ ਹੈ। ਮਹਾਤਮਾ ਬਹੁਤ ਕਰਨੀਆਂ ਕਮਾਈਆਂ ਵਾਲੇ ਹੁੰਦੇ ਸੀ। ਕੋਈ ਪਾਖੰਡ ਜਾਂ ਭੇਖ ਦਾ ਦਿਖਾਵਾ ਨਹੀਂ ਸੀ ਕਰਿਆ ਕਰਦੇ। ਭੇਖ ਜੋ ਹੈ ਇਹ ਰੂਹਾਨੀਅਤ ਦੇ ਅੰਦਰ ਸਭ ਤੋਂ ਵੱਡੀ ਰੁਕਾਵਟ ਹੈ ਕਿਉਂਕਿ ਜਦੋਂ ਰਸ ਤੇ ਗਿਆਨ ਨਾ ਰਹੇ ਤਾਂ ਉਦੋਂ ਆਦਮੀ ਭੇਖ ਦਾ ਆਸਰਾ ਲੈਂਦਾ ਹੈ। ਭੇਖ ਵਿਚ ਆ ਕੇ ਦ੍ਵੈਤ ਆ ਜਾਂਦੀ ਹੈ ਤੇ ਦ੍ਵੈਤ ਵਿਚ ਆ ਕੇ ਆਪਸ ਵਿਚ ਧਰਮਾਂ ਦਾ ਮਜ਼ਹਬਾਂ ਦਾ ਟਕਰਾਓ ਹੋ ਜਾਂਦਾ ਹੈ, ਕਿਉਂਕਿ ਭੇਖ ਦੀ level (ਪੱਧਰ) ਤੇ ਆ ਗਏ। ਜਿਹੜੇ ਆਤਮ ਗਿਆਨ ਦੀ level (ਪੱਧਰ) ਤੇ ਹੁੰਦੇ ਹਨ ਉਹ ਸਭ ਇਕੱਠੇ ਹੋ ਜਾਂਦੇ ਹਨ, ਉਨ੍ਹਾਂ ਵਿਚ ਕੋਈ ਦ੍ਵੈਸ਼ ਨਹੀਂ ਰਹਿੰਦੀ।

ਇਕ ਮਹਾਤਮਾ ਟਹਿਲ ਸਿੰਘ ਸਨ ਅਤੇ ਉਹ ਰਿਸ਼ੀਕੇਸ਼ ਰਿਹਾ ਕਰਦੇ ਸਨ। ਉਹ ਬਹੁਤ ਹੀ ਬੰਦਗੀ ਕਰਨ ਵਾਲੇ ਸਨ। ਇਕ ਵਾਰੀ ਉਨ੍ਹਾਂ ਦੇ ਮਨ ਵਿਚ ਖਿਆਲ ਆ ਗਿਆ, ਮਹਾਤਮਾ ਦੇ ਬੜੇ ਸੂਖਸ਼ਮ ਖਿਆਲ ਹੁੰਦੇ ਹਨ। ਉਨ੍ਹਾਂ ਦੇ ਮਨ ਵਿਚ ਆਇਆ ਇਹ ਗੰਗਾ ਜੋ ਨਾਲ ਵਹਿੰਦੀ ਹੈ, ਸਾਰੇ ਲੋਕ ਇਸ ਦਾ ਸਤਿਕਾਰ ਕਰਦੇ ਹਨ ਤੇ ਇਸ ਦੇ ਪਾਣੀ ਨੂੰ ਪਵਿੱਤਰ ਮੰਨਦੇ ਹਨ। ਮੈਂ ਇਹਦੇ ਵਿਚੋਂ ਪਾਣੀ ਲੈ ਕੇ ਕ੍ਰਿਆ, ਜੰਗਲ, ਮੈਦਾਨ ਆਦਿ ਤੇ ਹੱਥ ਪੈਰ ਧੋਂਦਾ ਹਾਂ ਇਹ ਕੋਈ ਚੰਗੀ ਗੱਲ ਨਹੀਂ ਤੇ ਪਾਣੀ ਕਿਤੋਂ ਹੋਰ ਲਿਆਇਆ ਕਰੀਏ ਇਹ ਗੰਗਾ ਦਾ ਪਾਣੀ ਨਾ ਲਈਏ। ਐਸ ਤਰ੍ਹਾਂ ਵਿਚਾਰ ਕਰ ਰਹੇ ਹਨ ਕਿ ਉਹ ਪਾਣੀ ਕਾਫੀ ਦੂਰ ਹੈ, ਦੋ ਮੀਲ ਤੋਂ ਜਾ ਕੇ ਲਿਆਉਣਾ ਪਿਆ ਕਰੇਗਾ। ਇੰਨਾ ਫੁਰਨਾ ਕਰਕੇ ਬੰਦਗੀ ਵਿਚ ਲੀਨ ਹੋ ਗਏ, ਜਦੋਂ ਨੇਤਰ ਖੋਲ੍ਹੇ ਕੀ ਵੇਖਦੇ ਹਨ ਕਿ ਕੋਈ ਦੋ ਤਿੰਨ ਗਜ਼ ਤੇ ਪਾਣੀ ਧਰਤੀ ਵਿਚੋਂ ਉੱਭਲ ਵਾਂਗ ਉਠ ਰਿਹਾ ਹੈ, ਉਥੇ ਪਾਣੀ ਦਾ ਚਸ਼ਮਾ ਖੁਲ੍ਹ ਗਿਆ, ਜਿੰਨਾ ਚਿਰ ਸੰਤ ਟਹਿਲ ਸਿੰਘ ਜੀਉਂਦੇ ਰਹੇ ਉਹ ਉਸ ਚਸ਼ਮੇ ਦਾ ਪਾਣੀ ਹੀ ਵਰਤਦੇ ਰਹੇ। ਜਿਸ ਦਿਨ ਉਨ੍ਹਾਂ ਨੇ ਸਰੀਰ ਛੱਡ ਦਿਤਾ ਚਸ਼ਮਾ ਉਸੇ ਦਿਨ ਵਾਪਸ ਹੋ ਗਿਆ।

ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਅਤੇ ਇਸ ਤਰ੍ਹਾਂ ਅੱਠ ਹੋਰ ਅੱਤਰ ਸਿੰਘ ਜੀ ਹੋਏ ਹਨ ਤੇ ਸਾਰੇ ਹੀ ਇਕ ਤੋਂ ਇਕ ਵੱਧ ਸਨ। ਆਪ ਰਾਮਪੁਰ ਪਿੰਡ ਵਿਚ ਗੋਖੇ ਦੀ ਛਪੜੀ ਬੰਦਗੀ ਕਰਿਆ ਕਰਦੇ ਸਨ। ਭਾਦੋਂ ਦਾ ਮਹੀਨਾ ਸੀ, ਔੜ ਲੱਗੀ ਹੋਈ ਸੀ, ਰਾਤ ਨੂੰ ਹਲਟ ਚਲਿਆ ਕਰਦੇ ਸਨ। ਹਲਟ ਦਾ ਕੁੱਤਾ ਟੱਕ ਟੱਕ ਦੀ ਅਵਾਜ਼ ਕਰੀ ਜਾਂਦਾ ਸੀ। ਸਰਦਾਰ ਚੈਂਚਲ ਸਿੰਘ ਖੂਹ ਚਲਾ ਰਹੇ ਸਨ, ਹਲਟ ਹੱਕ ਰਹੇ ਸਨ। ਉਸ ਨੇ ਦੇਖਿਆ ਬਾਬਾ ਜੀ ਸਮਾਧੀ ਵਿਚ ਬੈਠੇ ਹਨ ਤੇ ਹਲਟ ਦਾ ਕੁੱਤਾ ਮਹਾਂਪੁਰਸ਼ਾਂ ਦੀ ਬੰਦਗੀ ਵਿਚ ਵਿਘਨ ਪਾ ਰਿਹਾ ਹੈ, ਉਸ ਨੇ ਕੁੱਤੇ ਨੂੰ ਚੁੱਕ ਕੇ ਪਿਛੇ ਹਟਾ ਦਿਤਾ ਤੇ ਟੱਕ ਟੱਕ ਬੰਦ ਹੋ ਗਈ। ਮਹਾਂਪੁਰਸ਼ ਜਦੋਂ ਸਮਾਧੀ 'ਚੋਂ ਉਥਾਨ ਹੋਏ ਤਾਂ ਕਹਿਣ ਲੱਗੇ, "ਭਾਈ ਹਲਟ ਦਾ ਕੁੱਤਾ ਨਹੀਂ ਬੋਲ ਰਿਹਾ?" ਇਹ ਕਹਿਣ ਲੱਗਿਆ, "ਮਹਾਰਾਜ! ਮੈਂ ਚੁੱਕ ਦਿਤਾ ਸੀ।" ਕਹਿਣ ਲੱਗੇ, "ਕਿਉਂ ਭਾਈ?" ਜਵਾਬ ਦਿਤਾ ਕਿ ਮਹਾਰਾਜ! ਆਪ ਨਾਮ ਜਪ ਰਹੇ ਸੀ। ਕਹਿਣ ਲੱਗੇ, "ਸਾਨੂੰ ਤਾਂ ਕੁੱਤਾ ਕੁਝ ਨਹੀਂ ਕਹਿੰਦਾ, ਅਸੀਂ ਟੱਕ-ਟੱਕ ਥੋੜ੍ਹਾ ਸੁਣਦੇ ਹਾਂ ਅਸੀਂ ਤਾਂ ਉਸ ਦੀ ਆਵਾਜ਼ ਨਾਲ ਵਾਹਿਗੁਰੂ-ਵਾਹਿਗੁਰੂ ਸੁਣਦੇ ਹਾਂ।"

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥***
***ਪੰਨਾ - 1420***

ਕਿਉਂਕਿ ਮਹਾਂਪੁਰਸ਼ਾਂ ਦੀ ਬਿਰਤੀ ਹੀ ਐਸੀ ਹੁੰਦੀ ਹੈ ਉਨ੍ਹਾਂ ਨੂੰ ਸਭ ਆਵਾਜ਼ਾਂ ਵਿਚ ਵਾਹਿਗੁਰੂ ਹੀ ਸੁਣਿਆ ਕਰਦਾ ਹੈ।

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ ਪੰਨਾ - 1265***

ਜਾਨਵਰਾਂ ਦੀਆਂ ਆਵਾਜ਼ਾਂ ਵਿਚ ਵੀ ਉਨ੍ਹਾਂ ਨੂੰ ਪ੍ਰਮੇਸ਼ਰ ਦਾ ਨਾਮ ਹੀ ਸੁਣਦਾ ਹੈ ਕਿਉਂਕਿ ਸਾਰਾ ਕੁਛ ਪ੍ਰਮੇਸ਼ਰ ਦਾ ਹੀ ਹੈ ਜਿਸ ਦੀ ਭਾਵਨਾ ਪ੍ਰਬਲ ਹੋ ਜਾਵੇ ਉਸ ਨੂੰ ਪ੍ਰਮੇਸ਼ਰ ਦਾ ਨਾਮ ਹੀ ਸੁਣਿਆ ਕਰਦਾ ਹੈ। ਕਹਿਣ ਲੱਗੇ ਭਾਈ! ਸਾਨੂੰ ਤਾਂ ਕੋਈ ਵਿਕਸ਼ੇਪਤਾ ਨਹੀਂ ਸੀ ਤੂੰ ਬਲਦਾਂ ਨਾਲ ਧੱਕਾ ਕੀਤਾ ਇਨ੍ਹਾਂ ਵਿਚਾਰੇ ਬੇਜ਼ੁਬਾਨਿਆਂ ਦੇ ਕੰਧਿਆਂ ਦੀ ਧੂਅ ਕਿਸ ਤਰ੍ਹਾਂ ਕੱਢਦਾ ਸੀ। ਕਹਿਣ ਲੱਗਾ, "ਮਹਾਰਾਜ! ਮੈਂ ਗਾਧੀ ਨੂੰ ਬਾਹਾਂ ਤੇ ਪੱਟਾਂ ਦੇ ਬਲ ਨਾਲ ਰੋਕ ਲੈਂਦਾ ਸੀ।" ਕਹਿਣ ਲੱਗੇ, "ਇਹ ਤਾਂ ਤੈਨੂੰ ਖੇਚਲ ਹੋਈ ਫੇਰ ਸਾਡਾ ਭਜਨ ਕਾਹਦਾ ਹੋਇਆ।ਸਾਡੇ ਭਜਨ ਨੇ ਤਾਂ ਤੁਹਾਨੂੰ ਦੋਹਾਂ ਨੂੰ ਖੇਚਲ ਕਰ ਦਿਤੀ। ਕਹਿਣ ਲੱਗੇ ਆਪਾਂ ਹਲਟ ਦੇ ਕੁੱਤੇ ਨੂੰ ਹੀ ਕਹਿ ਦਿੰਦੇ ਹਾਂ ਕਿ ਭਾਈ! ਅੱਜ ਤੋਂ ਤੂੰ ਟੱਕ ਟੱਕ ਨਾ ਕਰੀਂ। ਕੁੱਤਾ ਲਾ ਦਿਤਾ ਤੇ ਕੁੱਤਾ ਟੱਕ ਟੱਕ ਕਰਨ ਤੋਂ ਹਟ ਗਿਆ। ਜਿੰਨਾਂ ਚਿਰ ਮਹਾਂਪੁਰਸ਼ਾਂ ਦਾ ਸਰੀਰ ਰਿਹਾ ਉਨਾਂ ਚਿਰ ਕੁੱਤੇ ਨੇ ਟੱਕ ਟੱਕ ਨਹੀਂ ਕੀਤੀ, ਜਦ ਸਰੀਰ ਛੱਡ ਦਿਤਾ ਤਾਂ ਬਹੁਤ ਹੀ ਹੌਲੀ ਬੋਲਦਾ ਸੀ, ਮੁੜ ਕੇ ਉਚੀ ਨਹੀਂ ਬੋਲਿਆ। ਐਸੀ ਅਵਸਥਾ ਮਹਾਂਪੁਰਸ਼ਾਂ ਦੀ ਹੋਇਆ ਕਰਦੀ ਹੈ ਉਨ੍ਹਾਂ ਦੇ ਜੋ ਬਚਨ ਹੁੰਦੇ ਹਨ ਉਹ ਪ੍ਰਮੇਸ਼ਰ ਦੇ ਹੀ ਬਚਨ ਹੁੰਦੇ ਹਨ, ਉਹ ਆਪਣੇ ਵਲੋਂ ਕੁਝ ਨਹੀਂ ਕਿਹਾ ਕਰਦੇ। ਮਹਾਰਾਜ ਫੁਰਮਾਉਣ ਲੱਗੇ, "ਭਾਈ -



Sri Satguru Jagjit Singh Ji eLibrary NamdhariElibrary@gmail.com

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ॥*
*ਸੰਤਹੁ ਸਾਗਰੁ ਪਾਰਿ ਉਤਰੀਐ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ॥*
*ਕੋਟਿ ਤੀਰਥ ਮਜਨ ਇਸਨਾਨਾ*
*ਇਸੁ ਕਲਿ ਮਹਿ ਮੈਲੁ ਭਰੀਜੈ॥*
*ਸਾਧ ਸੰਗਿ ਜੋ ਹਰਿ ਗੁਣ ਗਾਵੈ*
*ਸੋ ਨਿਰਮਲੁ ਕਰਿ ਲੀਜੈ॥* *ਪੰਨਾ - 747*

ਭਾਵੇਂ ਕਰੋੜ ਤੀਰਥਾਂ ਤੇ ਇਸ਼ਨਾਨ ਕਰ ਲਵੋ ਪਰ ਫੇਰ ਵੀ ਮਨ ਦੀ ਮੈਲ ਨਹੀਂ ਲਹਿੰਦੀ, ਸਗੋਂ ਉਸ ਤੋਂ ਵੀ ਜ਼ਿਆਦਾ ਮੈਲਾ ਹੋ ਜਾਵੇਗਾ ਅਤੇ ਸਰੀਰ ਵੀ ਠੀਕ ਨਹੀਂ ਰਹਿਣਾ ਕਿਉਂਕਿ ਸਾਰੇ ਗੰਦੇ ਨਾਲੇ, ਸੀਵਰੇਜ਼ ਦੇ ਨਾਲੇ, ਤੀਰਥਾਂ ਵਿਚ ਪਾ ਦਿਤੇ। ਤੀਰਥਾਂ ਦੇ ਦੇਵਤੇ ਬਹੁਤ ਦੁਖੀ ਹਨ ਅਤੇ ਪ੍ਰਮੇਸ਼ਰ ਕੋਲ ਪੁਕਾਰਾਂ ਕਰ ਰਹੇ ਹਨ ਕਿ ਸੱਚੇ ਪਾਤਸ਼ਾਹ! ਆਹ ਕਲਜੁੱਗ ਵਿਚ ਕੀ ਵਰਤਾਰਾ ਹੋ ਗਿਆ ਕਿ ਕਲਜੁੱਗ ਨੇ ਸਾਰੇ ਤੀਰਥਾਂ ਨੂੰ ਭ੍ਰਿਸ਼ਟ ਕਰ ਦਿਤਾ। ਅੱਗੇ ਕਲਜੁੱਗੀ ਜੀਵਾਂ ਦਾ ਤੀਰਥਾਂ ਤੇ, ਇਸ਼ਨਾਨ ਕਰਕੇ ਕੁਝ ਭਲਾ ਹੋ ਜਾਇਆ ਕਰਦਾ ਸੀ ਤੇ ਹੁਣ ਉਹ ਵੀ ਜਾਂਦਾ ਰਿਹਾ। ਮਹਾਰਾਜ ਕਹਿਣ ਲੱਗੇ ਕਿ ਹੁਣ ਅਸੀਂ ਸਤਿਸੰਗ ਦਾ ਐਸਾ ਤੀਰਥ ਬਣਾ ਦਿਤਾ ਕਿ ਜੇਕਰ ਕੋਈ ਥੋੜ੍ਹੀ ਦੇਰ ਵੀ ਚਿੱਤ ਬਿਰਤੀ ਨੂੰ ਇਕਾਗਰ ਕਰਕੇ ਸਰਵਣ ਕਰ ਲਵੇ ਤਾਂ ਉਸ ਦੇ ਮਨ ਦੀ ਮੈਲ ਦੂਰ ਹੋ ਜਾਂਦੀ ਹੈ।

*ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ*
*ਇਨ ਪੜਿਆ ਮੁਕਤਿ ਨ ਹੋਈ॥*
*ਏਕੁ ਅਖਰੁ ਜੋ ਗੁਰਮੁਖਿ ਜਾਪੈ*
*ਤਿਸ ਕੀ ਨਿਰਮਲ ਸੋਈ॥*
*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ॥*
*ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ*
*ਘਟਿ ਘਟਿ ਨਾਨਕ ਮਾਝਾ॥* *ਪੰਨਾ - 747*

ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਸਹੀ ਉਪਦੇਸ਼ ਪ੍ਰਮੇਸ਼ਰ ਦੇ ਨਾਮ ਦਾ ਹੁੰਦਾ ਹੈ ਕਿਉਂਕਿ ਕਲਜੁੱਗ ਦੇ ਵਿਚ ਹੋਰ ਕੋਈ ਵੀ ਕਿਰਤ ਕਰਮ ਨਹੀਂ ਚਲਦਾ, ਕੇਵਲ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਹੈ। ਪ੍ਰਮੇਸ਼ਰ ਦਾ ਨਾਮ ਸਾਰੇ ਪਾਪਾਂ ਨੂੰ ਦੱਬ ਕੇ ਲੈ ਜਾਂਦਾ ਹੈ, ਇਸ ਤਰ੍ਹਾਂ ਮਹਾਤਮਾ ਕਹਿਣ ਲੱਗੇ ਦੇਖ ਬੀਬੀ! ਕੀ ਤੂੰ ਸਾਡੇ ਬਚਨ ਤੇ ਪਹਿਰਾ ਦੇਵੇਂਗੀ? ਕਹਿਣ ਲੱਗੀ, "ਮਹਾਰਾਜ! ਆਪ ਕ੍ਰਿਪਾ ਕਰ ਦਿਓ। ਮਹਾਤਮਾ ਗਨਕਾ ਨੂੰ ਕਹਿਣ ਲੱਗੇ, "ਦੇਖ ਬੀਬੀ! ਚਾਰ ਤਰ੍ਹਾਂ ਦੀ ਕ੍ਰਿਪਾ ਹੁੰਦੀ ਹੈ ਪਹਿਲੀ ਕ੍ਰਿਪਾ ਪ੍ਰਮੇਸ਼ਰ ਦੀ ਹੁੰਦੀ ਹੈ ਕਿ ਉਸ ਨੇ ਮਨੁੱਖਾ ਸਰੀਰ ਦੇ ਦਿਤਾ। ਦੂਸਰੀ ਕ੍ਰਿਪਾ ਮਾਂ ਬਾਪ ਦੀ ਹੁੰਦੀ ਹੈ ਕਿ ਉਹ ਪਾਲ ਪਲੋਸ, ਸਿਖਿਆ ਦੇ ਕੇ ਪੜ੍ਹਾ ਕੇ ਵੱਡਾ ਕਰ ਦਿੰਦੇ ਹਨ। ਤੀਸਰੀ ਕ੍ਰਿਪਾ ਸੰਤਾਂ, ਮਹਾਂਪੁਰਸ਼ਾਂ ਤੇ ਸਾਸ਼ਤਰਾਂ ਦੀ ਜਿਹੜੇ ਇਸ ਦੇ ਮਨ ਵਿਚ ਗਿਆਨ ਦੀ ਰੁਚੀ ਪੈਦਾ ਕਰ ਦਿੰਦੇ ਹਨ। ਚੌਥੀ ਕ੍ਰਿਪਾ ਇਸ ਨੇ ਆਪਣੇ ਤੇ ਆਪ ਹੀ ਕਰਨੀ ਹੁੰਦੀ ਹੈ-

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥*
*ਪੰਨਾ - 466*

ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ, ਬੰਦਗੀ ਕਰਨੀ, ਮਹਾਂਪੁਰਸ਼ਾਂ ਦੇ ਦੱਸੇ ਹੋਏ ਤਰੀਕੇ ਉਤੇ ਪਹਿਰਾ ਦੇਣਾ। ਰਹਿਤਾਂ ਵਿਚ ਰਹਿ ਕੇ ਕੁਰਹਿਤਾਂ ਤੋਂ ਦੂਰ ਰਹਿਣਾ ਤੇ ਇਹ ਕ੍ਰਿਪਾ ਤੈਨੂੰ ਆਪ ਹੀ ਕਰਨੀ ਪਵੇਗੀ। ਮਹਾਤਮਾ ਨੇ ਫੁਰਮਾਨ ਕੀਤਾ ਕਿ ਅੰਮ੍ਰਿਤ ਵੇਲੇ ਉਠਿਆ ਕਰੀਂ ਤੇ ਇਹ ਤੋਤਾ ਅਸੀਂ ਤੈਨੂੰ ਦੇ ਕੇ ਜਾ ਰਹੇ ਹਾਂ ਇਸ ਨੂੰ ਅਸੀਂ ਸਿਖਾਇਆ ਤੇ ਗਿਝਾਇਆ ਹੋਇਆ ਹੈ ਕਿ ਇਹ ਅੰਮ੍ਰਿਤ ਵੇਲੇ ਦੋ ਵਜੇ ਤੋਂ ਰਾਮ ਰਾਮ ਕਰਨ ਲਗ ਜਾਂਦਾ ਹੈ। ਤੂੰ ਉਠ ਕੇ ਇਸ਼ਨਾਨ ਕਰਕੇ ਪਿੰਜਰੇ ਦੇ ਕੋਲ ਬੈਠ ਜਾਇਆ ਕਰੀਂ ਤੇ ਇਸ ਨੂੰ ਇਕ ਵਾਰੀ ਕਹਿ ਦਿਆ ਕਰੀਂ ਕਿ ਬੋਲ ਗੰਗਾ ਰਾਮ 'ਰਾਮ-ਰਾਮ'। ਪਹਿਲਾਂ ਇਹ ਰਾਮ-ਰਾਮ ਕਹੇਗਾ ਫੇਰ ਏਸ ਦੇ ਮਗਰ ਤੂੰ ਕਹਿੰਦੀ ਰਹੀਂ ਮੁਹਾਰਨੀ ਉਚਾਰੀ ਜਾਵੀਂ। ਪਹਿਲਾਂ ਪਹਿਲ ਇਸ ਤਰ੍ਹਾਂ ਕਰੀਂ ਜਾਵੀਂ ਫੇਰ ਇਹ ਰਾਮ ਬੈਖਰੀ ਬਾਣੀ ਤੋਂ ਬੰਦ ਹੋ ਕੇ ਤੇਰੇ ਅੰਦਰ ਮਧਮਾ 'ਚ ਚਲਿਆ ਜਾਵੇਗਾ। ਉਸ ਵੇਲੇ ਇਹ ਤੋਤਾ ਬੋਲੀ ਜਾਵੇਗਾ, ਤੂੰ ਸੁਣੀ ਜਾਇਆ ਕਰੀਂ। ਉਸ ਤੋਂ ਬਾਅਦ ਤੇਰੇ ਸੁਆਸ ਤੇ ਰਾਮ ਆ ਜਾਵੇਗਾ, ਆਗਿਆ ਚੱਕਰ ਵਿਚ ਆ ਜਾਵੇਗਾ, ਤ੍ਰਿਕੁਟੀ 'ਚ ਰਚ ਜਾਵੇਗਾ ਉਸ ਵੇਲੇ ਤੂੰ ਬਿਰਤੀ 'ਚ ਰਾਮ-ਰਾਮ ਕਰੀਂ ਜਾਈਂ, ਇਹ ਬਾਹਰੋਂ ਰਾਮ-ਰਾਮ ਕਰੀ ਜਾਇਆ ਕਰੇਗਾ ਤੇ ਦਿਨ ਚੜ੍ਹਦੇ ਤਕ ਇਸੇ ਤਰ੍ਹਾਂ ਰਾਮ ਦਾ ਭਜਨ ਕਰਦੀ ਰਿਹਾ ਕਰੀਂ।

*ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ॥*
*ਭਾਈ ਗੁਰਦਾਸ ਜੀ, ਵਾਰ 10/21*

ਮਹਾਤਮਾ ਨੇ ਗਨਕਾ ਨੂੰ ਰਾਮ ਨਾਮ ਦਾ ਉਪਦੇਸ਼ ਕਰ ਦਿਤਾ ਤੇ ਉਸ ਨੂੰ ਕਿਹਾ ਬੀਬੀ ਇਕ ਗੱਲ ਹੋਰ ਧਿਆਨ ਨਾਲ ਸੁਣ ਕਿ ਜਿਹੜਾ ਮੈਂ ਰਾਮ ਤੈਨੂੰ ਦਸ ਰਿਹਾ ਹਾਂ ਉਹ ਐਨਾ ਪਿਆਰ ਕਰਨ ਵਾਲਾ ਹੈ। ਐਨਾ ਦਿਆਲੂ ਕ੍ਰਿਪਾਲੂ ਹੈ ਕਿ ਉਸ ਦਾ ਨਾਮ ਪਤਿਤ ਪਾਵਨ ਹੈ। ਇਹ ਪਾਪੀਆਂ ਨੂੰ ਤਾਰਨ ਵਾਲਾ ਰਾਮ ਹੈ। ਇਹ ਰਾਮ ਪਾਪੀਆਂ ਤੋਂ ਨਫਰਤ ਨਹੀਂ ਕਰਦਾ ਸਗੋਂ ਪਿਆਰ ਦਿੰਦਾ ਹੈ ਤੇ ਉਸ ਦਾ ਫਰਜ਼ ਹੀ ਪਾਪੀਆਂ ਦਾ ਉਧਾਰ ਕਰਨਾ ਹੈ, ਤੂੰ ਆਪਣੇ ਮਨ ਵਿਚ ਘਟੀਆਪਣ ਨਾ ਲਿਆਈ ਕਿ ਮੈਂ ਪਾਪਣ ਹਾਂ ਕਿਉਂਕਿ ਘਟੀਆਪਣ ਦਾ ਅਹਿਸਾਸ ਕਿਸੇ ਦੇ ਨੇੜੇ ਜਾਣ ਲਈ ਬਾਧਾ ਬਣ ਜਾਂਦਾ ਹੈ, ਇਹ ਵਿਘਨ ਬਣ ਜਾਂਦਾ ਹੈ। ਜਦੋਂ ਗੁਰੂ ਦੇ ਦਰ ਤੇ ਆ ਗਏ ਤਾਂ ਜੋ ਤੁਸੀਂ ਕਰ ਚੁੱਕੇ ਹੋ ਉਸ ਨੂੰ ਮਨ ਵਿਚ ਨਾ ਲਿਆਵੋ, ਉਸ ਨੇ ਤੁਹਾਨੂੰ ਦੇਖ ਕੇ ਹੀ ਪ੍ਰਵਾਨ ਕੀਤਾ ਹੈ। ਐਨਾ ਨਹੀਂ ਕਰਨਾ ਚਾਹੀਦਾ ਕਿ ਮੈਂ ਪਾਪੀ ਹਾਂ, ਮੈਂ ਪਾਪੀ ਹਾਂ। ਠੀਕ ਜਦੋਂ ਪਾਪੀ ਸੀਗੇ, ਉਦੋਂ ਸੀ, ਪਰ ਹੁਣ ਤਾਂ ਗੁਰੂ ਦੇ ਬਣ ਗਏ ਹੋ। ਭਾਵੇਂ ਮਾੜੇ ਹਾਂ, ਚੰਗੇ ਹਾਂ, ਤੇਰੇ ਹੀ ਹਾਂ ਇਹੀ ਅਰਦਾਸ ਹੁੰਦੀ ਹੈ ਕਿਉਂਕਿ ਗੁਰੂ ਦਾ ਬਿਰਧ ਹੁੰਦਾ ਹੈ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ॥* *ਪੰਨਾ - 544*

ਸੋ ਘਟੀਆਪਣ ਦਾ ਅਹਿਸਾਸ ਨਾ ਲਿਆਵੀਂ ਕਿਤੇ ਐਸਾ ਨਾ ਹੋਵੇ ਕਿ ਤੇਰੇ ਨਾਮ ਸਿਮਰਨ, ਭਜਨ ਦਾ ਵਕਤ ਪਿਛਲੇ ਪਾਪਾਂ ਨੂੰ ਯਾਦ ਕਰ ਕਰ ਕੇ ਲੰਘ ਜਾਵੇ। ਠੀਕ ਹੈ!



Sri Satguru Jagjit Singh Ji eLibrary NamdhariElibrary@gmail.com

ਤੇਰਾ ਜੀਵਨ ਪਾਪਾਂ ਦੇ ਨਾਲ ਲੱਥ ਪੱਥ ਹੋਇਆ ਪਿਆ ਹੈ ਪਰ ਅਸੀਂ ਤੈਨੂੰ ਇਕ ਸਾਬਣ ਦੇ ਕੇ ਚੱਲੇ ਹਾਂ ਇਹ ਤੇਰੇ ਪਾਪਾਂ ਨੂੰ ਧੋ ਦੇਵੇਗਾ। ਮਹਾਤਮਾ ਨੇ ਪ੍ਰਮੇਸ਼ਰ ਦਾ ਨਾਮ ਦੇ ਦਿਤਾ ਤੇ ਜਪਣ ਦੀ ਜੁਗਤੀ ਦਸ ਦਿਤੀ ਤੇ ਨਾਲ ਇਹ ਵੀ ਕਹਿ ਦਿਤਾ ਬੀਬੀ! ਜਦੋਂ ਤੈਨੂੰ ਕਦੀ ਵਿਹਲ ਮਿਲੇ ਤਾਂ ਸਾਡਾ ਆਸ਼ਰਮ ਨਹਿਰ ਦੇ ਨੇੜੇ ਹੀ ਹੈ ਤੇ ਉਥੇ ਸਤਿਸੰਗ ਵਿਚ ਆ ਜਾਇਆ ਕਰੀਂ ਤੇ ਨਾਲੇ ਬਚਨ ਸਰਵਣ ਕਰ ਲਿਆ ਕਰੀਂ ਕਿਉਂਕਿ ਸਤਿਸੰਗ ਇਕ ਕਿਲਾ ਹੋਇਆ ਕਰਦਾ ਹੈ, ਇਸ ਦੇ ਅੰਦਰਲੇ ਦੁਸ਼ਮਣ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਬਖੀਲੀ ਜਦੋਂ ਮਾਰ ਕਰਦੇ ਹਨ ਤਾਂ ਸਤਿਸੰਗ ਦਾ ਕਿਲਾ ਉਨ੍ਹਾਂ ਦੀ ਵਾਹ ਲੱਗਣ ਨਹੀਂ ਦਿੰਦਾ ਇਸ ਨੂੰ ਰੋਕ ਲਿਆ ਕਰਦਾ ਹੈ। ਸਤਿਸੰਗ ਇਕ ਇਕੱਠੇ ਬਹਿ ਕੇ (collective) (ਸੰਗਤੀ) ਭਜਨ ਕਰਨਾ ਹੋਇਆ ਕਰਦਾ ਹੈ, ਇਸ ਕਰਕੇ ਕਦੇ ਕਦਾਈ ਸਤਿਸੰਗ ਵਿਚ ਆ ਜਾਇਆ ਕਰ ਤੇਰੀ ਬਿਰਤੀ ਨਾਮ ਵਲ ਲੱਗੀ ਰਹੇਗੀ।

ਗਨਕਾ ਨੇ ਮਹਾਤਮਾ ਦੇ ਬਚਨਾਂ ਅਨੁਸਾਰ ਅੰਮ੍ਰਿਤ ਵੇਲੇ ਦੋ ਵਜੇ ਉਠਣਾ ਸ਼ੁਰੂ ਕਰ ਦਿਤਾ ਤੇ ਇਸ਼ਨਾਨ ਕਰਕੇ ਤੋਤੇ ਦੇ ਅੱਗੇ ਬੈਠ ਜਾਣਾ ਤੇ ਫੇਰ ਇਕ ਵਾਰ ਉਸ ਨੂੰ ਕਹਿ ਦੇਣਾ ਬੋਲ ਗੰਗਾ ਰਾਮਾ! ਰਾਮ-ਰਾਮ, ਉਸ ਨੇ ਪਹਿਲਾਂ ਰਾਮ-ਰਾਮ ਕਹਿਣਾ ਇਸ ਨੇ ਪਿਛੇ-ਪਿਛੇ ਰਾਮ ਰਾਮ ਕਰੀ ਜਾਣਾ। ਇਸ ਤਰ੍ਹਾਂ ਕਰਦੇ ਕਰਦੇ ਹੌਲੀ-ਹੌਲੀ ਅਵਸਥਾ ਚੜ੍ਹ ਗਈ ਕਿਉਂਕਿ ਇਹ ਪ੍ਰਮੇਸ਼ਰ ਦੇ ਨਾਮ ਵਿਚ ਸ਼ਕਤੀ ਹੈ। ਇਹ ਨਾਮ ਪ੍ਰਮੇਸ਼ਰ ਦੇ ਨਾਲ ਜੁੜਿਆ ਹੋਣ ਕਰਕੇ ਉਸ ਦਾ ਰੂਪ ਹੈ ਬਲਕਿ ਇਥੋਂ ਤਕ ਵੀ ਕਹਿੰਦੇ ਹਨ ਕਿ ਨਾਮੀ ਦੇ ਨਾਲੋਂ ਨਾਮ ਉਚਾ ਹੈ। ਇਹ ਜਿਸ ਥਾਂ ਤੋਂ ਆ ਰਿਹਾ ਹੈ ਆਤਮ ਮੰਡਲ ਦੇ ਵਿਚੋਂ ਬਿਰਤੀ ਨੂੰ ਉਸ ਪਾਸੇ ਖਿਚਣਾ ਸ਼ੁਰੂ ਕਰ ਦਿੰਦਾ ਹੈ। ਬੈਖਰੀ ਤੋਂ ਆਪਣੇ ਆਪ ਹੀ ਅੰਦਰ ਨੂੰ ਚਲ ਪੈਂਦਾ ਹੈ। ਜਿਸ ਥਾਂ ਤੇ ਨਾਮ ਦਾ ਨਿਵਾਸ ਹੈ, ਉਧਰ ਵਾਲੇ ਪਾਸੇ ਨੂੰ ਬਿਰਤੀ ਖਿਚਦਾ ਹੈ। ਇਸ ਦੇ ਵਿਚ ਕਈ ਚੀਜ਼ਾਂ ਆਉਂਦੀਆਂ ਹਨ, ਰਸ ਵੀ ਆਉਂਦਾ ਹੈ, ਰੋਸ਼ਨੀ ਵੀ ਆਉਂਦੀ ਹੈ ਤੇ ਅਨਹਦ ਸ਼ਬਦ ਵੀ ਆਉਂਦਾ ਹੈ। ਕਿਸੇ ਤਰੀਕੇ ਨਾਲ ਖਿੱਚ ਲਵੇ ਇਸ ਨੇ ਅੰਦਰ ਨੂੰ ਖਿੱਚ ਲੈਣਾ ਹੈ। ਉਸ ਦਾ ਰਸ ਇਹਦੇ ਅੰਦਰ ਪੈਦਾ ਹੋਣ ਕਰਕੇ ਬੀਬੀ ਦਾ ਜੀਅ ਲਗਣ ਲਗ ਪਿਆ। ਅੰਮ੍ਰਿਤ ਵੇਲੇ ਸ਼ੌਕ ਦੇ ਨਾਲ ਉਠ ਖੜ੍ਹਦੀ ਸੀ। ਜਿਸ ਨੂੰ ਸ਼ੌਕ ਹੈ ਖਿੱਚ ਹੈ, ਨਾਮ ਜਪਣ ਦੀ ਉਹ ਆਰਾਮ ਨਾਲ ਨਹੀਂ ਬੈਠਿਆ ਕਰਦੇ, ਅੰਮ੍ਰਿਤ ਵੇਲੇ ਜਾਗਦੇ ਹਨ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓਹ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓਹ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

***ਡਾ. ਭਾਈ ਵੀਰ ਸਿੰਘ ਜੀ***

ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਮਿਲਣਾ ਹੈ, ਜਿਨ੍ਹਾਂ ਦੇ ਹਿਰਦੇ ਦੇ ਅੰਦਰ ਬੈਰਾਗ ਹੈ, ਜਿਨ੍ਹਾਂ ਨੂੰ ਪਤਾ ਹੈ ਕਿ ਛਿਨ ਛਿਨ ਕਰਕੇ ਉਮਰ ਲੰਘਦੀ ਜਾ ਰਹੀ ਹੈ, ਉਨ੍ਹਾਂ ਨੂੰ ਫਿਕਰ ਪਿਆ ਹੁੰਦਾ ਹੈ ਕਿ ਛੇਤੀ ਤੋਂ ਛੇਤੀ ਪ੍ਰਮੇਸ਼ਰ ਦਾ ਨਾਮ ਜਪੀਏ, ਉਹ ਹਿੰਮਤ ਕਰਕੇ ਜਾਗਦੇ ਹਨ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਅੰਮ੍ਰਿਤ ਵੇਲੇ ਓ ਕੌਣ ਜਾਗਦੇ,***
***ਅੰਮ੍ਰਿਤ ਵੇਲੇ ਓ ਕੌਣ ਜਾਗਦੇ।***
***ਕੋਈ ਜਾਗਦੇ ਨੇ ਰਾਮ ਪਿਆਰੇ - 2, 2.***

***ਭਿੰਨੀ ਰੈਨੜੀਐ ਚਾਮਕਨਿ ਤਾਰੇ॥***
***ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥***
***ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥***
***ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥***
***ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ॥***
***ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ॥***

***ਪੰਨਾ - 459***

ਪ੍ਰਮੇਸ਼ਰ ਦੇ ਪਿਆਰੇ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਦੇ ਹਨ, ਬਿਰਤੀ ਨੂੰ ਇਕਾਗਰ ਕਰਕੇ, ਚੌਂਕੜਾਂ ਮਾਰ ਕੇ ਇਕਾਂਤ ਥਾਂ ਤੇ ਬੈਠ ਜਾਂਦੇ ਹਨ। ਸੁਰਤੀ ਨੂੰ ਅੰਦਰ ਖਿਚਦੇ ਹਨ, ਵਾਸ਼ਨਾਵਾਂ ਤੇ ਫੁਰਨੇ ਸਭ ਬੰਦ ਕਰ ਦਿੰਦੇ ਹਨ। ਕੋਈ ਚੀਜ਼, ਕੋਈ ਖਿਆਲ ਨਹੀਂ ਆਉਣ ਦਿੰਦੇ, ਇਹ ਪ੍ਰਭੂ ਦਾ ਟਾਈਮ ਹੈ ਕਿਉਂਕਿ ਬਾਕੀ 21 ਘੰਟੇ ਸੰਸਾਰ ਦੇ ਕੰਮਾਂ ਵਾਸਤੇ ਹੀ ਤਾਂ ਲਗਦੇ ਹਨ। ਘੱਟੋ-ਘੱਟ ਢਾਈ, ਤਿੰਨ ਘੰਟੇ ਦਾ ਸਮਾਂ ਦਸਵੰਧ ਵਜੋਂ ਕੱਢਣਾ ਚਾਹੀਦਾ ਹੈ, ਪੈਸੇ ਨਾਲੋਂ ਸਮੇਂ ਦਾ ਦਸਵੰਧ ਕੱਢਣਾ ਬਹੁਤ ਫਲਦਾਇਕ ਹੋਇਆ ਕਰਦਾ ਹੈ। ਜਿਸ ਵਕਤ ਮਨੁੱਖ ਮਾਂ ਦੇ ਪੇਟ ਵਿਚ ਸੀ ਤਾਂ ਇਸ ਨੇ ਵਾਅਦੇ ਕੀਤੇ ਸਨ ਕਿ ਹੇ ਪ੍ਰਭੂ! ਮੈਨੂੰ ਇਥੋਂ ਕੱਢ ਲੈ, ਮੈਂ 24 ਘੰਟੇ ਤੇਰਾ ਨਾਮ ਜਪਾਂਗਾ ਤਾਂ ਆਵਾਜ਼ ਆਉਂਦੀ ਸੀ ਕਿ ਐ ਜੀਵ! 24 ਘੰਟੇ ਤਾਂ ਕੀ ਤੂੰ ਤਾਂ ਇਕ ਮਿੰਟ ਵੀ ਨਾਮ ਨਹੀਂ ਜਪਣਾ ਕਿਉਂਕਿ ਮੇਰੀ ਮਾਇਆ ਬੜੀ ਪ੍ਰਬਲ ਹੈ। ਇਸ ਨੇ ਸਾਰੇ ਸੰਸਾਰ ਨੂੰ ਮੋਹ ਲਿਆ ਹੈ ਫੇਰ ਤੈਨੂੰ ਯਾਦ ਵੀ ਨਹੀਂ ਰਹਿਣਾ ਪਰ ਤੈਨੂੰ ਮੇਰੇ ਸਾਧੂ, ਸੰਤ, ਗੁਰਮੁਖ ਪਿਆਰੇ ਯਾਦ ਕਰਵਾਉਣਗੇ ਪਰ ਤੂੰ ਇਸ ਕੰਨ ਤੋਂ ਸੁਣ ਕੇ ਦੂਜੇ ਕੰਨੋਂ ਕੱਢ ਦੇਣੀ ਹੈ। ਜੀਵ ਕਹਿਣ ਲੱਗਿਆ, "ਨਹੀਂ ਮਹਾਰਾਜ! ਮੈਂ ਤਾਂ 24 ਘੰਟੇ ਨਾਮ ਜਪਾਂਗਾ।" ਕਹਿਣ ਲੱਗੇ, ਠੀਕ ਹੈ ਜੇ ਤੂੰ 24 ਘੰਟੇ ਨਾਮ ਜਪੇਂਗਾ ਤਾਂ ਤੇਰਾ ਚਾਕਰ, ਗੋਲਾ ਬਣ ਕੇ, ਤੇਰੇ ਸਾਰੇ ਕੰਮ ਮੈਂ ਕਰਾਂਗਾ ਤੈਨੂੰ ਕਿਸੇ ਕੰਮ ਨੂੰ ਕਰਨ ਦੀ ਲੋੜ ਨਹੀਂ ਪਵੇਗੀ। ਪਰ ਤੂੰ ਵਾਅਦੇ ਕਰਦੈਂ, ਤੈਥੋਂ ਹੋਣਾ ਨਹੀਂ, ਤੂੰ ਗ੍ਰਹਿਸਤ ਵਿਚ ਰਹੀਂ, ਪਰਿਵਾਰ ਦੇ ਕੰਮ ਵੀ ਕਰੀਂ ਪਰ ਢਾਈ ਘੰਟੇ ਦਸਵੰਧ ਦੇ ਕੱਢ ਦਿਆ ਕਰੀਂ ਇਹ ਵੀ ਮੈਂ ਤੇਰਾ ਪ੍ਰਵਾਨ ਕਰ ਲਵਾਂਗਾ ਤੇ 24 ਘੰਟੇ ਮੁਜਰੇ ਪਾ ਦਿਆ ਕਰਾਂਗਾ। ਐਨਾ ਵਾਅਦਾ ਕਰਕੇ ਫੇਰ ਯਾਦ ਕਰਵਾਉਂਦੇ ਹਨ ਕਿ -

***ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ***
***ਸੋ ਕਿਉ ਮਨਹੁ ਵਿਸਾਰੀਐ॥***
***ਮਨਹੁ ਕਿਉ ਵਿਸਾਰੀਐ ਏਵਡੁ ਦਾਤਾ***
***ਜਿ ਅਗਨਿ ਮਹਿ ਆਹਾਰੁ ਪਹੁਚਾਵਏ॥ ਪੰਨਾ - 920***

ਜਿਹੜੇ ਐਸੇ ਬਿਖਮ ਥਾਵਾਂ ਤੇ ਤੇਰੀ ਰੱਖਿਆ ਕਰਦਾ ਰਿਹੈ ਤੂੰ ਹੁਣ ਉਸ ਨੂੰ ਭੁੱਲ ਕੇ ਕਿਉਂ ਬੈਠ ਗਿਆ?

***ਕਬੀਰ ਸੂਤਾ ਕਿਆ ਕਰਹਿ***
***ਉਠਿ ਕਿ ਨ ਜਪਹਿ ਮੁਰਾਰਿ॥***
***ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥***

***ਪੰਨਾ - 1371***

ਫੇਰ ਤੈਨੂੰ ਜਿੰਨਾ ਮਰਜ਼ੀ ਸੌਂ ਲਵੀਂ, ਫੇਰ ਕੋਈ ਨਹੀਂ ਜਗਾਵੇਗਾ ਪ੍ਰੇਮੀਆ!

***ਧਾਰਨਾ - ਤੈਨੂੰ ਕਿਸੇ ਨੇ ਜਗਾਉਣਾ ਨਹੀਂ***
***ਰੱਜ ਕੇ ਸੌਂ ਲਈ।***



Sri Satguru Jagjit Singh Ji eLibrary NamdhariElibrary@gmail.com

ਫੇਰ ਤੈਨੂੰ ਕਿਸੇ ਨੇ ਨਹੀਂ ਜਗਾਉਣਾ ਅਤੇ ਨਾ ਹੀ ਤੂੰ ਆਵਾਜ਼ ਮਾਰੇ ਤੋਂ ਜਾਗ ਸਕੇਂਗਾ ਪਰ ਹੁਣ ਤੇਰਾ ਜਾਗਣ ਦਾ ਮੌਕਾ ਹੈ, ਪਿਆਰਿਆ! ਜਾਗ ਭਾਈ ਜਾਗ ਤੈਨੂੰ ਸਤਿਗੁਰ ਦਾ ਹੁਕਮ ਹੈ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥***
***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***
***ਸੋ ਗੁਰਸਿਖੁ ਗੁਰੂ ਮਨਿ ਭਾਵੈ॥***
***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥***
***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 306***

ਜਿਹੜਾ ਆਪ ਵੀ ਜਪਦਾ ਹੈ ਤੇ ਹੋਰਨਾਂ ਨੂੰ ਵੀ ਨਾਮ ਜਪਾਉਂਦਾ ਹੈ ਉਸ ਨੂੰ ਕਿੱਡੀ ਉਚ ਪਦਵੀ ਦਿੰਦੇ ਹਨ ਮਹਾਰਾਜ? ਪਰ ਕਿਸੇ ਦੁਨੀਆਂਦਾਰ ਨੂੰ ਐਸੀ ਪਦਵੀ ਨਹੀਂ ਦਿੰਦੇ, ਨਾ ਹੀ ਮਾਇਆਧਾਰੀ ਨੂੰ ਦਿੰਦੇ ਹਨ ਕਿਉਂਕਿ ਮਾਇਆਧਾਰੀ ਬਾਰੇ ਇੰਜ ਫੁਰਮਾਨ ਹੈ -

***ਮਾਇਆਧਾਰੀ ਅਤਿ ਅੰਨਾ ਬੋਲਾ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ ਪੰਨਾ - 313***

ਇਹ ਆਖਰੀ ਹੱਦ (extreme) ਤਕ ਅੰਨ੍ਹਾ ਹੈ ਤੇ ਆਖਰੀ ਹੱਦ ਤਕ ਹੀ ਬੋਲਾ ਹੈ ਅਤੇ ਇਸ ਦੇ ਅੰਦਰ ਜੋ ਨਿਰੰਤਰ ਸ਼ਬਦ ਹੋ ਰਿਹਾ ਹੈ ਇਸ ਨੂੰ ਸੁਣਾਈ ਨਹੀਂ ਦਿੰਦਾ, ਇਸ ਦੇ ਅੰਦਰ 24 ਘੰਟੇ ਅਨਹਦ ਨਾਦ ਵਜਦਾ ਹੈ, ਪਰ ਅਫਸੋਸ ਕਿ ਉਸ ਅਨਹਦ ਨਾਦ ਨੂੰ ਕੋਈ ਵੀ ਨਹੀਂ ਸੁਣਦਾ। ਆਵਾਜ਼ ਆ ਰਹੀ ਹੈ -

***ਦਿਲਾ ਕਾ ਮਾਲਕੁ ਕਰੇ ਹਾਕੁ॥ ਪੰਨਾ - 897***

ਨਾਦ ਵਜਾ ਕੇ ਹਾਕਾਂ ਮਾਰ ਰਿਹਾ ਹੈ ਤੇ ਕਹਿੰਦਾ ਹੈ ਪਿਆਰਿਆ! ਆ ਜਾ ਮੇਰੇ ਵੱਲ ਨੂੰ, ਪਰ ਕੋਈ ਨਹੀਂ ਆਉਂਦਾ, ਰੱਬ ਨੂੰ ਪਿੱਠ ਦੇ ਕੇ ਮਨਮੁਖ ਹੋਇਆ ਫਿਰਦਾ ਹੈ। ਜੇ ਤੈਨੂੰ ਬਹੁਤ ਸੋਹਣੇ ਹੋਣ ਦਾ ਗੁਮਾਨ ਹੈ, ਵੱਡੀ ਕੁਲ ਵਿਚੋਂ ਹੋਣ ਦਾ ਘੁਮੰਡ ਹੈ, ਬਹੁਤ ਚਤੁਰ ਹੋਣ ਦਾ ਅਭਿਮਾਨ ਹੈ ਤੇ ਮੰਤਕਾਂ ਤੇ ਗੱਲਾਂਬਾਤਾਂ ਵਿਚ ਤੂੰ ਕਿਸੇ ਨੂੰ ਵਾਰੇ ਨਹੀਂ ਆਉਣ ਦਿੰਦਾ ਇਸ ਦਾ ਮਾਣ ਹੈ, ਪਰ ਸੁਣ ਤਾਂ ਸਹੀ ਮਹਾਰਾਜ ਤੇਰੇ ਬਾਰੇ ਕੀ ਫੁਰਮਾਨ ਕਰਦੇ ਹਨ -

***ਧਾਰਨਾ - ਮ੍ਰਿਤਕ ਕਹੀਐ ਨਾਨਕਾ - 2***
***ਜੇ ਪ੍ਰੀਤ ਨਹੀਂ ਭਗਵੰਤ - 2, 4***

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਪੰਨਾ - 253***

ਜੇਕਰ ਜ਼ਿੰਦਗੀ ਦੀ ਰੌਅ ਨਹੀਂ ਰੁਮਕੀ, ਅੰਦਰ ਪਿਆਰ ਨਹੀਂ ਜਾਗਿਆ ਅਤੇ ਪ੍ਰਮੇਸ਼ਰ ਨੂੰ ਕਦੇ ਪਿਆਰ ਦੇ ਨਾਲ ਅਵਾਜ਼ਾਂ ਨਹੀਂ ਮਾਰੀਆਂ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ ਹੂ-ਅੱਲਾਹ ਹੂ ਨਹੀਂ ਕੀਤਾ ਤਾਂ ਭਾਈ! ਤੂੰ ਮਰਿਆ ਹੋਇਆ ਬੰਦਾ ਹੈਂ, ਬੇਸ਼ੱਕ ਤੇਰੇ ਵਿਚ ਆਖਰੀ ਹੱਦ ਤਕ ਉਪਰਲੇ ਸਾਰੇ ਗੁਣ ਹੋਣ। ਅਸੀਂ ਤੁਰਦੇ ਹਾਂ, ਫਿਰਦੇ ਹਾਂ, ਬੜੇ ਬੜੇ ਕੰਮ ਕਰਦੇ ਹਾਂ, ਮਹਾਰਾਜ ਕਹਿੰਦੇ ਹਨ ਤੁਸੀਂ ਇਸ ਤੋਂ ਵੀ ਅੱਗੇ ਇਹੋ ਜਿਹੇ ਕੰਮ ਕਰਕੇ ਭੂਤ ਵੀ ਬਣੇ ਫਿਰਦੇ ਹੋ।

***ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥***
***ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥***
***ਪੰਨਾ - 1374***

ਜਿਸ ਦੇ ਘਰ ਵਿਚ ਸਾਧੂ ਮਹਾਤਮਾ ਦੇ ਚਰਨ ਨਹੀਂ ਪੈਂਦੇ, ਘਰ ਵਿਚੋਂ ਜਪੁਜੀ ਸਾਹਿਬ, ਬਾਣੀ ਦੀ ਅਵਾਜ਼ ਨਹੀਂ ਆਉਂਦੀ, ਰਹਿਰਾਸ ਨਹੀਂ ਪੜ੍ਹੀ ਜਾਂਦੀ, ਉਹ ਘਰ, ਘਰ ਨਹੀਂ ਹੁੰਦੇ ਭਾਈ! ਉਹ ਤਾਂ ਮੜ੍ਹੀਆਂ ਵਰਗੇ ਹੁੰਦੇ ਹਨ ਅਤੇ ਉਨ੍ਹਾਂ ਵਿਚ ਰਹਿਣ ਵਾਲੇ ਚਲਦੇ ਫਿਰਦੇ ਸਰੀਰਧਾਰੀ ਭੂਤ, ਪ੍ਰੇਤ ਹੀ ਹੋਇਆ ਕਰਦੇ ਹਨ।

ਸੋ ਮਹਾਤਮਾ ਕਹਿਣ ਲੱਗੇ, "ਬੀਬੀ! ਪ੍ਰਮੇਸ਼ਰ ਦੇ ਨਾਮ ਵਿਚ ਐਸੀ ਸੱਤਾ ਹੈ ਕਿ ਇਸ ਨਾਲ ਖੋਟੀ ਮੱਤ ਸਿੱਧੀ ਹੋ ਜਾਂਦੀ ਹੈ। ਸੋ ਇਸ ਤੋਤੇ ਦੀ ਮਦਦ ਨਾਲ ਜਦੋਂ ਤੇਰੀ ਬਿਰਤੀ ਉਚੀ ਉਠ ਜਾਵੇਗੀ ਤਾਂ ਤੇਰੇ ਅੰਦਰ ਪ੍ਰਕਾਸ਼ ਆ ਜਾਵੇਗਾ ਤੇ ਤੇਰੀ ਲਿਵ ਲੱਗ ਜਾਵੇਗੀ।"

***ਦੁਰਮਤਿ ਦੇਖਿ ਦਇਆਲ ਹੋਇ ਹਥਹੁੰ ਉਸ ਨੋ ਦਿਤੋਨੁ ਤੋਤਾ॥***
***ਭਾਈ ਗੁਰਦਾਸ ਜੀ, ਵਾਰ 10/21***

ਮਹਾਤਮਾ ਉਸ ਦੀ ਖੋਟੀ ਮੱਤ ਨੂੰ ਵੀਚਾਰ ਕੇ ਉਸ ਨੂੰ ਦੂਰ ਕਰਨ ਲਈ ਦਇਆਲ ਹੋ ਗਏ, ਉਸ ਨੂੰ ਨਫਰਤ ਜਾਂ ਘਿਰਣਾ ਨਹੀਂ ਕੀਤੀ ਸਗੋਂ ਉਸ ਨੂੰ ਸਚਾਈ ਦੇ ਰਾਹ ਤੇ ਲਾ ਦਿਤਾ ਤਾਂ ਕਿ ਉਸ ਦਾ ਉਧਾਰ ਹੋ ਜਾਵੇ ਤੇ ਉਸ ਦੀ ਖੋਟੀ ਮਤ ਦੂਰ ਹੋ ਜਾਵੇ ਕਿਉਂਕਿ ਵਾਹਿਗੁਰੂ ਦੇ ਨਾਮ ਵਿਚ ਇਹ ਸ਼ਕਤੀ ਹੈ -

***ਧਾਰਨਾ - ਜਪ ਕੇ ਨਾਮ ਵਾਹਿਗੁਰੂ ਤੇਰਾ,***
***ਦੁਰਮਤ ਦੂਰ ਹੋ ਗਈ।***
***ਦੁਰਮਤ ਦੂਰ ਹੋ ਗਈ - 2, 4.***
***ਜਪ ਕੇ ਨਾਮ ਵਾਹਿਗੁਰੂ ਤੇਰਾ,........।***

***ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ॥***
***ਲਿਵਲਾਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ॥***
***ਭਾਈ ਗੁਰਦਾਸ ਜੀ, ਵਾਰ 10/21***

ਗਨਕਾ ਦੀ ਲਿਵ ਲੱਗ ਗਈ ਤੇ ਹੁਣ ਜਿਸ ਦਿਨ ਥੋੜ੍ਹਾ ਲੇਟ ਹੋ ਜਾਂਦੀ ਹੈ ਤਾਂ ਮਨ ਵਿਚ ਆਉਂਦਾ ਹੈ ਕਿ ਅੱਜ ਮੈਂ ਰਾਮ ਰਾਮ ਨਹੀਂ ਕਿਹਾ, ਮੇਰਾ ਟਾਈਮ ਖੁੰਝ ਗਿਆ। ਹੁਣ ਨਾਮ ਅੰਦਰ ਵਸ ਗਿਆ ਤੇ ਸਾਰੇ ਰਾਮ-ਰਾਮ ਦੀ ਗੂੰਜ ਸੁਣਾਈ ਦਿੰਦੀ ਹੈ, ਨਾਮ ਦਾ ਪਹਿਲਾ ਕੰਮ ਇਹ ਹੁੰਦਾ ਹੈ ਕਿ ਇਹ ਅੰਤਸ਼ਕਰਣ ਦੀ ਮੈਲ ਧੋ ਦਿੰਦਾ ਹੈ।

***ਪਤਿਤ ਉਧਾਰਣੁ ਰਾਮ ਨਾਮ ਦੁਰਮਤਿ ਪਾਪ ਕਲੇਵਰੁ ਧੋਤਾ॥***
***ਭਾਈ ਗੁਰਦਾਸ ਜੀ, ਵਾਰ 10/21***

ਪਾਪਾਂ ਨਾਲ ਜੋ ਅੰਤਸ਼ਕਰਣ ਭਰਿਆ ਪਿਆ ਸੀ ਪ੍ਰਭੂ ਦੇ ਨਾਮ ਨਾਲ ਨਿਰਮਲ ਹੋ ਗਿਆ, ਮਿਸਾਲ ਨਾਲ ਇਹ ਗੱਲ ਸਮਝ ਆ ਜਾਵੇਗੀ ਜਿਵੇਂ ਇਕ ਗੰਦਾ ਕੜਾਹਾ ਹੋਵੇ ਅਤੇ ਉਸ ਦੇ ਵਿਚ ਗੰਦਾ ਪਾਣੀ ਹੋਵੇ ਤਾਂ ਉਸ ਨੂੰ ਨਲਕੇ ਦੇ



Sri Satguru Jagjit Singh Ji eLibrary NamdhariElibrary@gmail.com

ਹੇਠਾਂ ਰੱਖ ਦਿਓ ਤੇ ਨਲਕੇ ਨੂੰ ਦਿਨ ਰਾਤ ਚੱਲੀ ਜਾਣ ਦਿਓ ਤੇ ਉਸ ਦਾ ਗੰਦਾ ਪਾਣੀ ਵਹਿ ਵਹਿ ਕੇ ਬਾਹਰ ਨਿਕਲ ਜਾਵੇਗਾ, ਇਕ ਦਿਨ ਐਸਾ ਆਵੇਗਾ ਕਿ ਕੜਾਹੇ ਦਾ ਜਲ ਬਿਲਕੁਲ ਨਿਰਮਲ ਹੋ ਜਾਵੇਗਾ।

ਇਸੇ ਤਰ੍ਹਾਂ ਜੇ ਮੀਂਹ ਵਿਚ ਕੋਈ ਗੰਦੇ ਪਾਣੀ ਦਾ ਬਰਤਨ ਪਿਆ ਹੈ ਤੇ ਮੂਹਲੇਧਾਰ ਬਾਰਸ਼ ਹੋ ਰਹੀ ਹੈ, ਮੈਲਾ ਤੇ ਗੰਦਾ ਪਾਣੀ ਸਾਰਾ ਨਿਕਲ ਜਾਵੇਗਾ ਤੇ ਵਿਚ ਸਾਫ ਤੇ ਨਿਰਮਲ ਪਾਣੀ ਰਹਿ ਜਾਵੇਗਾ। ਇਸੇ ਤਰ੍ਹਾਂ ਮਾੜੇ ਤੇ ਬੁਰੇ ਸੰਸਕਾਰਾਂ ਦੇ ਨਾਲ ਅੰਤਸ਼ਕਰਣ ਭਰਿਆ ਪਿਆ ਹੈ, ਜਦੋਂ ਨਾਮ ਦੀ ਰੌਅ ਲਗਾਤਾਰ ਉਸ ਵਿਚ ਪੈਣੀ ਸ਼ੁਰੂ ਹੋ ਜਾਂਦੀ ਹੈ ਤਾਂ ਅੰਤਸ਼ਕਰਣ ਨਿਰਮਲ ਹੋ ਜਾਇਆ ਕਰਦਾ ਹੈ। ਨਿਰਮਲ ਹੋਣ ਦੇ ਨਾਲ ਲਿਵ ਲਗ ਜਾਂਦੀ ਹੈ। ਸੋ ਨਾਮ ਨੇ ਐਸੀ ਅਵਸਥਾ ਗਨਕਾ ਦੀ ਕਰ ਦਿਤੀ।

ਬੰਦਗੀ ਕਰਦਿਆਂ-ਕਰਦਿਆਂ, ਇਕਾਗਰ ਮਨ ਦੇ ਵਿਚ ਸ਼ਕਤੀ ਵੀ ਆ ਜਾਇਆ ਕਰਦੀ ਹੈ। ਸੋ ਉਸ ਦਾ ਆਖਰੀ ਸਮਾਂ ਆ ਗਿਆ ਅਤੇ ਜਿਸ ਨੂੰ ਮੌਤ ਕਹਿੰਦੇ ਹਨ ਅਤੇ ਇਹ ਫਲ ਸਭ ਨੂੰ ਖਾਣਾ ਪੈਂਦਾ ਹੈ ਪਰ ਫਰਕ ਇਹ ਹੁੰਦਾ ਹੈ ਕਿ ਇਹ ਕਿਸੇ ਨੂੰ ਕੌੜਾ ਲਗਦਾ ਹੈ ਤੇ ਕਿਸੇ ਨੂੰ ਮਿੱਠਾ ਲਗਦਾ ਹੈ। ਜਿਨ੍ਹਾਂ ਨੇ ਸੰਸਾਰ ਤੇ ਆ ਕੇ ਜਨਮ ਪਦਾਰਥ ਨੂੰ ਜਿੱਤ ਲਿਆ ਉਹ ਖੁਸ਼ੀ-ਖੁਸ਼ੀ ਜਾਂਦੇ ਹਨ –

***ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥***
***ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥***
***ਪੰਨਾ – 1365***

ਜਿਨ੍ਹਾਂ ਨੇ ਸੰਸਾਰ ਤੇ ਆ ਕੇ ਆਪਣਾ ਜਨਮ, ਸ਼ਰਾਬਾਂ ਕਬਾਬਾਂ, ਮਾੜੀਆਂ ਚੀਜ਼ਾਂ ਵਿਚ, ਜਾਨਵਰਾਂ ਨੂੰ ਦੁਖੀ ਕਰਕੇ, ਖਾ ਖਾ ਕੇ, ਈਰਖਾ, ਬਖੀਲੀਆਂ ਕਰਕੇ ਬਰਬਾਦ ਕਰ ਦਿਤਾ ਉਨ੍ਹਾਂ ਨੂੰ ਜਿੰਨਾਂ ਜੀਅ ਕਰਦਾ ਹੈ ਰੋਵੋ ਕਿਉਂਕਿ ਉਨ੍ਹਾਂ ਨੇ ਮਾਣਸ ਜਨਮ ਦੀ ਕਦਰ ਨਹੀਂ ਕੀਤੀ, ਅਮੋਲਕ ਜਨਮ ਨੂੰ ਸੰਭਾਲਿਆ ਨਹੀਂ ਅਤੇ ਕਰੋੜਾਂ ਸਾਲਾਂ ਦੇ ਜਨਮ ਮਰਨ ਦੇ ਲੰਮੇ ਚੱਕਰ ਵਿਚ ਫਿਰ ਪੈ ਜਾਣਗੇ –

***ਮਨਮੁਖਿ ਆਵੈ ਮਨਮੁਖਿ ਜਾਵੈ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥***
***ਪੰਨਾ – 1073***

ਜਿਹੜਾ ਇਸ ਪਉੜੀ ਤੋਂ ਚੁਕ ਜਾਵੇ ਭਾਵ ਪਉੜੀ ਦੇ ਅਖੀਰਲੇ ਡੰਡੇ ਤੇ ਪਹੁੰਚ ਕੇ ਹੇਠਾਂ ਨੂੰ ਡਿੱਗ ਪਵੇ ਫੇਰ ਆਉਂਦਾ ਜਾਂਦਾ ਰਹਿੰਦਾ ਹੈ, ਜੰਮਦਾ ਤੇ ਮਰਦਾ ਰਹਿੰਦਾ ਹੈ। ਦੂਜੇ ਪਾਸੇ ਜਿਸ ਨੇ ਆਪਣਾ ਜਨਮ ਸਵਾਰ ਲਿਆ ਉਹ ਤਾਂ ਹਸਦਾ ਜਾਂਦਾ ਹੈ –

***ਕਬੀਰ ਜਾ ਤੂ ਜਨਮਿਆ ਜਗਤ ਮਹਿ ਜਗ ਹਸੇ ਤੂੰ ਰੋਏ।***
***ਐਸੀ ਕਰਨੀ ਕਰ ਚਲੋ ਪਿਆਰੇ ਤੂੰ ਹਸੇਂ ਜਗ ਰੋਏ।***

ਮੈਂ ਹਸਦਾ ਹੋਇਆ ਆਪਣੇ ਘਰ ਨੂੰ ਜਾ ਰਿਹਾ ਹਾਂ ਕਿਉਂਕਿ ਮੈਂ ਉਸ ਸਥਿਰ ਅਵਸਥਾ ਨੂੰ ਪ੍ਰਾਪਤ ਕਰ ਲਿਆ ਹੈ, ਇਸ ਕਰਕੇ ਮੈਂ ਖੁਸ਼ ਹਾਂ –

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥***
***ਪੰਨਾ – 517***

***ਧਾਰਨਾ – ਦਰਗਹ ਮਿਲਦੈ ਥਾਉਂ ਗੁਰਾਂ ਨਾਲ ਰੱਤਿਆਂ – 2, 4.***

ਜਿਹੜਾ ਸਤਿਗੁਰੂ ਨੂੰ ਪਿਆਰ ਕਰਦਾ ਹੈ ਉਸ ਨੂੰ ਦਰਗਾਹ ਵਿਚ ਥਾਂ ਮਿਲਦਾ ਹੈ –

***ਧੰਨਿ ਧੰਨਿ ਕਹੈ ਸਭੁ ਕੋਇ।।***
***ਮੁਖ ਊਜਲ ਹਰਿ ਦਰਗਹ ਸੋਇ॥***
***ਇਹੁ ਵਾਪਾਰੁ ਵਿਰਲਾ ਵਾਪਾਰੈ॥***
***ਨਾਨਕ ਤਾ ਕੈ ਸਦ ਬਲਿਹਾਰੈ॥ ਪੰਨਾ – 283***

ਅਸੀਂ ਉਨ੍ਹਾਂ ਤੋਂ ਸੈਂਕੜੇ ਵਾਰੀ ਬਲਿਹਾਰ ਜਾਂਦੇ ਹਾਂ ਜਿਨ੍ਹਾਂ ਨੇ ਇਥੇ ਆ ਕੇ ਜਨਮ ਪਦਾਰਥ ਜਿੱਤ ਲਿਆ ਤੇ ਦਰਗਾਹ ਵਿਚ ਸ਼ਾਨ ਦੇ ਨਾਲ ਜਾਂਦੇ ਹਨ।

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥ ਪੰਨਾ – 252***

ਜਿਨ੍ਹਾਂ ਨੇ ਬਹੁਤ ਲੰਮਾ ਸਫਰ ਮੁਕਾ ਕੇ ਆਪਣੇ ਘਰ ਨੂੰ ਜਾਣਾ ਹੈ ਅਤੇ ਉਸ ਪਿਆਰੇ ਨੂੰ ਜਿਸ ਨੂੰ ਸਾਰੀ ਜ਼ਿੰਦਗੀ ਪਿਆਰ ਕਰਦਾ ਰਿਹਾ ਹੈਂ, ਉਸ ਦੇ ਪਾਸ ਜਾਣਾ ਹੈ ਉਹ ਰੋਵੇਗਾ ਨਹੀਂ, ਸਗੋਂ ਉਹ ਰੋਵੇਗਾ, ਜਿਸ ਨੇ ਜਨਮ ਪਦਾਰਥ ਬਰਬਾਦ ਕਰ ਦਿਤਾ ਅਤੇ ਮਾੜੀਆਂ ਜੂਨੀਆਂ ਵਿਚ ਪਵੇਗਾ। ਮਾੜੀ ਜੂਨ ਵਿਚ ਕਿਵੇਂ ਪੈਂਦਾ ਹੈ? ਸਾਰੀ ਜ਼ਿੰਦਗੀ ਕਾਰੋਬਾਰ ਵਿਚ ਲੰਘਾ ਦਿਤੀ, ਬਜ਼ਾਰ ਬਣਾ ਲਏ, ਦੁਕਾਨਾਂ ਬਣਾ ਲਈਆਂ, ਲੋਕਾਂ ਨੂੰ ਦਸਦਾ ਫਿਰਦਾ ਹੈ ਮੇਰਾ ਐਨਾ ਕਾਰੋਬਾਰ ਐ, ਕੀ ਕਰੇਗਾ ਇਹ ਕਿਹੜਾ ਤੇਰੇ ਨਾਲ ਜਾਣੀਆਂ ਹਨ।



Sri Satguru Jagjit Singh Ji eLibrary NamdhariElibrary@gmail.com

ਸਾਰੀ ਜ਼ਿੰਦਗੀ ਇਹਦੇ ਵਿਚ ਮਨ ਲਾ ਰੱਖਿਆ ਤੇ ਅੰਤ ਸਮੇਂ ਕਿਵੇਂ ਵਾਹਿਗੁਰੂ ਕਹਿ ਦੇਵੇਗਾ। ਆਖਰੀ ਸਮੇਂ ਤਾਂ ਮਨ ਵਿਚ ਉਹੀ ਆਵੇਗਾ, ਫਲਾਣੇ ਤੋਂ ਲੈਣਾ ਫਲਾਣੇ ਦਾ ਦੇਣੈ, ਤੇ ਨਤੀਜਾ ਕੀ ਹੋਵੇਗਾ –

*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ਪੰਨਾ – 526*

*ਧਾਰਨਾ – ਬਣਦੇ ਪ੍ਰੇਤ ਜੀ, ਮੰਦਰਾਂ ਨਾਲ ਜੋੜ ਪ੍ਰੀਤਾਂ।*

ਰੋਣਾ ਉਨ੍ਹਾਂ ਨੂੰ ਚਾਹੀਦਾ ਹੈ ਜਿਨ੍ਹਾਂ ਨੇ ਮਾਇਆ ਦੇ ਚੱਕਰ ਵਿਚ ਪੈ ਕੇ ਜਨਮ ਗਵਾ ਲਿਆ।

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਸਰਪ ਜੋਨਿ ਵਲਿ ਵਲਿ ਅਉਤਰੈ॥ ਪੰਨਾ – 526*

ਜਿਸ ਨੇ ਸੱਪ ਬਣਨਾ ਹੈ ਜਾ ਕੇ ਉਸ ਨੂੰ ਵਾਕਿਆ ਹੀ ਰੋਣਾ ਚਾਹੀਦੈ ਅਤੇ ਉਸ ਦੇ ਪਿਛਲਿਆਂ ਨੂੰ ਵੀ ਰੋਣਾ ਚਾਹੀਦੈ ਕਿ ਸਾਡਾ ਪਿਆਰਾ ਮਰ ਕੇ ਸੱਪ ਬਣੇਗਾ। ਜਿਸ ਨੇ ਦਰਗਾਹ ਵਿਚ ਮਾਨ ਪਾਉਂਣੈ, ਇਜ਼ਤ ਪਾਉਂਣੀ ਹੈ ਅਤੇ ਪਤਿ ਦੇ ਨਾਲ ਘਰ ਨੂੰ ਜਾਣਾ ਹੈ, ਉਹ ਤਾਂ ਹਸਦਾ ਜਾ ਰਿਹਾ ਹੈ –

*ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥*
*ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥*
*ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ॥*
*ਪੰਨਾ – 923*

ਮਿੱਤਰ ਨੂੰ ਸਨਮਾਨ ਮਿਲਦੇ ਹਨ ਤੇ ਸਿਰੋਪੇ ਮਿਲਦੇ ਹਨ ਉਸ ਨੂੰ ਤਾਂ ਰੋਣਾ ਨਹੀਂ ਚਾਹੀਦਾ ਲੇਕਿਨ ਸੰਸਾਰ ਫੇਰ ਵੀ ਰੋਂਦਾ ਹੈ ਪਰ ਉਹ ਹਸਦਾ ਹੋਇਆ ਜਾਂਦਾ ਹੈ –

*ਐਸੀ ਕਰਨੀ ਕਰ ਚਲੋ ਪਿਆਰੇ ਤੂ ਹਸੇ ਜਗ ਰੋਇ॥*

ਜਗ ਤੈਨੂੰ ਯਾਦ ਕਰ ਕਰਕੇ ਤਾਂ ਰੋਵੇਗਾ ਪਰ ਤੂੰ ਹਸਦਾ ਹੋਇਆ ਆਪਣੇ ਘਰ ਨੂੰ ਜਾਵੇਂਗਾ। ਉਹ ਵੇਲਾ ਜੋ ਸਭ ਤੇ ਆਉਂਦਾ ਹੈ ਉਹ ਵੇਲਾ ਆ ਗਿਆ। ਇਹ ਬੇਨਤੀ ਇਸ ਕਰਕੇ ਕੀਤੀ ਹੈ ਕਿ ਅਜੇ ਵੀ ਸਮਾਂ ਹੈ ਹਾਲੇ ਕੁਝ ਨਹੀਂ ਵਿਗੜਿਆ, ਵਾਹਿਗੁਰੂ ਦੇ ਘਰ ਅੰਦਰ ਬਖਸ਼ਿਸ਼ ਹੀ ਬਖਸ਼ਿਸ਼ ਹੈ। ਉਸ ਦੇ ਘਰ ਵਿਚ ਇਸ ਤਰ੍ਹਾਂ ਨਹੀਂ ਹੈ ਕਿ ਜੇ ਐਨੀ ਸਾਧਨਾ ਕਰੇਂਗਾ ਤਾਂ ਹੀਂ ਤੈਨੂੰ ਬਖਸ਼ਿਆ ਜਾਵੇਗਾ। ਇਹ ਤਾਂ ਉਨ੍ਹਾਂ ਵਾਸਤੇ ਹੈ ਜੋ ਆਪਣੇ ਤਾਣ ਦੇ ਉਤੇ ਜ਼ੋਰ ਦਿਖਾਉਂਦੇ ਹਨ ਪਰ ਜਿਹੜੇ ਅਰਦਾਸ ਕਰਕੇ ਬੇਨਤੀ ਕਰਦੇ ਹਨ ਕਿ ਸੱਚੇ ਪਾਤਸ਼ਾਹ! ਮੈਥੋਂ ਕੁਝ ਨਹੀਂ ਹੋਣਾ ਤੂੰ ਕ੍ਰਿਪਾ ਕਰ, ਮੈਂ ਲੱਗ ਤਾਂ ਗਿਆਂ ਤੇ ਮੈਂ ਤੇਰਾ ਦਰਵਾਜ਼ਾ ਖੜਕਾਈ ਜਾ ਰਿਹਾ ਹਾਂ ਤੂੰ ਕ੍ਰਿਪਾ ਕਰਕੇ ਦਰਵਾਜ਼ਾ ਖੋਲ੍ਹ ਦੇ, ਮੈਂ ਦਰ ਤੇ ਭਿਖਾਰੀ ਬਣ ਕੇ ਆਇਆ ਹਾਂ। ਉਸ ਉਤੇ ਬਖਸ਼ਿਸ਼ ਤੇ ਨਦਰ ਹੋ ਜਾਂਦੀ ਹੈ ਜਿਨ੍ਹਾਂ ਤੇ ਨਦਰ ਹੋ ਜਾਵੇ ਉਨ੍ਹਾਂ ਨੂੰ ਤਾਂ ਚਿਰ ਹੀ ਨਹੀਂ ਲਗਦਾ, ਇਕ ਸਕਿੰਟ ਵਿਚ ਹੀ ਤਾਰ ਦਿੰਦਾ ਹੈ। ਸੋ ਗਨਕਾ ਦਾ ਅੰਤ ਦਾ ਸਮਾਂ, ਅੰਤਕਾਲ ਆ ਗਿਆ। ਭਾਦੋਂ ਦਾ ਮਹੀਨਾ ਹੈ, ਗਨਕਾ ਤੋਂ ਪਿੰਜਰੇ ਦਾ ਦਰਵਾਜ਼ਾ ਖੁਲ੍ਹਾ ਰਹਿ ਗਿਆ ਤੇ ਕਾਲਾ ਨਾਗ ਤੋਤੇ ਨੂੰ ਆ ਕੇ ਖਾ ਗਿਆ ਤੇ ਸਵੇਰੇ ਜਦੋਂ ਅੱਗੇ ਬੈਠ ਕੇ ਕਹਿਣ ਲੱਗੀ, ਬੋਲ ਗੰਗਾ ਰਾਮਾ, ਰਾਮ–ਰਾਮ ਕੋਈ ਆਵਾਜ਼ ਨਾ ਆਈ, ਇਹ ਉਠ ਕੇ ਖੜ੍ਹੀ ਹੋ ਗਈ ਤੇ ਪਿੰਜਰੇ ਤੇ ਹੱਥ ਮਾਰਿਆ ਤੇ ਨਾਲੇ ਕਿਹਾ ਕਿ ਰਾਤ ਚੂਰੀ ਜ਼ਿਆਦਾ ਖਾ ਗਿਆ, ਬੋਲਦਾ ਨਹੀਂ। ਬੋਲ, ਗੰਗਾ ਰਾਮਾ! ਰਾਮ–ਰਾਮ। ਜਦ ਹੱਥ ਮਾਰਿਆ ਤਾਂ ਸੱਪ ਨੇ ਅੰਗੂਠੇ ਤੇ ਉਂਗਲੀ ਦੇ ਵਿਚਾਲੇ ਡੰਗ ਮਾਰਿਆ ਜੋ ਬਹੁਤ ਹੀ ਨਾਜ਼ੁਕ ਥਾਂ ਹੁੰਦਾ ਹੈ ਤੇ ਇਕ ਦਮ ਜ਼ਹਿਰ ਚੜ੍ਹ ਗਈ ਤੇ ਧੜੰਮ ਕਰਕੇ ਹੇਠਾਂ ਰਾਮ–ਰਾਮ ਕਹਿੰਦੀ ਡਿੱਗ ਪਈ। ਉਸ ਵੇਲੇ ਕੀ ਹੋਇਆ? ਉਸ ਨੂੰ ਜਮਦੂਤ ਲੈਣ ਨਹੀਂ ਆਏ ਸਗੋਂ –

*ਅੰਤਕਾਲੁ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁਸੁ ਗੋਤਾ।*
*ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉ ਨਰਾਇਣੁ ਛੋਤਿ ਅਛੋਤਾ।*
*ਥਾਉ ਨਿਥਾਵੇ ਮਾਣੁ ਮਣੋਤਾ॥*
*ਭਾਈ ਗੁਰਦਾਸ ਜੀ, ਵਾਰ 10/21*

ਉਸ ਵੇਲੇ ਬਿਬਾਨ ਆ ਗਏ ਤੇ ਜੈ ਜੈਕਾਰ ਹੋਣ ਲਗ ਪਈ ਤੇ ਗੁਰੂ ਮਹਾਰਾਜ ਜੀ ਨੇ ਇਹ ਮਿਸਾਲ ਗੁਰੂ ਗ੍ਰੰਥ ਸਾਹਿਬ ਵਿਚ ਦਿਤੀ ਹੈ –

*ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰਧਾਰੋ॥*
*ਪੰਨਾ – 632*

ਜਿਸਨੂੰ ਸਿਮਰਨ ਦੇ ਨਾਲ, ਨਾਮ ਜਪਣ ਦੇ ਨਾਲ, ਗਨਕਾ ਵਰਗੀ ਪਾਪਣ ਦਾ ਵੀ ਉਧਾਰ ਹੋ ਗਿਆ ਫੇਰ ਪ੍ਰੇਮੀਓ! ਤੁਸੀਂ ਉਸ ਦਾ ਨਾਮ ਕਿਉਂ ਨਹੀਂ ਜਪਦੇ, ਤੇਰੇ ਕੋਲ ਹੋਰ ਐਸਾ ਕਿਹੜਾ ਜ਼ੋਰ ਹੈ ਜਿਸ ਕਰਕੇ ਤੂੰ ਜਪਦਾ ਨਹੀਂ ਹੈ।

*ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ॥*
*ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ॥*
*ਪੰਨਾ – 632*

ਉਸ ਦਾ ਨਾਮ ਤੂੰ ਆਪ ਦੇ ਹਿਰਦੇ ਵਚ ਧਾਰਨ ਕਰ ਲੈ ਜਿਸ ਨੂੰ ਸਿਮਰ ਕੇ ਧਰੂ ਵਰਗਾ ਬਾਲਕ ਅਟੱਲ ਪਦਵੀ ਨੂੰ ਪ੍ਰਾਪਤ ਹੋ ਗਿਆ। ਐਸੇ ਦੁਖਾਂ ਨੂੰ ਹਰਨ ਵਾਲਾ ਜੋ ਪ੍ਰਭੂ ਹੈ ਤੂੰ ਉਸ ਨੂੰ ਕਿਉਂ ਵਿਸਾਰ ਰਿਹਾ ਹੈਂ, ਤੂੰ ਵੀ ਉਸ ਨੂੰ ਜਪ, ਤੇਰਾ ਵੀ ਉਧਾਰ ਹੋ ਜਾਵੇਗਾ, ਜਿਵੇਂ ਗਨਕਾ ਦਾ ਉਧਾਰ ਹੋ ਗਿਆ ਤੇ ਪਰਮਪਦ ਦੀ ਪ੍ਰਾਪਤੀ ਹੋ ਗਈ ਤੇ ਉਸ ਦੇ ਸਾਰੇ ਪਾਪਾਂ ਦਾ ਨਾਸ਼ ਹੋ ਗਿਆ।

*ਧਾਰਨਾ – ਗਨਕਾ ਚਲੀ ਐ ਬਬਾਨਾਂ ਉਤੇ ਬੈਠ ਕੇ,*
*ਪਾਪਾਂ ਦਾ ਪਹਾੜ ਢਹਿ ਗਿਆ।*
*ਮੇਰੇ ਪਿਆਰੇ, ਪਾਪਾਂ ਦਾ ਪਹਾੜ ਢਹਿ ਗਿਆ–2,2*
*ਗਨਕਾ ਚਲੀ ਐ ਬਬਾਨਾਂ ਉਤੇ,..........।*

ਸੋ ਐਸਾ ਪ੍ਰਮੇਸ਼ਰ ਦਾ ਨਾਮ ਹੈ ਜਿਸ ਨੇ ਵੀ ਜਪਿਆ ਹੈ ਉਸ ਦਾ ਉਧਾਰ ਹੋ ਗਿਆ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਪੰਨਾ – 81*

ਬਾਬਾ ਜੀ ਕਹਿਣ ਲੱਗੇ, "ਚੰਦਾ ਸਿੰਘ! ਅਸੀਂ ਤੈਨੂੰ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਦੱਸੀ ਹੈ ਤਾਂ ਕਿ ਦ੍ਰਿੜ੍ਹ ਹੋ ਜਾਵੇ ਕਿ ਨਾਮ ਕੋਈ ਐਵੇਂ ਚੀਜ਼ ਨਹੀਂ ਹੈ ਕਿ ਵਾਹਿਗੁਰੂ–ਵਾਹਿਗੁਰੂ ਕਰੀ ਜਾਓ। ਵਾਹਿਗੁਰੂ ਕਹਿਣ ਦੇ ਨਾਲ ਕਿਤਨੇ ਫਲ ਪ੍ਰਾਪਤ ਹੁੰਦੇ ਹਨ ਤੇ ਵੱਡੇ–ਵੱਡੇ ਮਹਾਂਪਾਪੀ ਤਰ ਜਾਂਦੇ ਹਨ।"

ਸੋ ਇਸ ਕਰਕੇ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਅਸੀਂ ਇਥੇ ਹੀ ਬਸ ਕਰਦੇ ਹਾਂ, ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰੂ ਸਤੋਤਰ ਵਿਚ ਬੋਲ ਕੇ ਆਪਣੀ ਰਸਨਾ ਪਵਿੱਤਰ ਕਰਨ ਦੀ ਕ੍ਰਿਪਾਲਤਾ ਕਰੋ।

L L L L L L L


Sri Satguru Jagjit Singh Ji eLibrary NamdhariElibrary@gmail.com

# ਕਿਵ ਸਚਿਆਰਾ ਹੋਈਐ ?

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂਹਾਨੀ ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 51)*

ਸੋ ਭਾਈ ਤਿਲੋਕਾ ਜੀ ਨੇ ਰਾਜਕੁਮਾਰੀ ਨੂੰ ਹੁਣ ਅੰਤਮ ਸੰਦੇਸ਼ ਦਿੰਦਿਆਂ ਕਿਹਾ ਕਿ ਰਾਜਕੁਮਾਰੀ ਜੀ! ਤੁਸੀਂ ਮੇਰੀ ਬਹੁਤ ਸੇਵਾ ਕੀਤੀ ਹੈ, ਮੈਨੂੰ ਬਹੁਤ ਅਪਣੱਤ ਦਿਤੀ, ਪਿਆਰ ਦਿਤਾ ਹੈ। ਮੈਂ ਗਰੀਬ ਹਾਂ, ਮਾਇਆ ਮੇਰੇ ਕੋਲ ਕੋਈ ਹੈ ਹੀ ਨਹੀਂ, ਮੈਂ ਤਾਂ ਪੈਦਲ ਸੈਂਕੜੇ ਮੀਲ ਦਾ ਪੰਧ ਕੱਟ ਰਿਹਾ ਸੀ ਪਰ ਰਾਜੇ ਹੁੰਦੇ ਹੋਏ ਵੀ ਤੁਸੀਂ ਮੇਰੀ ਉਸੇ ਜੰਗਲ ਵਿਚ ਕਾਵਾਂ ਕੁੱਤਿਆਂ ਦੇ ਖਾਣ ਤੋਂ ਬਚਾ ਕੇ ਆਪਣੇ ਪਾਸ ਲਿਆ ਕੇ ਕਿੰਨੀ ਸੇਵਾ ਕੀਤੀ ਹੈ। ਮੈਂ ਇਸ ਸ਼ੁਕਰਾਨੇ ਵਿਚ ਆਪਣੇ ਗੁਰੂ ਦੇ ਖਜ਼ਾਨੇ ਵਿਚੋਂ ਅਤਿ ਕੀਮਤੀ ਲਾਲਾਂ ਤੋਂ ਬੇਕੀਮਤਾਂ ਗਿਆਨ ਦੇਣਾ ਚਾਹੁੰਦਾ ਹਾਂ। ਤੁਸੀਂ ਹੁਣ ਉਸ ਨੂੰ ਧਿਆਨ ਨਾਲ ਸੁਣ ਲਓ ਕਿਉਂਕਿ ਹੁਣ ਤੋਂ ਪਿਛੋਂ ਤੁਹਾਡਾ ਤੇ ਮੇਰਾ ਸਰੀਰਕ ਮਿਲਾਪ ਟੁੱਟ ਜਾਣਾ ਹੈ। ਤੁਸੀਂ ਰੋਣਾ ਨਹੀਂ ਜੇ ਸਚਮੁਚ ਹੀ ਤੁਹਾਡੇ ਮਨ ਵਿਚ ਪਿਆਰ ਹੈ, ਲਗਨ ਹੈ। ਜੇ ਤੂੰ ਮੇਰੇ ਜਾਣ ਤੋਂ ਪਿਛੋਂ ਰੋਣ ਲਗ ਗਈ ਤਾਂ ਤੂੰ ਸਭ ਕੁਝ ਭੁੱਲ ਜਾਵੇਂਗੀ। ਮੈਂ ਫੇਰ ਦਸਦਾ ਹਾਂ ਕਿ ਤੂੰ ਆਤਮਾ ਹੈ, ਸਰੀਰ ਨਹੀਂ ਹੈਂ। ਮੈਂ ਹੁਣ ਹੋਰ ਖੁਲ੍ਹੇ ਅੱਖਰਾਂ ਵਿਚ ਦਸਦਾ ਹਾਂ ਕਿ ਆਤਮਾ ਅਤੇ ਬ੍ਰਹਮ ਜਿਸਦੀ ਸ਼ਕਤੀ ਨਾਲ ਸਾਰਾ ਸੰਸਾਰ ਰਚਿਆ ਨਜ਼ਰ ਆਉਂਦਾ ਹੈ ਉਹ ਵੀ ਆਤਮਾ ਦਾ ਦੂਜਾ ਨਾਮ ਹੈ। ਬ੍ਰਹਮ ਅਤੇ ਸੁਤਿ ਇਹ ਵੀ ਇਕੋ ਹਨ। ਇਸ ਸੱਚ ਨੂੰ ਮੇਰੇ ਸਤਿਗੁਰੂ ਨੇ ੧ਓ ਕਹਿ ਕੇ ਸਤਿ ਕਿਹਾ ਹੈ, ਉਸ ਨੇ ਹੀ ਸਾਰੀ ਸ੍ਰਿਸ਼ਟੀ ਬਣਾਈ ਹੈ ਇਸ ਕਰਕੇ ਉਹ ਕਰਤਾ ਹੈ ਘਟ-ਘਟ ਵਿਚ ਰਮਿਆ ਹੋਇਆ ਹੈ, ਤੇਰੇ ਅੰਦਰ ਮੇਰੇ ਅੰਦਰ ਪਰਬਤਾਂ, ਦਰਿਆਵਾਂ, ਪਉਣ ਪਾਣੀ, ਜੋ ਕੁਝ ਵੀ ਹੈ ਸਭ ਵਿਚ ਉਹ ਹੈ। ਸੋ ਉਸ ਨੂੰ ਪੁਰਖ ਕਿਹਾ ਹੈ। ਉਸ ਨੂੰ ਕਿਸੇ ਦਾ ਡਰ ਵੀ ਨਹੀਂ ਹੈ, ਕਿਸੇ ਨਾਲ ਉਸਦਾ ਵੈਰ ਨਹੀਂ ਹੈ, ਉਹ ਸਭ ਨੂੰ ਪਿਆਰ ਕਰਦਾ ਹੈ ਉਹ ਪ੍ਰੇਮ ਦਾ ਰੂਪ ਧਾਰ ਕੇ ਹੀ ਸੰਸਾਰ ਨੂੰ ਪਾਲਦਾ ਤੇ ਸੰਭਾਲਦਾ ਹੈ। ਇਸ ਨੂੰ ਸੁਖੀ ਬਣਾਉਣ ਵਾਸਤੇ ਆਪਣੇ ਪਿਆਰਿਆਂ ਨੂੰ ਭੇਜਦਾ ਹੈ ਅਤੇ ਉਹ ਇਨ੍ਹਾਂ ਨੂੰ ਸਮਝਾਉਂਦੇ ਹਨ। ਗਲਤ ਲੀਹਾਂ ਤੇ ਪਈਆਂ ਬੱਘੀਆਂ ਨੂੰ ਸਹੀ ਰਸਤੇ ਪਾਉਂਦੇ ਹਨ, ਇਹ ਜੋਤ ਕਦੇ ਵੀ ਖਤਮ ਨਹੀਂ ਹੁੰਦੀ, ਸਦੀਵੀ ਹੈ ਸਭ ਕੁਝ ਜਾਨਣਹਾਰ ਸਭ ਦੇ ਦਿਲਾਂ ਵਿਚ ਰਹਿਣ ਵਾਲੀ ਹੈ ਪਰ ਇਸ ਦਾ ਰੂਪ ਰੇਖ ਕੋਈ ਨਹੀਂ ਹੈ। ਜਿਵੇਂ ਤੇਰੇ ਅੰਦਰ ਗੁੱਸਾ ਆਉਂਦਾ ਹੈ, ਮਾਂ ਬਾਪ ਦਾ ਪਿਆਰ ਜਾਗਦਾ ਹੈ ਉਸ ਦਾ ਕੋਈ ਰੂਪ ਰੰਗ ਨਹੀਂ ਹੁੰਦਾ ਇਸੇ ਤਰ੍ਹਾਂ ਨਾਲ ਉਸ ਵਾਹਿਗੁਰੂ ਦਾ ਵੀ ਕੋਈ ਰੂਪ ਰੰਗ ਨਹੀਂ ਪਰ ਸਭ ਅੰਦਰ ਹੁੰਦਾ ਪ੍ਰਤੀਤ ਦਿੰਦਾ ਹੈ। ਕੁਦਰਤ ਵਿਗਸ ਰਹੀ ਹੈ, ਫੁੱਲ ਸਭ ਦੇ ਮਨਾਂ ਨੂੰ ਤ੍ਰਿਪਤੀ ਦੇ ਰਹੇ ਹਨ, ਪੰਛੀਆਂ ਦੇ ਮਿੱਠੇ ਬੋਲ ਮਨ ਨੂੰ ਖੁਸ਼ੀ ਦਿੰਦੇ ਹਨ। ਕੁਦਰਤ ਦਾ ਪਿਆਰਾ ਵਾਤਾਵਰਣ ਹਾਕਾਂ ਮਾਰ ਕੇ ਕਹਿੰਦਾ ਹੈ ਕਿ ਮੈਂ ਤੇਰੇ ਵਾਂਗੂੰ ਫਿਕਰਾਂ ਵਿਚ ਨਹੀਂ, ਮੈਂ ਆਪਣੇ ਮਾਲਕ ਦਾ ਖਿੜਾਇਆ ਹੋਇਆ ਖਿੜਦਾ ਹਾਂ ਜੋ ਕੋਈ ਮੈਨੂੰ ਮਾਰ ਦੇਵੇ ਤਾਂ ਮੇਰਾ ਉਸ ਨਾਲ ਕੋਈ ਵੈਰ ਨਹੀਂ ਹੈ। ਮੈਂ ਸਭ ਨੂੰ ਖਿੜ ਕੇ ਖਿੜਾਉਣ ਦਾ ਜਤਨ ਕਰਦਾ ਹਾਂ। ਉਹ ਸਾਰੀ ਹੋਸ਼, ਸਾਰੇ ਗਿਆਨ ਉਸ ਵਿਚੋਂ ਹੀ ਮਨੁੱਖ ਨੂੰ, ਬਨਸਪਤੀ ਨੂੰ, ਪਸ਼ੂ, ਪੰਛੀਆਂ ਨੂੰ ਪ੍ਰਾਪਤ ਹੁੰਦੇ ਹਨ। ਉਹ ਸਭ ਤੋਂ ਵੱਡਾ ਹੈ ਅਤੇ ਬਖਸ਼ਿਸ਼ ਦੀ ਮੂਰਤੀ ਹੈ। ਉਸ ਦੇ ਭੇਜੇ ਹੋਏ, ਉਸ ਦਾ ਆਪਣਾ ਹੀ ਰੂਪ ਮਹਾਂਪੁਰਸ਼ ਸਭ ਤੋਂ ਵੱਡੇ ਹੋਇਆ ਕਰਦੇ ਹਨ। ਹਨ੍ਹੇਰੇ ਵਿਚ ਰੋਸ਼ਨੀ ਕਰਨ ਕਰਕੇ ਉਨ੍ਹਾਂ ਨੂੰ ਗੁਰੂ ਆਖਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਕ੍ਰਿਪਾ ਰਾਹੀਂ ਇਸ ਜੀਵ ਨੂੰ ਸੋਝੀ ਹੁੰਦੀ ਹੈ ਕਿ ਮੈਂ ਤਾਂ ਉਸ ਦਾ ਰੂਪ ਹਾਂ, ਮੈਂ ਆਤਮਾ ਹਾਂ।

ਰਾਜਕੁਮਾਰੀ! ਜਿਵੇਂ ਤੁਸੀਂ ਕਿਹਾ ਕਿ ਜਦੋਂ ਮੈਂ ਸ਼ੀਸ਼ੇ ਸਾਮ੍ਹਣੇ ਖੜ੍ਹੀ ਹੁੰਦੀ ਹਾਂ ਤਾਂ ਮੈਂ ਉਸ ਨੂੰ ਸਰੀਰ ਨਹੀਂ ਕਹਿੰਦੀ, ਆਤਮਾ ਕਹਿੰਦੀ ਹਾਂ। ਇਹ ਗੱਲ ਓਨੀਂ ਹੀ ਗਲਤ ਹੈ ਜਿੰਨੀ ਆਪਣੇ ਆਪ ਨੂੰ ਸਰੀਰ ਸਮਝਣ ਦੀ ਹੈ। ਹੁਣ ਮੈਂ ਤੈਨੂੰ ਮਿਸਾਲ ਨਾਲ ਸਮਝਾਉਂਦਾ ਹਾਂ ਕਿ ਇਕ ਬਦਾਮ ਹੈ। ਦੱਸ ਬਦਾਮ ਵਿਚ ਕਿਹੜੀ ਸ੍ਰੇਸ਼ਠ ਚੀਜ਼ ਹੈ ਜਿਸ ਦਾ ਬਦਾਮ ਨਾਲੋਂ ਵੀ ਜ਼ਿਆਦਾ ਮੁੱਲ ਹੁੰਦਾ ਹੈ। ਕਹਿਣ ਲੱਗੀ ਕਿ ਇਹ ਤਾਂ ਮੈਂ ਚੰਗੀ ਤਰ੍ਹਾਂ ਜਾਣਦੀ ਹਾਂ ਕਿ ਉਸ ਦੀ ਕੀਮਤ ਬਦਾਮਰੋਗਨ ਕਰਕੇ ਹੈ ਜੇ ਖੁਸ਼ਕ ਹੋਵੇ ਤਾਂ ਕੋਈ ਖਾਂਦਾ ਹੈ? ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਜੇ ਬਦਾਮ ਰੋਗਨ ਹਾਸਲ ਕਰਨਾ ਹੈ ਤਾਂ ਬੂਟਾ ਲਾਇਆ ਜਾਂਦਾ ਹੈ, ਸੰਭਾਲ ਕੀਤੀ ਜਾਂਦੀ ਹੈ, ਪਾਣੀ ਦਿਤਾ ਜਾਂਦਾ ਹੈ। ਬਿਮਾਰੀਆਂ ਤੋਂ ਰਾਖੀ ਕਰਨ ਲਈ ਅਨੇਕ ਕਿਸਮ ਦੀਆਂ ਦਵਾਈਆਂ ਵਰਤੀਆਂ ਜਾਂਦੀਆਂ ਹਨ ਫੇਰ ਉਸ ਨੂੰ ਫੁੱਲ ਆਉਂਦਾ ਹੈ, ਫੁਲਾਂ ਤੋਂ ਫਲ ਬਣਦੇ ਹਨ, ਬਦਾਮਾਂ ਦੇ ਗੁੱਛੇ ਬਣ ਜਾਂਦੇ ਹਨ, ਜਦੋਂ ਪੱਕ ਜਾਂਦੇ ਹਨ ਉਨ੍ਹਾਂ ਦਾ ਕਰੜਾ ਛਿਲਕਾ ਲਾਹਿਆ ਜਾਂਦਾ ਹੈ। ਜੋ ਲਾਲ ਸੂਖਸ਼ਮ ਛਿਲਕਾ ਹੈ ਉਹ ਵੀ ਲਾਹ ਦੇਈਦਾ ਹੈ ਫੇਰ ਉਸ ਵਿਚੋਂ ਚਿੱਟਾ ਹਿੱਸਾ ਨਿਕਲ ਆਉਂਦਾ ਹੈ ਜਿਸ ਨੂੰ ਕਈ ਵੈਦ ਕੁੱਟ ਕੇ, ਮਿਸਰੀ ਰਲਾ ਕੇ ਇਕ ਅੱਧੀ ਕਾਲੀ ਮਿਰਚ ਨਾਲ ਦੇ ਕੇ ਦਵਾਈ ਦੇ ਤੌਰ ਤੇ ਉਸ ਆਦਮੀ ਨੂੰ ਦਿੰਦੇ ਹਨ ਜਿਸਦੇ ਦਿਮਾਗ ਵਿਚ ਖੁਸ਼ਕੀ ਪੈ ਗਈ ਹੋਵੇ। ਉਸ ਤੋਂ ਅਗਲੀ ਚੀਜ਼ ਜੋ ਉਸ ਵਿਚ ਹੈ ਉਹ ਹੈ ਬਦਾਮ ਰੋਗਨ। ਉਸ ਨੂੰ ਢੰਗ ਨਾਲ ਕੱਢ ਲਿਆ ਜਾਂਦਾ ਹੈ, ਬਰਤਨ ਭਰ ਲਏ ਜਾਂਦੇ ਹਨ ਅਤੇ ਫੇਰ ਉਸ ਨੂੰ ਸਾਫ ਕਰਕੇ ਸ਼ੀਸ਼ੀਆਂ ਵਿਚ ਪਾਇਆ ਜਾਂਦਾ ਹੈ। ਹਕੀਮ ਲੋਕ ਉਸ ਨੂੰ ਹੋਰ ਸ਼ੁਧ ਕਰਦੇ ਹਨ ਅਤੇ ਉਸ ਦਾ ਤੱਤ ਕੱਢ ਲੈਂਦੇ ਹਨ। ਹੁਣ ਤੁਸੀਂ ਦੱਸੋਂ ਕਿ ਜੇ ਦਰਖਤ ਕਹੇ ਕਿ ਮੈਂ ਬਦਾਮ ਰੋਗਨ ਹਾਂ ਜਾਂ ਕਰੜਾ ਛਿਲਕਾ ਕਹੇ ਕਿ ਮੈਂ ਬਦਾਮ ਰੋਗਨ ਹਾਂ, ਜਾਂ ਚਿੱਟੇ ਜਾਂ ਲਾਲ ਹਿੱਸੇ ਵਾਲਾ ਕਹੇ ਮੈਂ ਬਦਾਮਰੋਗਨ ਹਾਂ ਇਹ ਤਾਂ ਫੇਰ ਓਹੀਓ ਭੁੱਲ ਹੋਈ ਜਿਵੇਂ ਤੁਸੀਂ ਸ਼ੀਸ਼ੇ ਸਾਮ੍ਹਣੇ ਕਪੜਿਆਂ ਸਮੇਤ ਕਹਿ ਦਿੰਦੇ ਹੋ ਮੈਂ ਆਤਮਾ ਹਾਂ। ਇਹ ਸਾਰੀਆਂ ਚੀਜ਼ਾਂ ਆਤਮਾ ਨਹੀਂ ਹਨ ਇਨ੍ਹਾਂ ਵਿਚ ਆਤਮਾ ਰਮੀ ਤਾਂ ਹੋਈ ਹੈ ਪਰ ਆਤਮਾ ਨਿਆਰੀ ਨਹੀਂ ਹੈ। ਭੁਲੇਖੇ ਵਿਚ ਇਸ ਸਭ ਕੁਝ ਨੂੰ ਆਤਮਾ ਕਹਿ ਦੇਣਾ



Sri Satguru Jagjit Singh Ji eLibrary NamdhariElibrary@gmail.com

ਭੁੱਲ ਹੋਇਆ ਕਰਦੀ ਹੈ। ਇਹ ਸਾਰਾ ਆਤਮਾ ਦਾ ਹੀ ਪਸਾਰਾ ਹੈ। ਪਰ ਇਸ ਦ੍ਰਿਸ਼ਟਮਾਨ ਦੀ ਅਤਿ ਸੂਖਸ਼ਮ ਅੰਸ, ਸਤਾ ਆਤਮਾ ਹੈ। ਜਿਸ ਤਰ੍ਹਾਂ ਬਦਾਮ ਹੈ ਉਸ ਦੇ ਤੁਸੀਂ ਦੋ ਹਿੱਸੇ ਕਰ ਦਿਓ, ਦਾਲ ਹੈ ਉਸ ਦੇ ਦੋ ਹਿੱਸੇ ਕਰ ਦਿਓ ਜੇ ਤੁਸੀਂ ਉਨ੍ਹਾਂ ਨੂੰ ਦੋ ਹਿੱਸਿਆਂ ਨੂੰ ਅੱਡ-ਅੱਡ ਬੀਜੋਂਗੇ ਤਾਂ ਉਹ ਬੂਟਾ ਨਹੀਂ ਬਣਦਾ। ਕਿਉਂਕਿ ਉਨ੍ਹਾਂ ਵਿਚ ਜੋ ਖਾਲੀ ਥਾਂ ਹੈ ਉਸੇ ਵਿਚ ਸਭ ਕੁਝ ਹੈ ਉਹ ਸਾਨੂੰ ਨਜ਼ਰ ਨਹੀਂ ਆ ਰਿਹਾ। ਜੇ ਸਾਬਤ ਦਾਣਾ ਬੀਜੋਂਗੇ ਤਾਂ ਖਾਲੀ ਥਾਂ ਵਿਚੋਂ ਬੂਟਾ ਪੈਦਾ ਹੁੰਦਾ ਹੈ। ਇਸੇ ਤਰ੍ਹਾਂ ਇਸ ਸਰੀਰ ਵਿਚ ਦਿਸਣ ਵਾਲੇ ਅਤੇ ਨਾ ਦਿਸਣ ਵਾਲੇ ਅੰਸ ਹਨ ਜਿਨ੍ਹਾਂ ਨੂੰ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਪਹਿਲਾਂ ਤਾਂ ਇਹ ਸਰੀਰ ਜਿਸ ਵਿਚ ਅਕਾਸ਼, ਹਵਾ, ਅੱਗ, ਪਾਣੀ ਤੇ ਮਿੱਟੀ ਸੋਹਣੀ ਵਿਓਂਤ ਅਨੁਸਾਰ ਇਕੱਠੀ ਹੋ ਕੇ ਸੁੰਦਰ, ਅਸੁੰਦਰ ਦਿਸਣੀ ਹੈ ਫਿਰ ਪੰਜਾਂ ਤੱਤਾਂ ਦੇ ਪੱਚੀ ਅੰਸਾਂ ਤੋਂ ਉਪਜੇ ਅੱਖਾਂ ਕੰਨ, ਨੱਕ, ਜੀਭ, ਸਪਰਸ਼ ਇੰਦ੍ਰੇ ਹਨ। ਇਨ੍ਹਾਂ ਤੋਂ ਸੂਖਸ਼ਮ ਪੰਜ ਪ੍ਰਾਣ ਹਨ ਇਨ੍ਹਾਂ ਤੋਂ ਸੂਖਮ ਮਨ ਹੈ ਜਿਸ ਨੂੰ ਤੂੰ ਜਾਣਦੀ ਹੀ ਹੈਂ। ਇਹ ਹਰ ਸਮੇਂ ਕੁਝ ਨਾ ਕੁਝ ਚਿਤਵਦਾ ਹੀ ਰਹਿੰਦਾ ਹੈ। ਮਨ ਦੀ ਅਵਾਰਗੀ ਨੂੰ ਕਾਬੂ ਵਿਚ ਰੱਖਣ ਲਈ ਬੁੱਧੀ ਹੁੰਦੀ ਹੈ ਅਤੇ ਉਸ ਤੋਂ ਉਤੇ ਮਹਿਸੂਸ ਕਰਨ ਵਾਲੀ ਖੁਸ਼ੀ ਗਮੀ ਦੇ ਅਨਸਾਰੀ ਹੋ ਕੇ ਚਲਣ ਵਾਲਾ, ਚਿਤਵਨੀ ਕਰਨ ਵਾਲਾ ਚਿਤ ਹੁੰਦਾ ਹੈ, ਰਾਜਕੁਮਾਰੀ ਜੀ! ਫੇਰ ਅੱਗੇ ਇਕ ਬਹੁਤ ਮਜ਼ਬੂਤ ਪੜਦਾ ਹੈ। ਉਹ ਤੂੰ ਜਾਣਦੀ ਹੀ ਹੈਂ ਉਹ ਹੈ ਆਪਣੇ ਆਪ ਸਾਰਿਆਂ ਵੱਖ ਸਮਝ ਕੇ ਆਪਣੀ ਹੋਂਦ ਮੰਨਣੀ ਕਹਿਣ ਲੱਗੀ, ਇਥੇ ਤਾਂਈ ਤਾਂ ਮੈਂ ਚੰਗੀ ਤਰ੍ਹਾਂ ਸਮਝ ਲਿਆ। ਭਾਈ ਤਿਲੋਕਾ ਜੀ ਕਹਿਣ ਲੱਗੇ, "ਹੁਣ ਤੂੰ ਆਪਣੇ ਆਪ ਨੂੰ ਮੈਂ ਸਮਝਣ ਤਕ ਤਾਂ ਪੁੱਜ ਗਈ। ਇਹ ਏਵੇਂ ਹੈ ਜਿਵੇਂ ਆਪਾਂ ਬਦਾਮ ਦੀ ਚਿਟਿਆਈ ਤਕ ਪਹੁੰਚ ਗਏ। ਹੁਣ ਇਸ ਨੂੰ ਰਿੜਕਣਾ ਹੈ ਅਤੇ ਤੱਤ ਰੂਪ ਵਿਚ ਬਦਾਮ ਰੋਗਨ ਕੱਢਣਾ ਹੈ। ਤੇਰੇ ਸਮਝ ਵਿਚ ਕੁਝ ਆਇਆ।" ਰਾਜਕੁਮਾਰੀ ਕਹਿਣ ਲੱਗੀ, "ਕੁਝ ਕੁਝ ਆ ਗਿਆ ਇਹ ਦਸੋ ਹੁਣ ਇਸ ਤੋਂ ਅੱਗੇ ਕੀ ਹੈ। ਗਿਰੀ ਵਿਚ ਬਦਾਮ ਰੋਗਨ ਸਾਰ ਹੈ, ਤੱਤ ਹੈ। ਮੇਰੇ ਵਿਚ ਕੀ ਤੱਤ ਹੈ।" ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਰਾਜਕੁਮਾਰੀ ਜਿਹੜਾ ਤੂੰ ਕਿਹਾ ਹੈ ਮੇਰੇ ਵਿਚ ਕੀ ਤੱਤ ਹੈ ਉਹ ਤੇਰੀ ਮੈਂ ਮੇਰੀ ਤੋਂ ਲੰਘ ਕੇ ਹੈ ਉਹ ਹੈ ਆਤਮਾ। ਜੋ ਸਾਰੇ ਪਰੀਪੂਰਨ ਹੈ। ਵਾਹਿਗੁਰੂ ਜੀ ਤੇ ਆਤਮਾ ਇਕ ਹੀ ਹਨ। ਐਉਂ ਸਮਝ ਲੈ ਕੇ ਪ੍ਰਮੇਸ਼ਰ ਤੇਰੇ ਅੰਦਰ ਅਸਲੀ ਤੱਤ ਹੈ। ਜੋ ਸਦਾ ਜਿਉਂਦਾ ਜਾਗਦਾ ਪਿਆਰ ਕਰਨ ਵਾਲਾ ਤੱਤ ਹੈ। ਹੁਣ ਆਈ ਤੇਰੀ ਸਮਝ ਵਿਚ? ਹੁਣ ਸ਼ੀਸ਼ੇ ਸਾਮ੍ਹਣੇ ਜਾ ਕੇ ਕਹਿਣ ਦੀ ਲੋੜ ਨਹੀਂ, ਤੂੰ ਇਸ ਸਰੀਰ ਦਾ ਤੱਤ ਹੈਂ, ਤੂੰ ਆਤਮਾ ਹੈਂ, ਆਤਮਾ ਇਕੋ ਹੀ ਹੈ। ਇਹ ਸਾਰੇ ਜੀਵਾਂ, ਪਸ਼ੂ, ਪੰਛੀਆਂ, ਘਾਹ-ਫੂਸ, ਬੂਟੇ, ਦਰਖਤ, ਸ਼ੇਰ, ਚੀਤੇ, ਕੁੱਤੇ, ਸੱਪ ਅਤੇ ਹੋਰ ਸਭਨਾਂ ਦ੍ਰਿਸ਼ਟਮਾਨ ਵਸਤੂਆਂ ਵਿਚ ਇਕੋ ਆਤਮਾ ਪਰੀਪੂਰਨ ਹੈ ਜਿਸ ਦੇ ਦਰਸ਼ਨਾਂ ਵਿਚ ਤੇਰੀ ਆਪਣੀ ਝੂਠੀ ਹੋਂਦ ਅੜਿੱਕਾ ਲਾ ਰਹੀ ਹੈ। ਇਸ ਨੂੰ ਮੇਰੇ ਸਤਿਗੁਰੂ ਜੀ ਹਉਮੈ ਆਖਦੇ ਹਨ। ਜਦੋਂ ਹਉਮੈ ਉਪਰ ਤੇਰੀ ਸਤਾ ਪੈਂਦੀ ਹੈ ਤਾਂ ਇਸ ਸਤਾ ਨੂੰ ਜੀਵ ਆਤਮਾ ਕਹਿੰਦੇ ਹਨ। ਤੂੰ ਯਾਦ ਰੱਖੀਂ ਕਿ ਮੈਂ ਤੈਨੂੰ ਕੀ ਦਸਿਆ ਹੈ। ਝੱਟ ਹੀ ਬੋਲ ਉਠੀ ਕਿ ਹੁਣ ਮੈਨੂੰ ਪਤਾ ਲਗ ਗਿਆ ਕਿ ਮੇਰੇ ਅੰਦਰ ਬਾਹਰ ਸਭਨਾਂ ਵਿਚ ਇਕੋ ਆਤਮਾ ਸਤਾ ਕੰਮ ਕਰ ਰਹੀ ਹੈ ਓਹੋ ਹੀ ਮੈਂ ਹਾਂ। ਜੋ ਰੂਪ ਪੰਜ ਗਿਆਨ ਇੰਦਰਿਆਂ ਬਾਦ ਜੋ ਸਤਾ ਹੈ ਉਹ ਪਰੀਪੂਰਨ ਸਤਾ ਹੈ ਉਸ ਨੂੰ ਵਾਹਿਗੁਰੂ ਜੀ ਕਿਹਾ ਜਾਂਦਾ ਹੈ, ਉਹੋ ਹੀ ਆਤਮਾ ਹੈ; ਉਹੋ ਹੀ ਤੂੰ ਹੈਂ। ਪਰ ਹੁਣ ਇਹ ਸਾਰੀਆਂ ਗੱਲਾਂ ਤੇਰੇ ਯਾਦ ਨਹੀਂ ਰਹਿਣੀਆਂ, ਤੈਨੂੰ ਮੈਂ ਇਕ ਢੰਗ ਦਸਦਾ ਹਾਂ ਕਿ ਇਸ ਪਰਮ ਸਤੱਾ ਨੂੰ ਮੇਰੇ ਸਤਿਗੁਰੂ ਜੀ ਨੇ ਵਾਹਿਗੁਰੂ ਕਿਹਾ ਹੈ। ਮੇਰੇ ਸਤਿਗੁਰੂ ਜੀ ਵੀ ਮੈਨੂੰ ਪਿਆਰ ਕਰਦੇ ਹਨ ਅਤੇ ਤੈਨੂੰ ਵੀ ਓਨਾਂ ਹੀ ਕਰਦੇ ਹਨ ਜਿੰਨਾਂ ਮੈਨੂੰ ਕਰਦੇ ਹਨ। ਉਹ ਨਿਰਾ ਹੀ ਪਿਆਰ ਦਾ ਰੂਪ ਹਨ, ਸੰਸਾਰੀ ਲੋਕ ਉਨ੍ਹਾਂ ਨੂੰ ਗੁਰੂ ਨਾਨਕ ਨਾਮ ਨਾਲ ਯਾਦ ਕਰਦੇ ਹਨ। ਉਹ ਅਨਾਮ ਹਨ, ਨਾ ਉਨ੍ਹਾਂ ਦਾ ਕੋਈ ਰੂਪ ਰੰਗ ਹੈ, ਉਹ ਨਿਆਰੇ ਹਨ ਉਹ ਆਪ ਹੀ ਪ੍ਰਮੇਸ਼ਰ ਹਨ, ਗੁਰੂ ਪ੍ਰਮੇਸ਼ਰ ਹਨ ਪਰ ਸੰਸਾਰ ਦੇ ਵਿਚ ਜੀਵਾਂ ਦੇ ਉਧਾਰ ਲਈ ਉਨ੍ਹਾਂ ਨੇ ਸਾਡੇ ਵਰਗਾ ਰੂਪ ਧਾਰਨ ਕੀਤਾ ਹੈ, ਸਾਡੇ ਵਰਗਾ ਹੀ ਪਿਆਰ ਕਰਦੇ ਹਨ। ਪਿਆਰ ਦੇ ਖਿਚੇ ਆਉਂਦੇ ਹਨ। ਉਨ੍ਹਾਂ ਨੇ ਜੋ ਸਾਡੇ ਜੀਵਨ ਉਧਾਰ ਲਈ ਰਸਤਾ ਦਿਤਾ ਹੈ ਉਹ ਬਹੁਤ ਸੁਖੈਨ ਹੈ। ਉਨ੍ਹਾਂ ਦਾ ਫੁਰਮਾਨ ਹੈ ਕਿ ਤੁਸੀਂ ਉਸ ਹਸਤੀ ਜੋ ਨਿਰਾ ਹੀ ਪਿਆਰ ਹੈ ਜਿਸ ਦਾ ਰੂਪ ਰੰਗ ਸਰੀਰ ਵਿਚ ਲੱਗੇ ਨੇਤਰਾਂ ਨਾਲ ਨਜ਼ਰ ਨਹੀਂ ਆਉਂਦਾ। ਪਰ ਵਾਹਿਗੁਰੂ ਮੰਤਰ ਜਪ ਕੇ ਜੋ ਅੱਖਾਂ ਉਪਰ ਵਿਕਾਰ ਪਿਆ ਹੋਇਆ ਹੈ, ਮਾਇਆ ਦਾ ਮੋਤੀਆਂ ਬਿੰਦ ਚੜ੍ਹਿਆ ਹੋਇਆ ਹੈ ਉਹ ਮੋਤੀਏ ਨੂੰ ਉਹ ਦੂਰ ਕਰ ਦਿੰਦਾ ਹੈ ਫੇਰ ਦ੍ਰਿਸ਼ਟੀ ਖੁਲ੍ਹ ਜਾਂਦੀ ਹੈ। ਜਿਹੜੀਆਂ ਚੀਜ਼ਾਂ ਇਨ੍ਹਾਂ ਅੱਖਾਂ ਨਾਲ ਨਜ਼ਰ ਨਹੀਂ ਆਉਂਦੀਆਂ, ਉਹ ਰੂਪਮਾਨ ਹੋ ਕੇ ਦਿਬਯ ਦ੍ਰਿਸ਼ਟ ਨਾਲ ਦੇਖੀਆਂ ਜਾਂਦੀਆਂ ਹਨ। ਤੂੰ ਮੇਰੇ ਪਿਛੋਂ ਇਸ ਮੰਤਰ ਦਾ ਜਾਪ ਕਰੀਂ, ਇਹ ਬੈਰਾਗ ਤੇਰੇ



Sri Satguru Jagjit Singh Ji eLibrary NamdhariElibrary@gmail.com

ਲਈ ਉਡਨ ਖਟੋਲੇ ਦਾ ਕੰਮ ਕਰੇਗਾ ਕਿਉਂਕਿ ਬਿਨਾਂ ਬੈਰਾਗ ਤੋਂ ਮਨ ਤੈਨੂੰ ਮਾਇਆ ਦੇ ਹੰਡੋਲਿਆਂ ਵਿਚੋਂ ਨਿਕਲਣ ਨਹੀਂ ਦੇਵੇਗਾ।

***ਬਿਨੁ ਬੈਰਾਗ ਨ ਛੂਟਸਿ ਮਾਇਆ॥ ਪੰਨਾ - 329***

ਸੋ ਇਸ ਵਾਹਿਗੁਰੂ ਨੂੰ ਮਿਲਾਉਣ ਵਾਲਾ ਸ਼ਬਦ ਹੈ ਜੋ ਮੈਂ ਤੈਨੂੰ ਦਸਿਆ ਹੈ, ਇਹ ਜਿਉਂਦਾ ਜਾਗਦਾ ਸ਼ਬਦ ਹੈ, ਇਸ ਸ਼ਬਦ ਵਿਚ ਸੱਤਾ (ਐਨਰਜੀ) ਹੈ, ਇਹ ਖਿੱਚ ਪਾਉਂਦਾ ਹੈ, ਉਸ ਖਿੱਚ ਦੇ ਖਿੱਚੇ ਮੇਰੇ ਸਤਿਗੁਰੂ ਜੀ ਤੇਰੇ ਪਾਸ ਪਹੁੰਚ ਜਾਣਗੇ। ਸੋ ਮੈਂ ਤੈਨੂੰ ਰਸਤੇ ਪਾ ਦਿਤਾ ਹੈ ਕਿ ਤੂੰ ਇਸ ਸ਼ਬਦ ਬਲ ਨਾਲ ਮੇਰੇ ਪਾਸ ਪਹੁੰਚ ਜਾਵੇਂਗੀ ਜਿਥੇ ਜਾ ਕੇ ਫੇਰ ਕਦੇ ਮੌਤ ਨਹੀਂ ਆਉਣੀ, ਸਦਾ ਦਾ ਜੀਵਨ ਪ੍ਰਾਪਤ ਹੋ ਜਾਵੇਗਾ। ਪਤਾ ਲਗ ਜਾਵੇਗਾ ਤੈਨੂੰ ਕਿ ਮੈਂ ਤੈਨੂੰ ਕਹਿੰਦਾ ਸੀ ਕਿ ਤੂੰ ਆਤਮਾ ਹੈ ਸਭ ਤੂੰ ਦੇਖੇਂਗੀ ਕਿ ਇਥੇ ਆਤਮਾ ਤੋਂ ਬਗੈਰ ਹੈ ਹੀ ਕੋਈ ਨਹੀਂ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ।।***
***ਪੰਨਾ - 846***

ਇਸ ਵਾਸਤੇ ਸਾਧਨ ਜ਼ਰੂਰੀ ਹੈ, ਬੈਰਾਗ ਜ਼ਰੂਰੀ ਹੈ, ਜੋ ਕੁਝ ਮੇਰੇ ਤੋਂ ਸੁਣਿਆ ਹੈ ਉਸ ਤੇ ਪੂਰਨ ਵਿਸ਼ਵਾਸ਼ ਰਖੀਂ, ਪੂਰੀ ਤਰ੍ਹਾਂ ਮੰਨੀ ਜਦੋਂ ਤੂੰ ਇਸ ਤਰ੍ਹਾਂ ਕਰੇਂਗੀ ਫੇਰ ਤੈਨੂੰ ਰਸਤਾ ਖੁਲ੍ਹਦਾ ਜਾਵੇਗਾ। ਜੋ ਸ਼ਕਤੀ ਤੇਰੇ ਨਾਲ ਲੁਕ ਕੇ ਰਹਿੰਦੀ ਹੈ ਉਹ ਮੇਰੇ ਸਤਿਗੁਰੂ ਦੀ ਹੈ ਉਹ ਆਪ ਹੀ ਤੈਨੂੰ ਰਸਤਾ ਦੱਸੇਗੀ। ਇਹ ਗੱਲਾਂ ਕਰਦੇ ਹੀ ਸਨ ਕਿ ਆਪ ਨੇ ਦੋ ਹੱਥਾਂ ਨਾਲ ਆਪਣਾ ਮੂੰਹ ਢੱਕ ਲਿਆ, ਅੰਗ ਸਿਥਲ ਕਰ ਲਏ ਅਤੇ ਲੰਮੀ ਅਵਾਜ਼ ਵਿਚ ਕਿਹਾ -

'ਵਾ......ਹਿ.......ਗੁ......ਰੂ'

'ਵਾ......ਹਿ.......ਗੁ......ਰੂ'

'ਵਾ......ਹਿ.......ਗੁ......ਰੂ'

'ਵਾ......ਹਿ.......ਗੁ......ਰੂ'

'ਵਾ......ਹਿ.......ਗੁ......ਰੂ'

ਪੰਜ ਵਾਰ ਕਹਿ ਕੇ ਇਹ ਅਵਾਜ਼ ਖਾਮੋਸ਼ ਹੋ ਗਈ। ਰਾਜਕੁਮਾਰੀ ਘਬਰਾ ਗਈ ਅਤੇ ਉਸਨੇ ਇਕ ਦੋ ਅਵਾਜ਼ਾਂ ਦਿਤੀਆਂ। ਸਮਝ ਗਈ ਕਿ ਜੋ ਕਹਿੰਦੇ ਸੀ ਕਿ ਮੈਂ ਚਲੇ ਜਾਣਾ ਹੈ ਉਹ ਆਹ ਗੱਲ ਸੀ। ਉਸ ਵੇਲੇ ਉਸ ਨੇ ਐਡੇ ਜ਼ੋਰ ਦੀ ਚੀਕ ਮਾਰੀ ਕਿ ਸਾਰੇ ਮਹੱਲ ਵਿਚ ਸੁਣੀ। ਅੱਜ ਉਸ ਦੇ ਪਿਤਾ ਜੀ ਵੀ ਮਹੱਲ ਵਿਚ ਹੀ ਸਨ। ਉਹ ਆਪਣੀ ਲੜਕੀ ਦੀਆਂ ਹੀ ਗੱਲਾਂ ਕਰ ਰਹੇ ਸਨ, ਉਸ ਦੇ ਮਾਨਸਕ ਬਹਾਅ ਬਾਰੇ ਸੋਚ ਰਹੇ ਸਨ। ਜਦੋਂ ਉਨ੍ਹਾਂ ਨੇ ਅਵਾਜ਼ ਸੁਣੀ ਤਾਂ ਰਾਜ ਵੈਦ ਜੀ ਵੀ ਆ ਗਏ, ਮਾਂ ਬਾਪ ਵੀ ਆ ਗਏ, ਰਾਜਕੁਮਾਰੀ ਬੇਹੋਸ਼ ਹੋ ਚੁਕੀ ਸੀ ਅਤੇ ਦੰਦਲ ਪੈ ਚੁਕੀ ਸੀ। ਸਰੀਰ ਛੱਡਣ ਦੇ ਨੇੜੇ ਸੀ। ਵੈਦ ਜੀ ਨੇ ਤਾਕਤ ਦੇਣ ਵਾਲੀ ਦਵਾਈ ਮੂੰਹ ਵਿਚ ਪਾਈ, ਮਾਲਸ਼ ਕੀਤੀ। ਉਸ ਨੂੰ ਹੋਸ਼ ਆਈ, ਉਸ ਨੇ ਭਾਈ ਤਿਲੋਕਾ ਜੀ ਵਾਲੀ ਚਾਰਪਾਈ ਵਲ ਤੱਕਿਆ, ਫੇਰ ਬੇਹੋਸ਼ ਹੋ ਗਈ। ਇਸ ਤਰ੍ਹਾਂ ਇਕ ਘੰਟੇ ਦੀ ਜਦੋ ਜਹਿਦ ਕਰਦਿਆਂ ਵੈਦ ਜੀ ਨੇ ਰਾਜਕੁਮਾਰੀ ਨੂੰ ਹੋਸ਼ ਵਿਚ ਲਿਆਂਦਾ। ਉਸ ਲਈ ਸਾਰਾ ਸੰਸਾਰ ਬਦਲ ਚੁਕਿਆ ਸੀ, ਉਹ ਇਕ ਦਮ ਚੁੱਪ ਕਰ ਗਈ। ਵੈਦ ਜੀ ਨੇ ਭਾਈ ਤਿਲੋਕਾ ਨੂੰ ਦੇਖਿਆ ਅਤੇ ਕਿਹਾ ਕਿ ਇਹ ਪਰਦੇਸੀ ਤਾਂ ਸਰੀਰ ਛੱਡ ਗਿਆ। ਰਾਜਕੁਮਾਰੀ ਦੀ ਬੇਹੋਸ਼ੀ ਦਾ ਕਾਰਨ ਇਹੋ ਸੀ ਕਿਉਂਕਿ ਇਸ ਨੇ ਡੇਢ ਮਹੀਨੇ ਵਿਚ ਪੂਰਾ ਤਾਣ ਲਾਇਆ ਸੀ ਕਿ ਇਹ ਸਵਸਥ ਹੋ ਜਾਵੇ। ਇਸ ਦੀਆਂ ਆਸਾਂ ਸਭ ਢਹਿ ਢੇਰੀ ਹੋ ਗਈਆਂ। ਰਾਜਕੁਮਾਰੀ ਨੂੰ ਮਾਨਸਕ ਚੋਟ ਲੱਗੀ ਹੈ ਤਾਂ ਬੇਹੋਸ਼ ਹੋ ਗਈ। ਮੈਂ ਇਸ ਨੂੰ ਤਾਕਤ ਦੀਆਂ ਦਵਾਈਆਂ ਦੇਵਾਂਗਾ, ਤੁਸੀਂ ਇਸ ਨਾਲ ਪੂਰਾ ਪਿਆਰ ਕਰਨਾ, ਜੋ ਕੁਝ ਕਹਿੰਦੀ ਹੈ ਉਸੇ ਤਰ੍ਹਾਂ ਕਰਨਾ।

ਰਾਜਕੁਮਾਰੀ ਮਾਂ ਬਾਪ ਨੂੰ ਅਤਿ ਪਿਆਰੀ ਸੀ ਇਕੋ ਇਕ ਓਲਾਦ ਸੀ ਇਹੀ ਬੱਚੀ ਉਨ੍ਹਾਂ ਦੀ ਦੁਨੀਆਂ ਸੀ। ਵੱਡੀ ਤੋਂ ਵੱਡੀ ਚੀਜ਼ ਇਸ ਉਪਰ ਨਿਛਾਵਰ ਕਰਨ ਨੂੰ ਤਿਆਰ ਸਨ ਪਰ ਉਹ ਇਸ ਦੀ ਖੁਸ਼ੀ ਚਾਹੁੰਦੇ ਸਨ। ਭਾਈ ਤਿਲੋਕਾ ਜੀ ਦਾ ਸਸਕਾਰ ਬਹੁਤ ਸਤਿਕਾਰ ਦੇ ਨਾਲ ਕੀਤਾ ਗਿਆ। ਰਾਜਕੁਮਾਰੀ ਜਦੋਂ ਸਵੱਸਥ ਹੋ ਗਈ ਉਸ ਵੇਲੇ ਇਕੋ ਅਵਾਜ਼ ਇਸ ਦੇ ਅੰਦਰ ਗੂੰਜ ਉਠੀ 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਕੋਈ ਹੋਰ ਅੱਖਰ ਬੋਲਦੀ ਹੀ ਨਹੀਂ ਸੀ ਜਦੋਂ ਇਸ ਨੂੰ ਗੱਚ ਉਠਦਾ ਤਾਂ ਇਹ ਫੁਲਾਂ ਦੀ ਮਾਲਾ ਲੈ ਕੇ ਉਥੇ ਪਹੁੰਚਦੀ ਜਿਥੇ ਇਸ ਦਾ ਪਿਆਰਾ ਪਰਦੇਸੀ ਅੰਤਮ ਸਫਰ ਪੂਰਾ ਕਰਕੇ ਅਗੰਮ ਅਗੋਚਰ ਵਿਚ ਪ੍ਰਵੇਸ਼ ਕਰ ਗਿਆ ਸੀ। ਇਸ ਅਵਸਥਾ ਨੂੰ ਸੰਸਾਰ ਵਿਚ ਕੋਈ ਵੀ ਨਹੀਂ ਸਮਝ ਸਕਿਆ ਕਰਦਾ। ਇਹ ਬਿਰਹੁ ਦੀ ਅਵਸਥਾ ਐਸੀ ਹੀ ਹੈ ਕੋਈ ਬਿਰਹੁ ਵਾਲਾ ਤਾਂ ਜਾਣ ਸਕਦਾ ਹੈ ਦੂਸਰੇ ਨੂੰ ਤਾਂ ਇਸ ਦੀ ਡੂੰਘਾਈ ਦਾ, ਪੀੜਾ ਦਾ ਅਨੁਮਾਨ ਵੀ ਨਹੀਂ ਹੋ ਸਕਦਾ -

***ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ ਜਾਣੇ,***
***ਕਿਸੇ ਦੀ ਲੱਗੀ ਕੌਣ ਜਾਣਦਾ।***
***ਮੇਰੇ ਪਿਆਰੇ, ਕਿਸੇ ਦੀ ਲੱਗੀ ਕੌਣ ਜਾਣਦਾ -2,2.***
***ਜਿਸ ਤਨ ਲੱਗੀਆਂ ਸੋਈ ਤਨ ਜਾਣੇ.....।***

***ਲਾਗੀ ਹੋਇ ਸੋ ਜਾਨੈ ਪੀਰ॥***
***ਰਾਮ ਭਗਤਿ ਅਨੀਆਲੇ ਤੀਰ॥ ਪੰਨਾ - 327***

ਬਿਰਹਾ ਇਕ ਅਤਿ ਨਿਰਮਲ ਹਿਰਦੇ ਦਾ ਅਤਿ ਸੂਖਸ਼ਮ ਗੁਣ ਹੈ। ਜਿਸ ਤਨ ਵਿਚ ਇਹ ਬਿਰਹਾ ਉਪਜਦਾ ਹੈ ਉਹ ਤਨ ਜਿਉਂਦਾ ਜਾਗਦਾ ਹੈ। ਜਿਸ ਤਰ੍ਹਾਂ ਦੇ ਨਾਲ ਕੋਈ ਦਰਖਤ, ਬੂਟਾ ਪੂਰਨ ਰੂਪ ਦੇ ਵਿਚ ਵਧਦਾ ਫੁਲਦਾ ਹੈ, ਮੌਲਦਾ ਹੈ, ਖਿੱਚਾਂ ਪਾਉਂਦਾ ਹੈ ਇਸੇ ਤਰ੍ਹਾਂ ਨਾਲ ਜਿਸ ਤਨ ਵਿਚ ਬਿਰਹਾ ਹੁੰਦਾ ਹੈ ਉਹ ਜਿਉਂਦਾ ਜਾਗਦਾ ਤਨ ਹੁੰਦਾ ਹੈ, ਬੁਝਿਆ ਹੋਇਆ ਨਹੀਂ ਹੁੰਦਾ। ਬੁਝੇ ਹੋਏ ਤਨ ਵਿਚ ਬਿਰਹਾ ਨਹੀਂ ਉਪਜਿਆ ਕਰਦਾ, ਉਹ ਖਿੱਚ ਤੋਂ ਹੀਣਾ ਹੁੰਦਾ ਹੈ, ਉਹ ਮਾਇਆ ਤੇ ਤ੍ਰਿਸ਼ਨਾ ਦੀ ਅਗਨ ਨੇ ਐਨਾ ਜਾਲ ਦਿਤਾ ਹੁੰਦਾ


Sri Satguru Jagjit Singh Ji eLibrary NamdhariElibrary@gmail.com

ਹੈ ਕਿ ਉਸ ਵਿਚ ਪ੍ਰੇਮ ਦਾ ਇਕ ਅੰਸ ਵੀ ਨਹੀਂ ਹੁੰਦਾ। ਉਹ ਸਿਰਫ ਆਪਣੇ ਲਈ ਜਿਉਂਦਾ ਹੈ, ਬਾਕੀਆਂ ਨਾਲ ਉਸ ਦਾ ਕੋਈ ਲਗਾਓ ਨਹੀਂ ਹੁੰਦਾ, ਪ੍ਰਮੇਸ਼ਰ ਨੂੰ ਉਹ ਜਾਣਦਾ ਨਹੀਂ ਹੈ। ਗੁਰਬਾਣੀ ਅਨੁਸਾਰ ਉਸ ਦਾ ਹਿਰਦਾ ਮਸਾਣਾਂ ਦੀ ਧਰਤੀ ਹੋਇਆ ਕਰਦਾ ਹੈ। ਮਸਾਣ ਵਿਚ ਧਰਤੀ ਜਲ ਜਾਇਆ ਕਰਦੀ ਹੈ। ਉਸ ਵਿਚ ਪੌਦਿਆਂ ਨੂੰ ਉਗਾਉਣ ਦੀ ਸ਼ਕਤੀ ਖਤਮ ਹੋ ਜਾਂਦੀ ਹੈ, ਉਸ ਜਲੀ ਹੋਈ ਧਰਤੀ ਵਿਚ ਕੋਈ ਘਾਹ ਬੂਟਾ ਹਰਾ ਨਹੀਂ ਹੋਇਆ ਕਰਦਾ। ਬੇਅੰਤ ਬਾਰਸ਼ਾਂ ਹੋਣ, ਪਾਣੀ ਉਹਦੇ ਉਤੇ ਵਗੇ, ਸ਼ਿਲਟ ਛੱਡ ਜਾਵੇ ਫੇਰ ਉਪਰਲੇ ਹਿੱਸੇ ਵਿਚ ਬੀਜ ਪੁੰਗਰ ਸਕਦਾ ਹੈ ਪਰ ਹੇਠੋਂ ਉਸਨੂੰ ਖੁਰਾਕ ਨਾ ਮਿਲਣ ਕਰਕੇ ਜਲੀ ਹੋਈ ਧਰਤੀ ਹੋਣ ਕਰਕੇ ਉਹ ਵਿਗਸਦਾ ਨਹੀਂ ਹੈ, ਮੌਲਦਾ ਨਹੀਂ ਹੈ। ਸੋ ਇਸਨੂੰ ਮਸਾਣ ਆਖਿਆ ਜਾਂਦਾ ਹੈ। ਜਿਸ ਸਰੀਰ ਵਿਚ ਬਿਰਹਾ ਨਹੀਂ ਹੈ ਉਹ ਕਿਸੇ ਕੰਮ ਦਾ ਵੀ ਸਰੀਰ ਨਹੀਂ ਹੁੰਦਾ। ਗੁਰੂ ਮਹਾਰਾਜ ਜੀ ਤਾਂ ਇਥੇ ਤਕ ਫੁਰਮਾਨ ਕਰਦੇ ਹਨ ਕਿ ਜਿਸ ਪਿੰਜਰ ਵਿਚ ਬਿਰਹਾ ਨਾ ਹੋਵੇ ਉਹ ਸਰੀਰ ਅਕਾਰਥ ਹੈ ਉਸ ਨੂੰ ਜਾਲ ਦੇਣਾ ਚਾਹੀਦਾ ਹੈ।

***ਜੋ ਸਿਰੁ ਸਾਂਈ ਨ ਨਿਵੈ ਸੋ ਸਿਰੁ ਦੀਜੈ ਡਾਰਿ॥***
***ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥***
***ਪੰਨਾ – 89***

ਬਾਬਾ ਫਰੀਦ ਜੀ ਜੰਗਲ ਵਿਚ ਘੋਰ ਤਪਸਿਆ ਕਰ ਰਹੇ ਸਨ, ਸਰੀਰ ਸੁਕਾ ਲਿਆ, ਕਾਵਾਂ ਨੇ ਬਹੁਤ ਠੂੰਗਾਂ ਮਾਰੀਆਂ, ਮੁਰਦਾ ਜਾਣ ਕੇ ਜਦੋਂ ਅੱਖ ਵਿਚ ਚੁੰਝ ਮਾਰਨ ਲਗਦੇ ਹਨ ਤਾਂ ਆਪ ਤਰਲਾ ਲੈਂਦੇ ਹੋਏ ਕਾਂ ਨੂੰ ਕਹਿੰਦੇ ਹਨ ਕਿ ਜਦੋਂ ਤੁਸੀਂ ਮੇਰੇ ਸਰੀਰ ਤੇ ਠੁੰਗਾਂ ਮਾਰਦੇ ਸੀ, ਮੈਂ ਤੁਹਾਨੂੰ ਕੁਝ ਨਹੀਂ ਕਿਹਾ ਕਿਉਂਕਿ ਮੇਰੇ ਵਿਚ ਕੁਝ ਕਹਿਣ ਦੀ ਸਤੱਾ ਹੀ ਨਹੀਂ ਸੀ ਰਹੀ ਪਰ ਜਦੋਂ ਤੁਸੀਂ ਮੇਰੀਆਂ ਅੱਖਾਂ ਉਤੇ ਵੀ ਚੁੰਝ ਮਾਰਨ ਲੱਗੇ ਤਾਂ ਮੈਂ ਇਹ ਤਰਲਾ ਲਿਆ ਕਿ ਜਦੋਂ ਮੈਨੂੰ ਖੁਦਾਵੰਦ ਮਿਲੇਗਾ ਉਸ ਸਮੇਂ ਮੈਨੂੰ ਉਸ ਦਾ ਦਰਸ਼ਨ ਕਿਵੇਂ ਹੋਵੇਗਾ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਮੇਰੀਆਂ ਅੱਖਾਂ ਖਰਾਬ ਨਾ ਕਰੋ ਉਨ੍ਹਾਂ ਨੇ ਆਪਣੇ ਸਰੀਰ ਵਲ ਦੇਖਦਿਆਂ ਕਿਹਾ –

***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ।।***
***ਪੰਨਾ – 1382***

***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥***
***ਪੰਨਾ – 1382***

ਮੇਰੀਆਂ ਦੋਵੇਂ ਅੱਖਾਂ ਸਾਬਤ ਰਹਿਣ ਦਿਓ ਤਾਂ ਕਿ ਜੀਅ ਭਰ ਕੇ ਮੈਂ ਆਪਣੇ ਪਿਆਰੇ ਦਾ ਦੀਦਾਰ ਕਰ ਸਕਾਂ, ਬਿਰਹਾ ਸਦਾ ਹੀ ਮਿਲਾਪ ਮੰਗਦਾ ਹੈ, ਬਿਰਹਾ ਤੋਂ ਬਗੈਰ ਰੂਹਾਨੀਅਤ ਦੀਆਂ ਉਚੀਆਂ ਸਿਖਰਾਂ ਤੇ ਬਿਲਕੁਲ ਨਹੀਂ ਚੜ੍ਹਿਆ ਜਾ ਸਕਦਾ। ਜਿੰਨਾਂ ਹਿਰਦੇ ਵਿਚ ਪਿਆਰ ਜ਼ਿਆਦਾ ਹੋਵੇਗਾ ਉਨੀਂ ਹੀ ਖਿੱਚ ਅੰਦਰ ਪ੍ਰਬਲ ਹੋਵੇਗੀ, ਉਸ ਦੀ ਹਾਲਤ ਨਿਰਾਲੀ ਹੋਵੇਗੀ।

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓਹ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓਹ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***
***ਡਾ. ਭਾਈ ਵੀਰ ਸਿੰਘ ਜੀ***

ਬਿਰਹਾ ਦੀਆਂ ਬਹੁਤ ਹੀ ਵਚਿਤਰ ਕਹਾਣੀਆਂ ਹਨ, ਭਾਈ ਗੁਰਦਾਸ ਨੇ ਸੱਸੀ ਪੁੰਨੀ ਦਾ ਜ਼ਿਕਰ ਕਰਦਿਆਂ ਲਿਖਿਆ ਹੈ –

***ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ॥***
***ਭਾਈ ਗੁਰਦਾਸ ਜੀ, ਵਾਰ 27/1***

ਇਸ ਬਾਰੇ ਬਹੁਤ ਸਾਰੇ ਕਵੀਆਂ ਨੇ ਵੀ ਲਿਖਿਆ ਹੈ। ਹਾਸ਼ਮ ਕਵੀ ਦੀ ਲਿਖੀ ਸੱਸੀ ਪ੍ਰਸਿੱਧ ਹੈ। ਦਸਮ ਗ੍ਰੰਥ ਵਿਚ ਵੀ ਇਸ ਦਾ ਜ਼ਿਕਰ ਆਇਆ ਹੈ। ਉਹ ਇਸ ਤਰ੍ਹਾਂ ਕਿ ਸੱਸੀ ਕਪਿਲ ਮੁਨੀ ਤੇ ਰੰਭਾ ਅਪਸਰਾ ਦੀ ਓਲਾਦ ਸੀ। ਇਸ ਨੂੰ ਸਿੰਧ ਦਰਿਆ ਵਿਚ ਰੋੜ੍ਹ ਦਿਤਾ ਗਿਆ। ਸਿੰਧ ਦੇ ਰਾਜੇ ਬ੍ਰਹਮਦੱਤ ਨੇ ਦਰਿਆ ਵਿਚੋਂ ਕੱਢ ਕੇ ਇਸ ਦਾ ਪਾਲਣ ਪੋਸਣ ਕੀਤਾ। ਇਸ ਦਾ ਨਾਂ ਸਮਿਆ ਰੱਖਿਆ ਗਿਆ। ਜਦੋਂ ਇਹ ਜੁਆਨ ਹੋਈ ਤਾਂ ਰਾਜੇ ਨੇ ਪੁੰਨੂੰ ਪਾਤਸ਼ਾਹ ਵਲ ਦੂਤ ਭੇਜੇ ਕਿ ਤੂੰ ਇਸ ਨੂੰ ਵਰ ਲੈ। ਬੜੀ ਸ਼ਾਨ ਸ਼ੌਕਤ ਨਾਲ ਵਿਆਹ ਹੋਇਆ। ਜਦੋਂ ਪੁੰਨੂੰ ਤੇ ਸੱਸੀ ਆਪਣੇ ਮੁਲਖ ਪੁੱਜੇ ਤਾਂ ਪੁੰਨੂੰ ਦੀ ਪਹਿਲੀ ਪਤਨੀ ਨੂੰ ਸੌਂਕਣ ਦੇ ਆਉਣ ਦਾ ਬਹੁਤ ਦੁਖ ਪੁਜਾ। ਉਸ ਨੇ ਕਈ ਜੰਤਰ ਮੰਤਰ ਕੀਤੇ ਕਿ ਪੁੰਨੂੰ ਸੱਸੀ ਤੋਂ ਟੁੱਟ ਜਾਵੇ। ਆਖਰ ਪੁੰਨੂੰ ਨੂੰ ਮਰਵਾ ਹੀ ਦਿਤਾ। ਸੱਸੀ ਉਸ ਦੇ ਪਿਆਰ, ਬਿਰਹੁ ਵਿਚ ਡੁੱਬੀ ਹੋਈ ਉਸ ਦੀ ਕਬਰ ਤੇ ਢੇਰੀ ਹੋ ਗਈ।

ਆਮ ਪ੍ਰਚਲਤ ਕਿੱਸਿਆਂ ਵਿਚ ਕਥਾ ਨੂੰ ਹੋਰ ਤਰ੍ਹਾਂ ਲਿਖਿਆ ਗਿਆ ਹੈ। ਦਰਿਆ ਕੰਢੇ ਵਸਦੇ ਭੰਭੋਰ ਸ਼ਹਿਰ ਦੇ ਵਾਲੀ ਆਦਮ ਦੇ ਘਰ ਔਲਾਦ ਨਹੀਂ ਸੀ। ਬਹੁਤ ਮੰਨਤਾਂ ਮਨੌਤਾਂ ਕਰਨ ਪਿਛੋਂ ਇਕ ਖੂਬਸੂਰਤ ਲੜਕੀ ਨੇ ਉਸ ਦੇ ਘਰ ਜਨਮ ਲਿਆ। ਜੋਤਸ਼ੀਆਂ ਨੂੰ ਪੁਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਬੱਚੀ ਨੇ ਜੁਆਨ ਹੋ ਕੇ ਥਲਾਂ ਵਿਚ ਜਾ ਕੇ ਮਰਨਾ ਹੈ ਅਤੇ ਕੁਲ ਨੂੰ ਦਾਗ ਲਾਉਣ ਦੀ ਭਵਿੱਖ ਬਾਣੀ ਕਰ ਦਿਤੀ। ਰਾਜੇ ਦੀ ਸਾਰੀ ਖੁਸ਼ੀ ਗਮੀ ਵਿਚ ਬਦਲ ਗਈ। ਰਾਜੇ ਨੇ ਵਜ਼ੀਰਾਂ ਨਾਲ ਸਲਾਹ ਕਰਨ ਉਪਰੰਤ ਬੱਚੀ ਨੂੰ ਇਕ ਸੰਦੂਕ ਵਿਚ ਬੰਦ ਕਰਕੇ ਅਨੇਕਾਂ ਗਹਿਣੇ, ਵਸਤਰ, ਧਨ, ਦੌਲਤ ਰੱਖ ਕੇ ਉਸਨੂੰ ਦਰਿਆ ਵਿਚ ਰੋੜ੍ਹ ਦਿਤਾ। ਦੇਵ ਨੇਤ ਨਾਲ ਕਾਫੀ ਦੂਰ ਜਾ ਕੇ ਇਕ ਧੋਬੀ ਕਪੜੇ ਧੋ ਰਿਹਾ ਸੀ। ਜਦੋਂ ਉਸਨੇ ਦਰਿਆ ਵਿਚ ਸੰਦੂਕ ਆਉਂਦੇ ਦੇਖਿਆ ਤਾਂ ਉਸ ਨੇ ਤੈਰ ਕੇ ਇਹ ਸੰਦੂਕ ਕੰਢੇ ਲਾ ਲਿਆ ਅਤੇ ਇਸ ਨੂੰ ਚੁੱਕ ਕੇ ਘਰ ਲੈ ਆਇਆ। ਧੋਬੀ ਦਾ ਨਾਮ ਅੱਤਾ ਸੀ। ਉਸ ਦੇ ਘਰ ਕੋਈ ਓਲਾਦ ਨਹੀਂ ਸੀ। ਜਦੋਂ ਦੋਹਾਂ ਪਤੀ ਪਤਨੀ ਨੇ ਸੰਦੂਕ ਖੋਲ੍ਹਿਆ ਤਾਂ ਇਸ ਖੂਬਸੂਰਤ ਲੜਕੀ ਦੇ ਹੁਸਨ ਨੂੰ ਦੇਖ ਕੇ ਹੈਰਾਨ ਹੋ ਗਏ ਅਤੇ ਨਾਲ ਐਨਾ ਧਨ ਦੇਖ ਵੀ ਹੈਰਾਨ



Sri Satguru Jagjit Singh Ji eLibrary NamdhariElibrary@gmail.com

ਹੋਏ। ਜਾਣ ਗਏ ਕਿ ਇਹ ਕਿਸੇ ਵੱਡੇ ਘਰ ਦੀ ਲੜਕੀ ਹੈ ਅਤੇ ਕਿਸੇ ਨੇ ਸ਼ਗਨ ਕੁਸ਼ਗਨ ਵੀਚਾਰਦਿਆਂ ਇਸ ਨੂੰ ਦਰਿਆ ਵਿਚ ਰੋੜ੍ਹ ਦਿਤਾ। ਧੋਬੀ ਧੋਬਣ ਨੇ ਇਸ ਨੂੰ ਬਹੁਤ ਪਿਆਰ ਨਾਲ ਪਾਲਿਆ, ਸੱਸੀ ਐਨੀ ਸੁੰਦਰ ਨਿਕਲੀ ਕਿ ਉਸਦਾ ਜੋਬਨ ਸੂਰਜ ਨੂੰ ਵੀ ਮਾਤ ਪਾਉਂਦਾ ਸੀ। ਭੰਬੋਰ ਸ਼ਹਿਰ ਵਿਚ ਨੁਮਾਇਸ਼ ਲੱਗੀ ਸੀ, ਸੱਸੀ ਵੀ ਉਹ ਨੁਮਾਇਸ਼ ਦੇਖਣ ਚਲੀ ਗਈ। ਉਥੇ ਇਕ ਖ਼ੂਬਸੂਰਤ ਨੌਜਵਾਨ ਦੀ ਤਸਵੀਰ ਲੱਗੀ ਹੋਈ ਸੀ। ਦੇਖਦੇ ਸਾਰੇ ਇਸ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਮੇਰਾ ਇਸ ਨਾਲ ਜਨਮਾਂ ਜਨਮਾਂਤਰਾ ਦਾ ਸਬੰਧ ਹੈ। ਇਹ ਚਿਤ੍ਰ ਕੇਚਮ ਸ਼ਹਿਰ ਦੇ ਬਲੋਚ ਸ਼ਹਿਜ਼ਾਦੇ ਪੁੰਨੂੰ ਦਾ ਸੀ। ਪੁੰਨੂੰ ਨੂੰ ਬਿਨਾਂ ਦੇਖੇ ਹੀ ਇਸ ਦੇ ਅੰਦਰ ਬਿਰਹੁ ਦਾ ਤੀਰ ਲੱਗਿਆ, ਇਸ ਨੇ ਖਾਣਾ ਪੀਣਾ ਛੱਡ ਦਿਤਾ। ਪੁੰਨੂੰ ਦੀ ਸੋਚ ਉਸ ਦੇ ਅੰਗ-ਅੰਗ ਵਿਚ ਸਮਾਅ ਗਈ ਇਹ ਸੋਚ ਕਿਸੇ ਤਰ੍ਹਾਂ ਵੀ ਉਸ ਨੂੰ ਨਾ ਭੁੱਲੇ। ਉਸ ਨੂੰ ਪਤਾ ਲਗਾ ਕਿ ਇਹ ਚਿਤ੍ਰ ਕੇਚਮ ਸ਼ਹਿਰ ਦੇ ਬਲੋਚ ਸ਼ਹਿਜ਼ਾਦੇ ਪੁੰਨੂੰ ਦਾ ਹੈ। ਅਚਾਨਕ ਕੁਝ ਸੌਦਾਗਰ ਕੇਚਮ ਦੇ ਹੀ ਭੰਬੋਰ ਵਿਚ ਆ ਗਏ। ਸੱਸੀ ਦਾ ਉਨ੍ਹਾਂ ਨਾਲ ਮਿਲਾਪ ਹੋ ਗਿਆ। ਉਸ ਨੇ ਬੇਨਤੀ ਕੀਤੀ ਕਿ ਕਿਸੇ ਤਰੀਕੇ ਨਾਲ ਪੁੰਨੂੰ ਨੂੰ ਦੱਸ ਦਿਤਾ ਜਾਵੇ ਕਿ ਮੈਂ ਉਸਨੂੰ ਅਤਿ ਦਾ ਪਿਆਰ ਕਰਦੀ ਹਾਂ। ਮੈਂ ਉਸ ਦੇ ਬਿਰਹੇ ਵਿਚ ਤੜਫ ਰਹੀ ਹਾਂ। ਪੁੰਨੂੰ ਨੇ ਸੱਸੀ ਦੀ ਗੱਲ ਸੁਣ ਕੇ ਸੱਸੀ ਨੂੰ ਮਿਲਣ ਦੀ ਤਿਆਰੀ ਕੀਤੀ। ਜਦੋਂ ਉਸ ਨੇ ਭੰਬੋਰ ਆ ਕੇ ਸੱਸੀ ਨੂੰ ਦੇਖਿਆ ਤਾਂ ਉਸ ਦਾ ਹੀ ਹੋ ਕੇ ਰਹਿ ਗਿਆ ਅਤੇ ਵਿਆਹ ਕਰਾ ਕੇ ਇਥੇ ਹੀ ਰਹਿਣਾ ਸ਼ੁਰੂ ਕਰ ਦਿਤਾ। ਰਾਜ ਭਾਗ ਦਾ ਸਾਰਾ ਧਿਆਨ ਭੁੱਲ ਗਿਆ। ਇਸ ਦੇ ਪਿਆਰ ਵਿਚ ਮਸਤ ਹੋ ਗਿਆ। ਪੁੰਨੂੰ ਦੇ ਭਰਾਵਾਂ ਨੂੰ ਪਤਾ ਲੱਗਿਆ ਤਾਂ ਉਹ ਪੁੰਨੂੰ ਨੂੰ ਟੋਲਦੇ ਹੋਏ ਸੱਸੀ ਦੇ ਬਾਗਾਂ ਵਿਚ ਆ ਗਏ, ਆ ਕੇ ਆਪਣੇ ਭਰਾ ਨੂੰ ਮਿਲੇ ਪਰ ਉਸ ਨੂੰ ਰਾਤ ਦੇ ਖਾਣੇ ਵਿਚ ਕੁਝ ਮਿਲਾ ਕੇ ਉਨ੍ਹਾਂ ਨੇ ਬੇਹੋਸ਼ ਕਰ ਲਿਆ ਅਤੇ ਉਸ ਨੂੰ ਸਾਂਢਣੀ ਤੇ ਬਿਠਾ ਕੇ ਆਪਣੇ ਦੇਸ਼ ਲੈ ਗਏ। ਜਦੋਂ ਸੱਸੀ ਦੀ ਜਾਗ ਖੁਲ੍ਹੀ ਤਾਂ ਪਤਾ ਲੱਗਿਆ ਕਿ ਉਸ ਦੇ ਭਰਾ ਉਸ ਨੂੰ ਚੁੱਕ ਕੇ ਲੈ ਗਏ। ਰਸਤੇ ਵਿਚ ਬਹੁਤ ਵੱਡਾ ਮਾਰੂਥਲ ਪੈਂਦਾ ਸੀ ਜਿਥੇ ਅਤਿ ਦੀ ਗਰਮੀ ਸੀ। ਸੱਸੀ ਉਸ ਮਾਰੂਥਲ ਵਿਚ ਨੰਗੇ ਪੈਰੀਂ ਤੁਰ ਪਈ। ਉਸ ਦੀ ਧੋਬਣ ਮਾਂ ਉਸ ਨੂੰ ਅਵਾਜ਼ਾਂ ਮਾਰ ਕੇ ਰੋਕ ਰਹੀ ਸੀ। ਪਰ ਉਸ ਦਾ ਜਵਾਬ ਸੀ-

***ਤੁਰਸਾਂ ਮੂਲ ਨ ਮੁੜਸਾਂ ਰਾਹੋਂ, ਜਾਨ ਤਲੀ ਪਰ ਧਰਸਾਂ,***
***ਜਬ ਤਕ ਸਾਸ ਨਿਰਾਸ ਨਾ ਹੋਵਾਂ, ਮਰਨੋਂ ਮੂਲ ਨ ਡਰਸਾਂ।***

ਸੱਸੀ ਪੁੰਨੂੰ-ਪੁੰਨੂੰ ਪੁਕਾਰਦੀ ਰੇਤ ਦੇ ਥਲਾਂ ਵਿਚ ਦੌੜਦੀ ਗਈ। ਪਾਣੀ ਤੋਂ ਬਗੈਰ ਉਸ ਦੇ ਬੁੱਲ ਸੁਕ ਰਹੇ ਸਨ ਫੇਰ ਉਸ ਦੇ ਬੁਲ੍ਹਾਂ ਤੇ ਇਕੋ ਅਵਾਜ਼ ਸੀ ਪੁੰਨੂੰ-ਪੁੰਨੂੰ। ਪੈਰ ਨੰਗੇ ਸੀ, ਮਾਰੂਥਲ ਬਹੁਤ ਤਪਿਆ ਹੋਇਆ ਸੀ, ਉਹ ਬੇਹੋਸ਼ ਹੋ ਕੇ ਗਿਰਦੀ ਸੀ ਜਦੋਂ ਹੋਸ਼ ਆਉਂਦੀ ਸੀ ਤਾਂ ਉਹ ਅਗਾਹਾਂ ਨੂੰ ਹੀ ਵਧਦੀ ਸੀ। ਅਖੀਰ ਪਿਆਸ ਅਤੇ ਗਰਮੀ ਦਾ ਸੰਕਟ ਨਾ ਸਹਿਨ ਕਰਕੇ ਬੇਹੋਸ਼ ਹੋ ਕੇ ਗਿਰ ਗਈ ਅਤੇ ਇਸੇ ਬਿਰਹੇ ਦੇ ਅਧੀਨ ਉਸ ਦੇ ਪ੍ਰਾਨ ਪੰਖੇਰੂ ਉਡ ਗਏ।

ਦੂਸਰੇ ਪਾਸੇ ਜਦੋਂ ਪੁੰਨੂੰ ਨੂੰ ਹੋਸ਼ ਆਈ ਕਿ ਇਹ ਮੈਨੂੰ ਸੱਸੀ ਕੋਲੋਂ ਲੈ ਆਏ ਹਨ, ਉਸ ਦੇ ਅੰਦਰ ਵੀ ਸੱਸੀ ਦਾ ਪਿਆਰ ਠਾਠਾਂ ਮਾਰ ਰਿਹਾ ਸੀ, ਉਹ ਵੀ ਇਸ ਮਾਰੂਥਲ ਵਲ ਨੱਸ ਤੁਰਿਆ ਅਤੇ ਸੱਸੀ ਤਕ ਪਹੁੰਚ ਗਿਆ। ਉਸ ਨੇ ਦੇਖਿਆ ਕਿ ਸੱਸੀ ਮੇਰੇ ਬਿਰਹੇ ਵਿਚ ਪ੍ਰਾਣ ਛੱਡ ਗਈ ਹੈ, ਉਸ ਨੇ ਵੀ ਉਸਦੇ ਮ੍ਰਿਤਕ ਸਰੀਰ ਪਾਸ ਆਪਣੇ ਪ੍ਰਾਣ ਛੱਡ ਦਿਤੇ ਅਤੇ ਦੋਹਾਂ ਦੀਆਂ ਉਥੇ ਕਬਰਾਂ ਬਣੀਆਂ। ਇਹ ਇਕ ਪਤੀ ਪਤਨੀ ਦੇ ਪਿਆਰ ਦੀ ਪਵਿੱਤਰ ਕਹਾਣੀ ਹੈ ਜਿਸ ਵਿਚ ਬਿਰਹਾ ਦੀ ਇੰਤਹਾਅ ਹੈ।

ਇਸੇ ਤਰ੍ਹਾਂ ਨਾਲ ਸ੍ਰੀ ਰਾਮ ਚੰਦਰ ਜੀ ਮਹਾਰਾਜ ਨੂੰ ਸੀਤਾ ਜੀ ਪੂਰਨ ਪਿਆਰ ਕਰਦੀ, ਪਿਆਰ ਵਿਚ ਲੀਨ ਰਿਹਾ ਕਰਦੀ ਸੀ। ਉਸ ਦੀ ਵੀ ਹਾਲਤ ਇਸ ਤਰ੍ਹਾਂ ਸੀ ਜਿਵੇਂ ਇਕ ਮੱਛੀ ਪਾਣੀ ਤੋਂ ਬਗੈਰ ਜਿਉਂਦੀ ਨਹੀਂ ਰਹਿੰਦੀ। ਜਦੋਂ ਸ੍ਰੀ ਰਾਮ ਚੰਦਰ ਜੀ ਨੂੰ 14 ਸਾਲ ਦਾ ਬਨਵਾਸ ਮਿਲਿਆ ਤਾਂ ਉਹ ਮਹਿਲਾਂ ਵਿਚ ਰਹਿਣ ਨੂੰ ਨਾ ਮੰਨੀ ਕਿਉਂਕਿ ਰਾਮ ਹੀ ਉਸ ਦਾ ਜੀਵਨ ਸੀ। ਦੁੱਖ ਭੁੱਖ ਤਕਲੀਫ ਉਸ ਲਈ ਕੁਝ ਵੀ ਮਾਇਨੇ ਨਹੀਂ ਸੀ ਰਖਦਾ। ਉਹ ਰਾਮ ਦੇ ਚਰਨਾਂ ਵਿਚ ਸੁੱਖ ਮਹਿਸੂਸ ਕਰਦੀ ਸੀ। ਜਦੋਂ ਰਾਵਣ ਛਲ ਕਰਕੇ ਉਸ ਨੂੰ ਚੁੱਕ ਕੇ ਲੈ ਗਿਆ ਤਾਂ ਕੁਝ ਵੀ ਪਤਾ ਨਹੀਂ ਸੀ ਲਗਦਾ ਕਿ ਸੀਤਾ ਜੀ ਨੂੰ ਕੌਣ ਲੈ ਗਿਆ। ਕਿਉਂਕਿ ਰਾਮ ਤੇ ਲਛਮਣ ਨੂੰ ਵੀ ਮਾਇਆਵੀ ਛਲ ਨਾਲ ਆਪਣੇ ਆਸਣ ਤੋਂ ਬਾਹਰ ਕੱਢ ਲਿਆ ਸੀ। ਜਦੋਂ ਵਾਪਸ ਆਏ ਤਾਂ ਦੇਖਿਆ, ਕੁਟੀਆ ਖਾਲੀ ਸੀ। ਉਸ ਸਮੇਂ ਜੋ ਬਿਰਹਾ ਸ੍ਰੀ ਰਾਮ ਚੰਦਰ ਜੀ ਅੰਦਰ ਜਾਗਿਆ ਉਸ ਦੀ ਮਿਸਾਲ ਨਹੀਂ ਮਿਲਦੀ। ਉਹ ਇਕ-ਇਕ ਪੰਛੀ, ਇਕ-ਇਕ ਵੇਲ, ਇਕ-ਇਕ ਬੂਟੇ ਤੋਂ ਪੁੱਛ ਰਹੇ ਸੀ ਕਿ ਦੱਸੋ ਤਾਂ ਸਹੀ ਕਿ ਸੀਤਾ ਜੀ ਨੂੰ ਕਿਸ ਨੇ ਹਰਨ ਕਰ ਲਿਆ। ਸੀਤਾ ਜੀ ਆਪਣੇ ਗਹਿਣੇ ਸੁੱਟਦੇ ਗਈ। ਕੁਝ ਸੂਝ ਪੈਂਦੀ ਗਈ ਕਿ ਜਿਸ ਨੇ ਹਰਨ ਕੀਤਾ ਹੈ ਉਹ ਇਸ ਰਸਤੇ ਗਿਆ ਹੈ। ਉਹ ਰਸਤਾ ਰਾਵਣ ਦੇ ਰਾਜ ਨੂੰ ਜਾ ਰਿਹਾ ਸੀ। ਸ੍ਰੀ ਰਾਮ ਚੰਦਰ ਜੀ ਤੇ ਲਛਮਣ ਜੀ ਸੀਤਾ ਜੀ ਦੀ ਤਲਾਸ਼ ਵਿਚ ਦੂਰ ਤਕ ਗਏ। ਚਨਾਈ ਵਲ ਗਏ ਉਥੇ ਉਨ੍ਹਾਂ ਦਾ ਪਰਮ ਭਗਤ ਹਨੂੰਮਾਨ ਮਿਲਿਆ ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਐਸਾ ਫੁਰਮਾਨ ਕਰਦੇ ਹਨ ਕਿ -

***ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ॥***
***ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ॥***
***ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ॥***
***ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ॥***
***ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ॥***
***ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ॥***
***ਭੂਲਾ ਦੈਤੁ ਨ ਸਮਝਈ ਤਿਨਿ ਪ੍ਰਭ ਕੀਏ ਕਾਮ॥***
***ਨਾਨਕ ਵੇਪਰਵਾਹੁ ਸੋ ਕਿਰਤੁ ਨ ਮਿਟਈ ਰਾਮ॥***

***ਪੰਨਾ - 1412***

ਸ੍ਰੀ ਰਾਮ ਚੰਦਰ ਜੀ ਨੇ ਹਨੂੰਮਾਨ ਜੀ ਨੂੰ ਲੰਕਾ ਵਿਚ



Sri Satguru Jagjit Singh Ji eLibrary NamdhariElibrary@gmail.com

ਸੀਤਾ ਜੀ ਨੂੰ ਤਲਾਸ਼ ਕਰਨ ਲਈ ਭੇਜਿਆ। ਜਦੋਂ ਹਨੂੰਮਾਨ ਜੀ ਵਾਪਸ ਆ ਗਏ ਤਾਂ ਉਸ ਵੇਲੇ ਆਪ ਜੀ ਨੇ ਫੁਰਮਾਇਆ ਕਿ –

*ਔਹ ਹਨੂਮਾਨ ਕਹਿਓ ਰਘੁਬੀਰ*
*ਕਛੁ ਸੁਧ ਹੈ ਸੀਅ ਕੀ ਛਿਤ ਮਾਹੀ।*
*ਹੈ ਪ੍ਰਭ, ਲੰਕ ਕਲੰਕ ਬਿਨਾ ਸੁ ਬਸਹਿ,*
*ਤਰ ਰਾਵਣ ਬਾਗ ਕੀ ਛਾਹੀ।*
*ਜੀਵਤ ਹੈ?*
*ਕਹਿਬੇ ਹੀ ਕੋ ਨਾਥ!*
*ਸੋ ਕਿਉਂ ਨ ਮਰੀ ਹਮਰੇ ਬਿਛਰਾਹੀ?*
*ਪ੍ਰਾਨ ਵਸੇ ਪਦ ਪੰਕਜ ਮੇਂ,*
*ਜਮ ਆਵਤ ਹੈ ਪਰ ਪਾਵਤ ਨਾਹੀ।*

ਇਹ ਬਿਰਹੋਂ ਦੀ ਜੋ ਦਸ਼ਾ ਸੀ ਇਸ ਉਪਰ ਲਿਖੀ ਵਾਰਤਾ ਤੋਂ ਪਤਾ ਲਗਦਾ ਹੈ ਕਿ ਸ੍ਰੀ ਰਾਮ ਚੰਦਰ ਜੀ ਨੇ ਇਸ ਗੱਲ ਉਪਰ ਜ਼ੋਰ ਦਿਤਾ ਕਿ ਸੀਤਾ ਜੀ ਮੇਰੇ ਵਿਛੜਨ ਨਾਲ ਬਿਰਹੁ ਦੀ ਚੋਟ ਨਾਲ ਜਿਉਂਦੀ ਕਿਵੇਂ ਰਹੀ, ਮਰ ਕਿਉਂ ਨਾ ਗਈ? ਹਨੂੰਮਾਨ ਜੀ ਜਵਾਬ ਦਿੰਦੇ ਹਨ ਕਿ ਉਸ ਦੇ ਪ੍ਰਾਣ ਆਪ ਦੇ ਪਵਿੱਤਰ ਚਰਨਾਂ ਵਿਚ ਵਸਦੇ ਸਨ। ਇਸ ਕਰਕੇ ਦੂਤ ਪ੍ਰਾਣ ਲੈਣ ਤਾਂ ਆਏ ਸਨ ਪਰ ਉਨ੍ਹਾਂ ਨੂੰ ਮਿਲ ਨਾ ਸਕੇ। ਇਹ ਇਕ ਬਿਰਹੁ ਦੀ ਨਿਸ਼ਾਨੀ ਹੈ ਕਿਉਂਕਿ ਬਿਰਹੁੰ ਦੀ ਚੋਟ ਸਹਾਰਨੀ ਹੱਦ ਤੋਂ ਜ਼ਿਆਦਾ ਔਖੀ ਹੁੰਦੀ ਹੈ।

ਬਾਬਾ ਫਰੀਦ ਜੀ ਬਿਰਹੁੰ ਦੇ ਕੁੱਠੇ ਹੋਏ ਇਕ ਬਹੁਤ ਹੀ ਦਿਲ ਨੂੰ ਖਿੱਚਣ ਵਾਲੀ ਅਵਾਜ਼ ਸੁਣਦੇ ਹਨ। ਆਪ ਇਕ ਅੰਬ ਦੇ ਬੂਟੇ ਹੇਠ ਬਿਰਾਜੇ ਹੋਏ ਸਨ। ਆਪ ਦੀ ਨਿਗ੍ਹਾ ਉਚੀ ਹੋਈ ਤਾਂ ਇਕ ਛੋਟੇ ਜਿਹੇ ਕਾਲੇ ਰੰਗ ਦੇ ਪੰਛੀ ਦੀ ਅਵਾਜ਼ ਸੁਣ ਕੇ ਆਪ ਦੇ ਮੁਖ ਤੋਂ ਨਿਕਲਿਆ ਕਿ ਐ ਕੋਇਲ! ਮੈਂ ਵੀ ਕਦੇ ਬਹੁਤ ਸੁੰਦਰ ਜਵਾਨ ਸੀ, ਮੇਰੀ ਜਵਾਨੀ ਅਤੇ ਸੁੰਦਰਤਾ ਦੀ ਲੋਕ ਤਾਰੀਫ ਕਰਿਆ ਕਰਦੇ ਸਨ ਪਰ ਅੱਜ ਮੈਂ ਆਪਣੇ ਪਿਆਰੇ ਦੇ ਬਿਰਹਾ ਵਿਚ ਆਪਣਾ ਰੰਗ ਗਵਾ ਚੁਕਿਆ ਹਾਂ, ਆਪਣੀ ਸੁੰਦਰਤਾ ਗਵਾ ਚੁਕਿਆ ਹਾਂ ਅਤੇ ਮੇਰਾ ਸਰੀਰ ਹੱਡਾਂ ਦੀ ਮੁੱਠੀ ਬਣ ਕੇ ਕਾਲੇ ਰੰਗ ਵਿਚ ਦਿਸ ਰਿਹਾ ਹੈ। ਐ ਪਿਆਰੀ ਕੋਇਲ! ਤੇਰੀ ਇਸ ਹੂਕ ਵਿਚ ਵੀ ਬਿਰਹੇ ਦੀ ਅਵਾਜ਼ ਹੈ, ਬਿਰਹੇ ਦੀ ਪ੍ਰਗਟ ਹੋਂਦ ਹੈ। ਕੀ ਤੂੰ ਮੈਨੂੰ ਇਹ ਭੇਤ ਦਸ ਸਕਦੀ ਹੈਂ ਕਿ ਤੇਰਾ ਰੰਗ ਕਿਉਂ ਕਾਲਾ ਹੋ ਗਿਆ? ਉਸ ਵੇਲੇ ਕੋਇਲ ਨੇ ਕਿਹਾ ਕਿ ਬਾਬਾ ਫਰੀਦ! ਜਿਵੇਂ ਤੂੰ ਕਿਸੇ ਦੀ ਯਾਦ ਵਿਚ ਜਿਉਂਦਾ ਹੈਂ ਮੈਂ ਵੀ ਆਪਣੇ ਸਾਥੀ ਦੀ ਯਾਦ ਵਿਚ ਜੀਉ ਰਹੀ ਹਾਂ। ਸਾਰੇ ਪੰਛੀਆਂ ਦੇ ਜੋੜੇ ਹਨ ਪਰ ਮੇਰੇ ਭਾਗਾਂ ਵਿਚ ਸੰਸਾਰ ਨੂੰ ਰਚਣਹਾਰੇ ਨੇ ਜੋੜੇ ਦਾ ਮਿਲਾਪ ਨਹੀਂ ਲਿਖਿਆ। ਪਰ ਤੈਨੂੰ ਮੈਂ ਦੇਖਿਆ ਹੈ ਕਿ ਤੇਰੇ ਅੰਦਰ ਵੀ ਮੇਰੇ ਵਰਗਾ ਬਿਰਹਾ ਹੈ, ਫਰਾਕ ਹੈ, ਪਿਆਰ ਹੈ। ਸੋ ਪਿਆਰਿਆ! ਮੈਂ ਵੀ ਆਪਣੇ ਪ੍ਰੀਤਮ ਦੇ ਬਿਰਹੇ ਵਿਚ ਜਲੀ ਹੋਈ ਹਾਂ ਜਿਵੇਂ ਕਿ ਫੁਰਮਾਨ ਹੈ –

*ਕਾਲੀ ਕੋਇਲ ਤੂ ਕਿਤ ਗੁਨ ਕਾਲੀ॥*
*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥ ਪੰਨਾ – 794*

ਡਾ. ਭਾਈ ਵੀਰ ਸਿੰਘ ਜੀ ਇਸ ਬਿਰਹੇ ਬਾਰੇ ਦਸਦੇ ਹਨ –

*ਸਾਬਣ ਲਾ ਲਾ ਧੋਤਾ ਕੋਲਾ ਦੁੱਧ ਦਹੀਂ ਵਿਚ ਪਾਇਆ।*
*ਖੁੰਭ ਚਾੜ੍ਹ ਰੰਗਣ ਭੀ ਧਰਿਆ ਰੰਗ ਨ ਏਸ ਵਟਾਇਆ॥*
*ਵਿਛੜ ਕੇ ਕਾਲਖ ਸੀ ਆਈ ਬਿਨ ਮਿਲਿਆਂ ਨਹੀਂ ਲਹਿੰਦੀ*
*ਅੰਗ ਅੱਗ ਦੇ ਲਾ ਕੇ ਦੇਖੋ ਚੜ੍ਹਦਾ ਰੂਪ ਸਵਾਇਆ॥*

ਗੁਰੂ ਮਹਾਰਾਜ ਜੀ ਇਕ ਥਾਂ ਤੋਂ ਲੰਘ ਰਹੇ ਸਨ। ਉਥੇ ਸੋਨੇ ਰੰਗੇ ਝਿਲਮਿਲ-ਝਿਲਮਿਲ ਕਰਦੇ ਕਮਲ ਦੇ ਫੁੱਲ ਸਨ। ਨਿਰਮਲ ਜਲ ਦਾ ਭੰਡਾਰ ਸੀ ਜਿਸ ਵਿਚ ਇਹ ਲਹਿਲਹਾ ਰਹੇ ਸਨ। ਕਾਫੀ ਦੇਰ ਤੋਂ ਪਿਛੋਂ ਜਦੋਂ ਗੁਰੂ ਮਹਾਰਾਜ ਜੀ ਫੇਰ ਉਥੋਂ ਦੀ ਵਾਪਸ ਲੰਘਣ ਲੱਗੇ ਆਪ ਨੇ ਕੀ ਦੇਖਿਆ ਕਿ ਕਮਲ ਫੁਲਾਂ ਦਾ ਰੰਗ ਕਾਲਾ ਹੋ ਗਿਆ ਅਤੇ ਚਿਕੜ ਵਿਚ ਆਪਣੀ ਸੁੰਦਰਤਾ ਗਵਾ ਬੈਠੇ ਹਨ। ਉਸ ਵੇਲੇ ਆਪ ਨੇ ਪੁਛਿਆ ਕਿ ਐ ਸੁੰਦਰ ਕਮਲ! ਤੇਰੀ ਦੇਹੀ ਕਿਉਂ ਕਾਲੀ ਹੋ ਗਈ? ਉਸ ਕਮਲ ਨੇ ਕਿਹਾ ਕਿ ਮੇਰੇ ਸਰੀਰ ਵਿਚ ਬੜਾ ਭਾਰੀ ਵਿਘਨ ਪੈ ਗਿਆ ਕਿਉਂਕਿ ਮੈਂ ਆਪਣੇ ਪਿਆਰੇ ਤੋਂ ਵਿਛੜ ਗਿਆ ਹਾਂ, ਉਸ ਨੇ ਮੈਨੂੰ ਜਾਲ ਦਿਤਾ ਜੇ ਮੈਨੂੰ ਮੇਰਾ ਪਿਆਰਾ ਮਿਲ ਜਾਵੇ ਤਾਂ ਮੈਂ ਮੁੜ ਲਹਿਲਹਾ ਕੇ ਖੁਸ਼ੀਆਂ ਮਾਣ ਸਕਦਾ ਹਾਂ। ਫੁਰਮਾਨ ਹੈ –

*ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ॥*
*ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥*
*ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥*
*ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥*

***ਪੰਨਾ – 1412***

ਸੋ ਮਿਲਾਪ ਅਤੇ ਬਿਰਹੁ ਵਿਚ ਬੜਾ ਅੰਤਰ ਹੈ। ਅੱਕ ਦੇ ਨਾਲ ਲੱਗੀਆਂ ਹੋਈਆਂ ਖਖੜੀਆਂ ਬਹੁਤ ਹੀ ਸੋਹਣੀਆਂ ਲਗਦੀਆਂ ਹਨ ਪਰ ਜਦੋਂ ਅੱਕ ਦੇ ਨਾਲੋਂ ਟੁੱਟ ਜਾਣ ਫੇਰ ਉਹ ਫਟ ਜਾਇਆ ਕਰਦੀਆਂ ਹਨ ਉਨ੍ਹਾਂ ਵਿਚ ਜੋ ਰੂੰ ਤੋਂ ਵੀ ਹਲਕੀ ਰੂੰ ਹੁੰਦੀ ਹੈ ਉਹ ਅਸਮਾਨਾਂ ਵਿਚ ਉਡਦੀ ਹੈ ਅਤੇ ਸੈਂਕੜਿਆਂ ਹਿੱਸਿਆ ਵਿਚ ਦੂਰ-ਦੂਰ ਤਕ ਉਡ ਕੇ ਚਲੀ ਜਾਂਦੀ ਹੈ। ਸੋ ਇਸ ਬਾਰੇ ਗੁਰਬਾਣੀ ਵਿਚ ਇਸ ਤਰ੍ਹਾਂ ਫੁਰਮਾਨ ਹੈ –

*ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥*
*ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥*

***ਪੰਨਾ – 319***

ਜਿੰਨਾਂ ਚਿਰ ਅੱਕ ਨਾਲ ਜੁੜੀਆਂ ਹਨ ਉਨਾਂ ਚਿਰ ਉਨ੍ਹਾਂ ਦੀ ਸਜਾਵਟ ਹੈ ਅਤੇ ਹਰੇ ਰੰਗ ਦੀਆਂ ਜੁੜੀਆਂ ਬਹੁਤ ਸੋਹਣੀਆਂ ਲਗਦੀਆਂ ਹਨ। ਜਦੋਂ ਫੱਟ ਜਾਂਦੀਆਂ ਹਨ ਹਜ਼ਾਰਾਂ ਹਿੱਸਿਆਂ ਵਿਚ ਉਡ ਜਾਂਦੀਆਂ ਹਨ। ਸੋ ਇਸ ਤਰ੍ਹਾਂ ਨਾਲ ਬਿਰਹਾ ਬਾਰੇ ਸਾਰੇ ਮਹਾਂਪੁਰਸ਼ ਫੁਰਮਾਨ ਕਰਦੇ ਹੋਏ ਵਿਯੋਗੀ ਪੁਰਸ਼ ਦੀ ਹਾਲਤ ਦਸਦੇ ਹਨ। ਬਾਣੀ ਵਿਚ ਆਉਂਦਾ ਹੈ –

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥*

***ਪੰਨਾ – 1368***



Sri Satguru Jagjit Singh Ji eLibrary NamdhariElibrary@gmail.com

ਜਿਸ ਦੇ ਅੰਦਰ ਵਿਯੋਗ ਲਗ ਗਿਆ ਉਸ ਦਾ ਜੀਉਂਦਾ ਰਹਿਣ ਬਹੁਤ ਮੁਸ਼ਕਲ ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਨੇ ਤਾਂ ਇਥੋਂ ਤਕ ਫੁਰਮਾਨ ਕੀਤਾ ਹੈ –

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥*
*ਪੰਨਾ – 83*

ਵਿਛੋੜੇ ਨੂੰ ਇਕ ਬਹੁਤ ਵੱਡਾ ਦੁਖ ਗਿਣਿਆ ਗਿਆ ਹੈ। ਗੁਰੂ ਮਹਾਰਾਜ ਜੀ ਨੇ ਚਾਰ ਵੱਡੇ ਦੁਖ ਗਿਣਦਿਆਂ ਫੁਰਮਾਨ ਕੀਤਾ ਹੈ ਕਿ ਵਿਛੋੜੇ ਦਾ ਦੁਖ ਸਭ ਤੋਂ ਵੱਡਾ ਹੈ ਜੋ ਸਹਿਆ ਨਹੀਂ ਜਾਂਦਾ –

*ਦੁਖੁ ਵੇਛੋੜਾ ਇਕੁ ਦੁਖੁ ਭੂਖ॥*
*ਇਕੁ ਦੁਖੁ ਸਕਤਵਾਰ ਜਮਦੂਤ॥*
*ਇਕੁ ਦੁਖੁ ਰੋਗੁ ਲਗੇ ਤਨਿ ਧਾਇ॥*
*ਵੈਦ ਨ ਭੋਲੇ ਦਾਰੂ ਲਾਇ॥ ਪੰਨਾ – 1256*

ਆਪਣੇ ਪਿਆਰੇ ਤੋਂ ਬਗੈਰ ਬਿਰਹਾ ਧੀਰਜ ਨਹੀਂ ਧਰਦਾ, ਨੇਤਰਾਂ ਵਿਚੋਂ ਜਲ ਜਾਂਦਾ ਹੈ, ਹਉਕੇ ਆਉਂਦੇ ਹਨ, ਰੰਗ ਜਰਦ ਹੋ ਜਾਂਦਾ ਹੈ, ਖਾਣਾ ਪੀਣਾ ਘਟ ਜਾਂਦਾ ਹੈ, ਬੋਲ ਚਾਲ ਬੰਦ ਹੋ ਜਾਂਦੀ ਹੈ, ਇੰਤਜ਼ਾਰ ਵਿਚ ਰਹਿੰਦਾ ਹੈ, ਬੇਕਾਰ ਹਿਰਦਾ ਰਹਿਣ ਕਰਕੇ ਧੀਰਜ ਨਹੀਂ ਧਰਦਾ। ਇਕ ਮਹਾਂਪੁਰਸ਼ਾਂ ਨੇ ਆਪਣੇ ਮੁਰੀਦਾਂ ਨੂੰ ਸਮਝਾਉਂਦਿਆਂ ਕਿਹਾ –

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*
*ਕਮਗੁਫਤਨੋ, ਕਮ ਖੁਰਦਨੋਂ, ਖੁਆਬਸ਼ ਹਰਾਮ,*
*ਇੰਤਜ਼ਾਰੀ, ਬੇਕਰਾਰੀ, ਦਸਤਸਰ।*

ਸੱਚੇ ਪ੍ਰੇਮੀ ਨੂੰ ਪ੍ਰੀਤਮ ਨਾਲੋਂ ਵਿਛੜ ਕੇ ਜੀਉਣਾ ਬਹੁਤ ਔਖਾ ਹੋ ਜਾਂਦਾ ਹੈ ਅਤੇ ਜਿੰਨੀ ਦੇਰ ਤਕ ਆਪਣੇ ਪਿਆਰੇ ਨੂੰ ਨਹੀਂ ਮਿਲਦਾ ਓਨਾਂ ਚਿਰ ਅੰਦਰਲਾ ਬਿਰਹਾ ਕਦੇ ਧੀਰਜ ਨਹੀਂ ਧਰਦਾ, ਸਾਰੇ ਰਾਗ ਰੰਗ, ਸੰਸਾਰਕ ਜਕੜੀਆਂ ਭੁੱਲ ਜਾਂਦੀਆਂ ਹਨ –

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ॥*
*ਪੰਨਾ – 1100*

ਗੁਰੂ ਮਹਾਰਾਜ ਜੀ ਨੇ ਇਸ ਬਿਰਹਾ ਦੀ ਤਸਵੀਰ ਖਿਚਦਿਆਂ ਫੁਰਮਾਨ ਕੀਤਾ ਹੈ –

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ*
*ਬਿਨੁ ਦਰਸਨ ਸੰਤ ਪਿਆਰੇ ਜੀਉ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ॥ ਸ਼ਬਦ ਹਜ਼ਾਰੇ*

ਸੋ ਇਸ ਤਰ੍ਹਾਂ ਰਾਜਕੁਮਾਰੀ ਦੇ ਅੰਦਰ ਬਿਰਹੇ ਦੀ ਕਾਂਗ ਉਠ ਖੜ੍ਹੀ ਹੋਈ। ਅਨੇਕਾਂ ਜਤਨ ਕੀਤੇ ਗਏ। ਮਾਂ ਬਾਪ ਨੇ ਉਸ ਦਾ ਦਿਲ ਲਗਾਉਣ ਵਾਸਤੇ ਸੈਰ ਸਪਾਟੇ ਦਾ ਪ੍ਰੋਗਰਾਮ ਬਣਾਇਆ ਪਰ ਉਸ ਦੇ ਵਾਸਤੇ ਦੁਨੀਆਂ ਵਿਚ ਆਪਣੇ ਪਿਆਰੇ ਮਹਾਂਪੁਰਸ਼ਾਂ ਤੋਂ ਬਿਨਾਂ ਕੁਝ ਮਨ ਨੂੰ ਲੁਭਾਉਣ ਵਾਲੀ ਵਸਤੂ ਨਹੀਂ ਸੀ। ਉਸਦੇ ਤਾਂ ਹਰ ਸਾਹ ਵਿਚ ਉਸ ਪਿਆਰੇ ਦੀ ਖਿੱਚ ਘਰ ਗਈ ਸੀ ਅਤੇ ਅੰਦਰ ਵਾਹਿਗੁਰੂ–ਵਾਹਿਗੁਰੂ ਦੀ ਗੂੰਜ ਸਦਾ ਹੀ ਗੂੰਜਦੀ ਰਹਿੰਦੀ ਸੀ।

ਬਿਰਹੁ ਕੁੱਠੇ ਪਿਆਰੇ ਤੋਂ ਬਿਨਾਂ ਸਾਰੀ ਸੁੱਧ ਬੁੱਧ ਭੁੱਲ ਜਾਂਦੇ ਹਨ, ਦੁਨੀਆਦਾਰੀ ਦੀ ਕੋਈ ਹੋਸ਼ ਨਹੀਂ ਰਹਿੰਦੀ, ਨਾ ਹੀ ਉਸ ਦੇ ਅੱਗੇ ਕੋਈ ਪ੍ਰੋਗਰਾਮ ਹੀ ਹੁੰਦਾ ਹੈ। ਉਸ ਦੇ ਅੰਦਰ ਤਰਲੇ ਹੁੰਦੇ ਹਨ, ਹੂਕ ਹੁੰਦੀ ਹੈ ਅਤੇ ਅੰਦਰੋਂ ਅਵਾਜ਼ ਉਠਦੀ ਹੈ –

*ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥*
*ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥*
*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ*
*ਮੈ ਨੀਰੁ ਵਹੇ ਵਹਿ ਚਲੈ ਜੀਉ॥ ਪੰਨਾ – 94*

ਸਰੀਰ ਵਿਚੋਂ ਨੀਂਦ ਖਤਮ ਹੋ ਜਾਂਦੀ ਹੈ, ਸਮਾਂ ਲੰਘਣ ਤੋਂ ਰੁਕ ਜਾਇਆ ਕਰਦਾ ਹੈ ਅਤੇ ਇਹ ਜੀਵਆਤਮਾ ਕੁਰਲਾਉਂਦੀ ਹੈ, ਮਨ ਵਿਚ ਆਪਣੇ ਪਿਆਰੇ ਦੇ ਦਰਸ਼ਨਾਂ ਵਾਸਤੇ ਖਿੱਚ ਬਹੁਤ ਵੱਧ ਜਾਂਦੀ ਹੈ। ਛੋਟੇ–ਛੋਟੇ ਪੰਛੀਆਂ ਦੀਆਂ ਉਦਾਹਰਣਾਂ ਦਿੰਦੇ ਹੋਏ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ–

*ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ॥*
*ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ*
*ਜੈਸੇ ਕਰਹਲੁ ਬੇਲਿ ਰੀਝਾਈ॥*
*ਹਮਰਾ ਮਨੁ ਬੈਰਾਗ ਬਿਰਕਤੁ ਭਇਓ*
*ਹਰਿ ਦਰਸਨ ਮੀਤ ਕੈ ਤਾਈ॥*
*ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ*
*ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ॥*
*ਰਾਖੁ ਸਰਣਿ ਜਗਦੀਸੁਰ ਪਿਆਰੇ*
*ਮੋਹਿ ਸਰਧਾ ਪੂਰਿ ਹਰਿ ਗੁਸਾਈ॥*
*ਜਨ ਨਾਨਕ ਕੈ ਮਨਿ ਅਨਦੁ ਹੋਤ ਹੈ*
*ਹਰਿ ਦਰਸਨੁ ਨਿਮਖ ਦਿਖਾਈ॥ ਪੰਨਾ – 370*

ਉਸ ਨੂੰ ਸਾਰਾ ਸੰਸਾਰ ਸੁੰਨਾ ਪ੍ਰਤੀਤ ਦਿੰਦਾ ਹੈ। ਸੰਸਾਰ ਦਾ ਕੋਈ ਰਾਗ, ਰੰਗ, ਕੋਈ ਸੁੰਦਰਤਾ ਉਸ ਨੂੰ ਲੁਭਾ ਨਹੀਂ ਸਕਦੀ ਕਿਉਂਕਿ ਜਦੋਂ ਤਕ ਉਹ ਆਪਣੇ ਪਿਆਰੇ ਨਾਲ ਮਿਲਾਪ ਨਹੀਂ ਕਰ ਲੈਂਦਾ, ਓਨੀਂ ਦੇਰ ਤਕ ਉਸ ਨੂੰ ਚੈਨ ਨਹੀਂ ਆਉਂਦੀ ਜਿਵੇਂ ਕਿ ਫੁਰਮਾਨ ਹੈ –

*ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ॥*
*ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ॥*
*ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ॥*
*ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ॥*
*ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ॥*
*ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ॥*
*ਪੰਨਾ – 243*



Sri Satguru Jagjit Singh Ji eLibrary NamdhariElibrary@gmail.com

ਸਾਰਾ ਸੰਸਾਰ ਪੁੰਨਿਆਂ ਦੇ ਚੰਦਰਮਾ ਨੂੰ ਸੀਤਲ ਆਖਦਾ ਹੈ, ਪਰ ਪ੍ਰੀਤਮ ਵਿਛੋੜੇ ਦੀ ਅਗਨੀ ਦੇ ਸਾਮ੍ਹਣੇ ਅੱਗ ਦੀ ਚੁਆਤੀ ਦੇ ਤੁਲ ਹੈ। ਇਸ ਬਿਰਹ ਪੀੜਾ ਦੀ ਅਗਨੀ ਸਰੀਰ ਵਿਚ ਅਣਗਿਣਤ ਚੰਗਿਆੜੀਆਂ ਛੱਡ ਰਹੀ ਹੈ। ਵਿਛੋੜੇ ਦੀ ਪੀੜਾ ਦੇ ਹਉਕੇ ਮਾਨੋ ਫਨੀਅਰ ਸੱਪ ਦੇ ਫੁੰਕਾਰ ਹਨ। ਇਹ ਬਿਰਹੋਂ ਦੀ ਅਗਨੀ ਇਤਨੀ ਪ੍ਰਬਲ ਹੈ ਕਿ ਇਸ ਅਗਨੀ ਨੂੰ ਛੂੰਹਦਿਆਂ ਪੱਥਰ ਪਾਟ ਕੇ ਟੋਟੇ ਹੋ ਜਾਂਦੇ ਹਨ ਅਤੇ ਬਹੁਤ ਰੋਕਦਿਆਂ ਵੀ ਛਾਤੀ ਦੋ ਟੋਟੇ ਹੋ ਰਹੀ ਹੈ। ਪਿਆਰੇ ਪ੍ਰੀਤਮ ਦੇ ਵਿਛੜਨ ਨਾਲ ਜੀਣਾ ਮਰਨਾ ਬੋਝਲ ਹੋ ਗਿਆ ਹੈ। ਪ੍ਰੇਮ ਦੀ ਪਰਤੱਗਿਆ ਪਾਲਣ ਵਿਚ ਮਾਨੋਂ ਕੋਈ ਭਾਰੀ ਭੁੱਲ ਹੋ ਗਈ ਹੈ ਜਿਸ ਕਾਰਨ ਮਨੁੱਖਾ ਜਨਮ ਨੂੰ ਲਾਜ ਲਗ ਰਹੀ ਹੈ ਭਾਵ ਜਨਮ ਬਿਰਥਾ ਜਾ ਰਿਹਾ ਹੈ।

***ਪੂਰਨਿ ਸਰਦ ਸਸਿ ਸਕਲ ਸੰਸਾਰ ਕਹੈ,***
***ਮੇਰੇ ਜਾਨੇ ਬਰ ਬੈਸੰਤਰ ਕੀ ਊਕ ਹੈ॥***
***ਅਗਨ ਅਗਨ ਤਨ ਮਧਿ ਚਿਨਗਾਰੀ ਛਾਡੈ,***
***ਬਿਰਹ ਉਸਾਸ ਮਾਨੋ ਫੰਨਗ ਕੀ ਫੂਕ ਹੈ॥***
***ਪਰਸਤ ਪਾਵਕ ਪਖਾਨ ਫੂਟਿ ਟੂਟ ਜਾਤ,***
***ਛਾਤੀ ਅਤਿ ਬਰਜਨ ਹੋਇ ਦੋਇ ਟੂਕ ਹੈ॥***
***ਪੀਯ ਕੇ ਸਿਧਾਰੇ ਭਾਰੀ ਜੀਵਨ ਮਰਨ ਭਏ,***
***ਜਨਮ ਲਜਾਯੋ ਪ੍ਰੇਮ ਨੇਮ ਚਿਤ ਚੂਕ ਹੈ॥ ੫੭੩***

ਪਿਆਰੇ ਪ੍ਰੀਤਮ ਤੋਂ ਬਿਨਾਂ ਸੁਖ ਦੇਣ ਵਾਲੀਆਂ ਸੇਜਾਂ, ਬਹੁਤ ਹੀ ਸੋਹਣੇ ਬਣੇ ਮੰਦਰ, ਘਰ ਅਤੇ ਅਨੇਕਾਂ ਹੀ ਰੂਪ ਰੰਗ ਖਿੱਚ ਨਹੀਂ ਪਾਉਂਦੇ, ਸਗਮਾਂ ਡਰਾਉਣੇ ਲਗਦੇ ਹਨ, ਜਮਦੂਤਾਂ ਵਰਗੇ ਲਗਦੇ ਹਨ। ਆਪਣੇ ਪਿਆਰੇ ਤੋਂ ਬਿਨਾਂ ਰਾਗ ਅਤੇ ਉਨ੍ਹਾਂ ਦੀਆਂ ਧੁਨੀਆਂ, ਵਾਜੇ ਗਾਜੇ, ਕਥਾ ਕਹਾਣੀਆਂ ਸਰੀਰ ਨੂੰ ਇਉਂ ਪੋਂਹਦੀਆਂ ਹਨ ਜਿਵੇਂ ਤਿੱਖੇ ਅਤੇ ਅਸਹਿ ਤੀਰ ਹਿਰਦੇ ਨੂੰ ਵਿੰਨਦੇ ਹੋਣ। ਪਿਆਰੇ ਪ੍ਰੀਤਮ ਤੋਂ ਬਿਨਾਂ ਭੋਜਨ, ਵਸਤਰ ਅਤੇ ਭਾਂਤ-ਭਾਂਤ ਦੇ ਸੁਖ, ਭਿਆਨਕ ਜ਼ਹਿਰ ਅਤੇ ਅੱਗ ਦੇ ਸਮਾਨ ਹਨ। ਜਿਵੇਂ ਪਾਣੀ ਵਿਚ ਵਿਚਰਦੀ ਮੱਛੀ ਲਈ ਪਿਆਰੇ ਪਾਣੀ ਤੋਂ ਬਿਨਾਂ ਹੋਰ ਕੋਈ ਜੀਉਣ ਦਾ ਮਨੋਰਥ ਨਹੀਂ, ਇਸੇ ਤਰ੍ਹਾਂ ਮੇਰੇ ਲਈ ਪਿਆਰੇ ਪ੍ਰੀਤਮ ਤੋਂ ਬਿਨਾਂ ਹੋਰ ਕੋਈ ਜੀਵਨ ਪ੍ਰਯੋਜਨ ਨਹੀਂ ਹੈ।

***ਬਿਨੁ ਪ੍ਰਿਯ ਸਿਹਜਾ ਭਵਨ ਆਨ ਰੂਪ ਰੰਗ,***
***ਦੇਖੀਐ ਸਕਲ ਜਮ-ਦੂਤ ਭੈ ਭਯਾਨ ਹੈ॥***
***ਬਿਨੁ ਪ੍ਰਿਯ ਰਾਗ ਨਾਦ ਬਾਦ ਗਿਆਨ ਆਨ ਕਥਾ,***
***ਲਾਗੈ ਤਨ ਤੀਛਨ ਦੁਸਹ ਉਰ ਬਾਨ ਹੈ।।***
***ਬਿਨੁ ਪ੍ਰਿਯ ਅਸਨ ਬਸਨ ਅੰਗ ਅੰਗ ਸੁਖ,***
***ਬਿਖਿਆ ਬਿਖਮੁ ਅਉ ਬੈਸੰਤਰ ਸਮਾਨ ਹੈ॥***
***ਬਿਨੁ ਪ੍ਰਿਯ ਮਾਨੋ ਮੀਨ ਸਲਿਲ ਅੰਤਰਗਤਿ,***
***ਜੀਵਨ ਜਤਨ ਬਿਨੁ ਪ੍ਰੀਤਮ ਨ ਆਨ ਹੈ॥ ੫੭੪***

ਸੰਸਾਰ ਮਾਇਆ ਦੇ ਸਖਤ ਸੰਗਲਾਂ ਨਾਲ ਜਕੜਿਆ ਪਿਆ ਹੈ ਇਸ ਵਿਚੋਂ ਕਿਸੇ ਢੰਗ ਨਾਲ ਵੀ ਨਿਕਲਿਆ ਨਹੀਂ ਜਾ ਸਕਦਾ ਪਰ ਇਸ ਦੇ ਬੰਧਨਾਂ ਨੂੰ ਕੱਟਣ ਵਾਲਾ ਜੋ ਕੁਹਾੜਾ ਹੈ ਉਹ ਬੈਰਾਗ ਹੈ, ਜਦੋਂ ਤਕ ਆਦਮੀ ਦੇ ਚਿਤ ਵਿਚ ਬੈਰਾਗ ਪੈਦਾ ਨਹੀਂ ਹੁੰਦਾ ਉਸ ਦਾ ਮਨ ਮਾਇਆ ਵਿਚ ਲੱਗਿਆ ਰਹਿੰਦਾ ਹੈ। ਮਾਇਆ ਦੇ ਭੋਗ ਉਸ ਨੂੰ ਆਕਰਸ਼ਤ ਕਰਦੇ ਹਨ, ਮਾਇਆ ਦੇ ਸਬੰਧ ਕਰਕੇ ਉਸਨੂੰ ਇਕ ਝੂਠੀ ਆਸ ਵਿਚ ਬੰਨ੍ਹਦੇ ਰਹਿੰਦੇ ਹਨ ਪਰ ਅੰਤ ਵਿਚ ਜੀਵ ਸੰਸਾਰ ਤੋਂ ਰੋਂਦਾ ਹੋਇਆ ਖਾਲੀ ਹੱਥ ਚਲਿਆ ਜਾਂਦਾ ਹੈ, ਕੋਈ ਵੀ ਇਸ ਦੇ ਨਾਲ ਨਹੀਂ ਜਾਂਦਾ। ਫੇਰ ਇਹ ਪਛਤਾਉਂਦਾ ਹੈ ਕਿ ਮੈਂ ਆਪਣਾ ਸਾਰਾ ਜਨਮ ਬਰਬਾਦ ਕਰ ਲਿਆ। ਪ੍ਰਭੂ ਨੂੰ ਮਿਲਣ ਵਾਸਤੇ ਮੈਂ ਮਨੁੱਖਾ ਜਨਮ ਧਾਰਿਆ ਸੀ। 84 ਲੱਖ ਜੂਨਾਂ ਦੇ ਗੇੜੇ ਜਦੋਂ ਤੋਂ ਸੰਸਾਰ ਰਚਿਆ ਓਦੋਂ ਤੋਂ ਖਾ ਰਿਹਾ ਸੀ ਪਰ ਇਹ ਮਾਇਆ ਦੇ ਮੋਹ ਵਿਚ ਆਪਣਾ ਜਨਮ ਬਿਰਥਾ ਗਵਾ ਰਿਹਾ ਹੈ। ਜਿਵੇਂ ਕਿ -

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥***
***ਨਾਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥***

***ਪੰਨਾ - 1365***

ਕਬੀਰ ਇਹ  ਇਸ ਮਾਇਆ ਨੇ ਮਿਤਰਤਾ ਤਾਂ ਕੀ ਕਰਨੀ ਸੀ ਇਸ ਨੇ ਅਨੇਕਾਂ ਕਸ਼ਟਾਂ ਵਿਚ ਮੈਨੂੰ ਪਾ ਦਿਤਾ। ਉਸ ਦੇ ਅਨੇਕਾਂ ਫਲ ਮੈਨੂੰ ਚਿੰਬੜ ਗਏ ਅਤੇ ਫੇਰ ਮਾਨਸ ਪਦਵੀ ਤੋਂ ਗਿਰ ਕੇ ਜੂਨਾਂ ਵਿਚ ਪੈ ਗਿਆ। ਫੇਰ ਪਤਾ ਨਹੀਂ ਕਦੋ ਅਜਿਹਾ ਸਮਾਂ ਆਵੇਗਾ, ਕਿਹੋ ਜਿਹੇ ਉਸ ਸਮੇਂ ਹਾਲਾਤ ਹੋਣਗੇ, ਕੋਈ ਸਾਧੂ, ਮਹਾਤਮਾ ਮਿਲੇਗਾ ਜਾਂ ਨਹੀਂ, ਕਿਸੇ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਪ੍ਰਾਪਤ ਹੋਵੇਗੀ ਕਿ ਨਹੀਂ, ਤਤੂ ਗਿਆਨ ਪ੍ਰਾਪਤ ਹੋਵੇਗਾ ਜਾਂ ਨਹੀਂ। ਅਨੇਕਾਂ ਕਿਸਮ ਦੇ ਸ਼ੰਕੇ ਜੀਵ ਦੇ ਮਨ ਵਿਚ ਆਉਂਦੇ ਹਨ ਅਤੇ ਮਾਇਆ ਦੇ ਵਿਚ ਲਗ ਕੇ ਇਹ ਜੋ ਕਰਮ ਕਰਦਾ ਹੈ ਉਹ ਸਾਰੇ ਇਸਨੂੰ ਭੋਗਣੇ ਪੈਂਦੇ ਹਨ। ਉਨ੍ਹਾਂ ਕਰਮਾਂ ਕਰਕੇ ਇਸ ਨੂੰ ਅਨੇਕ ਜੂਨੀਆਂ ਵਿਚ ਘੁੰਮਣਾ ਪੈਂਦਾ ਹੈ। ਗੁਰੂ ਮਹਾਰਾਜ ਜੀ ਨੇ ਤਾਂ ਇਥੋਂ ਤਕ ਫੁਰਮਾਇਆ ਹੈ ਕਿ ਇਹ ਜੋ ਮਾਇਆ ਜੀਵ ਨੂੰ ਬੰਨ੍ਹ ਰਹੀ ਹੈ ਉਹ ਆਪਣਾ ਬਹੁਤ ਹੀ ਸੁੰਦਰ ਰੂਪ ਦਿਖਾਉਂਦੀ ਹੈ, ਖਿੱਚਾਂ ਪਾਉਂਦੀ ਹੈ, ਕਿਤੇ ਸੋਹਣੇ ਬਾਗ ਬਗੀਚੇ, ਸੁੰਦਰ ਸਵਾਰੀਆਂ ਰਾਹੀਂ ਖਿਚਦੀ ਹੈ, ਕਿਤੇ ਇਹ ਰਾਜਸੀ ਸ਼ਕਤੀ ਦਿਖਾ ਕੇ ਉਚੀਆਂ ਪਦਵੀਆਂ ਦੇ ਨਸ਼ੇ ਚਾੜ੍ਹਦੀ ਹੈ। ਇਸ ਦੇ ਅਨੇਕਾਂ ਰੂਪ ਹਨ, ਅਨੇਕਾਂ ਕਰਤੱਬ ਹਨ, ਇਸ ਦਾ ਕੰਮ ਹੀ ਇਹ ਹੈ ਕਿ ਅਸਲ ਨੂੰ ਨਕਲ ਦਿਖਾਵੇ, ਅਸਲ ਚੀਜ਼ ਵਲ ਜੀਵ ਦਾ ਧਿਆਨ ਹੀ ਨਾ ਜਾਵੇ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥***

***ਪੰਨਾ - 857***

ਗੁਰੂ ਮਹਾਰਾਜ ਜੀ ਇਸ ਜੀਵ ਨੂੰ ਸਾਵਧਾਨ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਐ ਜੀਵ! ਆਇਆ ਤਾਂ ਤੂੰ ਪ੍ਰਮੇਸ਼ਰ ਨੂੰ ਮਿਲ ਕੇ ਆਪਣੇ ਦੁਖਾਂ ਨੂੰ ਖਤਮ ਕਰਨ ਲਈ ਅਤੇ ਸਤਿ ਦਾ ਗਿਆਨ ਪ੍ਰਾਪਤ ਕਰਕੇ ਸਦਾ ਲਈ ਅਗਿਆਨ ਦਾ



Sri Satguru Jagjit Singh Ji eLibrary NamdhariElibrary@gmail.com

ਹਨ੍ਹੇਰਾ ਦੂਰ ਕਰਨ ਲਈ ਸੀ ਪਰ ਤੂੰ ਪ੍ਰਮੇਸ਼ਰ ਨੂੰ ਪਿੱਠ ਦੇ ਕੇ ਉਨ੍ਹਾਂ ਨੀਵੇਂ ਕੰਮਾਂ ਵਿਚ ਪ੍ਰਵਿਰਤ ਹੋ ਗਿਆ ਜਿਨ੍ਹਾਂ ਨੂੰ ਪਾਪ ਆਖਿਆ ਜਾਂਦਾ ਹੈ। ਉਹ ਤੂੰ ਪਾਪਾਂ ਦਾ ਕੂੜ ਕੁਬਾੜ ਐਨਾ ਇਕੱਠਾ ਕਰ ਲਿਆ ਕਿ ਉਸ ਦੀਆਂ ਤੈਹਾਂ ਦੀਆਂ ਤੈਹਾਂ ਅੰਤਸ਼ਕਰਣ ਵਿਚ ਜੰਮ ਗਈਆਂ ਜਿਸ ਸ਼ੀਸ਼ੇ ਰਾਹੀਂ ਇਸ ਨੇ ਆਪਣੇ ਅਸਲੀ ਸਰੂਪ ਆਤਮਾ ਦੇ ਦਰਸ਼ਨ ਕਰਨੇ ਸਨ ਉਥੇ ਐਨੀ ਮੈਲ ਲਗ ਗਈ, ਚਿਕੜ ਐਨਾ ਹੋ ਗਿਆ ਉਥੋਂ ਹੱਥਾਂ ਨਾਲ ਕੱਢਣਾ ਹੀ ਮੁਸ਼ਕਲ ਹੋ ਗਿਆ। ਇਹ ਸਰੀਰ ਐਨਾ ਨੀਵਾਂ ਤਲਾਅ ਹੈ ਇਸ ਵਿਚ ਹਵਾ ਦੇ ਵੇਗ ਨਾਲ ਘਾਹ, ਫੂਸ, ਮਿੱਟੀ, ਕੰਕਰ ਉਡ ਕੇ ਗਿਰ ਰਹੇ ਹਨ ਜੋ ਹਰ ਛਿਨ ਅੰਦਰ ਛੁਪੇ ਹੋਏ ਤੱਤ ਰੂਪ ਵਿਚ ਆਤਮਾ ਉਪਰ ਮੈਲ ਦੇ ਰੂਪ ਵਿਚ ਚੜ੍ਹਦੇ ਜਾਂਦੇ ਹਨ। ਮਾਇਆ ਨੇ ਤੇਰਾ ਸੁਭਾਅ ਐਸਾ ਬਣਾ ਦਿਤਾ ਹੈ ਕਿ ਤੂੰ ਕਦੇ ਵੀ ਧਿਆਨ ਨਹੀਂ ਦਿੰਦਾ ਕਿ ਮੈਂ ਇਨ੍ਹਾਂ ਕੁਬਾੜਾਂ ਨੂੰ ਨਾਲ ਦੀ ਨਾਲ ਕੱਢੀ ਜਾਵਾਂ ਪਰ ਜਦੋਂ ਤੈਨੂੰ ਸਮਝ ਆਉਂਦੀ ਹੈ ਤਾਂ ਉਸ ਵੇਲੇ ਫੇਰ ਇਹ ਐਨਾ ਇਕੱਠਾ ਹੋ ਜਾਂਦਾ ਹੈ ਕਿ ਹੱਥਾਂ ਨਾਲ ਕੱਢਣਾ ਮੁਸ਼ਕਲ ਹੋ ਜਾਂਦਾ ਹੈ। ਮਹਾਰਾਜ ਜੀ ਕਹਿੰਦੇ ਹਨ ਕਿ ਜੇ ਤੂੰ ਇਹ ਗੰਦ ਆਪਣੇ ਅੰਦਰੋਂ ਕੱਢ ਕੇ ਅੰਤਸ਼ਕਰਣ ਨੂੰ ਸਾਫ ਕਰ ਲਿਆ ਹੁੰਦਾ ਤਾਂ ਤੂੰ ਪ੍ਰਭੂ ਪ੍ਰਾਪਤੀ ਕਰਨ ਦੇ ਨੇੜੇ ਪਹੁੰਚ ਜਾਂਦਾ। ਪਰ ਹੁਣ ਤੂੰ ਆਪਣੇ ਅੰਦਰ ਐਨਾ ਕੂੜ ਕੁਬਾੜ ਸੁੱਟ ਲਿਆ ਕਿ ਇਸ ਨੂੰ ਇਕ ਜਨਮ ਵਿਚ ਸਾਫ ਕਰਨਾ ਮੁਸ਼ਕਲ ਹੈ। ਹਨ੍ਹੇਰੇ ਵਿਚ ਇਹ ਐਨੇ ਵਿਗੜੇ ਹੋਏ ਕੰਮ ਕਰਦਾ ਹੈ ਜਿਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਇਸ ਦੀਆਂ ਆਦਤਾਂ ਪੱਕ ਜਾਂਦੀਆਂ ਹਨ ਅਤੇ ਇਸ ਨੂੰ ਪ੍ਰਮੇਸ਼ਰ ਨਾਲ ਮਨ ਲਾਉਣਾ ਔਖਾ ਹੋ ਜਾਂਦਾ ਹੈ। ਸਹਿਮ, ਡਰ, ਦੁਖ ਵਿਗੜੇ ਕੰਮਾਂ ਦਾ ਸਜ਼ਾ ਪਤਾ ਨਹੀਂ ਇਸ ਨੂੰ ਕਿੰਨੇ ਕੁ ਦੁਖ ਦੇਵੇਗੀ। ਬਾਣੀ ਵਿਚ ਫੁਰਮਾਨ ਆਉਂਦਾ ਹੈ –

***ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ॥***
***ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ॥***
***ਨਾਨਕ ਮਨ ਕੇ ਕੰਮ ਫਿਟਿਆ ਗਣਤ ਨ ਆਵਹੀ॥***
***ਕਿਤੀ ਲਹਾ ਸਹੰਮ ਜਾ ਬਖਸੇ ਤਾ ਧਕਾ ਨਹੀ॥***
***ਪੰਨਾ – 789***

ਮਹਾਰਾਜ ਜੀ ਇਸ ਮਾਇਆ ਦੇ ਬਾਰੇ ਦਸਦੇ ਹਨ ਕਿ–

***ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥***
***ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥***
***ਪੰਨਾ – 510***

ਇਹ ਮਾਇਆ ਕਿਸੇ ਤਰੀਕੇ ਨਾਲ ਵੀ ਆਦਮੀ ਨੂੰ ਨਹੀਂ ਛੱਡਦੀ। ਗੁਰਬਾਣੀ ਵਿਚ ਦਸਿਆ ਗਿਆ ਹੈ। ਇਸ ਦੇ ਬਾਰੇ ਫੁਰਮਾਨ ਹੈ ਕਿ ਮੇਰਾ ਮਨ ਨਾ ਜੋਗ ਵਿਚ ਲੱਗਿਆ ਹੈ, ਨਾ ਧਿਆਨ ਵਿਚ ਲੱਗਿਆ ਹੈ, ਮੇਰਾ ਚਿਤ ਮਾਇਆ ਦੇ ਅਧੀਨ ਹੋਣ ਕਰਕੇ ਕਿਸ ਤਰ੍ਹਾਂ ਦੇ ਨਾਲ ਛੁਟਕਾਰਾ ਪਾਵੇਗਾ ਕਿਉਂਕਿ ਮੇਰੇ ਅੰਦਰ ਬੈਰਾਗ ਪੈਦਾ ਨਹੀਂ ਹੋਇਆ, ਬੈਰਾਗ ਤੋਂ ਬਗੈਰ ਮਾਇਆ ਤੋਂ ਛੁਟਕਾਰਾ ਨਹੀਂ ਹੋਇਆ ਕਰਦਾ। ਫੁਰਮਾਨ ਹੈ –

***ਨਾ ਮੈ ਜੋਗ ਧਿਆਨ ਚਿਤੁ ਲਾਇਆ॥***
***ਬਿਨੁ ਬੈਰਾਗ ਨ ਛੂਟਸਿ ਮਾਇਆ॥ ਪੰਨਾ – 329***

ਬੈਰਾਗ ਨੂੰ ਪੈਦਾ ਕਰਨ ਵਾਲੀ ਇਕੋ ਇਕ ਸ਼ਕਤੀਸ਼ਾਲ ਮਾਨਸਿਕ ਅਵਸਥਾ ਹੈ ਜਿਸ ਵਿਚ ਬਿਰਹਾ ਦੇ ਭਾਵ ਪੂਰੀ ਤਰ੍ਹਾਂ ਨਾਲ ਰਚੇ ਹੋਣ।

ਭਾਈ ਤਿਲੋਕਾ ਜੀ ਸਰੀਰ ਛੱਡ ਗਏ। ਰਾਜਕੁਮਾਰੀ ਨੂੰ ਬਹੁਤ ਸਾਰੇ ਬਚਨ ਦੱਸੇ ਗਏ ਜਿਨ੍ਹਾਂ ਰਾਹੀਂ ਕਮਾਈ ਕਰਕੇ ਉਹ ਸਚਖੰਡ ਵਿਚ ਪ੍ਰਵੇਸ਼ ਕਰ ਸਕਦੀ ਹੈ ਜਿਥੇ ਜਾ ਕੇ ਆਪਣੇ ਸਰੂਪ ਦਾ ਪੂਰਨ ਗਿਆਨ ਹੋ ਕੇ ਪੂਰਨ ਮੇਲ ਹੋ ਜਾਂਦਾ ਹੈ ਉਸ ਥਾਂ ਉਪਰ ਦੂਜਾ ਕੋਈ ਹੈ ਹੀ ਨਹੀਂ, ਆਪੇ ਹੀ ਆਪ ਹੈ ਜਿਸ ਦੇ ਬਾਰੇ ਫੁਰਮਾਨ ਹੈ –

***ਬੇਗਮ ਪੁਰਾ ਸਹਰ ਕੋ ਨਾਉ॥***
***ਦੂਖੁ ਅੰਦੋਹੁ ਨਹੀ ਤਿਹਿ ਠਾਉ॥***
***ਨਾਂ ਤਸਵੀਸ ਖਿਰਾਜੁ ਨ ਮਾਲੁ॥***
***ਖਉਫੁ ਨ ਖਤਾ ਨ ਤਰਸੁ ਜਵਾਲੁ॥***
***ਅਬ ਮੋਹਿ ਖੂਬ ਵਤਨ ਗਹ ਪਾਈ॥***
***ਊਹਾਂ ਖੈਰਿ ਸਦਾ ਮੇਰੇ ਭਾਈ॥***
***ਕਾਇਮੁ ਦਾਇਮੁ ਸਦਾ ਪਾਤਿਸਾਹੀ॥***
***ਦੋਮ ਨ ਸੇਮ ਏਕ ਸੋ ਆਹੀ।।***
***ਆਬਾਦਾਨੁ ਸਦਾ ਮਸਹੂਰ॥***
***ਊਹਾਂ ਗਨੀ ਬਸਹਿ ਮਾਮੂਰ॥***
***ਤਿਉ ਤਿਉ ਸੈਲ ਕਰਹਿ ਜਿਉ ਭਾਵੈ॥***
***ਮਹਰਮ ਮਹਲ ਨ ਕੋ ਅਟਕਾਵੈ॥***
***ਕਹਿ ਰਵਿਦਾਸ ਖਲਾਸ ਚਮਾਰਾ॥***
***ਜੋ ਹਮ ਸਹਰੀ ਸੁ ਮੀਤੁ ਹਮਾਰਾ॥ ਪੰਨਾ – 345***

**L L L L L L L**


## For more information
**please visit us on internet at :-**
**http://www.atammarg.org**
**&**
**http://www.atammarg.com**





Sri Satguru Jagjit Singh Ji eLibrary NamdhariElibrary@gmail.com

# Sacred Journey
# ਪਵਿੱਤਰ ਪੈਂਡਾ

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

## ਬਾਰ੍ਹਵਾਂ ਅਧਿਆਇ

## ਕਾਲ ਤੇ ਕਾਬੂ ਪਾਉਣਾ

ਸਿਆਣੇ ਯੋਗੀਆਂ ਨੇ ਇਹ ਖੋਜ ਲਿਆ ਹੈ, ਕਾਲ ਤੋਂ ਬਹੁਤ ਕੁਝ ਸਿਖਿਆ ਜਾ ਸਕਦਾ ਹੈ। ਮੌਤ ਆਤਮ ਦੇ ਪੈਂਡੇ ਤੇ ਕੇਵਲ ਇਕ ਪੂਰਨਵਿਰਾਮ ਨਹੀਂ, ਇਹ ਇਕ ਰਸਤਾ ਹੈ, ਇਕ ਔਜ਼ਾਰ ਹੈ ਜਿਹੜਾ ਮਨੁੱਖ ਆਪਣੀ ਮਰਜ਼ੀ ਨਾਲ ਵਰਤ ਸਕਦਾ ਹੈ।

ਇਸ ਨੂੰ ਸਮਝਣ ਲਈ ਅਸੀਂ ਫੇਰ ਕਠੋ ਉਪਨਿਸ਼ਦ ਵਲ ਜਾਂਦੇ ਹਾਂ। ਯਮ ਸਰੀਰ ਨੂੰ ਰਾਜੇ ਦਾ ਮਹੱਲ ਕਹਿੰਦੇ ਹਨ, ਰਾਜਾ ਆਤਮਾ ਹੈ। ਯਮ ਮਹੱਲ ਦੇ ਗਿਆਰ੍ਹਾਂ ਦਰਵਾਜ਼ੇ ਦਸਦੇ ਹਨ ਇਨ੍ਹਾਂ ਵਿਚੋਂ ਸੱਤ ਦਰਵਾਜ਼ੇ ਸੰਵੇਦਨਾਤਮਕ ਹਨ, ਦੋ ਅੱਖਾਂ, ਦੋ ਕੰਨ, ਦੋ ਨਾਸਿਕਾ ਤੇ ਇਕ ਮੂੰਹ। ਤਿੰਨ ਹੋਰ ਦਰਵਾਜ਼ੇ ਹਨ ਧੁੰਨੀ ਤੇ ਮਲਮੂਤਰ ਬਾਹਰ ਕੱਢਣ ਦੇ। ਇਕ ਦਰਵਾਜ਼ਾ ਜਿਸ ਦਾ ਆਮ ਲੋਕਾਂ ਨੂੰ ਨਹੀਂ ਪਤਾ, ਉਹ ਦਿਮਾਗ ਦੇ ਵਿਚਕਾਰ ਹੈ ਉਸ ਨੂੰ ਬ੍ਰਹਮਰੰਦਰਾ ਕਹਿੰਦੇ ਹਨ, ਤਾਲੂ ਵਿਚ ਇਕ ਫੁਹਾਰੇ ਦੀ ਤਰ੍ਹਾਂ ਹੈ। ਇਹ ਅਨੰਤ ਦਾ ਘਰ ਹੈ, ਰਾਜੇ ਦਾ ਘਰ ਹੈ ਇਥੋਂ ਹੀ ਆਤਮਾ ਹੇਠਾਂ ਵਾਲਿਆਂ ਦਾ ਮਾਰਗ ਦਰਸ਼ਨ ਕਰਦੀ ਹੈ, ਉਨ੍ਹਾਂ ਵਿਚ ਮਨ, ਬੁੱਧੀ, ਇੰਦ੍ਰੀਆਂ, ਗਿਆਨ ਤੇ ਪੂਰਨ ਗਿਆਨ ਇੰਦ੍ਰੀਆਂ ਸ਼ਾਮਲ ਹਨ। ਪਹਿਲੇ ਦਸ ਦਰਵਾਜ਼ੇ ਸੰਸਾਰਕ ਜੀਵਨ ਜੀਉਣ ਦੇ ਰਸਤੇ ਹਨ ਬ੍ਰਹਮਰੰਦਰ ਸੱਤ ਦਾ ਉਸ ਇਕ ਆਤਮ ਦਾ ਰਸਤਾ ਹੈ। ਆਮ ਆਦਮੀ ਜਦੋਂ ਪ੍ਰਾਨ ਤਿਆਗਦਾ ਹੈ ਉਹ ਦਸ ਦਰਵਾਜ਼ਿਆਂ ਵਿਚੋਂ ਕਿਸੇ ਰਾਹੀਂ ਵੀ ਤਿਆਗ ਦਿੰਦਾ ਹੈ, ਵਿਸ਼ੇਸ਼ ਤੌਰ ਤੇ ਜਿਹੜੀ ਵੀ ਉਸ ਦੀ ਇੱਛਾ ਬਹੁਤ ਪ੍ਰਬਲ ਰਹੀ ਹੋਵੇ ਪੂਰਨ ਯੋਗੀ ਗਿਆਰਵੇਂ ਦਰਵਾਜ਼ੇ ਰਾਹੀਂ ਆਪਣੇ ਪ੍ਰਾਨ ਤਿਆਗਦਾ ਹੈ।

ਉਪਨਿਸ਼ਦ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਇਨ੍ਹਾਂ ਸਾਰਿਆਂ ਦਰਵਾਜ਼ਿਆਂ ਦਾ ਰਾਜਾ ਆਤਮਾ ਹੈ, ਆਤਮਾ ਦੇ ਅਨੁਸਾਰ ਹੀ ਸਾਰਾ ਕਰਮ ਹੋਣਾ ਹੈ, ਆਤਮਾ ਨੂੰ ਪ੍ਰਾਪਤ ਕਰਨ ਲਈ ਗਿਆਰ੍ਹਵੇਂ ਦਰਵਾਜ਼ੇ ਤੇ ਕਾਬੂ ਪਾਉਣਾ ਜ਼ਰੂਰੀ ਹੈ ਉਸ ਦਰਵਾਜ਼ੇ ਤੇ ਕਾਬੂ ਪਾਉਣ ਲਈ ਬੁੱਧੀ, ਮਨ ਤੇ ਗਿਆਨ ਇੰਦ੍ਰੀਆਂ ਤੇ ਕਾਬੂ ਪਾਉਣਾ ਜ਼ਰੂਰੀ ਹੈ। ਯੋਗੀਆਂ ਨੂੰ ਇਨ੍ਹਾਂ ਗਿਆਨ ਇੰਦ੍ਰੀਆਂ ਨੂੰ ਤੇ ਇਨ੍ਹਾਂ ਦਰਵਾਜ਼ਿਆਂ ਨੂੰ ਕਾਬੂ ਕਰਨਾ ਆਉਂਦਾ ਹੈ ਉਹ ਆਤਮਾ ਦੀ ਖੋਜ ਕਰਨੀ ਜਾਣਦੇ ਹਨ ਉਨ੍ਹਾਂ ਨੂੰ ਬ੍ਰਹਮਰੰਦਰਾ ਦਾ ਗਿਆਨ ਹੁੰਦਾ ਹੈ ਉਹ ਆਵਾਗੌਣ ਦੇ ਰਹੱਸ ਨੂੰ ਜਾਣਦੇ ਹਨ।

ਜਦੋਂ ਬਾਹਰੀ ਜੀਵਨ ਦੇ ਦਰਵਾਜ਼ੇ ਅਤੇ ਅੰਦਰ ਦਾ ਜੀਵਨ ਪੂਰੀ ਤਰ੍ਹਾਂ ਇਕ ਸਾਰ ਹੋ ਕੇ ਨਿਅੰਤਰਣ ਵਿਚ ਹੋ ਜਾਂਦਾ ਹੈ ਫੇਰ ਅੰਦਰ ਦੇ ਜੀਵਨ ਦਾ ਸਬੰਧ ਸੰਸਾਰਕ ਜੀਵਨ ਨਾਲ ਪੂਰੀ ਤਰ੍ਹਾਂ ਸਮਝ ਆ ਜਾਂਦਾ ਹੈ। ਮੌਤ ਦਾ ਸੰਤਾਪ ਤੇ ਭੈ ਜਿਹੜੇ ਕਾਲ ਨਾਲ ਜੁੜੇ ਹੋਏ ਹਨ ਉਹ ਖਤਮ ਹੋ ਜਾਂਦੇ ਹਨ। ਜਿਹੜੇ ਤੱਤ ਜੀਵਨ ਵਿਚ ਹਨ ਜਦੋਂ ਉਹ ਇਕ ਸੁਰ ਤੇ ਇਕ ਸਾਰ ਹੋ ਜਾਂਦੇ ਹਨ ਭਾਵ ਜਦੋਂ ਗਿਆਨ ਇੰਦ੍ਰੀਆਂ ਸੋਚ ਦੀਆਂ ਤਰੰਗਾਂ ਮਨ ਤੇ ਸਰੀਰ ਦੀਆਂ ਸ਼ਕਤੀਆਂ ਸਭ ਇਕ ਸੁਰ ਹੋ ਜਾਂਦੀਆਂ ਹਨ, ਆਤਮਾ ਪ੍ਰਗਟ ਹੋ ਜਾਂਦੀ ਹੈ।

ਕਾਲ ਸਰੀਰ ਦੀ ਆਦਤ ਹੈ। ਕੋਈ ਵੀ ਇਕੋ ਸਰੀਰ ਵਿਚ ਬਹੁਤ ਦੇਰ ਤਕ ਨਹੀਂ ਰਹਿ ਸਕਦਾ ਕਿਉਂਕਿ ਕਿਸੇ ਵੀ ਰਸਾਇਣ ਪਦਾਰਥ ਦੀ ਤਰ੍ਹਾਂ ਇਹ ਬਦਲਦੀ ਹੈ, ਨਿਗਰਦੀ ਹੈ, ਮਰਦੀ ਹੈ। ਉਸ ਨੂੰ ਪਕੜ ਕੇ ਰਖਣਾ ਜੋ ਚਲਾਇਮਾਨ ਹੈ ਡਰ ਤੇ ਸੰਤਾਪ ਦਾ ਹੋਣਾ ਲਾਜ਼ਮੀ ਹੋ ਜਾਂਦਾ ਹੈ। ਸਰੀਰ ਨੂੰ ਪਕੜ ਕੇ ਸੁਭਾਵਿਕ ਹੀ ਹੈ, ਖਾਸ ਤੌਰ ਤੇ ਉਨ੍ਹਾਂ ਲਈ ਜਿਹੜੇ ਕੇਵਲ ਸਰੀਰ ਤਕ ਹੀ ਸੀਮਤ ਰਹਿੰਦੇ ਹਨ ਸਾਰਾ ਧਿਆਨ ਸਰੀਰ ਨੂੰ ਹੀ ਦਿੰਦੇ ਹਨ ਉਹ ਭੁਗਤਦੇ ਹਨ ਕਿਉਂਕਿ ਉਨ੍ਹਾਂ ਨੂੰ ਸਭ ਕੁਝ ਦਾ ਪਤਾ ਨਹੀਂ, ਸਮਾਧੀ ਲਗਾਉਣੀ, ਧਿਆਨ ਲਗਾਉਣਾ ਇਸ ਸਰੀਰ ਨੂੰ ਪਕੜੇ ਰੱਖਣ ਦੇ ਸੁਭਾਅ ਤੋਂ ਛੁਟਕਾਰਾ ਦਿਵਾਉਂਦਾ ਹੈ। ਸਮਾਧੀ ਨਾਲ ਗਿਆਰ੍ਹਾਂ ਦਰਵਾਜ਼ਿਆਂ ਤੇ ਕਾਬੂ ਪਾਇਆ ਜਾਂਦਾ ਹੈ ਮਨੁੱਖ ਫੇਰ ਮਨ ਤੇ, ਸਰੀਰ ਤੇ ਆਤਮਾ ਤੇ ਕਾਬੂ ਪਾ ਲੈਂਦਾ ਹੈ ਉਸ ਵਲੋਂ ਸੁਚੇਤ ਹੋ ਜਾਂਦਾ ਹੈ, ਸਮਾਧੀ ਲਾਉਣ ਦੇ ਤਰੀਕੇ ਦਾ ਕਿਸੇ ਮਜ਼ਹਬ ਨਾਲ ਕੋਈ ਸਬੰਧ ਨਹੀਂ।

ਬ੍ਰਹਮਰੰਦਰ ਉਦੋਂ ਹੀ ਖੁਲ੍ਹਦਾ ਹੈ ਜਦੋਂ ਆਤਮਾ ਨਾਲ ਸਬੰਧ ਪੈਦਾ ਹੁੰਦਾ ਹੈ, ਉਹ ਸਬੰਧ ਕੇਵਲ ਸਮਾਧੀ ਰਾਹੀਂ ਹੀ ਜੁੜਦਾ ਹੈ, ਅਨੁਭਵ ਅਤੀਤ ਦੀ ਸਥਿਤੀ ਵਿਚ ਜਦੋਂ ਮਨ ਵਿਚ ਕੋਈ ਫੁਰਨਾ ਨਹੀਂ ਆਉਂਦਾ, ਕੋਈ ਇੱਛਾ ਨਹੀਂ ਆਉਂਦੀ, ਕੋਈ ਡਰ ਨਹੀਂ ਲਗਦਾ, ਕੋਈ ਮੋਹ ਨਹੀਂ ਆਉਂਦਾ, ਸਮਾਧੀ ਸ਼ਬਦ ਦਾ ਅਰਥ ਹੈ ਸਮਾਹਿਤਮ - ਜਿਥੇ ਕੋਈ ਪ੍ਰਸ਼ਨ ਨਹੀਂ ਰਹਿੰਦੇ, ਕੋਈ ਰਹੱਸ ਨਹੀਂ ਰਹਿੰਦਾ। ਨਾਲ ਹੀ ਮਨ ਦੀ ਸਾਰੀ ਗੱਲਬਾਤ ਖਤਮ ਹੋ ਜਾਂਦੀ ਹੈ, ਸਾਰੀਆਂ ਭਾਸ਼ਾਵਾਂ ਖਤਮ ਹੋ ਜਾਂਦੀਆਂ ਹਨ ਇਸ ਅਵਸਥਾ ਵਿਚ ਮਨ ਵਿਚ ਫੁਰਨਾ ਨਹੀਂ ਉਠਦਾ, ਕੋਈ ਵਿਚਾਰ ਨਹੀਂ ਆਉਂਦਾ ਇਹ ਮਨ ਦੀ ਅਤਿ ਸੁਹਾਵਣੀ ਤੇ ਸੁਖਦਾਈ ਦਸ਼ਾ ਹੁੰਦੀ ਹੈ ਜਿਸ ਵਿਚ ਮਨ ਅੰਤਰਲੀਨ ਹੋ ਕੇ ਉਚ ਬੁੱਧੀ ਦੇ ਸਤਰ ਤੇ ਸਮਾਧੀ ਸਥਿਤ ਹੁੰਦਾ ਹੈ ਤੇ ਅਨੰਤ ਨਾਲ ਜੁੜਿਆ ਹੁੰਦਾ ਹੈ। ਯਮ ਸਮਾਧੀ ਦੀ ਸਥਿਤੀ ਨਿਚੀਕੇਤ ਨੂੰ ਸਮਝਾਉਂਦਾ ਹੈ ਉਹ ਸਥਿਤੀ ਜਿਸ ਵਿਚ ਆਤਮਾ ਦੇ ਅਜਰ, ਅਟੱਲ, ਅਮਰ ਹੋਣ ਦੀ ਪ੍ਰਾਪਤੀ ਕੀਤੀ ਜਾਂਦੀ ਹੈ। ਮਨ ਨੂੰ ਸ਼ਾਂਤ ਕਰ ਲਿਆ ਜਾਂਦਾ ਹੈ ਉਸ ਸੁਹਾਵਣੀ ਅਵਸਥਾ ਵਿਚ ਆਤਮ ਸਿੱਧੀ ਪ੍ਰਾਪਤ ਹੁੰਦੀ ਹੈ ਜਦੋਂ ਬਾਹਰ ਦਾ ਸਰੀਰ ਤੇ ਅੰਤਰ ਦਾ ਸਰੀਰ ਇਕ ਹੋ ਜਾਂਦੇ ਹਨ ਜਿਵੇਂ ਧਰਤੀ ਤੇ ਆਕਾਸ਼ ਮਿਲਦੇ ਦਿਸਦੇ ਹਨ ਇਸ ਤਰ੍ਹਾਂ ਫੇਰ ਕ੍ਰਿਪਾ ਹੁੰਦੀ ਹੈ ਇਸ ਨੂੰ ਸਮਾਧੀ ਕਹਿੰਦੇ ਹਨ।

ਉਤਮ ਸਮਾਧੀ ਦੀ ਅਵਸਥਾ ਮਰਨ ਵਾਲੀ ਅਵਸਥਾ



Sri Satguru Jagjit Singh Ji eLibrary NamdhariElibrary@gmail.com

ਨਹੀਂ ਹੈ, ਸਮਾਧੀ ਤੱਤ ਗਿਆਨ ਦੀ ਅਵਸਥਾ ਹੈ, ਮੌਤ ਹਨ੍ਹੇਰੇ ਦਾ ਅਨੁਭਵ ਹੈ। ਅਗਿਆਨ ਵਿਚ ਇਕ ਅਨੁਭਵ ਹੈ, ਸਮਾਧੀ ਵਿਚ ਤੁਸੀਂ ਪੂਰੀ ਤਰ੍ਹਾਂ ਚੇਤਨ ਰਹਿੰਦੇ ਹੋ ਮੌਤ ਵਿਚ ਕੋਈ ਚੇਤਨਤਾ ਨਹੀਂ ਹੈ। ਆਮ ਮਨੁੱਖ ਲਈ ਮੌਤ ਇਕ ਗੂੜ੍ਹੀ ਨੀਂਦ ਹੈ ਜਿਸ ਵਿਚ ਆਤਮਾ ਦਾ ਸਬੰਧ ਮਨ ਨਾਲ ਰਹਿੰਦਾ ਹੈ ਪਰ ਮਨੁੱਖ ਗੂੜ੍ਹੀ ਨੀਂਦਰ ਸੁੱਤਾ ਹੁੰਦਾ ਹੈ, ਕੋਈ ਚੇਤਨਤਾ ਨਹੀਂ ਹੁੰਦੀ, ਯਮ ਨੇ ਨਿਚੀਕੇਤ ਨੂੰ ਦਸਿਆ, ਸਮਾਧੀ ਮੌਤ ਨਹੀਂ ਹੈ ਉਸ ਦੇ ਉਲਟ ਇਕ-ਸੁਰਤ ਹੈ। ਇਕਸਾਰਤਾ ਹੈ ਜੋ ਇਸ ਸੰਸਾਰ ਤੋਂ ਪਰ੍ਹੇ ਦੀ ਗੱਲ ਹੈ ਇਸ ਭੌਤਿਕ ਤੇ ਮਾਨਸਿਕ ਪੱਧਰ ਤੋਂ ਉਪਰ ਦੀ ਗੱਲ ਹੈ।

ਇਸ ਸਾਪੇਖ ਸੰਸਾਰ ਆਤਮਾ ਤਿੰਨ ਤਰ੍ਹਾਂ ਦਾ ਅਨੁਭਵ ਕਰਦੀ ਹੈ, ਸੁਚੇਤ ਅਵਸਥਾ, ਸੁਪਨਿਆਂ ਦੀ ਅਵਸਥਾ ਤੇ ਗੂੜ੍ਹੀ ਨੀਂਦਰ ਜਿਸ ਵਿਚ ਸੁਪਨੇ ਨਹੀਂ ਆਉਂਦੇ, ਚੌਥੀ ਅਵਸਥਾ ਹੈ ਤੁਰੀਆ ਅਵਸਥਾ ਪਹਿਲੀਆਂ ਤਿੰਨ ਅਵਸਥਾ ਵਿਚ ਆਤਮਾ ਅਲੱਗ ਰਹਿ ਕੇ ਸਭ ਕੁਝ ਦੇਖਦੀ ਰਹਿੰਦੀ ਹੈ। ਗੂੜ੍ਹੀ ਨੀਂਦਰ ਵਿਚ ਆਤਮਾ ਸਾਰੇ ਪਾਸਿਓਂ ਛੁਟੀ ਰਹਿੰਦੀ ਹੈ ਕੋਈ ਦਰਦ ਨਹੀਂ ਕੋਈ ਦੁਖ ਨਹੀਂ ਪਰ ਤੁਰੀਆ ਅਵਸਥਾ ਵਿਚ ਇਹ ਦੂਸਰੀਆਂ ਅਵਸਥਾ ਤੋਂ ਪੂਰੀ ਤਰ੍ਹਾਂ ਅਲੱਗ ਰਹਿੰਦੀ ਹੈ, ਤੁਰੀਆ ਨੂੰ ਪਰਾ ਚੇਤਨਤਾ ਵੀ ਕਹਿੰਦੇ ਹਨ ਇਹ ਸਮਾਧੀ ਦੀ ਸਥਿਤੀ ਹੈ ਸਮਾਧੀ ਤੇ ਗੂੜ੍ਹੀ ਨੀਂਦਰ ਵਿਚ ਬਹੁਤ ਹੀ ਥੋੜ੍ਹਾ ਅੰਤਰ ਹੈ, ਗੂੜ੍ਹੀ ਨੀਂਦਰ ਅਨੰਦ ਦੀ ਅਵਸਥਾ ਹੈ ਪਰ ਆਪਣੇ ਆਪ ਨੂੰ ਪਤਾ ਨਹੀਂ ਹੁੰਦਾ, ਸਮਾਧੀ ਵਿਚ ਯੋਗੀ ਅਨੰਦ ਮਾਣ ਰਿਹਾ ਹੁੰਦਾ ਹੈ, ਆਤਮਾ ਦਾ ਪਰਤੱਖ ਅਨੰਦ ਲੈ ਰਿਹਾ ਹੁੰਦਾ ਹੈ, ਇਹ ਕਿਸੇ ਹੋਰ ਤਰੀਕੇ ਨਾਲ ਨਾਪਿਆ ਨਹੀਂ ਜਾ ਸਕਦਾ।

ਦੋ ਕਿਸਮ ਦੀਆਂ ਸਮਾਧੀਆਂ ਹੁੰਦੀਆਂ ਹਨ, ਸਾਵਿਕਲਪ ਕਿਸੇ ਆਕਾਰ ਤੇ ਕਿਸੇ ਤਸਵੀਰ, ਕੋਈ ਮੂਰਤੀ, ਕੋਈ ਸਰਗੁਣ ਰੂਪ ਤੇ ਧਿਆਨ ਲਗਾ ਕੇ ਸਮਾਧੀ ਲਗਾਉਣੀ। ਸਾਵਿਕਲਪ ਸਮਾਧੀ ਵਿਚ ਯੋਗੀ ਆਪਣਾ ਸਰੀਰ ਆਪਣੀ ਮਾਨਸਿਕ ਸਥਿਤੀ ਸਭ ਕੁਝ ਦੇਖਦਾ ਹੈ ਇਸ ਤਰ੍ਹਾਂ ਦੇਖਦਾ ਹੈ ਜਿਸ ਤਰ੍ਹਾਂ ਇਹ ਉਸ ਦੇ ਆਪਣੇ ਨਾ ਹੋਣ ਉਹ ਆਪ ਪੂਰੀ ਤਰ੍ਹਾਂ ਪਰੇ ਨਿਰਲੇਪ ਰਹਿੰਦਾ ਹੈ ਇਸ ਨੂੰ ਸਾਵਿਕਲਪ ਸਮਾਧੀ ਕਹਿੰਦੇ ਹਨ ਕਿਉਂਕਿ ਇਸ ਵਿਚ ਸੋਚਣ ਵਾਲਾ, ਭਾਵ ਧਿਆਨ ਲਗਾਣ ਵਾਲਾ, ਜਿਸ ਉਤੇ ਧਿਆਨ ਲਗਾਇਆ ਜਾਂਦਾ ਹੈ ਤੇ ਧਿਆਨ ਸਾਰੇ ਹੀ ਭਾਵ ਧਿਆਤਾ, ਧੇਅ ਤੇ ਧਿਆਨ ਸਾਰੇ ਹੀ ਹਾਜ਼ਰ ਹੁੰਦੇ ਹਨ। ਨਿਰਵਿਕਲਪ ਸਮਾਧੀ ਵਿਚ ਮਨੁੱਖ ਸਾਰੇ ਮੋਹ ਤੋਂ ਮੁਕਤ ਹੁੰਦਾ ਹੈ ਇਸ ਡੂੰਘੀ ਅਵਸਥਾ ਵਿਚ ਧਿਆਨ ਦੇ ਉਦੇਸ਼ ਵਸਤੂ ਤੇ ਵਿਚਾਰ ਕੋਈ ਵੀ ਨਹੀਂ ਹੁੰਦਾ, ਕੇਵਲ ਧਿਆਨ ਕਰਨ ਵਾਲਾ ਹੀ ਹੁੰਦਾ ਹੈ। ਨਿਰਵਿਕਲਪ ਸਮਾਧੀ ਸਭ ਤੋਂ ਉਚੀ ਸਮਾਧੀ ਹੈ ਜਿਸ ਵਿਚ ਯੋਗੀ ਉਸ ਇਕ ਵਿਚ ਅਭੇਦ ਹੋ ਜਾਂਦਾ ਹੈ ਤੇ ਉਸ ਵਿਚ ਅਭੇਦ ਹੀ ਰਹਿੰਦਾ ਹੈ, ਆਤਮਕ ਸਿੱਧੀ ਨੂੰ ਪ੍ਰਾਪਤ ਹੋ ਜਾਂਦਾ ਹੈ। ਸਮਾਧੀ ਦਾ ਅਨੁਭਵ ਦਸਿਆ ਨਹੀਂ ਜਾ ਸਕਦਾ, ਇਹ ਇਕ ਅਸਚਰਜ ਅਨੁਭਵ ਹੁੰਦਾ ਹੈ ਸ਼ਬਦਾਂ ਤੋਂ ਪਰ੍ਹੇ, ਵਿਚਾਰਾਂ ਤੋਂ ਪਰ੍ਹੇ, ਉਚਾਰਣ ਤੋਂ ਪਰ੍ਹੇ ਤੇ ਕ੍ਰਿਆ ਤੋਂ ਪਰ੍ਹੇ। ਮਨੁੱਖ ਕਈ ਤਰ੍ਹਾਂ ਦੇ ਬੰਧਨਾਂ ਵਿਚ ਬੰਨ੍ਹਿਆ ਜਾਂਦਾ ਹੈ। ਇਕ ਵਾਰੀ ਸਮਾਧੀ ਦੀ ਪ੍ਰਾਪਤੀ ਹੋ ਜਾਣ ਦੇ ਬਾਅਦ ਜਗਿਆਸੂ ਹਮੇਸ਼ਾ ਲਈ ਸੁਤੰਤਰ ਹੋ ਜਾਂਦਾ ਹੈ ਇਹ ਸਭ ਤੋਂ ਉੱਤਮ ਅਵਸਥਾ ਹੈ, ਅਮਰ ਯੋਗੀਆਂ ਦਾ ਸਥਾਈ ਨਿਵਾਸ ਸਥਾਨ ਇਸ ਸਥਾਨ ਤੇ ਮੌਤ ਹੋ ਜਾਣ ਤੋਂ ਬਾਅਦ ਵਾਲੇ ਜੀਵਨ ਦਾ ਅਨੁਭਵ ਕੀਤਾ ਜਾ ਸਕਦਾ ਹੈ, ਇਸ ਜੀਵਨ ਵਿਚ ਰਹਿੰਦਿਆਂ, ਇਸ ਸੰਸਾਰ ਵਿਚ ਰਹਿੰਦਿਆਂ, ਇਹ ਅਨੁਭਵ ਉਹ ਹੀ ਕਰ ਸਕਦੇ ਹਨ ਜਿਨ੍ਹਾਂ ਨੂੰ ਸਮਾਧੀ ਦੀ ਪ੍ਰਾਪਤੀ ਹੋ ਗਈ ਹੈ ਉਹ ਅਵਸਥਾ ਜਿਥੇ ਕਾਲ ਦੇ ਦਰਵਾਜ਼ਿਆਂ ਨੂੰ ਅਨੁਭਵ ਅਤੀਤ ਦੇਖਿਆ ਜਾ ਸਕਦਾ ਹੈ।

ਜਿਸ ਜੀਵਨ ਨੂੰ ਅਸੀਂ ਜਾਣਦੇ ਹਾਂ ਉਹ ਇਕ ਰੇਖਾ ਹੈ, ਉਹ ਰੇਖਾ ਜਿਹੜੀ ਮੌਤ ਤੇ ਜੀਵਨ ਨੂੰ ਜੋੜਦੀ ਹੈ ਇਕ ਸਿਰੇ ਤੋਂ ਦੂਸਰੇ ਸਿਰੇ ਤਕ ਜਾਂਦੀ ਹੈ ਹੋਂਦ ਦਾ ਸਭ ਤੋਂ ਵੱਡਾ ਹਿੱਸਾ ਤਾਂ ਛੁਪਿਆ ਹੀ ਰਹਿੰਦਾ ਹੈ, ਉਸ ਦਾ ਪਤਾ ਹੀ ਨਹੀਂ ਲਗਦਾ ਉਹ ਤਾਂ ਇਨ੍ਹਾਂ ਰੇਖਾਵਾਂ ਦੇ ਪਿਛੇ ਹੀ ਛੁਪਿਆ ਰਹਿੰਦਾ ਹੈ। ਆਮ ਮਨੁੱਖ ਨੂੰ ਤਾਂ ਇਸ ਦਾ ਗਿਆਨ ਹੀ ਨਹੀਂ ਉਸ ਨੂੰ ਤਾਂ ਛਿਨਭੰਗਰ ਵਾਲੀ ਮੌਤ ਦਾ ਕੁਝ ਪਤਾ ਹੀ ਨਹੀਂ ਪਰ ਪੂਰਨ ਮਹਾਂਪੁਰਖ ਪੂਰਨ ਯੋਗੀ ਇਥੇ ਦਾ ਜੀਵਨ ਵੀ ਜਾਣਦੇ ਹਨ, ਅਗਲਾ ਵੀ ਜਾਣਦੇ ਹਨ ਜਿਨ੍ਹਾਂ ਨੇ ਗਿਆਰ੍ਹਾਂ ਦਰਵਾਜ਼ਿਆਂ ਤੇ ਕਾਬੂ ਪਾਉਣਾ ਸਿੱਖ ਲਿਆ ਹੈ, ਉਹ ਜਾਣਦਾ ਹੈ ਅੱਗੇ ਕੀ ਹੈ ਉਹ ਗਿਆਨ ਉਨ੍ਹਾਂ ਨੂੰ ਕਾਲ ਤੇ ਪੂਰਾ ਕਾਬੂ ਪਾਉਣ ਦਾ ਗਿਆਨ ਵੀ ਦਿੰਦਾ ਹੈ ਤੇ ਜੀਵਨ ਤੇ ਵੀ ਪੂਰਾ ਕਾਬੂ ਪਾਉਣਾ ਦਸਦਾ ਹੈ।

ਜਿਨ੍ਹਾਂ ਨੇ ਇਹ ਗਿਆਨ ਪ੍ਰਾਪਤ ਕਰ ਲਿਆ ਉਹ ਮੌਤ ਦੇ ਵਹਿਮ ਵਿਚ ਨਹੀਂ ਪੈਂਦੇ, ਉਹ ਆਪਣੇ ਵਸ ਹੋ ਕੇ ਸਰੀਰ ਛੱਡਦੇ ਹਨ ਉਹ ਚੇਤਨ ਅਵਸਥਾ ਵਿਚ ਗਿਆਰਵੇਂ ਦਰਵਾਜ਼ੇ ਵਿਚੋਂ ਨਿਕਲਦੇ ਹਨ, ਬ੍ਰਹਮਰੰਦਰਾ ਵਿਚੋਂ ਜਾਂਦੇ ਹਨ। ਜਿਹੜਾ ਇਸ ਦਰਵਾਜ਼ੇ ਤੋਂ ਲੰਘਦਾ ਹੈ ਉਸ ਨੂੰ ਅਗਲੇ ਜੀਵਨ ਦਾ ਉਨਾਂ ਹੀ ਪਤਾ ਹੁੰਦਾ ਹੈ ਜਿੰਨਾ ਇਸ ਜੀਵਨ ਦਾ। ਇਥੇ ਤੇ ਅੱਗੇ ਦੇ ਜੀਵਨ ਦਾ ਕੋਈ ਪੜਦਾ ਨਹੀਂ ਰਹਿੰਦਾ।

ਪੂਰਨ ਯੋਗੀ ਸਰੀਰ ਨੂੰ ਵੱਖ-ਵੱਖ ਤਰ੍ਹਾਂ ਛੱਡ ਸਕਦੇ ਹਨ। ਅਸੀਂ ਇਥੇ ਥੋੜ੍ਹੇ ਜਿਹੇ ਤਰੀਕੇ ਦਸਾਂਗੇ ਕੇਵਲ ਇਹ ਦਸਣ ਲਈ ਕਿ ਸਰੀਰ ਛੱਡਣ ਦੇ ਹੋਰ ਵੀ ਤਰੀਕੇ ਹਨ ਕੇਵਲ ਇਹ ਹੀ ਤਰੀਕਾ ਨਹੀਂ ਜਿਹੜਾ ਆਮ ਮਨੁੱਖ ਲਈ ਹੈ।

ਯੋਗੀਆਂ ਦੇ ਜਾਂ ਮਹਾਂਪੁਰਖਾਂ ਦੇ ਸਰੀਰ ਛੱਡਣ ਨੂੰ ਮਹਾਂ ਸਮਾਧੀ ਕਿਹਾ ਜਾਂਦਾ ਹੈ, ਸਮਾਧੀ ਉਚ ਅਵਸਥਾ ਦੀ ਸ਼ਾਂਤੀ ਸਥਿਰਤਾ ਨੂੰ ਕਿਹਾ ਜਾਂਦਾ ਹੈ, ਉਹ ਸ਼ਾਂਤੀ ਜਿਹੜੀ ਮਨੁੱਖ ਪ੍ਰਾਪਤ ਕਰ ਸਕਦਾ ਹੈ, ਮਹਾਂ ਤੋਂ ਭਾਵ ਹੈ ਉਸ ਤੋਂ ਵੀ ਉਚੀ। ਯੋਗੀ ਮੌਤ ਨੂੰ ਮਰਨਾ ਨਹੀਂ ਕਹਿੰਦੇ ਉਹ ਤਾਂ ਸਰੀਰ ਛੱਡਣਾ ਕਹਿੰਦੇ ਹਨ, ਉਹ ਛੱਡ ਦੇਣਾ ਜਿਹੜਾ ਜ਼ਰੂਰੀ ਨਹੀਂ ਜਿਹੜਾ ਹੁਣ ਠੀਕ ਨਹੀਂ ਰਿਹਾ।

ਸੁਚੇਤ ਹੋ ਕੇ ਸਰੀਰ ਛੱਡਣ ਦੀਆਂ ਵਿਧੀਆਂ ਯਮ ਨੇ ਨਚੀਕੇਤ ਨੂੰ ਦੱਸੀਆਂ। ਯਮ ਨੇ ਦੱਸਿਆ ਕਿ ਸਰੀਰ ਵਿਚ ਬਹੁਤ ਸਾਰੀਆਂ ਸ਼ਕਤੀ ਨਾੜੀਆਂ ਕੰਮ ਕਰਦੀਆਂ ਹਨ ਪਰ ਇਨ੍ਹਾਂ ਵਿਚੋਂ ਸਭ ਤੋਂ ਉਤਮ ਹੈ, ਸੁਖਮਨਾ ਨਾੜੀ। ਸੁਖਮਨਾ

‘ਆਤਮ ਮਾਰਗ’, ਜੁਲਾਈ, 1999



Sri Satguru Jagjit Singh Ji eLibrary NamdhariElibrary@gmail.com

ਰੀੜ੍ਹ ਦੀ ਹੱਡੀ ਦੇ ਵਿਚੋਂ ਵਿਚ ਲੰਘਦੀ ਹੈ ਤੇ ਹੇਠੋਂ ਉਪਰ ਨੂੰ ਆਉਂਦੀ ਹੈ, ਸੁਖਮਨਾ ਵਿਚੋਂ ਅਧਿਆਤਮਕ ਸ਼ਕਤੀ ਲੰਘਦੀ ਹੈ ਜਿਸ ਨੂੰ ਕੁੰਡਲਨੀ ਕਹਿੰਦੇ ਹਨ। ਸੁਖਮਨਾ ਹੀ ਇਕ, ਸਭ ਤੋਂ ਵਧੇਰੇ ਉਤਮ ਹੈ ਜਿਸ ਤੋਂ ਸਵੈ ਸੁਤੰਤਰਤਾ ਦੀ ਸ਼ੁਰੂਆਤ ਹੁੰਦੀ ਹੈ ਜਿਹੜਾ ਮਰਨ ਲੱਗਿਆਂ ਸੁਖਮਨਾ ਵਿਚ ਪ੍ਰਵੇਸ਼ ਕਰ ਸਕਦਾ ਹੈ ਉਹ ਬ੍ਰਹਮ ਲੀਨ ਹੋ ਜਾਂਦਾ ਹੈ, ਜੀਵਨ ਦੀ ਉਤਮ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ ਬਾਕੀ ਸਾਰੇ ਰਾਹ ਮੁੜ ਜਨਮ ਲੈਣ ਦੇ ਰਾਹ ਹਨ।

ਸਰੀਰ ਛੱਡਣ ਲਈ ਯੋਗੀ ਸੁਖਮਨਾ ਦੀ ਸੁੱਤੀ ਸ਼ਕਤੀ ਕੁੰਡਲਨੀ ਨੂੰ ਜਾਗਰਣ ਕਰਦਾ ਹੈ, ਕੁੰਡਲਨੀ ਤੇ ਭੁਜੰਗਾ ਨਾੜੀ ਨੇ ਲਪੇਟ ਮਾਰਿਆ ਹੋਇਆ ਹੈ, ਇਸ ਸ਼ਕਤੀ ਨੂੰ ਜਗਾ ਕੇ ਸੁਖਮਨਾ ਵਿਚ ਪ੍ਰਵੇਸ਼ ਕਰਾਇਆ ਜਾਂਦਾ ਹੈ, ਇਹ ਜਾਗ ਕੇ ਆਗਿਆ ਚੱਕਰ ਜਿਹੜਾ ਦੋਨੋਂ ਭਰਵੱਟਿਆਂ ਦੇ ਵਿਚਕਾਰ ਸਥਿਤ ਹੈ ਉਥੇ ਪਹੁੰਚਦੀ ਹੈ। ਇਥੇ ਯੋਗੀ ਸਾਰੀਆਂ ਸ਼ਕਤੀਆਂ ਇਕੱਠੀਆਂ ਕਰਕੇ ਕਾਬੂ ਕਰਦਾ ਹੈ ਜਿਨ੍ਹਾਂ ਨੂੰ ਪ੍ਰਾਨ ਕਹਿੰਦੇ ਹਨ, ਯੋਗੀ ਆਪਣੀ ਹੋਂਦ ਸਾਰੀਆਂ ਗਿਆਨ ਇੰਦ੍ਰੀਆਂ ਤੋਂ ਖਿੱਚ ਕੇ, ਪੰਜ ਹੇਠਾਂ ਵਾਲੇ ਚੱਕਰਾਂ ਵਿਚੋਂ ਖਿੱਚ ਕੇ ਆਗਿਆ ਚੱਕਰ ਤੇ ਇਕਾਗਰ ਕਰਦਾ ਹੈ। ਹੌਲੀ ਹੌਲੀ ਫੇਰ ਉਸ ਨੂੰ ਸਹੰਸਰਾਰ ਵਿਚ ਲੈ ਜਾਂਦਾ ਹੈ ਤੇ ਸਿਰ ਵਿਚ ਦਸਮ ਦੁਆਰ ਤੇ ਲੈ ਜਾਂਦਾ ਹੈ। ਜਦੋਂ ਉਹ ਉਸ ਸਿਰਤਾਜ ਦਸਮ ਦੁਆਰ ਤੇ ਸੁਰਤ ਇਕਾਗਰ ਕਰਦਾ ਹੈ ਉਹ ਸਰੀਰ ਨੂੰ ਇਸ ਸਰੋਤ ਰਾਹੀਂ ਛੱਡਦਾ ਜਾਂਦਾ ਹੈ ਤੇ ਬ੍ਰਹਮਲੀਨ ਹੁੰਦਾ ਜਾਂਦਾ ਹੈ।

ਸਰੀਰ ਛੱਡਣ ਦਾ ਇਕ ਤਰੀਕਾ ਹੈ। ਯੋਗੀ ਸਮਾਧੀ ਸਥਿਤ ਹੋ ਕੇ ਸਰੀਰ ਨੂੰ ਠੰਡਾ ਕਰ ਲੈਂਦਾ ਹੈ, ਇਹ ਤਰੀਕਾ ਪਹਿਲੇ ਕੁਝ ਹਿਮਾਲੀਆ ਤੇ ਰਹਿਣ ਵਾਲੇ ਯੋਗੀ ਵਰਤਦੇ ਸਨ ਇਸ ਨੂੰ ਹਿਮ-ਸਮਾਧੀ ਕਹਿੰਦੇ ਹਨ, ਯੋਗੀ ਸਮਾਧੀ ਸਥਿਤ ਹੋ ਕੇ ਬੈਠ ਜਾਂਦਾ ਹੈ, ਬਰਫ ਦੀ ਤਰ੍ਹਾਂ ਠੰਡੇ ਹੋ ਕੇ ਉਤੇ ਹੀ ਸਰੀਰ ਛੱਡ ਦਿੰਦੇ ਹਨ।

ਦੂਸਰਾ ਇਸ ਤਰ੍ਹਾਂ ਦਾ ਤਰੀਕਾ ਹੈ ਉਸ ਨੂੰ ਜਲ ਸਮਾਧੀ ਕਹਿੰਦੇ ਹਨ, ਇਹ ਥੱਲੇ ਡੂੰਘੇ ਪਾਣੀ ਵਿਚ ਜਾ ਕੇ ਕੀਤੀ ਜਾਂਦੀ ਹੈ। ਹਿਮਾਲੀਆ ਪਰਬਤ ਦੇ ਠੰਢੇ ਡੂੰਘੇ ਪਾਣੀ ਵਿਚ ਯੋਗੀ ਆਪਣਾ ਸਾਹ ਰੋਕਦਾ ਹੈ ਤੇ ਸਰੀਰ ਛੱਡ ਦਿੰਦਾ ਹੈ।

ਸਥਲ-ਸਮਾਧੀ ਦੀ ਪ੍ਰਾਪਤੀ ਕਰਨ ਲਈ ਯੋਗੀ ਇਕ ਸੰਪੂਰਣ ਸੁਚੱਜੇ ਤਰੀਕੇ ਨਾਲ ਬੈਠਦਾ ਹੈ ਤੇ ਸੁਚੇਤ ਹੋ ਕੇ ਉਹ ਬ੍ਰਹਮਰੁੰਦਰਾ ਦਾ ਮੂੰਹ ਖੋਲ੍ਹਦਾ ਹੈ ਤੇ ਪ੍ਰਾਣ ਤਿਆਗਦਾ ਹੈ।

ਇਕ ਹੋਰ ਬੜਾ ਅਨੋਖਾ ਤਰੀਕਾ ਹੈ - ਸਰੀਰ ਛੱਡਣ ਦਾ ਉਹ ਹੈ ਸੂਰਜ ਤੇ ਕਿਰਨ ਤੇ ਧਿਆਨ ਲਗਾ ਕੇ ਤੇ ਅੰਦਰ ਦੀ ਜੋਤ ਨੂੰ, ਅਗਨੀ ਨੂੰ ਉਜਾਗਰ ਕਰਕੇ ਅੰਦਰ ਦੇ ਸਰੀਰ ਨੂੰ ਸੁਆਹ ਕਰ ਲੈਣਾ ਇਹ ਸਕਿੰਟਾਂ ਵਿਚ ਹੀ ਕਰ ਲੈਂਦੇ ਹਨ, ਸਭ ਕੁਝ ਸੜ ਕੇ ਸੁਆਹ ਹੋ ਜਾਂਦਾ ਹੈ।

ਇਨ੍ਹਾਂ ਸਾਰਿਆਂ ਤਰੀਕਿਆਂ ਵਿਚ ਕੋਈ ਦਰਦ ਨਹੀਂ ਹੁੰਦਾ, ਇਹ ਕੋਈ ਆਤਮ ਹਤਿਆ ਕਰਨ ਦਾ ਤਰੀਕਾ ਨਹੀਂ ਹੈ। ਆਤਮ ਹੱਤਿਆ ਡਰ ਕੇ ਕੀਤੀ ਜਾਂਦੀ ਹੈ, ਦੁਖੀ ਹੋ ਕੇ ਉਪਰਾਮ ਹੋ ਕੇ ਕੀਤੀ ਜਾਂਦੀ ਹੈ। ਯੋਗੀ ਆਪਣਾ ਸਰੀਰ ਉਦੋਂ ਛਡਦੇ ਹਨ ਜਦੋਂ ਉਨ੍ਹਾਂ ਦਾ ਸਰੀਰ ਯੋਗਾ ਅਭਿਆਸ ਨਹੀਂ ਕਰ ਸਕਦਾ ਜਿਸ ਲਈ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਲਗਾਇਆ ਹੈ, ਜਦੋਂ ਇਸ ਸਰੀਰ ਦੀ ਸ਼ਕਤੀ ਖਤਮ ਹੋ ਜਾਂਦੀ ਹੈ ਉਹ ਯੋਗਿਕ ਕ੍ਰਿਆ ਨਹੀਂ ਕਰ ਸਕਦੇ, ਉਹ ਸਰੀਰ ਛੱਡ ਦਿੰਦੇ ਹਨ। ਜਦੋਂ ਉਨ੍ਹਾਂ ਦਾ ਸਰੀਰ ਗਿਆਨ ਪ੍ਰਾਪਤੀ ਲਈ ਇਕ ਸਵਸਥ ਸਾਧਨ ਨਹੀਂ ਰਹਿੰਦਾ ਉਸ ਹਾਲਤ ਵਿਚ ਸਰੀਰ ਇਕ ਬੋਝ ਬਣ ਜਾਂਦਾ ਹੈ ਤੇ ਗਿਆਨ ਪ੍ਰਾਪਤੀ ਲਈ ਕੋਈ ਜਤਨ ਨਹੀਂ ਕਰ ਸਕਦਾ। ਇਹ ਗਿਆਨ ਯਮ ਨੇ ਨਚੀਕੇਤ ਨੂੰ ਦਿਤਾ, ਇਹ ਗਿਆਨ ਹੈ ਇਥੇ ਦੇ ਜੀਵਨ ਦਾ ਤੇ ਉਹ ਜੀਵਨ ਜਿਹੜਾ ਅੱਗੇ ਜਾ ਕੇ ਮਿਲਦਾ ਹੈ। ਇਹ ਗਿਆਨ ਕਠੋ ਉਪਨਿਸ਼ਦ ਵਿਚ ਦਰਜ ਹੈ।

ਮੈਂ ਆਪਣੇ ਅੱਖੀਂ ਯੋਗੀਆਂ ਨੂੰ ਸਰੀਰ ਛੱਡਦਿਆਂ ਦੇਖਿਆ ਹੈ, ਚੇਤਨ ਅਵਸਥਾ ਵਿਚ ਸਰੀਰ ਛਡਦਿਆਂ ਦੇਖਿਆ ਹੈ। 1938 ਵਿਚ ਜਦੋਂ ਮੈਂ ਬਨਾਰਸ ਸੀ, ਮੇਰੇ ਗੁਰੂਦੇਵ ਨੇ ਮੈਨੂੰ ਭੇਜਿਆ ਸੀ। ਮੈਂ ਇਕ ਬੰਗਾਲੀ ਜੋੜੇ ਕੋਲ ਰਹਿੰਦਾ ਸੀ, ਮੈਨੂੰ ਦੱਸਿਆ ਗਿਆ ਕਿ ਉਨ੍ਹਾਂ ਨੇ ਸਰੀਰ ਛੱਡਣਾ ਹੈ, ਦੋਨਾਂ ਨੇ ਇਕੋ ਸਮੇਂ ਤੇ ਛੱਡਣਾ ਹੈ ਉਹ ਪਤੀ ਪਤਨੀ ਦੋਨੋਂ ਇਕੱਠੇ ਹੀ ਬਹੁਤ ਸਾਲਾਂ ਤੋਂ ਸਮਾਧੀ ਲਗਾਉਂਦੇ ਰਹੇ ਹਨ। ਉਨ੍ਹਾਂ ਨੇ ਆਪਣੇ ਸਰੀਰ ਤਿਆਗਣ ਦੀ ਤਰੀਕ ਪਹਿਲਾਂ ਹੀ ਦਸ ਦਿਤੀ, ਮੈਂ ਉਥੇ ਹੀ ਸੀ ਮੈਂ ਸਭ ਕੁਝ ਦੇਖਿਆ।

ਮੈਂ ਇਕ ਯੋਗੀ ਨੂੰ ਪੈਡੂੰਗ ਸਿੱਕਮ ਵਿਚ ਮਿਲਿਆ, ਇਹ 1947 ਦੀ ਗੱਲ ਹੈ ਉਹ ਆਪਣੀ ਇੱਛਾ ਅਨੁਸਾਰ ਕੇਵਲ ਆਪਣੇ ਹੀ ਪ੍ਰਾਣ ਨਹੀਂ ਤਿਆਗ ਸਕਦੇ ਸੀ, ਉਹ ਤਾਂ ਮਰਿਆਂ ਨੂੰ ਵੀ ਜੀਉਂਦੇ ਕਰ ਸਕਦੇ ਸੀ, ਉਨ੍ਹਾਂ ਦਿਨਾਂ ਵਿਚ ਇਹ ਵਿਦਿਆ ਜਾਨਣ ਲਈ ਮੈਂ ਬਹੁਤ ਉਤਸੁਕ ਸੀ, ਇਸ ਨੂੰ ਪਰਕ੍ਰਿਆ ਪਰਵੇਸ਼ ਕਹਿੰਦੇ ਹਨ, ਇਸ ਰਹੱਸ ਨੂੰ ਮੈਂ ਜਾਨਣਾ ਚਾਹੁੰਦਾ ਸੀ ਉਨ੍ਹਾਂ ਨੇ ਇਹ ਪ੍ਰੈਕਟੀਕਲੀ ਕਰਕੇ ਦਿਖਾਇਆ। ਯੋਗੀ ਨੇ ਮੈਨੂੰ ਇਕ ਕੀੜਾ ਲਿਆਉਣ ਲਈ ਕਿਹਾ, ਮੈਂ ਲੈ ਆਇਆ ਉਨ੍ਹਾਂ ਨੇ ਉਸ ਨੂੰ ਕੱਟ ਕੇ ਤਿੰਨ ਟੁਕੜੇ ਕਰ ਦਿਤੇ, ਵੱਖ ਵੱਖ ਦੂਰ ਦੂਰ ਰਖ ਦਿਤੇ, ਕੋਈ ਦਸ ਦਸ ਫੁੱਟ ਦੀ ਦੂਰੀ ਤੇ ਰਖ ਦਿਤੇ। ਯੋਗੀ ਡੂੰਘੀ ਸਮਾਧੀ ਲਗਾ ਕੇ ਬੈਠ ਗਏ ਅਸੀਂ ਉਸਦੀ ਨਬਜ਼ ਦੇਖੀ, ਦਿਲ ਦੀ ਧੜਕਣ ਦੇਖੀ, ਸ੍ਵਾਸ ਦੇਖੇ ਜੀਵਨ ਦਾ ਕੋਈ ਚਿੰਨ ਉਸ ਵਿਚ ਨਹੀਂ ਸੀ। ਡੂੰਘੀ ਸਮਾਧੀ ਦੀ ਅਵਸਥਾ ਵਿਚ ਜਾਣ ਤੋਂ ਪਹਿਲਾਂ, ਬਹੁਤ ਜ਼ੋਰ ਜ਼ੋਰ ਦੀ ਝਟਕੇ ਲੱਗੇ ਜਿਵੇਂ ਸਰੀਰ ਨੂੰ ਕੋਈ ਕਰੰਟ ਲਗ ਰਿਹਾ ਹੋਵੇ।

ਫੇਰ ਅਸੀਂ ਦੇਖਿਆ ਉਸ ਕੀੜੇ ਦੇ ਟੁਕੜੇ ਜਿਹੜੇ ਦੂਰ ਦੂਰ ਪਏ ਸਨ, ਉਹ ਤੁਰਨ ਲਗ ਪਏ ਤੇ ਇਕੱਠੇ ਹੋ ਕੇ ਕੀੜੇ ਦਾ ਰੂਪ ਮੁੜ ਕੇ ਧਾਰਨ ਕਰ ਲਿਆ, ਇਹ ਇਕ ਸਕਿੰਟ ਵਿਚ ਹੀ ਹੋ ਗਿਆ। ਕੀੜਾ ਮੁੜ ਕੇ ਟੁਰਨ ਲਗ ਪਿਆ, ਅਸੀਂ ਉਸ ਕੀੜੇ ਨੂੰ ਤਿੰਨ ਦਿਨ ਦੇਖਦੇ ਰਹੇ। ਯੋਗੀ ਨੇ ਦੋ ਤਰੀਕੇ ਦੱਸੇ ਜਿਸ ਨਾਲ ਮਰਿਆਂ ਨੂੰ ਜਿਉਂਦਾ ਕੀਤਾ ਜਾ ਸਕਦਾ ਹੈ, ਇਕ ਸੂਰਜ ਵਿਗਿਆਨ ਦੂਸਰਾ ਪ੍ਰਾਣ ਵਿਦਿਆ, ਪ੍ਰਾਣਾਂ ਦਾ ਵਿਗਿਆਨ। ਇਨ੍ਹਾਂ ਦੋਨੋਂ ਵਿਦਿਆ ਦਾ ਗਿਆਨ ਬਹੁਤ ਥੋੜ੍ਹੇ ਜਿਹੇ ਹਿਮਾਲੀਆ ਦੇ ਯੋਗੀਆਂ ਨੂੰ ਹੈ, ਤੇ ਤਿੱਬਤ ਵਿਚ ਰਹਿੰਦੇ



Sri Satguru Jagjit Singh Ji eLibrary NamdhariElibrary@gmail.com

ਯੋਗੀਆਂ ਨੂੰ ਹੈ। ਈਸਾ ਜੀ ਨੇ ਵੀ ਇਸ ਗਿਆਨ ਦੀ ਵਰਤੋਂ ਕੀਤੀ ਸੀ ਜਦੋਂ ਉਨ੍ਹਾਂ ਨੇ ਲਾਜ਼ਾਹਸ ਨੂੰ ਮੁੜ ਕੇ ਜੀਵਨ ਦਿਤਾ ਸੀ, ਹੋ ਸਕਦਾ ਹੈ ਜਦੋਂ ਈਸਾ ਜੀ ਏਸ਼ੀਆ ਮਾਈਨਰ ਵਿਚ ਆਏ ਸੀ ਉਨ੍ਹਾਂ ਨੇ ਇਹ ਵਿਦਿਆ, ਉਸ ਸਮੇਂ ਦੇ ਯੋਗੀਆਂ ਤੋਂ ਸਿੱਖੀ ਹੋਵੇ।

ਇਕ ਹੋਰ ਬੜੀ ਰੌਚਕ ਘਟਨਾ ਮੈਂ ਤੁਹਾਨੂੰ ਦਸਣਾ ਚਾਹਾਂਗਾ ਉਹ ਇਕ ਯੋਗੀ ਨੇ 1966 ਦੇ ਕੁੰਭ ਮੇਲੇ ਤੇ ਅਲਾਹਾਬਾਦ ਮਰਨ ਦੀ ਭਵਿੱਖ ਬਾਣੀ ਕੀਤੀ ਸੀ। ਮੇਰੇ ਇਕ ਦੋਸਤ ਵਿਨੇ ਮਹਾਜਨ ਨੇ ਮੈਨੂੰ ਸੁਨੇਹਾ ਭੇਜਿਆ ਕਿ ਯੋਗੀ ਆਪਣਾ ਸਰੀਰ ਛੱਡਣ ਲੱਗੇ ਹਨ, ਮੈਂ ਆ ਕੇ ਦੇਖਾਂ। ਬਸੰਤ ਪੰਚਮੀ ਵਾਲੇ ਦਿਨ ਸਵੇਰੇ 4.30 ਵਜੇ ਅਚਾਨਕ ਉਹ ਕਹਿਣ ਲੱਗੇ, "ਮੇਰਾ ਸਮਾਂ ਆ ਗਿਆ ਹੈ" ਉਹ ਸਮਾਧੀ ਲਗਾ ਕੇ ਬੈਠ ਗਏ, ਸਿੱਧ ਆਸਨ ਵਿਚ ਬੈਠ ਗਏ, ਨੇਤਰ ਬੰਦ ਕਰ ਲਏ, ਚੁੱਪ ਕਰ ਗਏ ਥੋੜ੍ਹੀ ਦੇਰ ਬਾਅਦ 'ਟਿਕ' ਦੀ ਆਵਾਜ਼ ਆਈ, ਜਦੋਂ ਸਿਰ ਦਾ ਬਾਹਰੀ ਹਿੱਸਾ ਤਿੜਕਿਆ ਤੇ ਉਨ੍ਹਾਂ ਨੇ ਆਪਣਾ ਸਰੀਰ ਬ੍ਰਹਮਰੰਦਰਾ ਰਾਹੀਂ ਛੱਡ ਦਿਤਾ।

ਸੰਪੂਰਨ ਯੋਗੀ ਕਿਸੇ ਹੋਰ ਦੇ ਸਰੀਰ ਵਿਚ ਵੀ ਪਰਵੇਸ਼ ਕਰ ਸਕਦੇ ਹਨ ਜੇ ਉਹ ਚਾਹੁੰਣ ਤੇ ਠੀਕ ਠਾਕ ਸਰੀਰ ਹੋਵੇ ਤਾਂ। ਕੇਵਲ ਸੂਝਵਾਨ ਸਿਆਣੇ ਯੋਗੀ ਹੀ ਇਹ ਜਾਣਦੇ ਹਨ, ਆਮ ਮਨੁੱਖ ਨੂੰ ਤਾਂ ਇਹ ਇਕ ਸੁਪਨਾ ਹੀ ਲਗਦਾ ਹੈ।

ਸੁਚੇਤ ਹੋ ਕੇ ਸਰੀਰ ਛੱਡ ਜਾਣ ਦੀ ਕਿਰਿਆ ਕੇਵਲ ਪਹੁੰਚੇ ਹੋਏ ਯੋਗੀ ਹੀ ਨਹੀਂ ਜਾਣਦੇ ਮੇਰਾ ਇਹ ਪੂਰਾ ਭਰੋਸਾ ਹੈ ਕਿ ਸੰਸਾਰ ਵਿਚ ਰਹਿੰਦੇ ਮਨੁੱਖ ਯੋਗ ਸਮਾਧੀ ਦਾ ਅਨੁਭਵ ਕਰ ਸਕਦੇ ਹਨ। ਜੀਵਨ ਦੀਆਂ ਡਿਊਟੀਆਂ ਕਰਦੇ ਹੋਏ, ਸੰਸਾਰ ਵਿਚ ਰਹਿੰਦੇ ਹੋਏ ਉਹ ਇਹ ਸਭ ਕੁਝ ਕਰ ਸਕਦੇ ਹਨ ਜੇ ਉਹ ਸੱਚੇ ਮਨੋ ਯਤਨ ਕਰਨ, ਤਿਆਰੀ ਕਰਨ ਤੇ ਉਨ੍ਹਾਂ ਦਾ ਪੱਥ ਪ੍ਰਦਰਸ਼ਨ ਕਰਨ ਵਾਲਾ ਭਾਵੇਂ ਕੋਈ ਯੋਗੀ ਨਹੀਂ ਉਹ ਵੀ ਇਹ ਗਿਆਨ ਪ੍ਰਾਪਤ ਕਰ ਸਕਦਾ ਹੈ, ਸਰੀਰ ਛੱਡਣ ਤੋਂ ਪਹਿਲਾਂ ਇਹ ਗਿਆਨ ਪ੍ਰਾਪਤ ਕਰ ਸਕਦਾ ਹੈ।

ਰਮਣਾ ਮਹਾਂਰਿਸ਼ੀ ਦੇ ਮਾਤਾ ਕੋਈ ਬ੍ਰਹਮਗਿਆਨੀ ਨਹੀਂ ਸੀ, ਰਮਣਾ ਮਹਾਂਰਿਸ਼ੀ ਆਪ ਜ਼ਰੂਰ ਬ੍ਰਹਮਗਿਆਨੀ ਸਨ। ਜਦੋਂ ਉਨ੍ਹਾਂ ਦੀ ਮਾਤਾ ਦਾ ਅੰਤ ਸਮਾਂ ਆਇਆ ਉਨ੍ਹਾਂ ਨੇ ਇਕ ਹੱਥ ਮਾਤਾ ਜੀ ਦੇ ਮੱਥੇ ਤੇ ਰੱਖਿਆ, ਦੂਸਰਾ ਉਨ੍ਹਾਂ ਦੇ ਹਿਰਦੇ ਤੇ ਰੱਖਿਆ। ਜਿਨ੍ਹਾਂ ਨੇ ਇਹ ਸਭ ਕੁਝ ਦੇਖਿਆ, ਉਹ ਦਸਦੇ ਹਨ ਕਿ ਕੁਝ ਸਮੇਂ ਲਈ ਉਨ੍ਹਾਂ ਨੂੰ ਬਹੁਤ ਕਸ਼ਟ ਹੋਇਆ ਪਰ ਰਮਣਾ ਮਹਾਂਰਿਸ਼ੀ ਜੀ ਦੀ ਇੱਛਾ ਸ਼ਕਤੀ ਨਾਲ ਉਹ ਇਸ ਸੰਸਾਰ ਰੂਪੀ ਭਵਸਾਗਰ ਵਿਚੋਂ ਲੰਘ ਕੇ ਆਤਮਕ ਸਿੱਧੀ ਨੂੰ ਪ੍ਰਾਪਤ ਹੋਏ।

ਮੈਂ ਦੋ ਇਹੋ ਜਿਹੇ ਕੇਸ ਦੇਖੇ ਹਨ। ਮਿਨੀਪੋਲੀਸ ਵਿਚ ਇਕ ਬਹੁਤ ਮੰਨੇ ਪ੍ਰਮੰਨੇ ਸਾਈਕੇਟਰਿਸਟ ਦੇ ਮਾਤਾ (psychia-trist) ਡਾਕਟਰ ਵਾਹੀਟ ਕੇਅਰ ਨੇ ਬਹੁਤ ਸਾਲ ਡਾਕਟਰ ਹੋਣ ਦੇ ਨਾਤੇ ਪ੍ਰੈਕਟਿਸ ਕੀਤੀ, ਅੰਤ ਸਮੇਂ ਉਹ ਡੂੰਘੀ ਸਮਾਧੀ ਵਿਚ ਚਲੇ ਗਏ ਤੇ ਚੇਤਨ ਰੂਪ ਵਿਚ ਸਰੀਰ ਛੱਡਿਆ। ਦੂਸਰਾ ਕਾਨ੍ਹਪੁਰ ਵਿਚ ਇਕ ਡਾਕਟਰਾਂ ਦਾ ਪਰਿਵਾਰ ਹੈ। ਉਨ੍ਹਾਂ ਦੇ ਮਾਤਾ ਬੜੇ ਪ੍ਰਮਾਤਮਾ ਭਗਤ ਸੀ। ਉਨ੍ਹਾਂ ਨੂੰ ਮੈਂ ਦੀਕਸ਼ਾ ਦਿਤੀ ਸੀ, ਛੇ ਮਹੀਨੇ ਆਪਣੇ ਅੰਤ ਤੋਂ ਪਹਿਲਾਂ ਉਨ੍ਹਾਂ ਨੇ ਫੈਸਲਾ ਕੀਤਾ, ਉਹ ਇਕ ਕਮਰੇ ਵਿਚ ਰਹਿਣਗੇ, ਬਾਹਰ ਨਹੀਂ ਨਿਕਲਣਗੇ ਤੇ ਹਰ ਸਮੇਂ ਪ੍ਰਮਾਤਮਾ ਦੇ ਨਾਮ ਵਿਚ ਹੀ ਲੀਨ ਰਹਿਣਗੇ। ਛੇ ਮਹੀਨੇ ਬਾਅਦ ਉਹ ਬਿਮਾਰ ਹੋ ਗਏ ਤੇ ਬਿਸਤਰੇ ਤੋਂ ਉਠਣ ਤੋਂ ਅਸਮਰਥ ਹੋ ਗਏ। ਅੰਤ ਸਮਾਂ ਆ ਗਿਆ, ਆਖਰੀ ਦਿਨਾਂ ਵਿਚ ਉਹ ਪੂਰੀ ਤਰ੍ਹਾਂ ਨਿਰਲਿਪਤ ਹੋ ਗਏ ਸੀ ਤੇ ਸਾਧਨਾ ਵਿਚ ਹੀ ਰਹਿੰਦੇ ਸੀ। ਉਨ੍ਹਾਂ ਦੇ ਆਪਣੇ ਪੁੱਤਰ ਡਾ. ਏ. ਐਨ ਟੰਡਨ ਵੀ ਅੰਦਰ ਨਹੀਂ ਆ ਸਕਦੇ ਸੀ, ਸਰੀਰ ਛੱਡਣ ਤੋਂ ਪੰਜ ਮਿੰਟ ਪਹਿਲਾਂ ਉਨ੍ਹਾਂ ਨੇ ਸਾਰੇ ਪਰਿਵਾਰ ਨੂੰ ਬੁਲਾਇਆ, ਉਨ੍ਹਾਂ ਨੂੰ ਅਸੀਸਾਂ ਦਿਤੀਆਂ, ਫੇਰ ਉਨ੍ਹਾਂ ਨੇ ਪੂਰੀ ਚੇਤਨਤਾ ਵਿਚ ਸਰੀਰ ਛੱਡਿਆ।

ਉਨ੍ਹਾਂ ਦੇ ਸਰੀਰ ਛੱਡਣ ਮਗਰੋਂ ਉਸ ਕਮਰੇ ਦੀਆਂ ਦੀਵਾਰਾਂ ਵਿਚੋਂ ਵੀ ਉਨ੍ਹਾਂ ਦੇ ਮੰਤਰ ਦੀ ਅਵਾਜ਼ ਆਉਂਦੀ ਸੀ, ਮੈਨੂੰ ਕਿਸੇ ਨੇ ਇਹ ਗੱਲ ਦੱਸੀ, ਮੈਨੂੰ ਯਕੀਨ ਨਹੀਂ ਆਇਆ, ਮੈਂ ਫੇਰ ਉਨ੍ਹਾਂ ਦੇ ਘਰ ਗਿਆ ਮੈਂ ਦੇਖਿਆ ਸੱਚੀਮੁਚੀ ਹੀ ਮੰਤਰ ਦੀ ਆਵਾਜ਼ ਉਸ ਕਮਰੇ ਦੀਆਂ ਕੰਧਾਂ ਵਿਚੋਂ ਆ ਰਹੀ ਸੀ।

ਮੰਤਰ ਇਕ ਸ਼ਬਦ ਹੁੰਦਾ ਹੈ ਇਕ ਸ਼ਬਦਾਂਸ਼ ਹੁੰਦਾ ਹੈ, ਇਕ ਵਾਕ ਹੁੰਦਾ ਹੈ। ਜਦੋਂ ਮੰਤਰ ਨੂੰ ਸੁਚੇਤ ਹੋ ਕੇ ਜਪਿਆ ਜਾਵੇ, ਚੇਤਨ ਮਨ ਵਿਚ ਰੱਖਿਆ ਜਾਵੇ, ਹੌਲੀ-ਹੌਲੀ ਇਹ ਆਪਣੇ ਆਪ ਹੀ ਅਚੇਤ ਮਨ ਵਿਚ ਚਲਾ ਜਾਂਦਾ ਹੈ ਤੇ ਪੱਥ ਪਰਦਰਸ਼ਕ ਬਣ ਜਾਂਦਾ ਹੈ। ਵਿਛੋੜੇ ਦਾ ਇਹ ਸਮਾਂ ਉਨ੍ਹਾਂ ਲਈ ਦੁਖਦਾਈ ਹੈ ਜਿਨ੍ਹਾਂ ਨੂੰ ਇਹ ਗਿਆਨ ਨਹੀਂ। ਇਹ ਹਾਲ ਅਧਿਆਤਮਕ ਮਨੁੱਖਾ ਦਾ ਨਹੀਂ ਹੁੰਦਾ, ਉਨ੍ਹਾਂ ਦਾ ਨਹੀਂ ਹੁੰਦਾ ਜਿਹੜੇ ਆਪਣੇ ਮੰਤਰ ਨਿਸ਼ਠਾ ਨਾਲ ਕਰਦੇ ਹਨ। ਮੰਤਰ ਇਸ ਚਲਾਣੇ ਦੇ ਸਮੇਂ ਪੱਥ ਪਰਦਰਸ਼ਕ ਕਰਦਾ ਹੈ, ਮੰਤਰ ਰੂਹਾਨੀ ਪੱਥ ਪਰਦਰਸ਼ਕ ਹੈ, ਮੰਤਰ ਭੈ ਦੂਰ ਕਰਦਾ ਹੈ, ਮਰਨ ਦਾ ਭੈ ਦੂਰ ਕਰਦਾ ਹੈ ਤੇ ਨਿਰਭੈਤਾ ਨਾਲ ਅੱਗੇ ਪਹੁੰਚਾਉਂਦਾ ਹੈ।

ਯੋਗੀਆਂ ਤੇ ਰਿਸ਼ੀਆਂ ਮੁਨੀਆਂ ਮਹਾਂਪੁਰਸ਼ਾਂ ਲਈ ਮੌਤ ਇਕ ਬਹੁਤ ਛੋਟੀ ਜਿਹੀ ਘਟਨਾ ਹੈ ਉਨ੍ਹਾਂ ਲਈ ਸਰੀਰ ਦਾ ਸੁਭਾ ਹੈ, ਇਹ ਕੇਵਲ ਇਕ ਤੋਂ ਦੂਸਰੀ ਵਿਚ ਬਦਲਣਾ ਹੈ ਤੇ ਇਹ ਵਿਕਾਸ ਦਾ ਇਕ ਤਰੀਕਾ ਹੈ, ਉਚੇ ਉਠਣ ਦਾ ਰਾਹ ਹੈ ਜੇ ਹਰੇਕ ਇਸ ਨੂੰ ਚੰਗੀ ਤਰ੍ਹਾਂ ਸਮਝ ਲਵੇ ਸੰਤਾਪ ਘਟ ਜਾਇਗਾ, ਉਹ ਸੌਖੀ ਤਰ੍ਹਾਂ ਵਡੇਰੀ ਉਮਰ ਵਿਚ ਜਾ ਕੇ ਸਰੀਰ ਛੱਡ ਸਕਣਗੇ। ਮਰਨਾ ਤੇ ਜਨਮ ਲੈਣਾ ਇਕ ਹੀ ਘਰ ਦੇ ਦੋ ਦਰਵਾਜ਼ੇ ਹਨ, ਇਕ ਦਰਵਾਜ਼ੇ ਤੋਂ ਬਾਹਰ ਨਿਕਲਣਾ ਉਸ ਨੂੰ ਜਨਮ ਕਹਿੰਦੇ ਹਨ, ਦੂਸਰੇ ਦਰਵਾਜ਼ੇ ਤੋਂ ਬਾਹਰ ਜਾਣ ਨੂੰ ਮੌਤ ਕਹਿੰਦੇ ਹਨ। ਥੋੜ੍ਹੇ ਜਿਹੇ ਹੀ ਵਡਭਾਗੇ ਹਨ ਜਿਹੜੇ ਇਸ ਮਰਨ ਜੰਮਣ ਦੇ ਰਹੱਸ ਨੂੰ ਜਾਣਦੇ ਹਨ।

L L L L L L L

'ਆਤਮ ਮਾਰਗ', ਜੁਲਾਈ, 1999



Sri Satguru Jagjit Singh Ji eLibrary NamdhariElibrary@gmail.com

# ਪ੍ਰਾਣ ਵਿਗਿਆਨ

***ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

## ਮਨੁੱਖ ਦਾ ਬਹੁਮੁਖੀ ਸੁਭਾਅ

ਪੱਛਮੀ ਵਿਗਿਆਨ ਨੇ ਸਾਨੂੰ ਐਸੀ ਵਲ ਧੱਕ ਦਿਤਾ ਹੈ ਜਿਥੇ ਅਸੀਂ ਸਰੀਰ ਤੇ ਮਨ ਨੂੰ ਵਖਰਾ ਗਿਣਦੇ ਹਾਂ। ਹੌਲੀ ਹੌਲੀ ਅਸੀਂ ਦੇਖ ਰਹੇ ਹਾਂ ਸਾਡੇ ਅੱਗੇ ਬੜਾ ਔਖਾ ਲਗ ਰਿਹਾ ਹੈ ਕਿ ਭੌਤਿਕ ਜਾਨਣ ਲਈ ਪਰਾਭੌਤਿਕ ਦਾ ਜਾਨਣਾ ਜ਼ਰੂਰੀ ਹੋ ਰਿਹਾ ਹੈ। ਉਸ ਨੂੰ ਅਸੀਂ ਸ਼ਕਤੀ ਕਹਿੰਦੇ ਹਾਂ, ਅਸੀਂ ਸਰੀਰ ਤੋਂ ਓਦੋਂ ਤਕ ਜਾਣੂੰ ਨਹੀਂ ਹੋ ਸਕਦੇ ਜਦੋਂ ਤਕ ਅਸੀਂ ਸ਼ਕਤੀ ਦੀ ਕ੍ਰਿਆ ਤੋਂ ਜਾਣੂੰ ਨਹੀਂ ਹੁੰਦੇ। ਅਸੀਂ ਸਰੀਰ ਬਣਤਰ ਵਿਗਿਆਨ ਨੂੰ ਪ੍ਰਾਕ੍ਰਿਤਕ ਵਿਗਿਆਨ ਵਿਚ ਮਿਲਾ ਚੁੱਕੇ ਹਾਂ ਅਤੇ ਪ੍ਰਾਕ੍ਰਿਤਕ ਵਿਗਿਆਨ ਨੂੰ ਅਸੀਂ ਦ੍ਰਿਸ਼ਟਮਾਨ ਦਮਨਿਕ (Electrical Phenomeno) ਵਿਚ ਮਿਲਾ ਦਿਤਾ ਹੈ। ਪ੍ਰਾਕ੍ਰਿਤਕ ਵਿਗਿਆਨ ਦਾ ਮੁੱਢ ਗਤਿ ਨਾਲ ਹੈ, ਪ੍ਰਾਣੀ ਨਾਲ ਹੈ, ਇਹ ਕਿਰਿਆਵਾਂ ਸ਼ਕਤੀ ਨਾਲ ਹੀ ਹੁੰਦੀਆਂ ਹਨ।

ਨਿਊਟਨ (Newton) ਜੋ ਕਿ ਇਕ ਭੌਤਿਕ ਵਿਗਿਆਨਕ ਸੀ ਉਹ ਕੇਵਲ ਮਸ਼ੀਨ ਸਾਸ਼ਤਰ ਵਿਚ ਹੀ ਰੁਚੀ ਰਖਦਾ ਸੀ। ਉਹ ਇਹ ਜਾਨਣਾ ਚਾਹੁੰਦਾ ਸੀ ਕਿ ਸਰੀਰ ਵਿਚ ਬਦਲਾਵ ਆਉਂਦੇ ਹਨ ਤੇ ਪ੍ਰਾਣੀ ਕਿਵੇਂ ਦੂਸਰਿਆਂ ਤੇ ਪ੍ਰਭਾਵ ਪੈਂਦਾ ਹੈ। ਵੀਹਵੀਂ ਸਦੀ ਵਿਚ ਬਿਜਲੀ ਬਹੁਤ ਹੀ ਮਹੱਤਵਪੂਰਨ ਹੋ ਗਈ ਤੇ ਇਸੇ ਤਰ੍ਹਾਂ ਪ੍ਰਮਾਣੂ ਸ਼ਕਤੀ ਮਹੱਤਵਪੂਰਨ ਹੋ ਗਈ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਸਾਡੇ ਅੱਗੇ ਬਹੁਤ ਸਾਰੇ ਪ੍ਰਸ਼ਨ ਪੈਦਾ ਹੋ ਗਏ, ਜਿਵੇਂ ਭੌਤਿਕ ਤੱਤ ਅਤੇ ਸ਼ਕਤੀ ਦਾ ਕੀ ਸਬੰਧ ਹੈ? ਭੌਤਿਕ ਖੇਤਰ ਅਤੇ ਸ਼ਕਤੀ ਦੇ ਸੰਸਾਰ ਦੀ ਕੀ ਸੀਮਾ ਹੈ ਸ਼ਕਤੀ ਕੀ ਹੈ? ਜੇ ਅਸੀਂ ਉਸ ਨੂੰ ਦੇਖ ਨਹੀਂ ਸਕਦੇ ਉਹ ਭੌਤਿਕ ਨਹੀਂ ਹੈ ਇਸਦੇ ਉਪਰੰਤ ਵੀ ਵਿਗਿਆਨਕ ਨੂੰ ਉਸ ਤੇ ਖੋਜ ਕਰਨੀ ਚਾਹੀਦੀ ਹੈ। ਜੇ ਉਹ ਦੇਖਿਆ ਨਹੀਂ ਜਾ ਸਕਦਾ, ਮਹਿਸੂਸ ਨਹੀਂ ਕਰ ਸਕਦੇ, ਕੀ ਫੇਰ ਵੀ ਇਸ ਦੀ ਖੋਜ ਵਿਗਿਆਨਕ ਹੈ, ਕੀ ਫੇਰ ਵੀ ਇਸ ਦੇ ਬਾਰੇ ਗੱਲ ਕਰਨਾ ਉਚਿਤ ਹੈ। ਪਰ ਸ਼ਕਤੀ ਬਹੁਤ ਕਠਿਨ ਮਸਲਾ ਹੈ। ਸ਼ਕਤੀ ਸਾਡੀ ਗਤਿ, ਸਾਡੀ ਭਾਵਨਾ ਦਾ ਮੁੱਢ ਹੈ। ਇਸ ਨਾਲ ਜੀਵਨ ਹੈ। ਜਦੋਂ ਕਿ ਪਿਛਲੀ ਸਦੀ ਵਿਚ ਕੋਲੇ ਨਾਲ ਸ਼ਕਤੀ ਪੈਦਾ ਕਰਕੇ ਇੰਜਨ ਚਲਾਇਆ ਜਾਂਦਾ ਸੀ ਅੱਜ ਦੀ ਮਸ਼ੀਨ ਵਧੇਰੇ ਜਟਿਲ ਬਣ ਗਈ ਹੈ, ਐਨੀ ਮਹੀਨ ਹੋ ਗਈ ਹੈ ਕਿ ਇਕ ਛੋਟੇ ਜਿਹੇ ਜੰਤਰ ਰਾਹੀਂ ਬਿਜਲੀ ਦੇ ਕਰਤੱਬ ਪੈਦਾ ਹੁੰਦੇ ਹਨ ਜਿਨ੍ਹਾਂ ਦਾ ਭੌਤਿਕਤਾ ਨਾਲ, ਮਸ਼ੀਨੀ ਸੰਸਾਰ ਨਾਲ ਕੋਈ ਸਬੰਧ ਨਹੀਂ, ਅਸੀਂ ਸ਼ਕਤੀ ਦੇ ਇਸ ਸੰਸਾਰ ਨੂੰ ਕਿਸ ਤਰ੍ਹਾਂ ਸਮਝ ਸਕਦੇ ਹਾਂ।

ਆਈਨਸਟੀਨ ਨੇ ਇਸ ਪ੍ਰਸ਼ਨ ਨੂੰ ਜਾਂਚਿਆ ਤੇ ਉਤਰ ਦਿਤਾ। ਉਸ ਨੇ ਦੱਸਿਆ $E = mc2$ ਤੇ ਇਸ ਨਾਲ ਸ਼ਕਤੀ ਅਤੇ ਭੌਤਿਕ ਤੱਤ ਦਾ ਸਬੰਧ ਦੱਸਿਆ ਹੈ ਇਸ ਤੋਂ ਇਕੱਲਾ ਇਹ ਹੀ ਭਾਵ ਨਹੀਂ ਕਿ ਸ਼ਕਤੀ ਅਤੇ ਭੌਤਿਕ ਤੱਤ ਦਾ ਗੂੜ੍ਹਾ ਸਬੰਧ ਹੈ, ਇਸ ਤੋਂ ਇਹ ਵੀ ਭਾਵ ਹੈ ਕਿ ਸ਼ਕਤੀ ਅਤੇ ਭੌਤਿਕ ਤੱਤ ਇਕ ਦੂਜੇ ਵਿਚ ਬਦਲੇ ਜਾ ਸਕਦੇ ਹਨ। ਭੌਤਿਕ ਤੱਤ ਨੂੰ ਸ਼ਕਤੀ ਵਿਚ ਬਦਲਿਆ ਜਾ ਸਕਦਾ ਹੈ। ਸਭ ਤੋਂ ਵੱਡੀ ਅਤੇ ਭਿਆਨਕ ਵਰਤੋਂ ਇਸ ਦੀ ਉਦੋਂ ਕੀਤੀ ਗਈ, ਜਦੋਂ ਜਪਾਨ ਦੇ ਦੋ ਨਗਰ ਹੀ ਪੂਰੀ ਤਰ੍ਹਾਂ ਖਤਮ ਕਰ ਦਿਤੇ ਗਏ, ਧਰਤੀ ਤੋਂ ਉਨ੍ਹਾਂ ਦਾ ਖੁਰਾ ਖੋਜ ਹੀ ਮਿਟਾ ਦਿਤਾ ਗਿਆ, ਇਹ ਪ੍ਰਮਾਣੂ ਸ਼ਕਤੀ ਦੇ ਪ੍ਰਯੋਗ ਨਾਲ ਹੀ ਹੋਇਆ। ਇਸ ਦੇ ਉਪਰੰਤ ਵੀ ਆਈਨਸਟੀਨ ਦਾ ਕਹਿਣਾ ਹੈ ਕਿ ਸ਼ਕਤੀ ਨੂੰ ਭੌਤਿਕ ਤੱਤ ਵਿਚ ਬਦਲਿਆ ਜਾ ਸਕਦਾ ਹੈ ਇਹ ਸੰਭਵ ਹੀ ਨਹੀਂ, ਜ਼ਰੂਰੀ ਵੀ ਹੈ। ਇਹ ਸਾਰਾ ਤਰੀਕਾ ਇਕ ਦਸ਼ਾ ਵਿਚ ਹੀ ਨਹੀਂ ਚਲਦਾ ਇਹ ਦੂਸਰੀ ਦਿਸ਼ਾ ਵਿਚ ਵੀ ਚਲ ਸਕਦਾ ਹੈ, ਸ਼ਕਤੀ ਤੇ ਭੌਤਿਕ ਤੱਤ ਇਕ ਦੂਸਰੇ ਵਿਚ ਬਦਲੇ ਜਾ ਸਕਦੇ ਹਨ ਸਰੀਰਕ ਪੱਧਰ ਦੀ ਹੋਂਦ ਅਤੇ ਸ਼ਕਤੀ ਦੇ ਪੱਧਰ ਦੀ ਹੋਂਦ ਦਾ ਆਪਸ ਵਿਚ ਸਬੰਧ ਹੈ।

ਜਿਸ ਪੱਧਰ ਤੇ ਸ਼ਕਤੀ ਦਾ ਸਬੰਧ ਹੈ ਸੰਸਕ੍ਰਿਤ ਵਿਚ ਉਸ ਨੂੰ ਪ੍ਰਾਣ ਕਿਹਾ ਗਿਆ ਹੈ। ਹਿਮਾਲਿਆ ਵਿਚ ਰਹਿੰਦੇ ਸੰਤਾਂ ਨੇ ਸਮਾਧੀਆਂ ਲਾ ਕੇ ਇਹ ਵੀ ਖੋਜ ਲਿਆ ਕਿ ਕੇਵਲ ਸਰੀਰ ਅਤੇ ਸ਼ਕਤੀ ਦਾ ਸਬੰਧ ਹੀ ਨਹੀਂ ਬਲਕਿ ਉਨਾਂ ਹੀ ਗੂੜ੍ਹਾ ਸਬੰਧ ਪ੍ਰਾਣਾਂ ਦਾ ਅਤੇ ਮਨ ਦੀ ਉਚੇਰੀ ਅਵਸਥਾ ਦਾ ਵੀ ਹੈ।

ਮਨੋਵਿਗਿਆਨਕ ਬਹੁਤ ਵਾਰੀ ਮਾਨਸਿਕ ਸ਼ਕਤੀ ਬਾਰੇ ਗੱਲ ਕਰਦੇ ਹਨ। ਅੰਤਰ ਗਿਆਨ ਰਾਹੀਂ ਅਤੇ ਸਾਡੇ ਰੋਜ਼ ਦੇ ਪ੍ਰਗਟਾਵੇ ਨਾਲ ਅਸੀਂ ਮਨ ਤੇ ਸ਼ਕਤੀ ਦਾ ਸਬੰਧ ਮੰਨਦੇ ਹਾਂ। ਇਹ ਇਕ ਆਮ ਗੱਲ ਹੈ। ਅਸੀਂ ਬਹੁਤ ਵਾਰੀ ਦੇਖਦੇ ਹਾਂ, ਅਨੁਭਵ ਕਰਦੇ ਹਾਂ, ਬਹੁਤ ਵਾਰੀ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਡੇ ਅੰਦਰ ਬਹੁਤ ਮਾਨਸਿਕ ਸ਼ਕਤੀ ਹੈ ਅਤੇ ਦੂਸਰੇ ਸਮੇਂ ਮਹਿਸੂਸ ਕਰਦੇ ਹਾਂ ਜਿਵੇਂ ਬਿਲਕੁਲ ਹੀ ਸ਼ਕਤੀ ਨਹੀਂ ਹੁੰਦੀ, ਮਨੋਵਿਗਿਆਨ ਦੀਆਂ ਵੱਖ-ਵੱਖ ਪ੍ਰਣਾਲੀਆਂ ਨੇ ਇਸ ਦੇ ਵੱਖ-ਵੱਖ ਨਾਂ ਦਿਤੇ ਹਨ, ਫਰਾਇਡ (Freud) ਨੇ ਇਸ ਨੂੰ ਲਿਬਿਡੋ ਕਿਹਾ ਹੈ।

ਉਪਨਿਸ਼ਦਾਂ ਅਨੁਸਾਰ ਵੱਖ-ਵੱਖ ਪੱਧਰ ਦੀ ਹੋਂਦ ਇਕ ਪੱਧਰ ਤੇ ਮਿਲ ਜਾਂਦੀ ਹੈ ਭਾਵੇਂ ਉਹ ਭੌਤਿਕ ਹੋਵੇ, ਪ੍ਰਾਣ ਹੋਣ ਮਾਨਸਿਕ ਅਤੇ ਚੇਤਨਤਾ ਦੇ ਉਚੇ ਪੱਧਰ ਕਿਉਂ ਨਾ ਹੋਣ। ਇਹ ਵੱਖ-ਵੱਖ ਪੱਧਰ ਹਨ, ਵੱਖ-ਵੱਖ ਪਰਤਾਂ ਹਨ> ਜਦੋਂ ਮਨ ਸਰੀਰ ਤੇ ਪ੍ਰਭਾਵ ਪਾਉਂਦਾ ਹੈ ਤਾਂ ਉਹ ਪ੍ਰਾਣਾਂ ਦੀ ਸ਼ਕਤੀ ਰਾਹੀਂ ਹੀ ਕਰਦਾ ਹੈ, ਜਦੋਂ ਸਰੀਰ ਮਨ ਤੇ ਪ੍ਰਭਾਵ ਪਾਉਂਦਾ ਹੈ ਇਹ ਵੀ ਪ੍ਰਾਣਾਂ ਦੀ ਸ਼ਕਤੀ ਰਾਹੀਂ ਹੀ ਹੁੰਦਾ ਹੈ, ਜਿਸਦਾ ਪ੍ਰਭਾਵ ਮਨ ਤੇ ਪੈਂਦਾ ਹੈ।

ਇਸ ਕਰਕੇ ਪ੍ਰਾਣ ਮਨ ਤੇ ਸਰੀਰ ਵਿਚ ਬਹੁਤ ਹੀ ਮਹੱਤਵਪੂਰਨ ਹਨ, ਇਹ ਸ਼ਕਤੀ ਹਨ ਇਹ vital ਹਨ, ਜੀਵਨ ਦਾ ਅਧਾਰ ਹਨ। ਜਦੋਂ ਮਨੁੱਖ ਇਸ ਸੰਸਾਰ ਵਿਚ ਨਹੀਂ ਰਹਿੰਦਾ, ਸ਼ਕਤੀ ਉਸ ਨੂੰ ਛੱਡ ਕੇ ਚਲੀ ਜਾਂਦੀ ਹੈ, ਸਰੀਰ ਉਥੇ ਪਿਆ ਰਹਿ ਜਾਂਦਾ ਹੈ, ਪ੍ਰਾਣ ਪੰਖੇਰੂ ਹੋ ਜਾਂਦੇ



Sri Satguru Jagjit Singh Ji eLibrary NamdhariElibrary@gmail.com

ਹਨ ਇਥੇ ਅਸੀਂ ਸ੍ਵਾਸਾਂ ਨੂੰ ਦੇਖਦੇ ਹਾਂ ਕਿਉਂਕਿ ਸ੍ਵਾਸ ਹੀ ਪ੍ਰਾਣਾਂ ਦਾ ਰਥ ਹੈ ਜਦੋਂ ਕੋਈ ਵੀ ਸੁਆਸ ਮਨੁੱਖ ਵਿਚ ਨਹੀਂ ਰਹਿੰਦਾ ਅਸੀਂ ਕਹਿੰਦੇ ਹਾਂ ਮਨੁੱਖ ਚੜ੍ਹਾਈ ਕਰ ਗਿਆ ਹੈ, ਸੁਆਸ ਨਿਕਲ ਗਏ ਹਨ ਤੇ ਸ਼ਕਤੀ ਉਸ ਨੂੰ ਛੱਡ ਗਈ ਹੈ। ਜਦੋਂ ਕਿਸੇ ਦੇ ਅੰਦਰ ਵਧੇਰੇ ਸ਼ਕਤੀ ਹੁੰਦੀ ਹੈ, ਉਹ ਵਧੇਰੇ ਸ਼ਕਤੀ ਮਹਿਸੂਸ ਕਰਦਾ ਹੈ, ਅਸੀਂ ਕਹਿੰਦੇ ਹਾਂ ਉਹ ਪ੍ਰੇਰਿਆ ਗਿਆ ਹੈ ਉਸ ਨੂੰ ਪ੍ਰੇਰਨਾ ਹੋ ਗਈ ਹੈ। ਅਸੀਂ ਭਾਸ਼ਾ ਰਾਹੀਂ ਅੰਦਰ ਦੀ ਭਾਵਨਾ ਦਾ, ਸੁਆਸਾਂ ਨਾਲ ਅੰਦਰ ਦੀ ਸ਼ਕਤੀ ਨਾਲ ਸਬੰਧ ਅਤੇ ਇਸ ਦੀ ਜੀਵਨ ਲਈ ਅਵਸ਼ਕਤਾ ਸਿਰਜਨਾਆਤਮਕਤਾ ਲਈ ਅਵਸ਼ਕਤਾ ਦਰਸਾਉਂਦੇ ਹਾਂ।

ਪ੍ਰਾਣਾਂ ਦੀ ਹੋਂਦ ਨੂੰ ਪੱਛਮ ਵਿਚ ਨਹੀਂ ਮੰਨਿਆ ਜਾਂਦਾ, ਮਨੁੱਖ ਤੇ ਖੋਜ ਕਰਦਿਆਂ ਇਸ ਨੂੰ ਧਿਆਨ ਵਿਚ ਨਹੀਂ ਰੱਖਿਆ ਜਾਂਦਾ। ਇਹ ਇਕ ਬਹੁਤ ਵਚਿੱਤਰ ਗੱਲ ਹੈ ਜਦੋਂ ਅਸੀਂ ਇਸ ਤੇ ਵਿਚਾਰ ਕਰਦੇ ਹਾਂ ਤਾਂ ਇਹ ਗੱਲ ਪ੍ਰਤੱਖ ਦਿਸਦੀ ਹੈ ਕਿ ਸ੍ਵਾਸਾਂ ਦਾ ਪ੍ਰਭਾਵ ਮਨ ਤੇ ਸਰੀਰ ਦੋਨਾਂ ਤੇ ਪੈਂਦਾ ਹੈ। ਸੁਆਸਾਂ ਦੀ ਗਿਣਤੀ ਤੇ ਵਹਾਓ ਸਰੀਰ ਦੀ ਹਾਲਤ ਵਿਚ ਪ੍ਰਗਟ ਹੋ ਕੇ ਦਿਸਣ ਲਗ ਪੈਂਦਾ ਹੈ, ਤੇ ਸਰੀਰ ਦੀ ਇਹ ਹਾਲਤ ਸੁਆਸਾਂ ਤੇ ਪ੍ਰਭਾਵ ਪਾਉਂਦੀ ਹੈ। ਜਦੋਂ ਇਹੋ ਜਿਹੀ ਹਾਲਤ ਹੁੰਦੀ ਹੈ ਉਸ ਤੋਂ ਇਹ ਪਤਾ ਲਗਦਾ ਹੈ ਕਿ ਸਾਡੀ ਸੰਵੇਗਕ ਹਾਲਤ ਕੀ ਹੈ? ਮਾਨਸਿਕ ਦਸ਼ਾ ਕੀ ਹੈ, ਉਸਦਾ ਕੀ ਪ੍ਰਭਾਵ ਹੈ ਤੇ ਇਹ ਕਿਵੇਂ ਇਹ ਦਸ਼ਾ ਬਣਾਉਣ ਵਿਚ ਸਹਾਇਕ ਹੁੰਦੀ ਹੈ। ਜੋ ਕੁਛ ਵੀ ਮਨੁੱਖ ਦੇ ਅੰਦਰ ਹੋ ਰਿਹਾ ਹੁੰਦਾ ਹੈ, ਉਹ ਉਸ ਦੇ ਸੁਆਸਾਂ ਤੋਂ ਪਤਾ ਲਗ ਸਕਦਾ ਹੈ, ਦੇਖਿਆ ਤੇ ਜਾਂਚਿਆ ਜਾ ਸਕਦਾ ਹੈ, ਬਿਲਕੁਲ ਇਸ ਤਰ੍ਹਾਂ ਹੀ ਹੁੰਦਾ ਹੈ। ਭਾਵੇਂ ਸਾਨੂੰ ਇਹ ਪਤਾ ਹੈ, ਅਸੀਂ ਜਾਣਦੇ ਹਾਂ ਪਰ ਫੇਰ ਵੀ ਅਸੀਂ ਇਸ ਨੂੰ ਇਕ ਪਾਸੇ ਕਰਦੇ ਰਹਿੰਦੇ ਹਾਂ। ਅਸੀਂ ਦੇਖਦੇ ਹਾਂ ਕਿ ਲਗਾਤਾਰ ਇਕ ਗੱਲ ਹੋ ਰਹੀ ਹੈ, ਸਭ ਇਹ ਚੰਗੀ ਤਰ੍ਹਾਂ ਜਾਣਦੇ ਹਨ, ਦੇਖਦੇ ਹਨ ਕਿ ਸਾਡੇ ਸਰੀਰ ਤੇ ਮਾਨਸਿਕ ਹਾਲਤ ਦੀ ਜੜ੍ਹ ਸੁਆਸ ਹਨ ਇਹ ਹੀ ਰਹੱਸ ਹਨ ਪਰ ਇਸ ਨੂੰ ਕੋਈ ਸਮਝਣ ਲਈ ਤਿਆਰ ਨਹੀਂ। ਸਭ ਤੋਂ ਵੱਡੀ ਗੱਲ ਦੱਸੀ ਜਾ ਰਹੀ ਹੈ, ਸਭ ਤੋਂ ਮੁੱਖ ਰਹੱਸ ਦਸਿਆ ਜਾ ਰਿਹਾ ਹੈ ਪਰ ਕੋਈ ਲੈਣ ਲਈ ਜਾਨਣ ਲਈ ਤਿਆਰ ਹੀ ਨਹੀਂ।

ਅਸੀਂ ਮਨ ਦੀ ਖੋਜ ਕਰਦੇ ਹਾਂ ਕਿਉਂਕਿ ਪੱਛਮ ਵਿਚ ਮਾਨਸਿਕ ਸੰਸਾਰ ਨਾਲ ਅਸੀਂ ਰੁਝੇ ਹੋਏ ਹਾਂ। ਅਸੀਂ ਸਦਾ ਆਪਣੀਆਂ ਸੋਚਾਂ ਨਾਲ ਹੀ ਰੁਝੇ ਰਹਿੰਦੇ ਹਾਂ ਅਤੇ ਅਸੀਂ ਆਪਣੀਆਂ ਸੋਚਾਂ ਨੂੰ ਆਪਣੇ ਹੀ ਅੰਦਰ ਰਿੜਕਦੇ ਰਹਿੰਦੇ ਹਾਂ, ਅਸੀਂ ਆਪਣੀਆਂ ਸੋਚਾਂ ਨੂੰ ਪਦਾਰਥਾਂ ਦੀ ਤਰ੍ਹਾਂ ਹੀ ਸਮਝਦੇ ਹਾਂ, ਇਕ ਖਜ਼ਾਨੇ ਦੀ ਤਰ੍ਹਾਂ ਸਮਝਦੇ ਹਾਂ, ਅਸੀਂ ਉਨ੍ਹਾਂ ਨਾਲ ਮੋਹ ਪਾਉਂਦੇ ਹਾਂ। ਇਸ ਤੋਂ ਇਹ ਪਤਾ ਲਗਦਾ ਹੈ ਕਿ ਅਸੀਂ ਪਦਾਰਥਕ ਸੰਸਾਰ ਵਿਚ ਕਿੰਨੇ ਲੱਥਪੱਥ ਹਾਂ।

ਦੂਸਰੇ ਪਾਸੇ ਅਸੀਂ ਪ੍ਰਾਣਾਂ ਦੀ ਸ਼ਕਤੀ ਨੂੰ ਬਿਲਕੁਲ ਹੀ ਨਹੀਂ ਦੇਖਦੇ। ਇਸ ਦੀ ਬਿਲਕੁਲ ਹੀ ਪ੍ਰਵਾਹ ਨਹੀਂ ਕਰਦੇ। ਜੇ ਅਸੀਂ ਇਸ ਸ਼ਕਤੀ ਨੂੰ ਜਾਣ ਕੇ, ਸਮਝ ਕੇ ਖੋਜ ਕਰੀਏ ਤਾਂ ਸਾਨੂੰ ਪਤਾ ਲਗੇਗਾ, ਇਹ ਐਨਾ ਹੀ ਔਖਾ ਹੈ, ਜਿੰਨਾਂ ਕਿ ਸਰੀਰ, ਐਨਾ ਹੀ ਔਖਾ ਹੈ ਜਿੰਨਾਂ ਮਨ। ਦੇਖਿਆ ਜਾਵੇ ਤਾਂ ਇਹ ਬਹੁਤ ਹੀ ਗੂੜ੍ਹਾ ਗਿਆਨ ਹੈ। ਅਸੀਂ ਕੇਵਲ ਸ਼ਕਤੀ ਦੀ ਗੱਲ ਨਹੀਂ ਕਰ ਰਹੇ ਇਹ ਨਹੀਂ ਕਹਿ ਰਹੇ, ਸ਼ਕਤੀ ਹੈ ਜਾਂ ਨਹੀਂ, ਸ਼ਕਤੀ ਦੇ ਵੱਖ-ਵੱਖ ਗੁਣ ਹਨ, ਵੱਖ-ਵੱਖ ਪ੍ਰਤੀਰੂਪ ਹਨ ਜਿਨ੍ਹਾਂ ਵਿਚੋਂ ਸ਼ਕਤੀ ਦਾ ਬਹਾਅ ਹੁੰਦਾ ਹੈ। ਗੁਣਾਂ ਕਰਕੇ ਇਹ ਵੱਖ ਹੋ ਸਕਦੀ ਹੈ, ਮਾਤਰਾ ਕਰਕੇ ਵੱਖ-ਵੱਖ ਹੋ ਸਕਦੀ ਹੈ।

ਉਪਨਿਸ਼ਦਾਂ ਵਿਚ ਪ੍ਰਾਣਾਂ ਦੇ ਪੱਧਰ ਨੂੰ ਸਰੀਰ ਕਿਹਾ ਗਿਆ ਹੈ, ਸਰੀਰ ਦੇ ਅੰਦਰ ਨੂੰ vital body ਜਾਂ Vital Sheatn ਕਿਹਾ ਗਿਆ ਹੈ। ਇਸ ਵਿਚੋਂ ਹੀ ਵਾਈਟਲ ਸ਼ਕਤੀ ਪ੍ਰਾਣਾਂ ਦਾ ਬਹਾਅ ਹੁੰਦਾ ਹੈ। ਉਪਨਿਸ਼ਦਾਂ ਵਿਚ ਇਹ ਵੀ ਦਸਿਆ ਹੈ ਕਿਉਂਕਿ ਪ੍ਰਾਣ ਸਰੀਰ ਦੇ ਅੰਦਰ ਹਨ ਇਸ ਕਰਕੇ ਹੀ ਪ੍ਰਾਣ ਮਨੁੱਖ ਦੀ ਸ਼ਕਲ ਧਾਰ ਲੈਂਦੇ ਹਨ। ਦੂਸਰੇ ਸ਼ਬਦਾਂ ਵਿਚ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਜੇ ਅਸੀਂ ਇਕ ਦੂਸਰੇ ਨੂੰ ਦੇਖ ਸਕੀਏ, ਭਾਵ ਸਰੀਰ ਦੇ ਅੰਦਰ ਦੇਖ ਸਕੀਏ ਅਸੀਂ ਸ਼ਾਇਦ ਉਹ ਦੇਖ ਸਕਾਂਗੇ ਜੋ ਸ਼ਕਤੀ ਸਰੀਰ ਦੇ ਅੰਦਰ ਹੈ।

ਕਿਸੇ ਵੀ ਸਮੇਂ ਸਰੀਰ ਵਿਚ ਕੇਵਲ ਪਦਾਰਥ ਹੀ ਨਹੀਂ ਹਨ, ਸਾਡੀਆਂ ਨਾੜੀਆਂ ਵਿਚ ਲਹੂ ਹੀ ਨਹੀਂ ਬਹਿ ਰਿਹਾ, ਅਸੀਂ ਕੇਵਲ ਸੁਆਸ ਹੀ ਨਹੀਂ ਲੈ ਰਹੇ, ਸਾਡੇ ਪੱਠੇ ਹੀ ਕੇਵਲ ਫੈਲ ਅਤੇ ਸੁੱਕੜ ਨਹੀਂ ਰਹੇ ਪਰ ਕੁਝ ਹੋਰ ਵੀ ਹੋ ਰਿਹਾ ਹੈ। ਸ਼ਕਤੀ ਵਿਚ ਬਦਲਾਵ ਆ ਰਹੇ ਹਨ। ਇਕ ਥਾਂ ਤੇ ਸ਼ਕਤੀ ਪੈਦਾ ਹੋ ਰਹੀ ਹੈ, ਦੂਸਰੀ ਥਾਂ ਤੇ ਜਮ੍ਹਾਂ ਹੋ ਰਹੀ ਹੈ, ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਸ਼ਕਤੀ ਜਾ ਰਹੀ ਹੈ ਜਿਸ ਨਾਲ ਸਾਰੇ ਸਰੀਰ ਵਿਚ ਸ਼ਕਤੀ ਦਾ ਬਹਾਅ ਚਲ ਰਿਹਾ ਹੈ, ਅਸੀਂ ਸ਼ਕਤੀ ਦਾ ਪਰਵਾਹ ਦੇਖ ਸਕਦੇ ਹਾਂ, ਕਿਸੇ ਸਮੇਂ ਵੀ ਦੇਖ ਸਕਦੇ ਹਾਂ, ਅਸੀਂ ਮਹਿਸੂਸ ਕਰ ਸਕਦੇ ਹਾਂ।

ਸ਼ਕਤੀ ਦੇ ਇਸ ਪ੍ਰਵਾਹ ਨੂੰ ਦੇਖ ਸਕਣਾ, ਜਾਣ ਸਕਣਾ ਬਹੁਤ ਔਖਾ ਹੈ, ਬਹੁਤ ਨਾਜ਼ੁਕ ਹੈ। ਇਹੋ ਹੀ ਕਾਰਣ ਹੈ ਕਈ ਲੋਕਾਂ ਨੇ ਸਾਰਾ ਜੀਵਨ ਹੀ ਇਸ ਨੂੰ ਜਾਨਣ ਲਈ ਲਗਾ ਦਿਤਾ ਹੈ, ਪੁਰਾਤਨ ਸਾਹਿਤ ਵਿਚ ਯੋਗਾ ਦੀ ਪ੍ਰਣਾਲੀ ਵਿਚ ਕਈ ਗ੍ਰੰਥ ਕੇਵਲ ਪੰਜ ਪ੍ਰਾਣਾਂ ਤੇ ਹੀ ਲਿਖੇ ਗਏ ਹਨ ਹਰੇਕ ਦੀ ਵੱਖ-ਵੱਖ ਭੂਮਿਕਾ ਹੈ, ਵੱਖ-ਵੱਖ ਤਰੀਕਾ ਹੈ। ਇਸਦੇ ਅਨੁਸਾਰ ਪ੍ਰਾਣਾਂ ਦੇ ਕੋਸ਼ ਦਾ ਬਹੁਤ ਹੀ ਡੂੰਘਾ ਸਰੀਰ ਬਣਤਰ ਵਿਗਿਆਨ ਹੈ, ਇਸ ਦੇ ਅਨੇਕ ਰਸਤੇ ਹਨ ਜਿਨ੍ਹਾਂ ਨੂੰ ਨਾੜੀਆਂ ਕਹਿੰਦੇ ਹਨ ਜਿਨ੍ਹਾਂ ਰਾਹੀਂ ਸੁਆਸ ਜਾਂਦਾ ਹੈ।

ਅਗਲਾ ਪ੍ਰਸ਼ਨ ਉਠਦਾ ਹੈ ਪ੍ਰਾਣ ਕੋਸ਼ ਤੇ ਕਿਸ ਦਾ ਕੰਟਰੋਲ ਹੈ, ਇਸਦਾ ਸੰਚਾਲਕ ਕੌਣ ਹੈ? ਇਸ ਤੋਂ ਭਾਵ ਹੈ ਕਿ ਅਸੀਂ ਇਹ ਸੋਚ ਸਕੀਏ ਕਿ ਕੀ ਅਸੀਂ ਇਸ ਨੂੰ ਚੇਤਨ ਤੌਰ ਤੇ ਬਦਲ ਸਕਦੇ ਹਾਂ? ਕੀ ਅਸੀਂ ਕੋਈ ਇਹੋ ਜਿਹੀ ਯੋਗਤਾ ਰਖਦੇ ਹਾਂ ਕਿ ਅਸੀਂ ਇਸ ਨੂੰ ਬਦਲ ਸਕੀਏ। ਸ਼ਕਤੀ ਦੇ ਪ੍ਰਵਾਹ ਤੇ ਪ੍ਰਭਾਵ ਪਾਉਣ ਵਾਲੇ ਬਹੁਤ ਸਾਰੇ ਅਸਥਾਈ ਤੱਤ ਹਨ, ਉਦਾਹਰਨ ਲਈ ਜੇ ਤੁਸੀਂ ਬਾਂਹ ਇਕੱਠੀ ਕਰਦੇ ਹੋ, ਮੋੜਦੇ ਹੋ ਉਸਦਾ ਪ੍ਰਭਾਵ ਪੈਂਦਾ ਹੈ ਇਸ ਤਰ੍ਹਾਂ ਕਰਨ ਨਾਲ ਸ਼ਕਤੀ ਦੀ ਵਰਤੋਂ ਹੁੰਦੀ ਹੈ ਅਤੇ ਸ਼ਕਤੀ ਉਸ ਭਾਗ ਵਿਚ ਆਉਂਦੀ ਹੈ। ਦੇਖਿਆ ਜਾਵੇ ਸਾਰੇ ਸਰੀਰ ਵਿਚ ਬਦਲਾਵ ਆਉਂਦਾ ਹੈ। ਇਕੋ ਇਕ ਕ੍ਰਿਆ ਜਿਸ ਦਾ ਸਭ ਤੋਂ ਵੱਧ ਪ੍ਰਭਾਵ ਸ਼ਕਤੀ ਤੇ ਪੈਂਦਾ ਹੈ, ਉਹ ਹੈ ਸੁਆਸ-ਗਤੀ। ਸੁਆਸ ਲੈਣ ਨਾਲ ਆਕਸੀਜਨ



Sri Satguru Jagjit Singh Ji eLibrary NamdhariElibrary@gmail.com

ਅਸੀਂ ਅੰਦਰ ਲੈਂਦੇ ਹਾਂ ਜਿਸ ਨਾਲ ਸ਼ਕਤੀ ਪੈਦਾ ਹੁੰਦੀ ਹੈ। ਸੁਆਸਾਂ ਦੀ ਗਤੀ, ਵਹਾਓ ਡੂੰਘਾਈ ਇਸ ਸਭ ਦਾ ਪ੍ਰਭਾਵ ਸਰੀਰ ਦੀ ਸ਼ਕਤੀ ਤੇ ਪੈਂਦਾ ਹੈ। ਇਸ ਨਾਲ ਹੀ ਇਹ ਪਤਾ ਲਗਦਾ ਹੈ ਕਿ ਸਰੀਰ ਵਿਚ ਸ਼ਕਤੀ ਥੋੜ੍ਹੀ ਦੇਰ ਲਈ ਆਏਗੀ ਬਹੁਤ ਦੇਰ ਤਕ ਰਹੇਗੀ। ਜੇ ਅਸੀਂ ਇਸ ਨੂੰ ਧਿਆਨ ਨਾਲ ਜਾਂਚੀਏ ਤਾਂ ਅਸੀਂ ਸੁਆਸਾਂ ਦਾ ਬਹਾਅ ਤੇ ਨਾਲ ਹੀ ਸ਼ਕਤੀ ਦਾ ਬਹਾਅ ਦੇਖ ਸਕਦੇ ਹਾਂ, ਅੰਦਰ ਜਾਂਦੀ ਸ਼ਕਤੀ ਬਾਹਰ ਆਉਂਦੀ ਸ਼ਕਤੀ ਦੇਖ ਸਕਦੇ ਹਾਂ।

ਸੁਆਸਾਂ ਦਾ ਬਹਾਅ ਹਰ ਸਮੇਂ ਸ਼ਕਤੀ ਨੂੰ ਇਕ ਆਕਾਰ ਦੇ ਕੇ ਸਰੀਰ ਨੂੰ ਚਲਾ ਰਹੀ ਹੈ, ਜੇ ਅਸੀਂ ਏਸ ਨੂੰ ਸਮਝ ਸਕੀਏ, ਜੇ ਇਸ ਦੇ ਗੰਭੀਰ ਤਰੀਕਿਆਂ ਨੂੰ ਜਾਣ ਸਕੀਏ, ਉਹ ਤਰੀਕੇ ਜਿਨ੍ਹਾਂ ਨਾਲ ਸੁਆਸਾਂ ਨੂੰ ਸਥਿਰ ਰੱਖਿਆ ਜਾ ਸਕਦਾ ਹੈ, ਪਾਚਣ ਸ਼ਕਤੀ ਨੂੰ ਸਹਾਰਾ ਦਿਤਾ ਜਾ ਸਕਦਾ ਹੈ, ਬਾਕੀ ਦੇ ਸਰੀਰ ਦੇ ਅੰਗਾਂ ਨੂੰ ਚਲਾਇਆ ਜਾ ਸਕਦਾ ਹੈ। ਏਸ ਤਰ੍ਹਾਂ ਸਾਨੂੰ ਸਹਾਇਤਾ ਮਿਲੇਗੀ ਕਿ ਅਸੀਂ ਭੌਤਿਕ ਸਰੀਰ ਦੇ ਵੱਖ-ਵੱਖ ਪੱਖ ਇਸ ਦੇ ਸੈਲ ਛੋਟੇ ਤੋਂ ਛੋਟੀ ਨਾੜੀ ਟੀਸੂ (Tissue) ਵੀ ਸੁਆਸਾਂ ਤੇ ਹੀ ਨਿਰਭਰ ਹੈ। ਸੁਆਸਾਂ ਦੀ ਸ਼ਕਤੀ ਨਾਲ ਹੀ, ਸੁਆਸਾਂ ਦੇ ਬਹਾਅ ਨਾਲ ਹੀ ਸਰੀਰ ਦੇ ਅੰਦਰ ਸ਼ਕਤੀ ਦਾ ਬਹਾਅ ਹੈ ਜੋ ਪ੍ਰਾਣਾਂ ਦੀ ਸ਼ਕਤੀ ਹੈ।

ਜੇ ਅਸੀਂ ਸਰੀਰਕ ਵਿਗਿਆਨ ਪੱਖੋਂ ਦੇਖੀਏ ਤਾਂ ਇਹ ਭੌਤਿਕ ਸਰੀਰ ਦੂਸਰੇ ਪੱਧਰ ਤੇ ਹੈ। ਇਸ ਦੀ ਹੋਂਦ ਕਿਸੇ ਹੋਰ ਮੂਲ ਅਧਾਰ ਉਤੇ ਸਥਿਤ ਹੈ। ਸ਼ਕਤੀ ਦਾ ਬਹਾਅ ਹੀ ਸਰੀਰ ਦੇ ਟੀਸ਼ੂ (Tissue) ਬਣਾਉਂਦੀ ਹੈ ਤੇ ਉਨ੍ਹਾਂ ਦੀ ਸੰਭਾਲ ਕਰਦੀ ਹੈ। ਜੇ ਸ਼ਕਤੀ ਦਾ ਵਿਹਾਰ ਬਦਲ ਜਾਏ ਸਰੀਰ ਵਿਚ ਬਦਲਾਅ ਆ ਜਾਵੇਗਾ। ਜੇ ਸ਼ਕਤੀ ਦਾ ਬਹਾਅ ਪੂਰੀ ਤਰ੍ਹਾਂ ਬਦਲ ਜਾਏ ਸਰੀਰ ਵਿਚ ਇਹੋ ਜਿਹੇ ਬਦਲਾਅ ਆ ਜਾਣਗੇ ਜਿਹੜੇ ਉਸ ਨੂੰ ਪੂਰੀ ਤਰ੍ਹਾਂ ਬਦਲ ਦੇਣਗੇ ਜਾਂ ਤਾਂ ਬਹੁਤ ਚੰਗੀ ਹਾਲਤ ਹੋ ਜਾਵੇਗੀ ਜਾਂ ਮਾੜੀ।

ਵਾਸਤਵ ਵਿਚ ਇਸ ਤਰ੍ਹਾਂ ਹੁੰਦਾ ਹੈ, ਜੋ ਉਪਰ ਦਸਿਆ ਗਿਆ ਹੈ ਭਾਵੇਂ ਐਨੀ ਛੇਤੀ ਨਾ ਹੁੰਦਾ ਹੋਵੇ ਪਰ ਹੁੰਦਾ ਹੈ। ਮਨੁੱਖਾਂ ਵਿਚ ਬਦਲਾਅ ਆਉਂਦਾ ਹੈ ਭਾਵੇਂ ਥੋੜ੍ਹਾ ਕਿਉਂ ਨਾ ਹੋਵੇ। ਥੋੜ੍ਹਾ-ਥੋੜ੍ਹਾ ਕਰਕੇ ਹੌਲੀ ਹੌਲੀ ਬਦਲਾਵ ਆਉਂਦਾ ਹੈ ਕਿਉਂਕਿ ਉਨ੍ਹਾਂ ਦੇ ਸ਼ਕਤੀ ਦੇ ਬਹਾਅ ਦਾ ਇਕ ਤਰੀਕਾ ਬਣ ਚੁੱਕਾ ਹੈ, ਉਹ ਆਪਣੇ ਆਪ ਵਿਚ ਇਕ ਪੂਰਣ ਹੈ ਆਪਣੇ ਆਪ ਨੂੰ ਆਪ ਸਹਾਰਾ ਦੇ ਸਕਦਾ ਹੈ। ਸੁਆਸ ਲੈਣ ਦੀ ਆਦਤ, ਹਵਾ ਦਾ ਪ੍ਰਵਾਹ ਜੀਵਨ ਵਿਚ ਬੜੇ ਡੂੰਘੇ ਹੁੰਦੇ ਹਨ, ਇਨ੍ਹਾਂ ਦੀ ਆਪਣੀ ਗਤੀ ਹੁੰਦੀ ਹੈ।

ਭਾਵੇਂ ਕੁਝ ਵੀ ਕਿਉਂ ਨਾ ਹੋਵੇ ਜਦੋਂ ਤੁਸੀਂ ਬੈਠ ਕੇ ਚੇਤਨ ਹੋ ਕੇ ਸੁਆਸਾਂ ਤੇ ਕਾਬੂ ਪਾਉਣਾ ਚਾਹੁੰਦੇ ਹੋ ਉਨ੍ਹਾਂ ਨੂੰ ਆਪਣੇ ਮੁਤਾਬਿਕ ਚਲਾਉਣਾ ਚਾਹੁੰਦੇ ਹੋ ਹੌਲੀ-ਹੌਲੀ ਤੁਸੀਂ ਉਨ੍ਹਾਂ ਵਿਚ ਬਦਲਾਅ ਦੇਖੋਗੇ। ਇਸੇ ਤਰ੍ਹਾਂ ਤੁਸੀਂ ਸ਼ਕਤੀ ਦੇ ਪ੍ਰਵਾਹ ਨਾਲ ਦੇਖੋਗੇ ਕੋਈ ਦੁਰਘਟਨਾ ਹੋ ਜਾਵੇ, ਕੋਈ ਖੁਸ਼ੀ ਦੀ ਗੱਲ ਹੋ ਜਾਵੇ, ਉਸ ਨਾਲ ਸਾਰਾ ਹੀ ਅਨੁਭਵ ਬਦਲ ਜਾਂਦਾ ਹੈ ਤੁਹਾਡੇ ਉਠਣ ਬੈਠਣ ਦਾ ਤਰੀਕਾ ਬਦਲ ਜਾਂਦਾ ਹੈ, ਅੰਦਰ ਦੇ ਅੰਗਾਂ ਵਿਚ ਬਦਲਾਅ ਆ ਜਾਂਦਾ ਹੈ, ਉਨ੍ਹਾਂ ਦੀ ਗਤੀ ਬਦਲ ਜਾਂਦੀ ਹੈ। ਕਈ ਵਾਰੀ ਸਰੀਰ ਦਾ ਵਜ਼ਨ ਘਟਣ ਲਗ ਪੈਂਦਾ ਹੈ, ਚਿਹਰੇ ਦਾ ਰੰਗ ਬਦਲ ਜਾਂਦਾ ਹੈ, ਸਰੀਰ ਦਾ ਆਕਾਰ ਬਦਲ ਜਾਂਦਾ ਹੈ।

ਜੋ ਸ਼ਕਤੀ ਦਾ ਪ੍ਰਵਾਹ ਆਪਣਾ ਬਹਾਅ ਬਦਲ ਲੈਂਦਾ ਹੈ ਕਿਤੇ ਘਟ ਕਿਤੇ ਵਧ ਕਰ ਲੈਂਦਾ ਹੈ। ਇਸ ਤਰ੍ਹਾਂ ਕਰਨ ਨਾਲ ਜਿਥੇ ਸਰੀਰ ਨੂੰ ਘੱਟ ਸ਼ਕਤੀ ਮਿਲ ਰਹੀ ਹੈ, ਘੱਟ ਪ੍ਰਾਣ ਜਾ ਰਹੇ ਹਨ ਉਹ ਹੌਲੀ ਹੌਲੀ ਕਮਜ਼ੋਰ ਪੈ ਜਾਂਦਾ ਹੈ ਤੇ ਰੋਗੀ ਹੋ ਜਾਂਦਾ ਹੈ ਤੇ ਖਤਮ ਹੋ ਜਾਂਦਾ ਹੈ। ਉਹ ਕੈਂਸਰ ਗ੍ਰਸਤ ਹੋ ਜਾਂਦਾ ਹੈ ਤੇ ਖਤਮ ਹੋ ਜਾਂਦਾ ਹੈ। ਕੋਈ ਨਾ ਕੋਈ ਰੋਗ ਉਸ ਨੂੰ ਲਗ ਹੀ ਜਾਏਗਾ ਕਿਉਂਕਿ ਪ੍ਰਾਣ ਸ਼ਕਤੀ ਨਾ ਮਿਲਣ ਕਰਕੇ ਉਸ ਦੇ ਟਿਸ਼ੂ ਮਰ ਗਏ ਹਨ। ਬਹੁਤ ਵਾਰੀ ਮਿਸਾਲ ਵਜੋਂ ਜੇ ਲੱਤ ਕੱਟ ਦਿਤੀ ਜਾਵੇ ਇਹ ਮਹਿਸੂਸ ਹੁੰਦਾ ਰਹਿੰਦਾ ਹੈ ਜਿਵੇਂ ਲੱਤ ਵਿਚ ਦਰਦ ਵੀ ਹੋ ਰਹੀ ਹੈ ਉਸ ਦਾ ਕਾਰਣ ਹੈ ਕਿ ਪ੍ਰਾਣ ਸ਼ਕਤੀ ਦਾ ਪ੍ਰਵਾਹ ਉਥੋਂ ਖਤਮ ਨਹੀਂ ਹੋਇਆ, ਉਸ ਨੂੰ ਕੁਝ ਸਮਾਂ ਚਾਹੀਦਾ ਹੈ ਤਾਂ ਜੋ ਉਹ ਓਥੋਂ ਆਪਣਾ ਪ੍ਰਵਾਹ ਖਤਮ ਕਰ ਸਕੇ। ਕਈ ਵਾਰੀ ਦੇਖਿਆ ਗਿਆ ਹੈ ਕਿ ਜਾਨਵਰਾਂ ਵਿਚ ਕੱਟਿਆ ਹੋਇਆ ਅੰਗ ਦੁਬਾਰਾ ਪੈਦਾ ਹੋ ਜਾਂਦਾ ਹੈ ਕਾਰਣ ਕੇਵਲ ਇਹ ਹੀ ਹੈ ਕਿ ਪ੍ਰਾਣ ਸ਼ਕਤੀ ਦਾ ਪ੍ਰਵਾਹ ਉਥੇ ਜਾਰੀ ਰਹਿੰਦਾ ਹੈ ਜਿਸ ਨਾਲ ਉਹ ਅੰਗ ਦੁਬਾਰਾ ਆ ਜਾਂਦਾ ਹੈ। ਇਹ ਦਿਸਦਾ ਸਰੀਰ ਕੇਵਲ ਇਕ ਬਲੌਰ ਦੀ ਤਰ੍ਹਾਂ ਹੈ ਜਿਹੜਾ ਪ੍ਰਾਣ ਸ਼ਕਤੀ ਦੇ ਆਲੇ ਦੁਆਲੇ ਬਣਿਆ ਹੋਇਆ ਹੈ।

ਮਿਸਾਲ ਵਜੋਂ ਜੇ ਪੱਤੇ ਨੂੰ ਕੱਟ ਦਿਓ, ਫਾੜ ਦਿਓ ਉਸ ਵਿਚ ਪ੍ਰਾਣ ਸ਼ਕਤੀ ਰਹਿੰਦੀ ਹੈ, ਭਾਵੇਂ ਉਸ ਦਾ ਸਰੀਰ ਖਤਮ ਹੋ ਗਿਆ ਹੈ। ਇਹ Kirlian ਫੋਟੋ ਤਕਨੀਕ ਨਾਲ ਦਸਿਆ ਗਿਆ ਹੈ ਜੇ ਇਸ ਅਵਸਥਾ ਨੂੰ ਦੇਰ ਤਕ ਸਥਿਰ ਰੱਖਿਆ ਜਾਵੇ ਤਾਂ ਪੱਤਾ ਦੁਬਾਰਾ ਪੁੰਗਰ ਸਕਦਾ ਹੈ। ਕਈ ਪੌਦੇ ਇਸ ਤਰ੍ਹਾਂ ਦੁਬਾਰਾ ਪੁੰਗਰ ਸਕਦੇ ਹਨ। ਜੇ ਵਾਈਟਲ ਫੋਰਸ ਸਰੀਰ ਵਿਚ ਨਾ ਹੋਵੇ ਜਿਸ ਦੇ ਆਲੇ ਦੁਆਲੇ ਸਰੀਰ ਦਾ ਢਾਂਚਾ ਹੈ ਤਾਂ ਇਸ ਤਰ੍ਹਾਂ ਦੁਬਾਰਾ ਸੇਲ ਨਹੀਂ ਵੱਧ ਸਕਦੇ ਤੇ ਮੁੜ ਕੇ ਅੰਗਾਂ ਦਾ ਵਿਕਾਸ ਨਹੀਂ ਹੋ ਸਕਦਾ।

ਇਹੋ ਹੀ ਸ਼ਰਤ ਪਸ਼ੂਆਂ ਤੇ ਲਾਗੂ ਹੈ ਜਿਥੇ ਅਸੀਂ ਦੇਖਦੇ ਹਾਂ ਇਕ ਇਕੱਲੇ ਕੋਸ਼ (cell) ਨਾਲ ਪੂਰਾ ਸਰੀਰ ਸਿਰਜਿਆ ਜਾਂਦਾ ਹੈ। ਅਸੀਂ ਇਸ ਨੂੰ ਬਹੁਤ ਹੀ ਸਾਧਾਰਣ ਕਰਕੇ ਦਸਿਆ ਹੈ। ਅਸੀਂ ਕਹਿੰਦੇ ਹਾਂ ਕਿ ਕੋਸ਼ ਦੇ ਹਿੱਸੇ ਹੋ ਜਾਂਦੇ ਹਨ ਫੇਰ ਉਸ ਦੇ ਅੱਗੋਂ ਹਿੱਸੇ ਹੋ ਜਾਂਦੇ ਹਨ ਫੇਰ ਇਕ ਸਮਾਂ ਇਹੋ ਜਿਹਾ ਆਉਂਦਾ ਹੈ ਕਿ ਉਨ੍ਹਾਂ ਦਾ ਸਮੂੰਹ ਬਹੁਤ ਵੱਡਾ ਹੋ ਜਾਂਦਾ ਹੈ ਤੇ ਉਹ ਵੱਖ-ਵੱਖ ਹੋਣ ਲਗ ਪੈਂਦਾ ਹੈ। ਪਰ ਇਹ ਭਿੰਨਤਾ ਆਉਂਦੀ ਕਿਥੋਂ ਹੈ, ਕੁਝ ਕੋਸ਼ ਬਦਲ ਕੇ ਚਮੜੀ ਕਿਵੇਂ ਬਣ ਜਾਂਦੀ ਹੈ, ਕੁਝ ਮਾਸ ਪੇਸ਼ੀਆਂ ਬਣ ਜਾਂਦੇ ਹਨ, ਕੁਝ ਹੱਡੀਆਂ ਬਣ ਜਾਂਦੇ ਹਨ। ਪ੍ਰਸ਼ਨ ਉਠਦਾ ਹੈ ਉਹ ਕਿਵੇਂ ਵੱਖ-ਵੱਖ ਰੂਪ ਧਾਰਨ ਕਰ ਲੈਂਦੇ ਹਨ, ਉਨ੍ਹਾਂ ਨੂੰ ਇਹ ਕਿਸ ਤਰ੍ਹਾਂ ਪਤਾ ਲਗਦਾ ਹੈ ਕਿ ਕਿਸ ਕੋਸ਼ ਨੇ ਚਮੜੀ ਬਣਨਾ ਹੈ, ਕਿਸ ਨੇ ਮਾਸ ਪੇਸ਼ੀ ਤੇ ਕਿਸ ਨੇ ਹੱਡੀ ਬਣਨਾ ਹੈ, ਹੋ ਸਕਦਾ ਹੈ ਇਹ ਜਨਮ ਤੋਂ ਪਹਿਲਾਂ ਹੀ ਫੈਸਲਾ ਹੋ ਜਾਂਦਾ ਹੋਵੇ, ਹਰੇਕ ਕੋਸ਼ ਵਿਚ ਜਨਮ ਸਮੇਂ ਓਸ ਤੋਂ ਵੀ ਪਹਿਲਾਂ ਗੁਣ ਪੈਂਦੇ ਹਨ


Sri Satguru Jagjit Singh Ji eLibrary NamdhariElibrary@gmail.com

ਤਕਰੀਬਨ ਹਰੇਕ ਵਿਚ ਹੀ ਇਕੋ ਜਿਹੇ ਗੁਣ ਪੈਂਦੇ ਹਨ ਪਰ ਫੇਰ ਵੀ ਕੁਝ ਅੰਤਰ ਹੈ ਉਹ ਅੰਤਰ ਹੀ ਇਨ੍ਹਾਂ ਕੋਸ਼ਾਂ ਨੂੰ ਵੱਖ-ਵੱਖ ਥਾਂ ਤੇ ਭੇਜਦਾ ਹੈ। ਇਕ ਖਾਸ ਸ਼ਕਤੀ ਦੇ ਆਸ ਪਾਸ ਇਹ ਆਪਣੇ ਆਪ ਨੂੰ ਇਕੱਠਾ ਕਰ ਲੈਂਦੇ ਹਨ ਤੇ ਫੇਰ ਉਹ ਰੂਪ ਧਾਰਨ ਕਰ ਲੈਂਦੇ ਹਨ।

ਪ੍ਰਾਣਾਂ ਦਾ ਕੰਟਰੋਲ ਸ਼ਕਤੀ ਦਾ ਕੰਟਰੋਲ ਭੌਤਿਕ ਪੱਧਰ ਤੇ ਦ੍ਰਿਸ਼ਟਮਾਨ ਤੇ ਹੈ। ਸਮਝ ਵਾਲੀ ਗੱਲ ਹੈ ਕਿ ਪ੍ਰਾਣਾਂ ਦਾ ਕੰਟਰੋਲ ਸ਼ਕਤੀ ਦਾ ਕੰਟਰੋਲ ਕਿਸ ਕੋਲ ਹੈ? ਕਿਸ ਪੱਧਰ ਤੇ ਹੈ? ਪੁਰਾਤਨ ਗ੍ਰੰਥਾਂ ਅਨੁਸਾਰ, ਉਪਨਿਸ਼ਦਾਂ ਅਨੁਸਾਰ ਪ੍ਰਾਨਮਈ ਕੋਸ਼ ਨੂੰ ਮਨੋਮਈ ਕੋਸ਼ ਕੰਟਰੋਲ ਕਰਦਾ ਹੈ। ਇਹ ਮਨੋਮਈ ਕੋਸ਼ ਸ਼ਕਤੀ ਬਹੁਤ ਸੂਖਮ ਹੈ, ਇਸ ਨੂੰ ਨਾਪਣਾ ਬਹੁਤ ਔਖਾ ਹੈ, ਇਸਦਾ ਪਤਾ ਲਗਾਉਣ ਵੀ ਔਖਾ ਹੈ ਇਸ ਨੂੰ ਦੇਖ ਸਕਣਾ ਵੀ ਔਖਾ ਹੈ। ਇਹ ਸ਼ਕਤੀ ਹੈ ਜ਼ਰੂਰ ਇਸ ਵਿਚ ਕੋਈ ਸੰਦੇਹ ਨਹੀਂ ਇਸ ਦੀ ਖੋਜ ਤੇ ਦੇਖਣ ਇਹ ਮਨੋਵਿਗਿਆਨ ਦਾ ਕੰਮ ਹੈ ਜਿਵੇਂ-ਜਿਵੇਂ ਅਸੀਂ ਇਸ ਦੇ ਨੇੜੇ ਪਹੁੰਚਦੇ ਹਾਂ ਅਸੀਂ ਸਰੀਰ ਵਿਗਿਆਨ ਤੇ ਪ੍ਰਾਣਾਂ ਦੇ ਖੇਤਰ ਨੂੰ ਛੱਡ ਦਿੰਦੇ ਹਾਂ। ਜੇ ਅਸੀਂ ਪਿਛੇ ਮੁੜ ਕੇ ਦੇਖੀਏ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਮਨ ਅਤੇ ਸਰੀਰਦੇ ਵਿਚਲੇ ਥਾਂ ਨੂੰ ਭਰ ਹੀ ਲਿਆ ਹੈ। ਇਹੋ ਜਿਹੇ ਵਿਚਾਰ ਭਾਵੇਂ ਠੀਕ ਵੀ ਹਨ ਤੇ ਸੱਚ ਵੀ ਪਰ ਬੜੇ ਹੀ ਵਿਰੋਧੀ ਲਗਦੇ ਹਨ। ਵਾਸਤਵ ਵਿਚ ਲੋੜ ਹੈ ਇਨ੍ਹਾਂ ਵਿਚ ਡੂੰਘੇ ਜਾਣ ਦੀ ਪੂਰਬ ਤੇ ਪੱਛਮ ਦੇ ਵਿਚਾਰਾਂ ਵਿਚ ਹੋਰ ਡੂੰਘੀ ਖੋਜ ਕਰਨ ਦੀ, ਡੂੰਘੇ ਜਾਣ ਦੀ ਲੋੜ ਹੈ।

## ਬ੍ਰਹਿਮੰਡੀ ਸੁਆਸ

ਅੱਜ ਦੇ ਵਿਗਿਆਨਕ ਯੁੱਗ ਵਿਚ ਵੀਹਵੀ ਸਦੀ ਵਿਚ ਪੱਛਮੀ ਸੰਸਾਰ ਦਾ ਵਿਸ਼ਵਾਸ਼ ਹੈ ਕਿ ਸਰੀਰ ਤੋਂ ਮਨ ਉਤਪਨ ਹੁੰਦਾ ਹੈ। ਇਸ ਦੇ ਅਨੁਸਾਰ ਜਦੋਂ ਬੱਚੇ ਦਾ ਨਿਰਮਾਣ ਹੁੰਦਾ ਹੈ ਜਦੋਂ ਬੱਚਾ ਮਾਤਾ ਦੇ ਗਰਭ ਵਿਚ ਹੁੰਦਾ ਹੈ ਉਦੋਂ ਕੋਈ ਮਨ ਨਹੀਂ ਹੁੰਦਾ। ਹੌਲੀ-ਹੌਲੀ ਜਿਸ ਤਰ੍ਹਾਂ ਬੱਚੇ ਦਾ ਵਿਕਾਸ ਹੁੰਦਾ ਹੈ ਉਸ ਤਰ੍ਹਾਂ ਮਨ ਦੀ ਹੋਂਦ ਪੈਦਾ ਹੁੰਦੀ ਹੈ, ਸਰੀਰ ਵਿਚੋਂ ਸੂਖਮ ਪੱਧਰ ਦੀ ਹੋਂਦ, ਸ਼ਕਤੀ, ਗਤੀ ਸੋਚ ਤੇ ਚੇਤਨਤਾ ਪੈਦਾ ਹੁੰਦੀ ਹੈ। ਸਭ ਤੋਂ ਪਹਿਲਾਂ ਇਕ ਸੈਲ ਵਾਲਾ ਜੀਵ ਹੋਇਆ, ਉਸ ਤੋਂ ਬਾਅਦ ਦੀਆਂ ਅਵਸਥਾਂ ਬੱਚੇ ਦੀਆਂ ਮਾਤ ਗਰਭ ਦੀਆਂ ਅਵਸਥਾ ਹਨ ਤੇ ਸਭ ਤੋਂ ਬਾਅਦ ਚੇਤਨਤਾ ਦੀ ਹੋਂਦ ਹੈ। ਸਭ ਤੋਂ ਪਹਿਲਾਂ ਅਣੂ ਵੱਖ-ਵੱਖ ਥਾਵਾਂ ਤੇ ਡਿੱਗੇ ਤੇ ਜੀਵਨ ਹੋਂਦ ਵਿਚ ਆਇਆ ਤੇ ਹੌਲੀ ਹੌਲੀ ਚੇਤਨਤਾ ਵਾਲਾ ਮਨੁੱਖ ਹੋਂਦ ਵਿਚ ਆਇਆ।

ਪੂਰਬ ਵਿਚ ਤੇ ਪੁਰਾਤਨ ਸਮੇਂ ਵਿਚ ਵਿਚਾਰ ਉਪਰ ਲਿਖੇ ਤੋਂ ਬਿਲਕੁਲ ਦੂਸਰਾ ਹੈ, ਕਿਹਾ ਜਾ ਸਕਦਾ ਹੈ ਉਲਟਾ ਹੈ, ਯੋਗ ਦੀ ਫਿਲੌਸਫੀ ਵਿਚ ਕਿਹਾ ਜਾਂਦਾ ਹੈ ਕਿ ਹਰ ਪੱਧਰ ਦੀ ਹੋਂਦ ਉਪਰ ਤੋਂ ਸ਼ੁਰੂ ਹੁੰਦੀ ਹੈ। ਮਿਸਾਲ ਵਜੋਂ ਚੇਤਨਤਾ ਤੋਂ ਮਨ ਦੀ ਉਤਪਤੀ ਹੋਈ, ਮਨ ਚੇਤਨਤਾ ਦਾ ਪ੍ਰਗਟਾਵਾ ਹੈ ਮਨ ਤੋਂ ਸਰੀਰ ਦੀ ਹੋਂਦ ਹੋਈ, ਸਰੀਰ ਦੀ ਲੋੜ ਮਹਿਸੂਸ ਹੋਈ ਤੇ ਇਕ ਛੋਟੇ ਜਿਹੇ ਬਾਲ ਰੂਪ ਤੋਂ ਇਸ ਦੀ ਉਤਪਤੀ ਸ਼ੁਰੂ ਹੋਈ।

ਇਹ ਇਕ ਹੋਰ ਨਜ਼ਰੀਆ ਹੈ ਕਿਉਂਕਿ ਇਸ ਤੋਂ ਇਹ ਪਤਾ ਲਗਦਾ ਹੈ ਕਿ ਸਾਡੀ ਹੋਂਦ ਭੌਤਿਕ ਅਤੇ ਮਾਨਸਿਕ ਪੱਧਰ ਤੋਂ ਪਰ੍ਹੇ ਹੈ। ਇਸ ਤੋਂ ਇਹ ਭਾਵ ਹੈ ਕਿ ਅਸੀਂ ਸਾਰੇ ਸਿਰਜਣਾ ਹਾਂ ਜਾਂ ਉਸ ਚੇਤਨਤਾ ਦਾ ਪ੍ਰਗਟਾਵਾ ਹਾਂ, ਜਿਸਦੀ ਹੋਂਦ ਸਮੁੱਚੇ ਤੋਂ ਪਰ੍ਹੇ ਹੈ। ਅਸੀਂ ਉਥੋਂ ਹੀ ਆਏ ਹਾਂ, ਅਸੀਂ ਉਥੇ ਹੀ ਵਾਪਸ ਜਾਣਾ ਹੈ, ਵਿਕਾਸ ਦੀ ਪ੍ਰਕਿਰਿਆ ਅਨੁਸਾਰ ਅਸੀਂ ਆਪਣਾ ਸਰੀਰ ਅਤੇ ਮਨ ਛੱਡ ਕੇ ਸ਼ੁੱਧ ਚੇਤਨਤਾ ਵਿਚ ਚਲੇ ਜਾਂਦੇ ਹਾਂ। ਉਸ ਚੇਤਨਤਾ ਤੋਂ ਪ੍ਰਗਟਾਵਾ ਸ਼ੁਰੂ ਹੁੰਦਾ ਹੈ ਤੇ ਪ੍ਰਗਟਾਵੇ ਤੋਂ ਮੁੜ ਕੇ ਚੇਤਨਤਾ ਵਿਚ ਸਮਾਉਣਾ ਬਿਲਕੁਲ ਉਸ ਤਰ੍ਹਾਂ ਹੀ ਹੈ ਜਿਵੇਂ ਕਿ ਲਹਿਰਾਂ ਜਿਹੜੀਆਂ ਬਾਹਰ ਆਉਂਦੀਆਂ ਹਨ, ਮੁੜ ਕੇ ਸਾਗਰ ਵਿਚ ਜਾਂਦੀਆਂ ਹਨ ਤੇ ਉਨ੍ਹਾਂ ਦਾ ਆਪਾ ਮਿਟ ਜਾਂਦਾ ਹੈ। ਭੌਤਿਕ ਸੰਸਾਰ ਵਿਚ ਜਿਥੇ ਅਸੀਂ ਖੜ੍ਹੇ ਹਾਂ ਅਸੀਂ ਇਸ ਨੂੰ ਵਿਸਥਾਰ ਦੀ ਪ੍ਰਕਿਰਿਆ ਕਹਿ ਸਕਦੇ ਹਾਂ। ਸਾਰੇ ਪ੍ਰਗਟਾਵੇ ਚੇਤਨਤਾ ਦੇ ਹੀ ਹਨ ਫੇਰ ਸਮੇਟਣ ਦੀ ਪ੍ਰਕਿਰਿਆ ਹੈ। ਦ੍ਰਿਸ਼ਟਮਾਨ ਵਿਸ਼ਾਲਤਾ ਨੂੰ ਸਮੇਟਣ ਦੀ ਜਿਸ ਨਾਲ ਸਭ ਕੁਝ ਸਮੇਟਿਆ ਜਾਂਦਾ ਹੈ।

ਬੜੇ ਅਚੰਭੇ ਦੀ ਗੱਲ ਹੈ ਕਿ ਅੱਜ ਦੇ ਖਗੋਲਵੇਤਾ ਵੀ ਇਹੋ ਜਿਹੇ ਨਤੀਜੇ ਤੇ ਪਹੁੰਚ ਰਹੇ ਹਨ। ਖਗੋਲਵੇਤਾ ਹੀ ਹਨ ਜਿਨ੍ਹਾਂ ਨੂੰ ਸੂਖਮ-ਅਕੱਲਪਨੀ ਬਾਰੇ ਵਿਚਾਰ ਕਰਨਾ ਪੈਂਦਾ ਹੈ, ਉਸ ਦਾ ਦੂਸਰੇ ਗ੍ਰਹਿ ਸਬੰਧੀ, ਆਕਾਸ਼ ਗੰਗਾ ਸਬੰਧੀ, ਵਿਸ਼ਵ ਦੇ ਭੂਗੋਲ ਸਬੰਧੀ, ਅਨੰਤਤਾ ਤੋਂ ਅਨੰਤਤਾ ਤਕ ਦੇ ਵਿਸ਼ਿਆਂ ਬਾਰੇ, ਪੁਲਾੜ ਬਾਰੇ ਦੂਸਰਿਆਂ ਨੂੰ ਜਾਣੂੰ ਕਰਾਉਣਾ ਪੈਂਦਾ ਹੈ। ਅਸੀਂ ਸੂਰਜ ਦੀ ਗਤੀ ਸਬੰਧੀ ਦਸ ਕੇ ਅਕਾਸ਼ ਗੰਗਾ ਵਿਚ ਵੱਖ-ਵੱਖ ਗ੍ਰਹਿਾਂ ਦੀ ਸਥਿਤੀ ਦਸਦੇ ਹਾਂ। ਉਸ ਤੋਂ ਅੱਗੇ ਹੋਰ ਰਤਨ ਮੰਡਲ ਹੈ। ਜਦੋਂ ਅਸੀਂ ਸਾਰੇ ਰਤਨ ਮੰਡਲ ਦੇਖ ਲੈਂਦੇ ਹਾਂ, ਪ੍ਰਸ਼ਨ ਉਠਦਾ ਹੈ ਉਨ੍ਹਾਂ ਤੋਂ ਅੱਗੇ ਕੀ ਹੈ, ਕੀ ਅੱਗੇ ਹੋਰ ਵੀ ਰਤਨ ਮੰਡਲ ਹਨ ਜੇ ਹੈ ਤੇ ਉਸ ਤੋਂ ਅੱਗੇ ਕੀ ਹੈ? ਇਸ ਸਭ ਦਾ ਅੰਤ ਕਿਥੇ ਹੈ? ਬੜੀ ਛੇਤੀ ਹੀ ਅਸੀਂ ਮਹਿਸੂਸ ਕਰ ਲੈਂਦੇ ਹਾਂ, ਸੋਚ ਲੈਂਦੇ ਹਾਂ, ਸਾਡੀ ਸੋਚ ਸਾਨੂੰ ਕਿਤੇ ਨਹੀਂ ਪਹੁੰਚਾ ਸਕਦੀ ਇਹ ਇਕ ਬੜਾ ਹੀ ਬਚਕਾਨਾ ਤਰੀਕਾ ਹੈ, ਪਰ ਖਗੋਲਵੇਤਾ ਨੂੰ ਇਸ ਸਭ ਕੁਝ ਨਾਲ ਨਿਬੜਨਾ ਹੀ ਪਵੇਗਾ, ਇਸ ਦਾ ਜਵਾਬ ਦੇਣਾ ਹੀ ਪਵੇਗਾ।

ਅੱਜ ਦੇ ਖਗੋਲਵੇਤਾ ਨਵੇਂ ਔਜ਼ਾਰਾਂ ਨਾਲ ਦੇਖ ਕੇ ਦਸਦੇ ਹਨ ਕਿ ਰਤਨ ਮੰਡਲਾਂ ਵਿਚ ਆਪਸ ਵਿਚ ਦੂਰੀ ਵਧਦੀ ਜਾ ਰਹੀ ਹੈ, ਦੈਵੀ ਸ਼ਕਤੀਆਂ ਵਿਚ ਦੀ ਆਪਸ ਦੀ ਦੂਰੀ ਵੀ ਵਧ ਰਹੀ ਹੈ। ਇਨ੍ਹਾਂ ਨੇ ਦੇਖਿਆ ਹੈ ਰਤਨ ਮੰਡਲ ਗ੍ਰਹਿ ਇਕ ਦੂਸਰੇ ਤੋਂ ਦੂਰ ਹੁੰਦੇ ਜਾ ਰਹੇ ਹਨ, ਸਾਰਾ ਵਿਸ਼ਵ ਹੀ ਫੈਲ ਰਿਹਾ ਹੈ, ਸਭ ਤੋਂ ਠੀਕ ਸਿਧਾਂਤ ਇਹ ਹੈ ਇਹ ਸਾਰੀ ਗਤੀ ਮੱਧ ਵਿਚ ਧਮਾਕਾ ਹੋਣ ਨਾਲ ਹੋਈ ਹੈ। ਇਸ ਸਾਰੀ ਗਤੀ ਨੂੰ Big bang theory ਕਿਹਾ ਗਿਆ ਹੈ, ਇਸ ਅਨੁਸਾਰ ਵਿਸ਼ਵ ਫੈਲ ਰਿਹਾ ਹੈ ਥੋੜ੍ਹੀ ਦੇਰ ਬਾਅਦ ਇਹ ਇਕੱਠਾ ਹੋਣਾ ਸ਼ੁਰੂ ਹੋ ਜਾਵੇਗਾ, ਸਾਰੇ ਗ੍ਰਹਿ ਸੂਰਜ ਤੇ ਆਕਾਸ਼ ਗੰਗਾ ਸਾਰੇ ਛੁੱਪ ਜਾਣਗੇ ਤੇ ਫੇਰ ਕਦੀ ਸਮੇਂ ਨਾਲ ਇਹ ਪ੍ਰਗਟ ਹੋਣਗੇ।

ਇਹ ਸਾਰੀਆਂ ਪ੍ਰਕ੍ਰਿਆਵਾਂ ਬੜੀਆਂ ਜਾਣੀਆਂ ਪਛਾਣੀਆਂ ਹਨ, ਵਿਸਤਾਰ ਹੋਣਾ ਤੇ ਸਮੇਟੇ ਜਾਣਾ ਇਸ ਨੂੰ ਕੇਵਲ ਸਾਹ ਅੰਦਰ ਲੈਣ ਤੇ ਬਾਹਰ ਕੱਢਣ ਦੀ ਤਰ੍ਹਾਂ ਕਿਹਾ

(ਬਾਕੀ ਪੰਨਾ 63 ਤੇ)



Sri Satguru Jagjit Singh Ji eLibrary NamdhariElibrary@gmail.com

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

### ਛੇਵਾਂ ਅਧਿਆਇ

### ਧਿਆਨ ਦਾ ਮਾਰਗ (ਧਿਆਨ ਯੋਗ)

1. ਭਗਵਾਨ ਉਚਾਰਣ ਕਰਦੇ ਹਨ -

ਕਰਮਾਂ ਦੇ ਫਲ ਨੂੰ ਤਿਆਗ ਕੇ ਜੋ ਕਰਮ ਕਰਦਾ ਹੈ, ਕੇਵਲ ਉਹ ਕਰਮ ਹੀ ਕਰਦਾ ਹੈ ਜਿਹੜੇ ਕਰਨ ਯੋਗ ਹੁੰਦੇ ਹਨ, ਉਹ ਹੀ ਸੰਨਿਆਸੀ ਹੈ, ਉਹ ਹੀ ਯੋਗੀ ਹੈ। ਉਹ ਨਹੀਂ ਜਿਸ ਨੇ ਅਗਨੀ ਦਾ ਤਿਆਗ ਕੀਤਾ ਹੈ ਤੇ ਕਰਮ ਕਾਂਡਾਂ ਦਾ ਤਿਆਗ ਕੀਤਾ ਹੈ।

2. ਹੇ ਪਾਂਡਵ! ਜਿਸ ਨੂੰ ਸੰਨਿਆਸ ਕਹਿੰਦੇ ਹਨ ਉਸ ਨੂੰ ਕਰਮ ਯੋਗ ਭੀ ਕਹਿੰਦੇ ਹਨ। ਸੰਕਲਪਾਂ ਦੇ ਤਿਆਗ ਤੋਂ ਬਿਨਾਂ ਕੋਈ ਵੀ ਯੋਗੀ ਨਹੀਂ ਹੋ ਸਕਦਾ।

ਪਿਛਲੇ ਅਧਿਆਇ ਵਿਚ ਅਸੀਂ ਪੜ੍ਹ ਆਏ ਹਾਂ ਕਿ ਭੋਗਾਂ ਦਾ ਤਿਆਗ ਕਰਨ ਨਾਲ, ਇਛਾਵਾਂ ਦਾ ਤਿਆਗ ਕਰਨ ਨਾਲ, ਮਨ ਤੇ ਕਾਬੂ ਪਾਉਣਾ ਸੌਖਾ ਹੋ ਜਾਂਦਾ ਹੈ, ਇਛਾਵਾਂ ਦਾ ਤਿਆਗ ਕਰਕੇ ਮਨ ਤੇ ਕਾਬੂ ਪਾ ਕੇ ਤੁਸੀਂ ਸੁਤੰਤਰ ਹੋ ਸਕਦੇ ਹੋ, ਸਭ ਤੋਂ ਉਤਮ ਸੁਤੰਤਰਤਾ ਤਾਂ ਆਤਮ ਗਿਆਨ ਨਾਲ ਹੀ ਆਉਂਦੀ ਹੈ, ਇਸ ਅਧਿਆਇ ਦੇ ਪਹਿਲੇ ਅਤੇ ਦੂਸਰੇ ਸਲੋਕ ਵਿਚ ਕ੍ਰਿਸ਼ਨ ਜੀ ਦਸਦੇ ਹਨ ਸੰਨਿਆਸ ਅਤੇ ਕਰਮਯੋਗ ਵਿਚ ਕੁਝ ਇਕ ਸਮਾਨਤਾਵਾਂ ਹਨ - ਫਲ ਦੀ ਇੱਛਾ ਤੋਂ ਮੁਕਤ ਹੋ ਕੇ ਕਰਮ ਕਰਨੇ, ਇਛਾਵਾਂ ਨੂੰ ਤੇ ਮਨ ਨੂੰ ਕਾਬੂ ਵਿਚ ਰਖਣਾ, ਸ਼ਾਂਤੀ ਪ੍ਰਾਪਤ ਕਰਨੀ।

ਹੁਣ ਅਸੀਂ ਇਨ੍ਹਾਂ ਦੋਨੋਂ ਮਾਰਗਾਂ ਦੀ ਵਿਆਖਿਆ ਕੀਤੇ ਬਿਨਾਂ ਇਹ ਦੇਖਣਾ ਹੈ ਕਿ ਕਿਹੜਾ ਮਾਰਗ ਦੂਸਰੇ ਤੋਂ ਵੱਧ ਚੰਗਾ ਹੈ, ਕਿਹੜਾ ਘੱਟ ਚੰਗਾ ਹੈ, ਦੋਨਾਂ ਵਿਚ ਕੀ ਅੰਤਰ ਹੈ, ਤਿਆਗ ਦੇ ਮਾਰਗ ਤੇ ਫਲ ਦਾ ਤਿਆਗ ਪਿਛੋਂ ਆਉਂਦਾ ਹੈ ਪਹਿਲਾਂ ਤਿਆਗ ਹੈ। ਜੋ ਕੁਝ ਵੀ ਤੁਹਾਡੇ ਕੋਲ ਹੈ ਉਹ ਸਭ ਕੁਝ ਦਾ ਤਿਆਗ ਹੈ। ਸਭ ਤੋਂ ਪਹਿਲਾਂ ਤਿੰਨ ਪ੍ਰਮੁੱਖ ਇਛਾਵਾਂ ਦਾ ਤਿਆਗ ਜਿਨ੍ਹਾਂ ਨੂੰ ਤਿੰਨ ਤ੍ਰਿਸ਼ਨਾ ਕਿਹਾ ਗਿਆ ਹੈ। ਪਹਿਲੀ ਹੈ ਪਤੀ ਪਤਨੀ ਦੀ ਇੱਛਾ, ਬੱਚਿਆਂ ਦੀ ਇੱਛਾ; ਦੂਸਰੀ ਧਨ ਦੀ ਇੱਛਾ; ਤੀਸਰੀ ਹੈ ਸੰਸਾਰ ਵਿਚ ਨਾਉ ਪੈਦਾ ਕਰਨ ਦੀ। ਇਸ ਦੇ ਨਾਲ-ਨਾਲ ਬੈਰਾਗ ਦਾ ਅਭਿਆਸ ਵੀ ਕੀਤਾ ਜਾਂਦਾ ਹੈ, ਉਸ ਦੀ ਪ੍ਰੋੜਤਾ ਕੀਤੀ ਜਾਂਦੀ ਹੈ ਜਿਸ ਤੋਂ ਬਿਨਾਂ ਤਿਆਗ ਸੰਪੂਰਨ ਨਹੀਂ ਹੋ ਸਕਦਾ। ਇਹ ਕਿਹਾ ਜਾਂਦਾ ਹੈ ਕਿ ਤਿਆਗ ਤੇ ਬੈਰਾਗ ਦੇ ਦੋ ਖੰਭਾਂ ਨਾਲ ਤੁਸੀਂ ਇਸ ਜੀਵਨ ਦੇ ਕੰਢੇ ਤੋਂ ਉਚੀ ਉਡਾਰੀ ਮਾਰ ਕੇ ਅਨੰਤਤਾ ਤਕ ਚਲੇ ਜਾਂਦੇ ਹੋ, ਉਹ ਤਿਆਗੀ ਜਿਸ ਨੇ ਸਭ ਕੁਝ ਤਿਆਗ ਦਿਤਾ ਹੈ ਪੂਰੀ ਤਰ੍ਹਾਂ ਨਿਰਲੇਪ ਹੈ ਜਿਸ ਕੋਲ ਆਪਣਾ ਕੁਝ ਹੈ ਹੀ ਨਹੀਂ ਉਹ ਪੂਰਨ ਤਿਆਗੀ ਹੈ। ਇਹੋ ਜਿਹੇ ਤਿਆਗੀ ਵਿਰਲੇ ਹਨ, ਪੂਜਨੀਕ ਹਨ ਕਿਉਂਕਿ ਸੰਸਾਰ ਛੱਡਣਾ ਔਖਾ ਨਹੀਂ, ਮਮਤਾ ਤੇ ਹੰਗਤਾ ਛੱਡਣੀ ਬਹੁਤ ਔਖੀ ਹੈ ਇਹ ਮਾਰਗ ਕੁਝ ਇਕ ਵਡਭਾਗੀਆਂ ਲਈ ਹੈ, ਆਮ ਮਨੁੱਖਾਂ ਲਈ ਨਹੀਂ। ਇਸ ਨੂੰ ਸੰਨਿਆਸ ਯੋਗ ਜਾਂ ਗਿਆਨ ਯੋਗ ਕਿਹਾ ਜਾਂਦਾ ਹੈ।

ਦੂਸਰਾ ਮਾਰਗ ਕਰਮ ਮਾਰਗ ਹੈ ਇਸ ਵਿਚ ਤੁਸੀਂ ਪੂਰਨ ਗ੍ਰਹਿਸਤੀ ਹੁੰਦੇ ਹੋ, ਸੰਸਾਰ ਵਿਚ ਵਿਚਰਦੇ ਹੋ, ਕੰਮ ਕਰਦੇ ਹੋ, ਨੌਕਰੀਆਂ ਕਰਦੇ ਹੋ ਪਰ ਨਿਰਲੇਪ ਹੋ ਕੇ, ਮੈਂ ਭਾਵ ਤੋਂ ਮੁਕਤ ਹੋ ਕੇ, ਨਿਸ਼ਕਾਮ ਕਰਮ ਕਰਦੇ ਹੋ, ਹਉਮੈ ਭਾਵ ਤੋਂ ਰਹਿਤ ਹੋ ਕੇ ਸਭ ਕੁਝ ਕਰਦੇ ਹੋ। ਕਰਮ ਦੇ ਮਾਰਗ ਦਾ ਇਕ ਬਹੁਤ ਵੱਡਾ ਪ੍ਰਸ਼ਨ ਆਉਂਦਾ ਹੈ ਜਿਹੜੇ ਕਰਮ ਮਾਰਗ ਤੇ ਚਲਦੇ ਹਨ ਕੀ ਉਹ ਨਿਸ਼ਕਾਮ ਹੋ ਕੇ, ਨਿਰਲੇਪ ਹੋ ਕੇ ਮੈਂ ਭਾਵ ਨੂੰ ਛੱਡ ਕੇ ਕਰਮ ਕਰ ਸਕਦੇ ਹਨ? ਕੀ ਕਰਮ ਤੁਹਾਡੀ ਸੁਤੰਤਰਤਾ ਦਾ ਕਾਰਣ ਬਣ ਸਕਦੇ ਹਨ? ਕੀ ਕਰਮ ਕਰਕੇ ਤੁਸੀਂ ਆਤਮ ਸਾਧਨਾ ਪ੍ਰਾਪਤ ਕਰ ਸਕਦੇ ਹੋ? ਉਹ ਆਤਮ ਸਾਧਨ ਜੋ ਜੀਵਨ ਦਾ ਵਾਸਤਵ ਲਕਸ਼ ਹੈ। ਇਸ ਦੇ ਦੋ ਉਤਰ ਹਨ ਪਹਿਲਾ ਨਿਸੁਆਰਥ ਨਾਲ ਕੀਤੇ ਕਰਮ ਅਤੇ ਉਨ੍ਹਾਂ ਕਰਮਾਂ ਦੇ ਫਲ ਉਸ ਪ੍ਰਮਾਤਮਾ ਨੂੰ ਅਰਪਣ ਕਰਨ ਨਾਲ ਜਿਹੜਾ ਸਰਬ ਵਿਆਪਕ ਹੈ, ਕਰਮ ਬੰਧਨ ਨਹੀਂ ਪੈਂਦੇ, ਇਸ ਤਰ੍ਹਾਂ ਕੀਤੇ ਕਰਮ ਤੁਹਾਨੂੰ ਬੰਨ੍ਹ ਨਹੀਂ ਸਕਦੇ, ਨਿਸੁਆਰਥ ਸੇਵਾ ਪ੍ਰਮੁੱਖ ਹੈ। ਦੂਸਰਾ ਇਹ ਹੈ ਚੰਗੇ ਕਰਮ, ਚੰਗੇ ਫਲ ਦਿੰਦੇ ਹਨ ਉਨ੍ਹਾਂ ਦੀ ਵਰਤੋਂ ਸੰਸਾਰ ਵਿਚ ਕਰਕੇ ਚੰਗੇ ਢੰਗ ਨਾਲ ਜੀਵਨ ਬਤੀਤ ਕੀਤਾ ਜਾ ਸਕਦਾ ਹੈ ਤਾਂ ਜੋ ਆਪਣੀਆਂ ਡਿਊਟੀਆਂ ਹੋਰ ਚੰਗੀ ਤਰ੍ਹਾਂ ਨਿਬਾਹੀਆਂ ਜਾ ਸਕਣ।

ਤੁਸੀਂ ਕਿਸੇ ਵੀ ਮਾਰਗ ਤੇ ਕਿਉਂ ਨਾ ਚਲੋ, ਕਰਮ ਤਾਂ ਕਰਨੇ ਹੀ ਪੈਂਦੇ ਹਨ, ਤੁਸੀਂ ਕਰਮ ਕੀਤੇ ਬਿਨਾਂ ਜੀਵਨ ਜੀਅ ਹੀ ਨਹੀਂ ਸਕਦੇ, ਲੋੜ ਹੈ ਕਰਮਾਂ ਨੂੰ ਸਮਝਣ ਦੀ, ਸਮਝ ਕੇ ਕਰਨ ਦੀ ਹੈ। ਕੀ ਮੈਂ ਸਾਤਵਿਕ ਕਰਮ ਕਰ ਰਿਹਾਂ? ਆਪਣੇ ਪੂਰੇ ਸੰਜਮ ਨਾਲ ਕਰ ਰਿਹਾਂ? ਜਾਂ ਰਾਜਸਕ ਗੁਣ ਦੇ ਅਧੀਨ ਹੋ ਕੇ ਜਾਂ ਫੇਰ ਤਾਮਸਿਕ ਗੁਣ ਦੇ ਅਧੀਨ ਹੋ ਕੇ ਕਰਮ ਕਰ ਰਿਹਾ ਹਾਂ। ਕੇਵਲ ਸਾਤਵਿਕ ਗੁਣਾਂ ਦੇ ਵਸ ਹੋ ਕੇ ਕੀਤੇ ਗਏ ਕਰਮ ਹੀ ਬੰਧਨਾਂ ਤੋਂ ਛੁਟਕਾਰਾ ਦੁਆ ਸਕਦੇ ਹਨ, ਸਾਤਵਿਕ ਕਰਮ ਹੀ ਸ਼ਾਂਤੀ ਦੇ ਸਕਦੇ ਹਨ, ਬਾਕੀ ਸਾਰੇ ਕਰਮ ਬੰਧਨ ਹੀ ਬਣਦੇ ਹਨ, ਮਨੁੱਖ ਉਨ੍ਹਾਂ ਨਾਲ ਬੰਨ੍ਹਿਆ ਜਾਂਦਾ ਹੈ, ਯੋਗੀ ਜਿਹੜੇ ਸ਼ਾਂਤੀ ਪ੍ਰਾਪਤ ਕਰਨ ਦੀ ਲੋਚਾ ਰਖਦੇ ਹਨ ਉਹ ਨਿਸ਼ਕਾਮ ਕਰਮ ਕਰਦੇ ਹਨ, ਨਿਸੁਆਰਥ ਕਰਮ ਕਰਦੇ ਹਨ, ਸੂਝ ਬੂਝ ਨਾਲ ਕਰਮ ਕਰਦੇ ਹਨ ਉਨ੍ਹਾਂ ਕੋਲ ਹੁੰਦਾ ਸਭ ਕੁਝ ਹੈ ਪਰ ਉਸ ਦੀ ਵਰਤੋਂ ਉਹ ਕੇਵਲ ਡਿਊਟੀ ਕਰਨ ਲਈ ਹੀ ਕਰਦੇ ਹਨ।



Sri Satguru Jagjit Singh Ji eLibrary NamdhariElibrary@gmail.com

ਕਈ ਜਗਿਆਸੂ ਹੈਰਾਨ ਹੁੰਦੇ ਹਨ ਕਿ ਡਿਊਟੀ ਕਰਦਿਆਂ ਕਿਵੇਂ ਆਤਮ ਗਿਆਨ ਹੋ ਸਕਦਾ ਹੈ ਕਿਉਂਕਿ ਤਿਆਗੀ ਦਸਦੇ ਹਨ ਕਿ ਤਿਆਗ ਤੋਂ ਬਿਨਾਂ ਆਤਮ ਸਿੱਧੀ ਸੰਭਵ ਹੀ ਨਹੀਂ, ਸੰਨਿਆਸੀ ਵੀ ਡਿਊਟੀਆਂ ਕਰਦੇ ਹਨ ਪਰ ਉਹ ਕੇਵਲ ਆਤਮ ਸਿੱਧੀ ਲਈ ਹੀ ਕਰਦੇ ਹਨ, ਉਹ ਸੰਸਾਰਕ ਮਨੁੱਖਾਂ ਲਈ ਕਰਮ ਕਰਨੇ ਜ਼ਰੂਰੀ ਨਹੀਂ ਸਮਝਦੇ, ਤਿਆਗ ਇਕ ਅੰਦਰ ਦਾ ਮਾਰਗ ਹੈ, ਕਰਮ ਦਾ ਮਾਰਗ ਬਾਹਰ ਦਾ ਮਾਰਗ ਹੈ, ਮਨੋਰਥ ਭਾਵੇਂ ਦੋਨਾਂ ਦਾ ਇਕ ਹੀ ਹੈ, ਕਰਮ ਦੇ ਮਾਰਗ ਤੇ, ਲੋਭ, ਮੋਹ, ਲਾਲਚ ਬਹੁਤ ਕੁਛ ਹੈ। ਤਿਆਗ ਦੇ ਮਾਰਗ ਤੇ ਤੁਹਾਡੇ ਸੰਸਕਾਰ ਹਨ ਜਿਨ੍ਹਾਂ ਤੋਂ ਤੁਸੀਂ ਮੁਕਤ ਹੋਣਾ ਹੈ ਜਿੰਨ੍ਹਾਂ ਤੋਂ ਹਾਲੇ ਤਕ ਤੁਸੀਂ ਛੁਟਕਾਰਾ ਨਹੀਂ ਪਾ ਸਕੇ, ਸੰਸਕਾਰਾਂ ਦਾ ਮਨੁੱਖ ਤੇ ਬੜਾ ਡੂੰਗਾ ਪ੍ਰਭਾਵ ਹੈ, ਸੰਸਕਾਰਾਂ ਕਰਕੇ, ਯੋਗੀ ਕਰਮ ਦੇ ਮਾਰਗ ਤੇ ਉਹ ਕਰਨ ਤੇ ਮਜ਼ਬੂਰ ਹੋ ਜਾਂਦੇ ਹਨ ਜੋ ਉਨ੍ਹਾਂ ਨੂੰ ਨਹੀਂ ਕਰਨਾ ਚਾਹੀਦਾ। ਇਸ ਕਰਕੇ ਸੋਚਣੀ, ਕਥਨੀ ਅਤੇ ਕ੍ਰਿਆ ਨੂੰ ਸ਼ੁਧ ਰੱਖਣਾ ਬੜਾ ਹੀ ਜ਼ਰੂਰੀ ਹੈ ਇਸ ਦਾ ਅਭਿਆਸ ਦੋਨੋਂ ਮਾਰਗਾਂ ਤੇ ਬਹੁਤ ਅਵਸ਼ਕ ਹੈ, ਦੋਨੋਂ ਮਾਰਗਾਂ ਦਾ ਮੰਤਵ ਇਕ ਹੀ ਹੈ, ਇਹ ਮੰਤਵ ਦੇਖਣ ਵਿਚ ਭਾਵੇਂ ਵਖਰੇ ਲਗਦੇ ਹਨ, ਦੋਨਾਂ ਵਿਚੋਂ ਕਿਸੇ ਨੂੰ ਚੰਗਾ ਜਾਂ ਮੰਦਾ ਨਹੀਂ ਸਮਝਣਾ ਚਾਹੀਦਾ।

ਯਥਾਰਥ ਵਿਚ ਯੋਗੀ ਅਤੇ ਸੰਨਿਆਸੀ ਇਕ ਹੀ ਹੈ, ਦੋਨੋਂ ਮਾਰਗਾਂ ਉਤੇ ਕਰਮ ਮਾਰਗ ਤੇ ਅਤੇ ਤਿਆਗ ਮਾਰਗ। ਸਭ ਤੋਂ ਵੱਧ ਜ਼ਰੂਰੀ ਦੋਨੋਂ ਮਾਰਗਾਂ ਦੀ ਕੁੰਜੀ ਹੈ ਕਰਮ ਕਰਕੇ ਫਲ ਦਾ ਤਿਆਗ ਕਰਨਾ। ਜਿਨ੍ਹਾਂ ਨੇ ਕਰਮ ਮਾਰਗ ਦਾ ਤਿਆਗ ਕਰ ਦਿਤਾ ਹੈ ਪਰ ਹਾਲੇ ਵੀ ਫਲ ਦੀ ਇੱਛਾ ਰਖਦੇ ਹਨ ਉਹ ਸੱਚੇ ਤਿਆਗੀ ਨਹੀਂ ਹਨ। ਤਿਆਗ ਦੇ ਮਾਰਗ ਤੇ ਕੋਈ ਵੀ ਪਵਿੱਤਰ ਅਗਨੀ ਨਹੀਂ ਜਗਾਈ ਜਾਂਦੀ, ਕੁਝ ਵੀ ਅਗਨੀ ਭੇਟ ਨਹੀਂ ਕੀਤਾ ਜਾਂਦਾ, ਤਿਆਗੀ ਤਾਂ ਗਿਆਨ ਦੀ ਜੋਤ ਜਗਾ ਕੇ ਉਸ ਵਿਚ ਆਪਣੇ ਸੰਸਕਾਰਾਂ ਦੀ ਅਹੂਤੀ ਪਾਉਂਦੇ ਹਨ, ਤਿਆਗ ਦੇ ਮਾਰਗ ਨੂੰ ਯੋਗ ਦਾ ਮਾਰਗ ਵੀ ਕਿਹਾ ਗਿਆ ਹੈ, ਤਿਆਗ ਦੇ ਮਾਰਗ ਤੇ ਹਰ ਇਕ ਚੀਜ਼ ਦਾ ਤਿਆਗ ਕੀਤਾ ਜਾਂਦਾ ਹੈ ਪਰ ਕੇਵਲ ਮਨੋਰਥ ਦਾ ਤਿਆਗ ਨਹੀਂ ਕੀਤਾ ਜਾਂਦਾ, ਤਿਆਗ ਦਾ ਮਨੋਰਥ ਹੈ ਆਤਮਾ ਦਾ ਪ੍ਰਮਾਤਮਾ ਨਾਲ ਮੇਲ, ਉਹ ਪ੍ਰਮਾਤਮਾ ਜੋ ਸਰਬ ਵਿਆਪਕ ਹੈ, ਪਰੀਪੂਰਨ ਹੈ। ਇਹ ਆਤਮਾ ਪ੍ਰਮਾਤਮਾ ਦਾ ਮੇਲ ਧਿਆਨ ਲਗਾ ਕੇ ਸਮਾਧੀ ਸਥਿਤ ਹੋ ਕੇ ਪ੍ਰਾਪਤ ਕੀਤਾ ਜਾਂਦਾ ਹੈ, ਕਰਮ ਦੇ ਮਾਰਗ ਤੇ ਇਹ ਮੇਲ ਕਰਮ ਕਰਦਿਆਂ ਫਲ ਉਸ ਪ੍ਰਮਾਤਮਾ ਨੂੰ ਅਰਪਣ ਕਰਦਿਆਂ, ਭਾਵ ਨਿਸ਼ਕਾਮ ਕਰਮ ਕਰਕੇ ਨਿਰਲੇਪ ਰਹਿ ਕੇ ਕਰਮ ਕਰਕੇ ਪ੍ਰਾਪਤ ਹੁੰਦਾ ਹੈ।

3. ਮੁਨੀ ਕਰਮ ਕਰਕੇ ਹੀ ਯੋਗ ਪ੍ਰਾਪਤ ਕਰ ਸਕਦਾ ਹੈ, ਯੋਗ ਵਿਚ ਦ੍ਰਿੜ੍ਹ ਹੋ ਕੇ ਹੀ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ।

4. ਜਦੋਂ ਇੰਦ੍ਰੀਆਂ ਦੇ ਭੋਗ ਉਸ ਨੂੰ ਲੁਭਾਇਮਾਨ ਨਹੀਂ ਕਰ ਸਕਦੇ ਜਦੋਂ ਉਹ ਸਾਰੀਆਂ ਇੰਦ੍ਰਿਆਂ ਦਾ ਸੰਕਲਪ ਤਿਆਗ ਦਿੰਦਾ ਹੈ, ਉਦੋਂ ਹੀ ਉਹ ਯੋਗ ਵਿਚ ਅਰੂੜ ਕਹਾਉਂਦਾ ਹੈ।

ਜਿਹੜੇ ਵੀ ਆਪਣੇ ਮਨ ਤੇ ਪੂਰਾ ਕਾਬੂ ਪਾਉਣਾ ਚਾਹੁੰਦੇ ਹਨ, ਉਸ ਨੂੰ ਸੋਧਣਾ ਚਾਹੁੰਦੇ ਹਨ, ਉਨ੍ਹਾਂ ਨੂੰ ਆਪਣਾ ਅੰਦਰ ਕਾਬੂ ਕਰਨਾ ਚਾਹੀਦਾ ਹੈ। ਮਨ ਤੇ ਪੂਰਾ ਕਾਬੂ ਚੁਪ ਦੇ ਅਭਿਆਸ ਨਾਲ ਹੀ ਆ ਸਕਦਾ ਹੈ, ਮੁਨੀ ਉਹ ਹੈ ਜਿਹੜਾ ਮੋਨ ਰਖ ਕੇ ਅਭਿਆਸ ਕਰਦਾ ਹੈ ਤੇ ਪੂਰਨ ਹੁੰਦਾ ਹੈ, ਮੁਨੀ ਜਦੋਂ ਆਪਣੇ ਆਪ ਤੇ ਪੂਰਾ ਕਾਬੂ ਪਾਉਂਦਾ ਹੈ ਤੇ ਦ੍ਰਿੜ੍ਹਤਾ ਨਾਲ ਮਨ ਨੂੰ ਕਾਬੂ ਕਰਦਾ ਹੈ, ਬੋਲਣ ਵਿਚ ਅਤੇ ਕ੍ਰਿਆ ਵਿਚ ਸੰਜਮ ਵਰਤਦਾ ਹੈ, ਚੁੱਪ ਰਹਿੰਦਾ ਹੈ ਉਹ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ। ਜਦੋਂ ਤਕ ਪੂਰੀ ਤਰ੍ਹਾਂ ਚੁੱਪ ਰਹਿਣ ਦਾ ਅਨੁਭਵ ਨਾ ਕੀਤਾ ਜਾਵੇ ਉਦੋਂ ਤਕ ਸਾਧਾਰਣ ਜੀਵਨ ਜੀਉਣ ਦਾ ਅਤੇ ਅੰਦਰ ਦੇ ਜੀਵਨ ਦਾ ਅੰਤਰ ਪਤਾ ਹੀ ਨਹੀਂ ਲਗ ਸਕਦਾ।

ਚੁੱਪ ਦਾ ਮਹੱਤਵ ਬਹੁਤ ਸਾਰੇ ਨਹੀਂ ਜਾਣਦੇ, ਚੁੱਪ ਦਾ ਅਨੁਭਵ ਬਹੁਤ ਥੋੜ੍ਹੇ ਜਗਿਆਸੂ ਹੀ ਕਰਦੇ ਹਨ। ਜਦੋਂ ਤਕ ਤੁਸੀਂ ਚੁੱਪ ਦੀ ਡੂੰਗਾਈ ਜਾਣ ਨਾ ਜਾਓ, ਇਸ ਨੂੰ ਸਮਝਣਾ ਔਖਾ ਹੈ, ਚੁੱਪ ਸ਼ਬਦ ਕੇਵਲ ਇਕ ਸ਼ਬਦ ਨਹੀਂ ਇਸ ਨੂੰ ਸਮਝਣਾ ਤੇ ਅਨੁਭਵ ਕਰਨਾ ਔਖਾ ਹੈ। ਹਰ ਕੋਈ ਥੋੜ੍ਹੀ ਦੇਰ ਵਾਸਤੇ ਜ਼ਰੂਰ ਚੁੱਪ ਹੋਣਾ ਚਾਹੁੰਦਾ ਹੈ, ਅਸੀਂ ਆਮ ਹੀ ਸੁਣਦੇ ਹਾਂ ਮਾਂ ਬੱਚਿਆਂ ਨੂੰ ਕਹਿੰਦੀ ਹੈ 'ਹੁਣ ਤੁਸੀਂ ਥੋੜ੍ਹੀ ਦੇਰ ਚੁਪ ਵੀ ਕਰੋ।' ਉਹ ਬਚਿਆਂ ਨੂੰ ਚੁੱਪ ਹੋਣ ਲਈ ਕਹਿ ਰਹੀ ਹੈ ਤਾਂ ਜੋ ਉਹ ਵਿਘਨ ਨਾ ਮਹਿਸੂਸ ਕਰੇ, ਪਰ ਵਾਸਤਵ ਵਿਚ ਇਸ ਦੀ ਇੱਛਾ ਬਾਹਰ ਦੀ ਚੁੱਪ ਨਾਲੋਂ ਵਧੇਰੀ ਹੈ, ਉਸ ਦੀ ਇੱਛਾ ਡੂੰਘੀ ਚੁੱਪ ਦੀ ਹੈ ਅੰਦਰ ਦੀ ਚੁੱਪ ਦੀ ਹੈ, ਚੇਤਨ ਤੌਰ ਤੇ ਅਚੇਤਨ ਤੌਰ ਤੇ ਸਾਰੇ ਹੀ ਡੂੰਘੀ ਚੁੱਪ ਵਿਚ ਜਾਣਾ ਚਾਹੁੰਦੇ ਹਨ, ਉਹ ਚੁੱਪ ਬਹੁਤ ਹੀ ਸੁਖਦਾਈ ਤੇ ਸੁਰਜੀਤ ਕਰਨ ਵਾਲੀ ਹੁੰਦੀ ਹੈ ਅਤੇ ਜੀਵਨ ਦੇ ਨਵੇਂ ਪਹਿਲੂਆਂ ਤੋਂ ਜਾਣੂੰ ਕਰਾਉਣ ਵਾਲੀ ਹੁੰਦੀ ਹੈ, ਆਮ ਤੌਰ ਤੇ ਚੁੱਪ ਉਨ੍ਹਾਂ ਸਵਾਲਾਂ ਦੇ ਉਤਰ ਦਿੰਦੀ ਹੈ ਜਿਨ੍ਹਾਂ ਦੇ ਉਤਰ ਨਾ ਕੋਈ ਦੇ ਸਕਦਾ ਹੈ, ਨਾ ਹੀ ਕਿਸੇ ਹੋਰ ਤਰੀਕੇ ਦਿਤੇ ਜਾ ਸਕਦੇ ਹਨ।

ਕਰਮ ਬੱਧ ਤਰੀਕੇ ਨਾਲ ਡੂੰਘੀ ਚੁੱਪ ਨੂੰ ਧਿਆਨ ਕਹਿੰਦੇ ਹਨ, ਨੀਂਦ ਸਾਰਿਆਂ ਜੀਵਾਂ ਦੇ ਆਰਾਮ ਲਈ ਅਤਿ ਅਵਸ਼ਕ ਹੈ, ਪਰ ਧਿਆਨ ਰਾਹੀਂ ਕੀਤਾ ਗਿਆ ਆਰਾਮ ਕਿਤੇ ਵੱਧ ਸ੍ਰੇਸ਼ਟ ਹੁੰਦਾ ਹੈ, ਨੀਂਦ ਅਤੇ ਡੂੰਘੀ ਚੁੱਪ ਵਿਚ ਅੰਤਰ ਹੈ, ਅਗਿਆਨੀ ਰੋਜ਼ ਸੌਂਦੇ ਹਨ ਉਸੇ ਤਰ੍ਹਾਂ ਅਗਿਆਨੀ ਸਵੇਰੇ ਉਠਦੇ ਹਨ ਕਿਉਂਕਿ ਨੀਂਦਰ ਨਾਲ ਕੇਵਲ ਆਰਾਮ ਮਿਲਦਾ ਹੈ, ਪਰ ਜੇ ਤੁਸੀਂ ਧਿਆਨ ਲਾਉਣਾ ਸਿੱਖ ਲਵੋ ਤਾਂ ਆਰਾਮ ਵੀ ਮਿਲ ਜਾਂਦਾ ਹੈ ਤੇ ਤੁਹਾਡਾ ਸਾਰਾ ਵਿਅਕਤਿਤ੍ਵ ਵੀ ਬਦਲ ਜਾਂਦਾ ਹੈ। ਬਦਲਾਓ, ਸੋਧ ਅੰਤਰ ਧਿਆਨ ਕੀਤੇ ਬਿਨਾਂ ਨਹੀਂ ਹੋ ਸਕਦਾ, ਧਿਆਨ ਕਰਨ ਨਾਲ ਹੀ ਮਨ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ।

ਧਿਆਨ ਕਰਨ ਨਾਲ ਮਨ ਕਾਬੂ ਆ ਜਾਂਦਾ ਹੈ ਅਤੇ ਮਨ ਕਾਬੂ ਵਿਚ ਆ ਜਾਣ ਨਾਲ ਚੁੱਪ ਰਹਿਣ ਦੀ ਰੁਚੀ ਬਣ ਜਾਂਦੀ ਹੈ, ਇਕ ਸੁਰ ਹੋਇਆ ਸ਼ਾਂਤ ਮਨ ਇਛਾਵਾਂ ਤੋਂ ਮੁਕਤ ਹੋ ਜਾਂਦਾ ਹੈ, ਭੋਗਾਂ ਤੋਂ ਮੁਕਤ ਹੋ ਜਾਂਦਾ ਹੈ ਤੇ ਸ਼ੁਧ ਕਰਮ ਕਰ ਸਕਦਾ ਹੈ ਜਿਹੜੇ ਮਨ ਦੇ ਸੰਕਲਪ ਵਿਕਲਪ ਤੋਂ ਉਪਰ ਚਲੇ ਜਾਂਦੇ ਹਨ ਉਹ ਯੋਗ ਦੀ ਉਤਮ ਪਦਵੀ ਪ੍ਰਾਪਤ ਕਰ ਲੈਂਦੇ ਹਨ।

'ਆਤਮ ਮਾਰਗ', ਜੁਲਾਈ, 1999



Sri Satguru Jagjit Singh Ji eLibrary NamdhariElibrary@gmail.com

ਜਿਹੜੇ ਧਿਆਨ ਨਹੀਂ ਲਗਾਉਂਦੇ ਉਹ ਕੇਵਲ ਵਰਤਮਾਨ ਜੀਵਨ ਦਾ ਅਨੁਭਵ ਕਰ ਸਕਦੇ ਹਨ ਪਰ ਧਿਆਨ ਦੀ ਸਹਾਇਤਾ ਨਾਲ ਤੁਸੀਂ ਸਾਰੀਆਂ ਸੂਖਸ਼ਮ ਪਰਤਾਂ ਦਾ ਗੂੜ੍ਹ ਗਿਆਨ ਪ੍ਰਾਪਤ ਕਰ ਸਕਦੇ ਹੋ ਅਤੇ ਡੂੰਘੀ ਚੁੱਪ ਤਕ ਪਹੁੰਚ ਸਕਦੇ ਹੋ, ਇਹੋ ਜਿਹਾ ਜਗਿਆਸੂ ਹੀ ਕੇਵਲ ਦੋਨੋਂ ਜਾਨਣ ਦੇ ਅਤੇ ਅਣਜਾਣ ਜੀਵਨ ਪੱਧਰਾਂ ਦਾ ਅਨੁਭਵ ਕਰ ਸਕਦਾ ਹੈ, ਮਨੁੱਖ ਅੰਦਰ ਦੀ ਦੁਨੀਆਂ ਦਾ ਵਸਨੀਕ ਹੈ, ਉਹ ਪਹਿਲਾਂ ਅੰਦਰ ਰਹਿਣ ਵਾਲਾ ਹੈ ਬਾਅਦ ਵਿਚ ਬਾਹਰ ਦੇ ਸੰਸਾਰ ਦਾ ਵਸਨੀਕ ਹੈ, ਆਮ ਤੌਰ ਤੇ ਲੋਕੀ ਬਾਹਰ ਦੇ ਵਸਨੀਕ ਹੀ ਰਹਿੰਦੇ ਹਨ ਅੰਦਰ ਦੇ ਸੰਸਾਰ ਲਈ ਤਾਂ ਉਹ ਓਪਰੇ ਹੀ ਬਣੇ ਰਹਿੰਦੇ ਹਨ।

ਯੋਗੀ ਅਤੇ ਸੰਤ ਜਾਣਦੇ ਹਨ, ਇਸ ਗੱਲ ਲਈ ਸਤ੍ਰਕ ਰਹਿੰਦੇ ਹਨ ਕਿ ਉਹ ਅੰਦਰ ਦੇ ਵਾਸੀ ਹਨ। ਮਿਸਾਲ ਵਜੋਂ ਇਕ ਵਾਰੀ ਦੀ ਗੱਲ ਹੈ ਜਦੋਂ ਗੁਰੂਦੇਵ ਬੜੀ ਸ਼ਾਂਤੀ ਵਿਚ ਬੈਠੇ ਸਨ। ਇਕ ਰਾਜ ਕੁਮਾਰ ਗੁਰੂਦੇਵ ਨੂੰ ਮਿਲਣ ਆਇਆ ਤੇ ਕਹਿਣ ਲੱਗਾ, "ਸ੍ਰੀ ਮਾਨ ਤੁਸੀਂ ਬੜੇ ਹੀ ਇਕੱਲੇ ਲਗ ਰਹੇ ਹੋ।" ਗੁਰਦੇਵ ਨੇ ਉਤਰ ਦਿਤਾ ਕਿਉਂਕਿ ਤੁਸੀਂ ਆ ਗਏ ਹੋ ਤਾਂ ਕਰਕੇ ਇਸ ਤੋਂ ਪਹਿਲਾਂ ਮੈਂ ਡੂੰਘੀ ਚੁੱਪ ਦਾ ਅਨੰਦ ਮਾਣ ਰਿਹਾ ਸੀ, ਆਪਣੇ ਸੱਚੇ ਮਿਤਰ ਨਾਲ ਅੰਦਰ ਵਸਦੇ ਮਿਤਰ ਨਾਲ ਗੱਲਬਾਤ ਕਰ ਰਿਹਾ ਸੀ, ਹੁਣ ਤੁਸੀਂ ਆ ਗਏ ਹੋ ਮੈਂ ਇਕੱਲਾ ਹੋ ਗਿਆ ਹਾਂ।

ਇਹ ਠੀਕ ਹੈ ਵਿਦਿਆਰਥੀ, ਮਿਤਰ ਤੇ ਪਿਆਰ ਕਰਨ ਵਾਲੇ ਸਾਨੂੰ ਇਕੱਲਾ ਮਹਿਸੂਸ ਕਰਾ ਸਕਦੇ ਹਨ, ਸਾਨੂੰ ਅੰਦਰ ਦੇ ਮਿਤਰ ਨਾਲ ਮਿਤ੍ਰਤਾ ਕਰਨੀ ਸਿਖਣੀ ਚਾਹੀਦੀ ਹੈ, ਫੇਰ ਕਦੀ ਅਸੀਂ ਇਕੱਲੇ ਮਹਿਸੂਸ ਨਹੀਂ ਕਰਾਂਗੇ, ਧਿਆਨ ਲਗਾਉਣ ਵਾਲੇ ਕਦੀ ਇਕੱਲੇ ਨਹੀਂ ਹੁੰਦੇ, ਜਿਹੜੇ ਇਕੱਲਾਪਨ ਮਹਿਸੂਸ ਨਹੀਂ ਕਰਨਾ ਚਾਹੁੰਦੇ ਉਨ੍ਹਾਂ ਨੂੰ ਧਿਆਨ ਲਗਾਉਣਾ ਸਿਖਣਾ ਚਾਹੀਦਾ ਹੈ ਅਤੇ ਧਿਆਨ ਲਗਾਉਂਦੇ ਹੀ ਰਹਿਣਾ ਚਾਹੀਦਾ ਹੈ, ਜਦੋਂ ਤਕ ਪਿਆਰੇ ਦਾ ਮਿਲਾਪ ਨਾ ਹੋ ਜਾਏ, ਉਹ ਪਿਆਰਾ ਜਿਹੜਾ ਸਭ ਦੇ ਅੰਦਰ ਵਸਦਾ ਹੈ। ਜਿਥੇ ਅੰਦਰ ਤੁਹਾਡਾ ਸੱਚਾ ਮਿਤ੍ਰ ਵਸਦਾ ਹੈ ਉਥੇ ਪਹੁੰਚ ਕੇ ਸਾਰੀ ਚੁੱਪ ਸਦਾ ਲਈ ਖਤਮ ਹੋ ਜਾਂਦੀ ਹੈ, ਇਕੱਲਾਪਣ ਅਤੇ ਚੁੱਪ ਦੋਨੋਂ ਮਨ ਦੀਆਂ ਵੱਖ-ਵੱਖ ਅਵਸਥਾ ਹਨ, ਚੁਪ ਵਿਚ ਤੁਹਾਡਾ ਸਾਥ ਹੈ, ਇਕੱਲੇਪਨ ਵਿਚ ਤੁਸੀਂ ਇਕੱਲੇ ਹੋ। ਯੋਗੀ ਚੁੱਪ ਰਹਿ ਕੇ ਸੱਚੇ ਮਿਤਰ ਦਾ ਸਾਥ ਲੱਭ ਲੈਂਦੇ ਹਨ, ਫੇਰ ਉਹ ਪ੍ਰਤੱਖ ਤਰੀਕੇ ਨਾਲ ਅੰਦਰ ਅਤੇ ਬਾਹਰ ਦਾ ਸੰਸਾਰ ਜਾਣ ਲੈਂਦੇ ਹਨ ਉਹ ਅੰਦਰ ਅਤੇ ਬਾਹਰ ਇਕੋ ਜਿਹੀ ਸ਼ਾਂਤੀ ਨਾਲ ਦੇਖ ਸਕਦੇ ਹਨ।

ਪੁਰਾਤਨ ਯੋਗੀਆਂ ਨੇ ਇਹ ਮਹਿਸੂਸ ਕੀਤਾ ਸੀ ਕਿ ਇਕੱਲਾਪਨ ਸਭ ਤੋਂ ਵੱਡਾ ਰੋਗ ਹੈ ਅਤੇ ਇਸ ਦਾ ਕੋਈ ਇਲਾਜ ਨਹੀਂ, ਕੇਵਲ ਇਕ ਹੀ ਇਲਾਜ ਹੈ ਕਿ ਡੂੰਘੀ ਚੁੱਪ ਵਿਚ ਚਲੇ ਜਾਓ ਜਿਥੇ ਉਹ ਅਨੰਤ ਸਥਿਤ ਹੈ, ਤੁਹਾਨੂੰ ਆਪਣੀਆਂ ਬਾਹਾਂ ਪਸਾਰ ਕੇ ਗਲਵੱਕੜੀ ਪਾਉਣ ਲਈ ਉਡੀਕ ਰਿਹਾ ਹੈ। ਇਕ ਇਹ ਹੀ ਦਵਾਈ ਹੈ ਇਕੱਲੇਪਨ ਦੀ, ਇਹ ਹੀ ਇਕ ਇਲਾਜ ਹੈ। ਸੰਸਾਰ ਦੇ ਸਾਰੇ ਸਾਥ, ਸਾਰੀ ਸਹਿਚਾਰਤਾ ਜੋ ਬਾਹਰ ਦੇ ਸੰਸਾਰ ਦੀ ਹੈ ਅੰਤ ਵਿਚ ਵਛੋੜਦੀ ਹੈ ਤੇ ਇਕੱਲਾ ਕਰਦੀ ਹੈ ਪਰ ਜੇ ਤੁਸੀਂ ਅੰਦਰ ਬੈਠੇ ਮਿਤਰ ਨੂੰ ਜਾਣ ਲਓ ਤਾਂ ਤੁਸੀਂ ਜੀਵਨ ਰੂਪੀ ਨਾਟਕ ਦੇ ਪਾਤਰ ਵਜੋਂ ਸੋਝੀ ਨਾਲ ਆਪਣਾ ਪਾਰਟ ਨਿਭਾ ਸਕੋਗੇ ਅਤੇ ਕਦੀ ਵੀ ਇਕੱਲੇ ਮਹਿਸੂਸ ਨਹੀਂ ਕਰੋਗੇ। ਇਕੱਲੇਪਨ ਦੇ ਅਗਿਆਨ ਨੂੰ ਹਟਾਉਣ ਲਈ ਇਹ ਜਾਨਣਾ ਅਵਸ਼ਕ ਹੈ। ਇਹ ਜਾਨਣ ਤੋਂ ਬਾਅਦ ਇਸ ਗੱਲ ਦਾ ਫਰਕ ਨਹੀਂ ਪੈਂਦਾ ਤੁਸੀਂ ਕਿਹੜੇ ਮਾਰਗ ਤੇ ਚਲ ਰਹੇ ਹੋ, ਵਿਧੀ ਪੂਰਵਕ ਧਿਆਨ ਲਗਾ ਕੇ ਸਮਾਧੀ ਲਗਾਉਣੀ ਤੇ ਸੁੰਨ ਤਕ ਪਹੁੰਚਣਾ ਇਕ ਬਹੁਤ ਵੱਡੀ ਚਿਕਿਤਸਾ ਹੈ ਪਰ ਅੱਜ ਦੇ ਚਿਕਿਤਸਕਾ ਨੇ ਅਜੇ ਧਿਆਨ ਦੀ ਚਿਕਿਤਸਕ ਮਹੱਤਤਾ ਨੂੰ ਪਛਾਣਿਆ ਨਹੀਂ, ਅੱਜ ਦੀ ਚਿਕਿਤਸਾ ਕੇਵਲ ਇਕ ਪੱਖ ਹੀ ਅੱਗੇ ਰਖਦੀ ਹੈ ਉਹ ਹੈ ਕਿ ਮਰੀਜ਼ ਨੂੰ ਆਪਣਾ ਅੰਤਰ ਦਾ ਗੁਬਾਰ ਕੱਢਣ ਲਈ ਪ੍ਰੇਰਿਤ ਕਰਦੇ ਹਨ, ਜੋ ਉਸ ਦੇ ਅੰਦਰ ਹੈ ਉਹ ਬੋਲ ਕੇ ਛੱਡ ਦੇਵੇ, ਕੋਈ ਕ੍ਰਿਆ ਕਰਕੇ ਕੱਢ ਦੇਵੇ ਜਿਸ ਤਰ੍ਹਾਂ ਉਸ ਨੂੰ ਚੰਗਾ ਲੱਗੇ, ਰੋਗੀ ਹਲਕਾ ਮਹਿਸੂਸ ਕਰਦਾ ਹੈ ਪਰ ਇਸ ਤਰ੍ਹਾਂ ਕਰਨ ਨਾਲ ਉਹ ਆਪਣੇ ਆਪ ਤੇ ਕਾਬੂ ਨਹੀਂ ਪਾ ਸਕਦਾ ਜਿਸ ਨਾਲ ਉਹ ਮੁੜ ਕੇ ਹਾਲਾਤ ਦੇ ਦਬਾਅ ਥੱਲੇ ਨਾ ਆ ਸਕੇ, ਬਹੁਤ ਸਾਰੇ ਚਿਕਿਤਸਕ ਧਿਆਨ ਚਿਕਿਤਸਾ ਕਰਾਉਣ ਤੋਂ ਡਰਦੇ ਹਨ ਕਿਉਂਕਿ ਉਨ੍ਹਾਂ ਨੂੰ ਆਪ ਨੂੰ ਇਸ ਬਾਰੇ ਗਿਆਨ ਨਹੀਂ ਹੁੰਦਾ, ਸਰੀਰ ਨੂੰ ਸਥਿਰ ਕਰਕੇ ਇਕਸਾਰਤਾ ਲਿਆ ਕੇ ਇਹੋ ਜਿਹੀਆਂ ਆਰੰਭਕ ਗੱਲਾਂ ਕਰਕੇ ਹੀ ਬਹੁਤ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ, ਸਾਹ ਨੂੰ ਇਕਾਗਰ ਕਰਕੇ। ਇਸ ਨੂੰ ਪ੍ਰੈਕਟੀਕਲ ਕਰਕੇ ਦੇਖਿਆ ਗਿਆ ਹੈ ਕਿ ਜਿਹੜੇ ਲੋਕੀ ਭਾਵੁਕ ਹੁੰਦੇ ਹਨ ਉਹ ਇਸ ਦਾ ਪ੍ਰਯੋਗ ਕਰਕੇ ਬਹੁਤ ਲਾਭ ਉਠਾ ਸਕਦੇ ਹਨ। ਜੇ ਇਹੋ ਜਿਹੇ ਅਭਿਆਸ ਵਿਧੀ ਪੂਰਵਕ ਹੌਲੀ ਹੌਲੀ ਕਰਨੇ ਸ਼ੁਰੂ ਕੀਤੇ ਜਾਣ ਤਾਂ ਬਹੁਤ ਸਾਰੇ ਮਨੋਸਰੀਰਕ ਰੋਗ ਖਤਮ ਕੀਤੇ ਜਾ ਸਕਦੇ ਹਨ।

ਸੰਸਾਰ ਦੇ ਉਨ੍ਹਾਂ ਜੀਵਾਂ ਵਾਸਤੇ ਕੀ ਹੋ ਸਕਦਾ ਹੈ ਜਿਨ੍ਹਾਂ ਕੋਲ ਧਿਆਨ ਲਗਾਉਣ ਦਾ ਸਮਾਂ ਹੀ ਨਹੀਂ ਜਾਂ ਉਨ੍ਹਾਂ ਨੂੰ ਧਿਆਨ ਕਰਨ ਦਾ ਠੀਕ ਤਰੀਕਾ ਹੀ ਨਹੀਂ ਪਤਾ? ਉਨ੍ਹਾਂ ਲਈ ਇਹ ਹੈ ਉਹ ਗੀਤਾ ਵਿਚ ਦੱਸੇ ਗਏ ਤਰੀਕੇ ਨਾਲ ਕਰਮ ਕਰਦੇ ਹੋਏ ਹੀ ਧਿਆਨ ਕਰਨ, ਭਾਵ ਨਿਰਲੇਪ ਹੋ ਕੇ ਕਰਮ ਕਰਨ। ਚੇਤਨ ਹੋ ਕੇ ਉਸ ਇਕ ਦੀ ਹੋਂਦ ਨੂੰ ਧਿਆਨ ਵਿਚ ਰੱਖਣ, ਸਾਰੇ ਕਰਮ ਨਿਸੁਆਰਥੀ ਹੋ ਕੇ ਕਰਨ, ਨਿਸ਼ਕਾਮ ਹੋ ਕੇ ਕਰਨ, ਭਾਵੇਂ ਤੁਸੀਂ ਕਿਥੇ ਹੀ ਹੋਵੋਂ, ਦਫਤਰ, ਰਸੋਈ ਵਿਚ, ਬਜ਼ਾਰ ਵਿਚ ਚੀਜ਼ ਖਰੀਦ ਰਹੇ ਹੋਵੋ ਜਾਂ ਭੀੜ ਭੜੱਕੇ ਵਾਲੀ ਥਾਂ ਤੇ ਹੋਵੋ, ਤੁਸੀਂ ਨਿਸ਼ਕਾਮ ਕਰਮ ਹਰ ਸਮੇਂ ਕਰ ਸਕਦੇ ਹੋ, ਪ੍ਰਮਾਤਮਾ ਨੂੰ ਹਰ ਸਮੇਂ ਹਿਰਦੇ ਵਿਚ ਰੱਖ ਸਕਦੇ ਹੋ, ਆਪਣੇ ਕਰਮ, ਕਰਮ ਫਲ ਪ੍ਰਮਾਤਮਾ ਨੂੰ ਸਮਰਪਣ ਕਰ ਸਕਦੇ ਹੋ। ਕਦੀ ਵੀ ਕਿਸੇ ਹਾਲਤ ਵਿਚ ਵੀ ਚੇਤਨਤਾ ਦੇ ਬਿੰਦੂ ਨੂੰ ਨਾ ਭੁੱਲੋ ਭਾਵ ਉਸ ਇਕ ਦੀ ਹੋਂਦ ਜੋ ਤੁਹਾਡੇ ਅੰਦਰ ਵਸਦੀ ਹੈ ਉਸ ਨੂੰ ਨਾ ਭੁੱਲੋ, ਮਨ ਵਿਚ ਖਿੰਡਣ ਨਾ ਦਿਓ, ਜੋ ਕੁਝ ਵੀ ਕਰੋ ਪੂਰੇ ਧਿਆਨ ਨਾਲ ਕਰੋ, ਜੋ ਵੀ ਤੁਸੀਂ ਕਰੋ ਉਸ ਦੀ ਹਾਜ਼ਰੀ ਵਿਚ ਕਰੋ, ਉਸ ਨੂੰ ਯਾਦ ਰੱਖ ਕੇ ਕਰੋ, ਜੇ ਤੁਸੀਂ ਠੀਕ ਹੋ, ਕਰ ਸਕਦੇ ਹੋ, ਚੁੱਪ ਕਰਕੇ ਧਿਆਨ ਵੀ ਲਗਾਓ, ਨਿਸ਼ਕਾਮ ਕਰਮ ਗੀਤਾ ਦਾ ਸੁਨੇਹਾ ਹੈ, ਉਸ ਤੋਂ ਬਿਨਾਂ ਕਰਮ ਯੋਗ ਤੇ ਚਲਣਾ ਔਖਾ ਹੈ।

**L L L L L L L**



Sri Satguru Jagjit Singh Ji eLibrary NamdhariElibrary@gmail.com

(ਪੰਨਾ 16 ਦੀ ਬਾਕੀ)

***ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ।***

ਭਾਈ ਮੰਝ! ਤੇਰੇ ਜੀਵਨ ਤੋਂ ਸੇਧ ਲੈ ਕੇ ਹਜ਼ਾਰਾਂ ਤੇ ਲੱਖਾਂ ਗੁਰਸਿੱਖ ਤਰਨਗੇ ਤੇ ਤੇਰਾ ਜੀਵਨ ਉਨ੍ਹਾਂ ਲਈ ਬੋਹਿਥਾ ਭਾਵ ਜਹਾਜ਼ ਦਾ ਕੰਮ ਕਰੇਗਾ ਜਿਵੇਂ ਜਹਾਜ਼ ਸਮੁੰਦਰ ਵਿਚੋਂ ਹਜ਼ਾਰਾਂ ਨੂੰ ਪਾਰ ਕਰ ਦਿੰਦਾ ਹੈ ਇਸੇ ਤਰ੍ਹਾਂ ਤੂੰ ਵੀ ਹਜ਼ਾਰਾਂ ਨੂੰ ਪਾਰ ਕਰਨ ਦੇ ਯੋਗ ਹੋ ਗਿਆ ਹੈਂ। ਹੁਣ ਅਸੀਂ ਪ੍ਰਸੰਨ ਹੋ ਕੇ ਕਹਿੰਦੇ ਹਾਂ ਜੋ ਕੁਝ ਮੰਗਣਾ ਹੈ, ਮੰਗ ਲੈ, ਅਸੀਂ ਤੈਨੂੰ ਗੁਰੂ ਨਾਨਕ ਪਾਸੋਂ ਦਿਵਾ ਦਿਆਂਗੇ। ਕਹਿਣ ਲੱਗੇ ਮਹਾਰਾਜ! ਕਲਜੁੱਗ ਦਾ ਸਮਾਂ ਹੈ ਅਤੇ ਅੱਗੇ ਹੋਰ ਕਰੜੀਆਂ ਕਸਵੱਟੀਆਂ ਨਾ ਲਾਇਓ ਤੇ ਮਿਹਰ ਕਰਕੇ ਰਿਆਇਤੀ ਨੰਬਰ ਦੇ ਕੇ ਪਾਸ ਕਰ ਦਿਆ ਕਰਨਾ, ਇਹੋ ਮੇਰੀ ਆਪ ਦੇ ਚਰਨਾਂ ਵਿਚ ਬੇਨਤੀ ਹੈ।

ਮਹਾਰਾਜ ਕਹਿਣ ਲੱਗੇ, ਭਾਈ ਮੰਝ ਇਹ ਤਾਂ ਠੀਕ ਹੈ ਪਰ ਜਿੰਨਾ ਚਿਰ ਸੋਨੇ ਨੂੰ ਬਾਰ-ਬਾਰ ਤਾਅ ਨਾ ਦਿਤਾ ਜਾਵੇ ਬਾਰਾਂ ਵੰਨੀ ਦਾ ਸੋਨਾ ਨਹੀਂ ਬਣਿਆ ਕਰਦਾ, ਉਸ ਵਿਚ ਖੋਟ ਰਹਿ ਜਾਇਆ ਕਰਦੀ ਹੈ, ਪੂਰਨ ਤੌਰ ਤੇ ਚਮਕ ਨਹੀਂ ਆਉਂਦੀ। ਇਸੇ ਤਰ੍ਹਾਂ ਗੁਰਸਿੱਖ ਨੂੰ ਵੀ ਪਰਖ ਦੀ ਕਸਵੱਟੀ ਤੇ ਪਰਖਣ ਨਾਲ ਹੀ ਉਹ ਪਰਮ ਪਦ ਦੀ ਪ੍ਰਾਪਤੀ ਤੀਕਰ ਪਹੁੰਚਦਾ ਹੈ ਤੇ ਗੁਰੂ ਦੀ ਗੋਦ ਵਿਚ ਸਮਾਅ ਸਕਿਆ ਕਰਦਾ ਹੈ।

ਸੋ ਭਾਈ ਮੰਝ ਦਾ ਜੀਵਨ ਗੁਰਸਿੱਖੀ ਦੇ ਇਤਿਹਾਸ ਵਿਚ ਇਕ ਮਾਡਲ ਦੀ ਨਿਆਈਂ ਹੈ ਜਿਸ ਤੋਂ ਸੇਧ ਲੈ ਕੇ ਹਜ਼ਾਰਾਂ ਤੇ ਲੱਖਾਂ ਗੁਰਸਿੱਖ ਤਰੇ ਹਨ ਤੇ ਸੇਧ ਲੈ ਰਹੇ ਹਨ ਤੇ ਆਉਣ ਵਾਲੇ ਸਮੇਂ ਵਿਚ ਤਰਨਗੇ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਤਨ ਮਨ ਤੇ ਧਨ ਵਾਰ ਕੇ ਗੁਰੂ ਦੀ ਖ਼ੁਸ਼ੀ ਪ੍ਰਾਪਤ ਕੀਤੀ ਤੇ ਘਾਲ ਕਮਾਈ ਕਰਕੇ ਗੁਰੂ ਦੇ ਹੁਕਮ ਅਨੁਸਾਰ ਨਾਮ ਬਾਣੀ ਦਾ ਪ੍ਰਚਾਰ ਕਰਕੇ ਸੰਗਤਾਂ ਨੂੰ ਸੇਵਾ ਸਿਮਰਨ ਵਿਚ ਜੋੜਿਆ, ਗੁਰਸਿੱਖੀ ਜੀਵਨ ਦਾ ਚਾਨਣ ਮੁਨਾਰਾ ਬਣ ਕੇ ਅੱਜ ਵੀ ਉਸੇ ਤਰ੍ਹਾਂ ਪ੍ਰਕਾਸ਼ ਦੇ ਰਹੇ ਹਨ।

ਅਸੀਂ ਆਪਣੇ ਜੀਵਨ ਨੂੰ ਆਪਹੀ ਪਰਖ ਸਕਦੇ ਹਾਂ ਕਿ ਅਸੀਂ ਕਿਥੇ ਖਲੋਤੇ ਹਾਂ? ਕੀ ਅਸੀਂ ਇਸ ਜੀਵਨ ਦੇ ਨੇੜੇ ਤੇੜੇ ਹਾਂ ਜਾਂ ਕੋਹਾਂ ਦੂਰ ਹਾਂ? ਇਨ੍ਹਾਂ ਦੇ ਜੀਵਨ ਤੋਂ ਸਿਖਿਆ ਲੈ ਕੇ ਪ੍ਰਤੀਤ, ਭਰੋਸਾ, ਦ੍ਰਿੜ੍ਹਤਾ, ਸੁੱਖ ਦੁਖ ਨੂੰ ਸਮ ਸਮਝਣ ਦੀ ਭਾਵਨਾ ਤੇ ਗੁਰੂ ਦੇ ਭਾਣੇ ਵਿਚ ਰਹਿਣਾ, ਸੇਵਾ, ਤਿਆਗ, ਭਾਵਨਾ ਦਾ ਸਬਕ ਪ੍ਰਾਪਤ ਕਰਕੇ ਗੁਰੂ ਦੀ ਗੋਦ ਵਿਚ ਸਮਾਉਣ ਲਈ ਯਤਨਸ਼ੀਲ ਹੁੰਦੇ ਰਹੀਏ।

ਇਹ ਪਿਆਰ ਭਰੇ ਬਚਨ ਕਰਦਿਆਂ ਕਾਫੀ ਰਾਤ ਬੀਤ ਚੁੱਕੀ ਸੀ। ਮਹਾਂਪੁਰਸ਼ਾਂ ਨੇ ਕਿਹਾ ਪੁਰਾਣੇ ਗੁਰਸਿੱਖਾਂ ਦੀਆਂ ਘਾਲ ਕਮਾਈਆਂ ਤੋਂ ਪ੍ਰੇਰਨਾ ਲਵੋ। ਇਸ ਤਰ੍ਹਾਂ ਆਪਣੇ ਜੀਵਨ ਨੂੰ ਸੇਧ ਦਿੰਦੇ, ਜਦੋਂ ਆਤਮ ਮਾਰਗ ਦਾ ਪੈਂਡਾ ਤਹਿ ਕਰੋਂਗੇ ਤਾਂ ਗੁਰਸਿੱਖੀ ਜੀਵਨ ਅਨੁਭਵ ਪ੍ਰਾਪਤ ਕਰਕੇ ਪਰਮ ਪਦ ਦੀ ਪ੍ਰਾਪਤ ਕਰ ਸਕੋਂਗੇ। ਉਨ੍ਹਾਂ ਨੇ ਸਰੋਤਿਆਂ ਦਾ ਧੰਨਵਾਦ ਕੀਤਾ ਕਿ ਤੁਸੀਂ ਦੀਵਾਨ ਦੀ ਸਮਾਪਤੀ ਉਪਰੰਤ ਐਡੀ ਰਾਤ ਬੀਤਣ ਤਕ ਅੰਤਰੰਗ ਸਤਿਸੰਗ, ਵੀਚਾਰ ਦਾ ਆਨੰਦ ਮਾਣਿਆ।

**L L L L L L L**

(ਪੰਨਾ 59 ਦੀ ਬਾਕੀ)

ਜਾ ਸਕਦਾ ਹੈ, ਸਾਰੇ ਵਿਸ਼ਵ ਨੂੰ ਇਸ ਤਰ੍ਹਾਂ ਹੀ ਦੇਖਿਆ ਜਾ ਸਕਦਾ ਹੈ। ਸਾਰੇ ਪੱਧਰ ਬੜੇ ਹੀ ਤਾਲ ਮੇਲ ਨਾਲ ਚਲ ਰਹੇ ਹਨ ਜੇ ਅਸੀਂ ਵਿਸਤ੍ਰਿਤ ਹੋਣ ਤੇ ਸਮੇਟਣ ਦੀ ਗਤੀ ਨੂੰ ਸਮਝ ਲਈਏ ਇਹ ਬਿਲਕੁਲ ਵਿਸ਼ਵ ਦੇ ਸੁਆਸ ਹੀ ਕਿਹਾ ਜਾ ਸਕਦਾ ਹੈ cosmic breath ਇਕ ਪੱਧਰ ਤੇ ਅਸੀਂ ਪ੍ਰਗਟਾਵਾ ਕਰਦੇ ਹਾਂ, ਅਸੀਂ ਇਸ ਧਰਤੀ ਤੇ ਆਉਂਦੇ ਹਾਂ, ਸਰੀਰ ਧਾਰਨ ਕਰਦੇ ਹਾਂ, ਭੌਤਿਕ ਹੁੰਦੇ ਹਾਂ ਫੇਰ ਚੇਤਨਤਾ ਵਲ ਮੁੜਦੇ ਹਾਂ। ਇਹ ਹੀ ਪ੍ਰਕ੍ਰਿਆ ਹੈ, ਇਸ ਨੂੰ ਸਮਝਣ ਲਈ ਸਾਲਾਂ ਬੱਧੀ ਲਗਾ ਦਿਓ ਸਾਰਾ ਜੀਵਨ ਲਗਾ ਦਿਓ, ਇਨ੍ਹਾਂ ਦੀ ਸੂਖਮਤਾ ਤਕ, ਡੂੰਘਾਈ ਤਕ ਪਹੁੰਚਣਾ ਹੀ ਸੁਆਸਾਂ ਦੀ ਪ੍ਰਕ੍ਰਿਆ ਨੂੰ ਜਾਨਣਾ ਹੈ।

**L L L L L L L**

## ਜ਼ਰੂਰੀ ਬੇਨਤੀਆਂ

1. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
2. ਰਿਨੂਅਲ ਦਾ ਚੰਦਾ ਭੇਜਣ ਸਮੇਂ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
3. Out station (ਬਾਹਰਲੇ ਸ਼ਹਿਰਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ ਚੈਕ ਕੈਸ਼ ਕਰਨ ਦਾ ਖਰਚਾ ਪਾ ਕੇ ਕੁਲ 220/- ਰੁਪਏ ਦਾ ਚੈਕ ਬਣਾ ਕੇ ਭੇਜਿਆ ਜਾਵੇ।
4. ਮਨੀਆਰਡਰ ਭੇਜਣ ਸਮੇਂ ਫਾਰਮ ਦੇ ਥੱਲੇ ਮੈਸੇਜ ਵਾਲੀ ਖਾਲੀ ਥਾਂ ਤੇ ਇਹ ਲਿਖਣਾ ਨਾ ਭੁਲੋ - ਕੀ ਇਹ ਨਵੀਂ ਮੈਂਬਰਸ਼ਿਪ ਹੈ ਜਾਂ ਰਿਨਿਊਲ ਜਾਂ ਪੁਸਤਕਾਂ ਦੀ ਮੰਗ?
5. ਮਨੀਆਰਡਰ ਉਪਰ ਆਪਣਾ ਪਤਾ ਅਤੇ 'ਆਤਮ ਮਾਰਗ' ਦਾ ਪੂਰਾ ਪਤਾ ਮੋਟੇ ਅੱਖਰਾਂ ਵਿਚ ਸਪਸ਼ਟ ਕਰਕੇ ਲਿਖੋ - 'ਆਤਮ ਮਾਰਗ' ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ, ਕੋਠੀ ਨੰਬਰ 781, ਫੇਜ਼ 3ਬੀ1, ਮੋਹਾਲੀ, ਐਸ.ਏ.ਐਸ ਨਗਰ, 160055
6. 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ। ਇਸ ਸੂਰਤ ਵਿਚ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
7. ਪਾਠਕਾਂ ਵਲੋਂ ਦਫਤਰ ਵਿਚ ਪੁਜ ਰਹੀਆਂ ਚਿੱਠੀਆਂ ਤੇ ਉਨ੍ਹਾਂ ਦਾ ਐਡਰੈਸ ਅਧੂਰਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਪਾਠਕਾਂ ਨੂੰ ਬੇਨਤੀ ਹੈ ਕਿ ਉਹ ਪੱਤਰ ਵਿਹਾਰ ਕਰਦੇ ਸਮੇਂ ਪੂਰਾ ਪਤਾ ਲਿਖਿਆ ਕਰਨ।
8. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
9. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਨ ਕੇਂਦ੍ਰ ਤੇ ਵਾਪਿਸ ਕਰ ਦਿਤੇ ਜਾਣ।



Sri Satguru Jagjit Singh Ji eLibrary NamdhariElibrary@gmail.com

# ਸਮਾਗਮ ਸਰਗਰਮੀਆਂ

ਸ੍ਰਿਸ਼ਟੀ ਦੇ ਲੋਕਾਂ ਨੂੰ ਪ੍ਰੇਮ ਪਿਆਰ ਦਾ ਸੰਦੇਸ਼ ਦੇਣ ਲਈ ਅਨੇਕਾਂ ਹੀ ਰਹਿਬਰ, ਪੀਰ, ਪੈਗੰਬਰ, ਗੁਰੂ ਅਵਤਾਰ ਸੰਸਾਰ ਦੇ ਰੰਗ ਮੰਚ ਤੇ ਵਾਰੋ ਵਾਰੀ ਆਉਂਦੇ ਗਏ ਅਤੇ ਸਮੇਂ-ਸਮੇਂ ਆਪਣੇ ਅਨੁਭਵੀ ਪ੍ਰਵਚਨਾਂ ਰਾਹੀਂ ਲਿਖਤੀ ਰੂਪ ਅਤੇ ਸਤਿਸੰਗਾਂ, ਰਾਹੀਂ ਅਤੇ ਵਿਅਕਤੀਗਤ ਰੂਪ ਵਿਚ ਪ੍ਰਭੂ ਪਿਆਰ ਦਾ ਸੰਦੇਸ਼ ਦਿੰਦੇ ਰਹੇ ਤਾਂ ਕਿ ਪ੍ਰਭੂ ਦੀ ਸਾਜੀ ਹੋਈ ਦੁਨੀਆਂ ਵਿਚ ਪ੍ਰੇਮ ਪਿਆਰ ਆਪਸੀ ਭਾਈਚਾਰੇ ਤੇ ਅਮਨ ਸ਼ਾਂਤੀ ਦਾ ਵਾਤਾਵਰਣ ਬਣਿਆ ਰਹੇ। ਸਿੱਖ ਗੁਰੂ ਸਾਹਿਬਾਨ ਨੇ ਇਹ ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਕਰਕੇ ਮਾਨਵਤਾ ਦਾ ਭਲਾ ਕੀਤਾ। ਸਰਵੋਤਮ ਧੁਰ ਕੀ ਬਾਣੀ ਜੋ ਕਿ ਭਗਤਾਂ ਤੇ ਗੁਰੂ ਸਾਹਿਬ ਦੇ ਮੁਖ ਤੋਂ ਉਚਾਰਨ ਹੋਈ, ਇਹ ਜੀਵਨ ਦੇ ਹਰ ਕਦਮ ਤੇ ਪ੍ਰਾਣੀ ਮਾਤਰ ਨੂੰ ਨਵਾਂ ਨਰੋਆ ਜੀਵਨ ਉਪਦੇਸ਼ ਬਖਸ਼ ਕੇ ਮੁਕਤੀ ਜੁਗਤੀ ਦਾ ਸਾਧਨ ਪ੍ਰਦਾਨ ਕਰਦੀ ਹੈ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ ਬਾਬਾ ਜੀ ਦੀ ਅਗਵਾਈ ਹੇਠ, ਇਸ ਪ੍ਰਥਾਇ ਅਨੇਕਾਂ ਸਾਧਨ ਅਪਨਾਏ ਜਾ ਰਹੇ ਹਨ ਜਿਨ੍ਹਾਂ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਹਰ ਪ੍ਰਾਣੀ ਮਾਤਰ ਤੀਕਰ ਪਹੁੰਚਾਇਆ ਜਾ ਰਿਹਾ ਹੈ। ਮਿਸ਼ਨ ਦੇ ਜਥਿਆਂ ਰਾਹੀਂ ਦੇਸ਼ ਭਰ ਵਿਚ ਥਾਂ ਥਾਂ ਦੀਵਾਨ ਲਾ ਕੇ ਗੁਰਮਤਿ ਗਾਡੀ ਰਾਹ ਉਤੇ ਚੱਲਣ ਦਾ ਉਪਦੇਸ਼ ਲਗਾਤਾਰ ਕੀਤਾ ਜਾ ਰਿਹਾ ਹੈ। ਇਕ ਹਜ਼ਾਰ ਤੋਂ ਵੱਧ ਵੀਡੀਓ ਅਤੇ ਢਾਈ ਹਜ਼ਾਰ ਤੋਂ ਵੱਧ ਆਡੀਓ ਕੈਸਟਾਂ, 48 ਦੇ ਕਰੀਬ ਪੁਸਤਕਾਂ ਜੋ ਕਿ ਹਿੰਦੀ, ਪੰਜਾਬੀ, ਅੰਗਰੇਜ਼ੀ ਵਿਚ ਛਪ ਚੁੱਕੀਆਂ ਹਨ ਅਤੇ ਆਤਮ ਮਾਰਗ ਮੈਗਜ਼ੀਨ ਰਾਹੀਂ ਦੇਸ਼ ਵਿਦੇਸ਼ ਵਿਚ ਵੱਧ ਤੋਂ ਵੱਧ ਪ੍ਰਚਾਰਨ ਦਾ ਯਤਨ ਜਾਰੀ ਹੈ। ਬੰਬਈ ਵਿਚ ਸਰਦਾਰ ਸਤਿੰਦਰਪਾਲ ਸਿੰਘ ਆਹੂਜਾ ਦੇ ਉਦਮ ਸਦਕਾ ਮਰਾਠੀ ਬੋਲੀ ਵਿਚ ਵਿਸਾਖੀ ਦਾ ਪੈਂਫਲਿਟ ਛਾਪ ਕੇ, ਮਰਾਠੀ ਸੰਗਤ ਵਿਚ ਵੰਡਿਆ ਗਿਆ ਹੈ। ਇਸੇ ਤਰ੍ਹਾਂ ਗੁਜਰਾਤੀ, ਬੰਗਲਾ ਆਦਿ ਭਾਸ਼ਾਵਾਂ ਵਿਚ ਵੀ ਇਸੇ ਤਰ੍ਹਾਂ ਦੇ ਪੈਂਫਲਿਟ ਛਾਪਣ ਲਈ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਗੁਰਮਤਿ ਸਿਧਾਂਤ ਵੱਧ ਤੋਂ ਵੱਧ ਪ੍ਰਾਣੀਆਂ ਤਕ ਪਹੁੰਚ ਸਕੇ।

ਰਤਵਾੜਾ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਦੀ ਉਸਾਰੀ ਦਾ ਕੰਮ ਜ਼ੋਰਾਂ ਤੇ ਚਲ ਰਿਹਾ ਹੈ, ਪਿਛਲੇ ਦਿਨੀਂ ਪਹਿਲੀ ਛੱਤ ਦਾ ਲੈਂਟਰ ਪਾਇਆ ਗਿਆ ਸੀ ਤੇ ਹੁਣ ਉਤੋਂ ਦੀ ਤਿਆਰੀ ਦਾ ਕੰਮ ਵੀ ਜ਼ੋਰਾਂ ਨਾਲ ਚਲ ਰਿਹਾ ਹੈ।

ਪਿਛਲੇ ਤਕਰੀਬਨ ਦੋ ਮਹੀਨਿਆਂ ਤੋਂ ਬਾਬਾ ਜੀ ਦਾ ਸਵਾਸਥ ਭਾਵੇਂ ਪੂਰੀ ਤਰ੍ਹਾਂ ਠੀਕ ਨਹੀਂ ਸੀ ਪਰ ਫਿਰ ਵੀ ਆਪ ਨੇ ਐਤਵਾਰ, ਪੂਰਨਮਾਸ਼ੀ ਤੇ ਸੰਗਰਾਂਦ ਦੇ ਦੀਵਾਨ ਲਾ ਕੇ ਆਪਣੇ ਪ੍ਰਵਚਨਾਂ ਤੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਸਵਾਸਥ ਠੀਕ ਨਾ ਹੋਣ ਕਰਕੇ ਹੀ ਵਿਦੇਸ਼ ਦੀ ਪ੍ਰਚਾਰ ਫੇਰੀ ਦਾ ਪ੍ਰੋਗਰਾਮ ਵੀ ਅੱਗੇ ਪਾ ਦਿਤਾ ਗਿਆ ਹੈ। ਵਿਦੇਸ਼ਾਂ ਵਿਚ ਸੰਗਤਾਂ ਬਾਬਾ ਜੀ ਦੇ ਦਰਸ਼ਨ ਤੇ ਪ੍ਰਵਚਨ ਸਰਵਣ ਕਰਨ ਲਈ ਬੜੀ ਤਾਂਘ ਨਾਲ ਉਡੀਕ ਰਹੀਆਂ ਹਨ। ਜਿਸ ਕਰਕੇ ਹਰ ਰੋਜ਼ ਬਾਬਾ ਜੀ ਨੂੰ ਅਨੇਕਾਂ ਪ੍ਰੇਮੀਆਂ ਦੇ ਟੈਲੀਫੂਨ ਅਤੇ ਈ-ਮੇਲ ਪਤਰ ਪੁਜ ਰਹੇ ਹਨ। ਹੁਣ ਸੰਗਤਾਂ ਨੂੰ ਥੋੜ੍ਹਾ ਹੋਰ ਸਮਾਂ ਉਡੀਕ ਕਰਨੀ ਪਵੇਗੀ। ਬੰਬਈ ਦੇ ਦੀਵਾਨ 7 ਜੂਨ ਤੋਂ 15 ਦਿਨ ਵਾਸਤੇ ਲਗ ਰਹੇ ਹਨ।

### ਰੋਸ਼ਨਪੁਰ ਝੂੰਗੀਆਂ (ਪਟਿਆਲਾ) 10 ਮਈ ਤੋਂ 14 ਮਈ ਤਕ-

ਭਾਈ ਸਾਹਿਬ ਭਾਈ ਲਖਵੀਰ ਸਿੰਘ ਵਲੋਂ ਦੀਵਾਨ ਲਗਾਏ ਗਏ। ਸੰਗਤਾਂ ਹੁੰਮ ਹੁੰਮਾ ਕੇ ਦੀਵਾਨਾਂ ਵਿਚ ਪੁੱਜੀਆਂ। 'ਆਤਮ ਮਾਰਗ' ਦੇ 150 ਨਵੇਂ ਮੈਂਬਰ ਬਣੇ ਅਤੇ ਭਾਰੀ ਗਿਣਤੀ ਵਿਚ ਇਥੋਂ ਦੀ ਸੰਗਤ ਨੇ ਰਤਵਾੜਾ ਸਾਹਿਬ ਵਿਖੇ 30 ਮਈ ਨੂੰ ਅੰਮ੍ਰਿਤ ਪਾਨ ਕੀਤਾ।

### ਮਿਸ਼ਨ ਦੀ ਬਰਾਂਚ ਬਨੂੜ-15 ਮਈ ਤੋਂ 23 ਮਈ

ਇਥੇ ਭਾਈ ਸਾਹਿਬ ਭਾਈ ਗੁਰਦੇਵ ਸਿੰਘ ਜੀ ਸੇਵਾ ਕਰਵਾ ਰਹੇ ਹਨ ਅਤੇ ਭਾਈ ਸਾਹਿਬ ਲਖਬੀਰ ਸਿੰਘ ਜੀ ਵੱਲੋਂ ਦੀਵਾਨ ਸਜਾਏ ਗਏ, 100 ਤੋਂ ਵੱਧ ਆਤਮ ਮਾਰਗ ਦੇ ਨਵੇਂ ਮੈਂਬਰ ਬਣੇ ਅਤੇ ਆਖਰੀ ਦੀਵਾਨ ਵਾਲੇ ਦਿਨ ਕਾਫੀ ਗਿਣਤੀ ਵਿਚ ਸੰਗਤ ਨੇ ਅੰਮ੍ਰਿਤ ਪਾਨ ਕੀਤਾ।

### ਨੂਰਪੁਰ ਬੇਦੀ ਜ਼ਿਲਾ ਰੋਪੜ-24 ਤੋਂ 26 ਮਈ -

ਨੂਰਪੁਰ ਬੇਦੀ ਜੋ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਨੇੜੇ ਸਥਿਤ ਹੈ ਇਥੇ ਇਲਾਕੇ ਦੀ ਸੰਗਤ ਹੁੰਮ ਹੁਮਾ ਕੇ ਪੁਜੀ। ਇਥੇ ਦੀ ਖਾਸ ਵਰਨਣ ਯੋਗ ਗੱਲ ਇਹ ਹੈ ਕਿ ਇਥੋਂ ਦੀ ਮਹਾਜਨ ਸਮਾਜ ਨੇ ਹਰ ਰੋਜ਼ ਗੁਰਬਾਣੀ ਕੀਰਤਨ ਦਾ ਅਨੰਦ ਮਾਣਿਆ ਤੇ ਆਤਮ ਮਾਰਗ ਵਿਚ ਦਿਲਚਸਪੀ ਦਿਖਾਈ। ਪੂਰਨਮਾਸ਼ੀ ਨੂੰ ਇਥੋਂ ਦੀਆਂ ਸੰਗਤਾਂ ਨੇ ਰਤਵਾੜਾ ਸਾਹਿਬ ਆ ਕੇ ਅੰਮ੍ਰਿਤਪਾਨ ਕੀਤਾ ਅਤੇ 100 ਦੇ ਕਰੀਬ 'ਆਤਮ ਮਾਰਗ' ਦੇ ਮੈਂਬਰ ਬਣੇ।

## ਜ਼ਰੂਰੀ ਸੂਚਨਾ

ਐਤਵਾਰ ਦਾ ਦੀਵਾਨ ਮੋਹਾਲੀ ਦੀ ਬਜਾਇ ਹੁਣ ਰਤਵਾੜਾ ਸਾਹਿਬ ਲੱਗਿਆ ਕਰੇਗਾ। ਹਰ ਐਤਵਾਰ ਨੂੰ ਸੰਗਤਾਂ ਨੂੰ ਰਤਵਾੜਾ ਸਾਹਿਬ ਲੈ ਜਾਣ ਲਈ ਮਹਾਂਪੁਰਸ਼ਾਂ ਦੇ ਨਿਵਾਸ ਸਥਾਨ ਤੋਂ ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ ਸਵਾਰੀ ਦਾ ਪ੍ਰਬੰਧ ਹੋਵੇਗਾ।

## ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - ਸਮਾਂ ਸਵੇਰੇ 12.00 ਵਜੇ ਤੋਂ ਬਾਅਦ ਦੁਪਿਹਰ 4.00 ਵਜੇ ਤੱਕ - 4, 11, 18, 25 ਜੁਲਾਈ, ਰਤਵਾੜਾ ਸਾਹਿਬ

**ਪੂਰਨਮਾਸ਼ੀ** - 28 ਜੁਲਾਈ ਦਿਨ ਬੁੱਧਵਾਰ ਰਤਵਾੜਾ ਸਾਹਿਬ।

**ਸੰਗਰਾਂਦ** - 16 ਜੁਲਾਈ, ਦਿਨ ਸ਼ੁਕਰਵਾਰ, ਰਤਵਾੜਾ ਸਾਹਿਬ (ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ** - 13 ਜੁਲਾਈ, ਦਿਨ ਮੰਗਲਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ

(ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਮਹੀਨੇ ਦਾ ਆਖਰੀ ਸ਼ਨੀਵਾਰ** - ਡੇਰਾ ਹਿਰਦਾਪੁਰ ਚੰਗਰ ਜਿਲਾ ਰੋਪੜ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।


Sri Satguru Jagjit Singh Ji eLibrary NamdhariElibrary@gmail.com